# ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚੋਂ ਪ੍ਰਾਪਤ ਸਰੋਦੀ ਅੰਸ਼

ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੀ ਭਾਸ਼ਾ ਫੈਕਲਟੀ ਵਿਚ ਪੀ-ਐਚ.ਡੀ. ਦੀ
ਉਪਾਧੀ ਲਈ ਪੇਸ਼ ਕੀਤਾ ਗਿਆ

**ਖੋਜ-ਪ੍ਰਬੰਧ**

**1987**

ਖੋਜਾਰਥੀ

**ਮਲਕੀਤ ਸਿੰਘ ਬਾਜਵਾ**

# ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚੋਂ ਪ੍ਰਾਪਤ ਸਰੋਦੀ ਬਿੰਬ

## ਤ ਤ ਕ ਰਾ


| | ਪੰਨਾ ਨੰ: |
|---|---|
| ਭੂਮਿਕਾ | 1 |
| **ਅਧਿਆਇ ਪਹਿਲਾ (ਪਰਿਚੈ ਆਧਾਰ):** | |
| 1. ਸਰੋਦੀ ਕਾਵਿ ਦੀ ਪਰਿਭਾਸ਼ਾ | 5 |
| 2. ਸਰੋਦੀ ਕਾਵਿ ਦਾ ਸੁਭਾ | 14 |
| 3. ਸਰੋਦੀ ਬਿੰਬ ਦੀ ਕਵਿਤਾ ਵਿਚ ਥਾਂ | 20 |
| **ਅਧਿਆਇ ਦੂਜਾ:** | |
| ਗੁਰੂ ਅਰਜਨ ਦੇਵ ਜੀ ਦੀ ਬਾਣੀ ਦਾ ਪਰਿਚੈ | 30 |
| ਗੁਰੂ ਅਰਜਨ ਦੇਵ ਜੀ ਦੀ ਬਾਣੀ ਦਾ ਵਰਗੀਕਰਣ | 30 |
| 1. ਵਿਸ਼ੇ ਪੱਖੋਂ ਵਰਗੀਕਰਣ | 31 |
| 2. ਕਾਵਿ-ਰੂਪ ਪੱਖੋਂ ਵਰਗੀਕਰਣ | 31 |
| 3. ਭਾਵ ਪੱਖੋਂ ਵਰਗੀਕਰਣ | 40 |
| 4. ਰਾਗ ਪੱਖੋਂ ਵਰਗੀਕਰਣ | 45 |
| 5. ਬਾਣੀ ਚੋਣ ਦੀ ਕਸਵੱਟੀ | 49 |
| **ਅਧਿਆਇ ਤੀਜਾ:** | |
| ਗੁਰੂ ਅਰਜਨ ਦੇਵ ਰਚਨਾ ਅਤੇ ਸਰੋਦੀ ਬਿੰਬ | 53 |
| (ੳ) ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚੋਂ ਪ੍ਰਾਪਤ ਸਰੋਦੀ ਬਿੰਬਾਂ ਦਾ ਉਸਾਰੀ ਪੈਟਰਨ | 53 |
| (ਅ) ਗੁਰੂ ਅਰਜਨ ਦੇਵ ਜੀ ਦੀ ਸਰੋਦੀ ਕਾਵਿ ਦੀ ਸੀਮਾ-ਬੱਧਤਾ | 88 |
| (ੲ) ਗੁਰੂ ਅਰਜਨ ਦੇਵ ਜੀ ਦੀ ਸਰੋਦੀ ਕਵਿਤਾ ਦੇ ਲਛਣ | 105 |

ਪੰਨਾ ਨੰ:

ਅਧਿਆਇ ਚੌਥਾ


ਵਿਸ਼ੇ ਦੇ ਨਿਭਾਅ ਮੁਤਾਬਕ ਸਰੋਦੀ ਅੰਸ਼ ਦੀ ਉਤਪਤੀ 117.

(1) ਜੀਵਨੀ ਸਬੰਧਿਤ ਕਾਵਿ ਵਿਚ ਸਰੋਦ ਤੇ ਉਸ ਦਾ ਨਿਭਾਅ 118

(2) ਕਰਮ ਫਿਲਾਸਫੀ ਸਬੰਧਿਤ ਕਾਵਿ ਵਿਚ ਸਰੋਦ ਤੇ ਉਸ ਦਾ ਨਿਭਾਅ 125

(3) ਪਰਮਾਤਮਾ ਦੇ ਵਰਨਣ ਨਾਲ ਸਬੰਧਿਤ ਕਾਵਿ ਵਿਚ ਸਰੋਦ ਤੇ ਉਸ ਦਾ ਨਿਭਾਅ 128

(4) ਮਾਇਆ ਦੇ ਸਰੂਪ ਵਰਨਣ ਨਾਲ ਸਬੰਧਿਤ ਕਾਵਿ ਵਿਚ ਸਰੋਦ ਤੇ ਉਸ ਦਾ ਨਿਭਾਅ 132

(5) ਉਪਦੇਸ਼ ਨਾਲ ਸਬੰਧਿਤ ਕਾਵਿ ਵਿਚ ਸਰੋਦ ਤੇ ਉਸ ਦਾ ਨਿਭਾਅ 137.

(6) ਗੁਰੂ ਵਰਨਣ ਨਾਲ ਸਬੰਧਿਤ ਕਾਵਿ ਵਿਚ ਸਰੋਦ ਤੇ ਉਸ ਦਾਨਿਭਾਅ 143

(7) ਸਾਧੂ, ਸੰਤ ਤੇ ਬ੍ਰਹਮ ਗਿਆਨੀ ਵਰਨਣ ਨਾਲ ਸਬੰਧਿਤ ਕਾਵਿ ਵਿਚ ਸਰੋਦ ਤੇ ਉਸ ਦਾ ਨਿਭਾਅ 149

(8) ਬੇਨਤੀ ਨਾਲ ਸਬੰਧਿਤ ਕਾਵਿ ਵਿਚ ਸਰੋਦ ਤੇ ਉਸ ਦਾ ਨਿਭਾਅ 158

(9) ਆਸੁਰੀਗੁਣ ਵਰਨਣ ਨਾਲ ਸਬੰਧਿਤ ਕਾਵਿ ਵਿਚ ਸਰੋਦ ਤੇ ਉਸ ਦਾ ਨਿਭਾਅ 159.

(10) ਹੁਕਮ ਵਿਧਾਨ ਨਾਲ ਸਬੰਧਿਤ ਕਾਵਿ ਵਿਚ ਸਰੋਦ ਤੇ ਉਸ ਦਾ ਨਿਭਾਅ 161

(11) ਸ੍ਰਿਸ਼ਟੀ ਰਚਨਾ ਨਾਲ ਸਬੰਧਿਤ ਕਾਵਿ ਵਿਚ ਸਰੋਦ ਤੇ ਉਸ ਦਾ ਨਿਭਾਅ 162


ਅਧਿਆਇ ਪੰਜਵਾਂ:


ਗੁਰੂ ਅਰਜਨ ਦੇਵ ਦੀ ਰਚਨਾ ਵਿਚੋਂ ਪ੍ਰਾਪਤ ਸਰੋਦੀ ਅੰਸ਼ ਅਤੇ ਭਾਵਾਂ/ਰਸਾਂ ਦਾ ਸੰਚਾਰ 164

ਸਰੋਦੀ ਅੰਸ਼ ਦੀ ਵਰਤੋਂ ਦੁਆਰਾ ਭਾਵ ਸੰਚਾਰ ਅਤੇ ਰਸ ਉਤਪਤੀ: 164

1. ਰਤੀ ਭਾਵ: ਸ਼ਿੰਗਾਰ ਰਸ 172

2. ਹਾਸ ਉਲਾਸ ਭਾਵ : ਹਾਸ ਰਸ 178

ਪੰਨਾ ਨੰ:


3. ਸੋਗ ਭਾਵ: ਕਰੁਣਾ ਰਸ 180

4. ਕ੍ਰੋਧ ਭਾਵ: ਰੌਦ੍ਰ ਰਸ 183.

5. ਹੈਰਾਨੀ ਭਾਵ: ਅਦਭੁਤ ਰਸ 185

6. ਘ੍ਰਿਣਾ ਭਾਵ: ਬੀਭਤਸ ਰਸ 187

7. ਉਤਸ਼ਾਹ ਭਾਵ: ਬੀਰ ਰਸ 189.

8. ਭੈ ਭਾਵ: ਭਿਆਨਕ ਰਸ 191

9. ਵਤਸਲਤਾ ਭਾਵ: ਵਾਤਸਲ ਰਸ 193

10. ਭਗਤੀ ਭਾਵ: ਸ਼ਾਂਤ ਰਸ 194

**ਅਧਿਆਇ ਛੇਵਾਂ:**

**ਸਰੋਦੀ ਅੰਸ਼ ਪੈਦਾ ਕਰਨ ਲਈ ਵਰਤੀਆਂ ਵਿਧੀਆਂ** 198

1. ਪ੍ਰਤੀਕਾਂ ਦੀ ਵਰਤੋਂ ਨਾਲ ਸਰੋਦ 198

2. ਸੰਗੀਤਕ ਤੱਤਾਂ ਦੀ ਵਰਤੋਂ ਨਾਲ ਸਰੋਦ 205

3. ਕਲਪਨਾ ਦੀ ਵਰਤੋਂ ਨਾਲ ਸਰੋਦ 217

4. ਸ਼ਬਦ ਚੋਣ 220

**ਨਿਸ਼ਕਰਸ਼** 235

**ਪੁਸਤਕ-ਸੂਚੀ** 240

## ਭੂਮਿਕਾ

ਸਰੋਦੀ ਕਵਿਤਾ ਦਾ ਅਧਿਐਨ ਪੰਜਾਬੀ ਖੋਜ-ਖੇਤਰ ਵਿਚ ਬਹੁਤਾ ਨਿਸ਼ਚਿਤ ਰੂਪ ਨਾਲ ਨਹੀਂ ਹੋਇਆ। ਉਂਝ ਪੰਜਾਬੀ ਵਿਦਵਾਨਾਂ ਨੇ ਪੰਜਾਬੀ ਸਾਹਿਤ ਵਿਚ ਕੁਝ ਕੁ ਥਾਵਾਂ ਤੇ ਆਪਣੇ ਵਿਚਾਰ ਜ਼ਰੂਰ ਪ੍ਰਗਟਾਏ ਹਨ ਜੋ ਸਾਡੇ ਅਧਿਐਨ ਦੀ ਦਿਸ਼ਾ ਤੋਂ ਭਿੰਨ ਪ੍ਰਕਾਰ ਦੇ ਹਨ। ਇਹ ਅੰਤਰ ਇਸ ਸ਼ੋਧ-ਪ੍ਰਬੰਧ ਦੇ ਅਧਿਐਨ ਤੋਂ ਸਹਿਜੇ ਹੀ ਦਿਸ ਆਉਂਦਾ ਹੈ।

ਸਰੋਦੀ ਕਵਿਤਾ ਬਾਰੇ ਜਾਣਕਾਰੀ ਹਾਸਲ ਕਰਨ ਦੀ ਚੇਟਕ ਮੈਨੂੰ ਅੰਗਰੇਜ਼ੀ ਸਾਹਿਤਕ ਪੁਸਤਕਾਂ ਤੋਂ ਲੱਗੀ। ਉਥੇ ਸਰੋਦੀ ਕਵਿਤਾ ਬਾਰੇ ਵਿਸਤਾਰ ਪੂਰਬਕ ਵਿਚਾਰ ਪ੍ਰਗਟਾਏ ਗਏ ਹਨ। ਇਥੋਂ ਪ੍ਰੇਰਣਾ ਲੈ ਕੇ ਮੈਂ ਸਰੋਦੀ ਕਵਿਤਾ ਬਾਰੇ ਅਧਿਐਨ ਕਰਨ ਦਾ ਯਤਨ ਕੀਤਾ। ਗੁਰੂ-ਬਾਣੀ ਪੜ੍ਹਨ ਦਾ ਸ਼ੌਕ ਮੈਨੂੰ ਬਚਪਨ ਤੋਂ ਹੀ ਸੀ। ਗੁਰੂ-ਬਾਣੀ ਵਿਚ ਸਰੋਦੀ ਕਵਿਤਾ ਵਾਲੀਆਂ ਵਿਸ਼ੇਸ਼ਤਾਵਾਂ ਹਨ। ਇਸ ਲਈ ਮੈਂ ਗੁਰੂ-ਬਾਣੀ (ਗੁਰੂ ਅਰਜਨ ਦੇਵ ਦੀ ਬਾਣੀ) ਦਾ ਸਰੋਦੀ ਕਵਿਤਾ ਦੇ ਸੰਦਰਭ ਵਿਚ ਅਧਿਐਨ ਕਰਨ ਦਾ ਯਤਨ ਕੀਤਾ ਹੈ।

"ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚੋਂ ਪ੍ਰਾਪਤ ਸਰੋਦੀ ਅੰਸ਼" ਵਿਸ਼ੇ ਦੀ ਚੋਣ ਕਰਨ ਲਗਿਆਂ ਮੈਨੂੰ ਇਸ ਗੱਲ ਦਾ ਅਹਿਸਾਸ ਸੀ ਕਿ ਇਹ ਵਿਸ਼ਾ ਕੁਝ ਦ੍ਰਿਸ਼ਟੀਕੋਣਾਂ ਤੋਂ ਔਖਾ ਹੈ। ਕਿਉਂਕਿ ਪੰਜਾਬੀ ਸਾਹਿਤਕ-ਖੇਤਰ ਵਿਚ, ਖ਼ਾਸ ਕਰਕੇ ਗੁਰੂ-ਬਾਣੀ ਦੇ ਖੇਤਰ ਵਿਚ, ਇਸ ਬਾਰੇ ਗਲ ਕਰਨੀ ਨਿਸ਼ਚੇ ਹੀ ਔਖੀ ਹੈ।

ਇਸ ਅਧਿਐਨ ਦਾ ਮੂਲਾਧਾਰ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਗੁਰੂ ਅਰਜਨ ਦੇਵ ਜੀ ਦੀ ਰਚਨਾ ਹੈ, ਪਰ ਵਿਸ਼ੇ ਦੀ ਸਪਸ਼ਟਤਾ ਲਈ ਸਿੱਖ-ਸਾਹਿਤ ਤੇ ਅੰਗਰੇਜ਼ੀ ਸਾਹਿਤ ਸਬੰਧੀ ਲਿਖੀਆਂ ਪੁਸਤਕਾਂ ਦੀ ਸਹਾਇਤਾ ਵੀ ਲਈ ਹੈ। ਇਹਨਾਂ ਪੁਸਤਕਾਂ ਦੀ ਸੂਚੀ ਇਸ ਖੋਜ-ਪ੍ਰਬੰਧ ਦੇ ਅਖੀਰ ਵਿਚ ਅੰਕਿਤ ਹੈ।

ਆਰੰਭ ਵਿਚ ਸਰੋਦੀ ਕਵਿਤਾ ਬਾਰੇ ਲੇਖ ਲਿਖਿਆ ਗਿਆ ਹੈ। ਸਰੋਦੀ ਕਵਿਤਾ ਦੇ ਬੁਨਿਆਦੀ ਤੱਤਾਂ ਬਾਰੇ ਅਧਿਐਨ ਕੀਤਾ ਗਿਆ ਹੈ। ਸਰੋਦੀ ਕਵਿਤਾ ਦੇ ਸੁਭਾ ਤੇ ਸਰੋਦੀ ਕਵਿਤਾ ਦੀ ਕਵਿਤਾ ਵਿਚ ਥਾਂ ਆਦਿ ਬਾਰੇ ਅਧਿਐਨ ਕਰਨ ਦੀ ਕੋਸ਼ਿਸ਼ ਕੀਤੀ ਹੈ।

ਦੂਸਰਾ ਅਧਿਆਇ ਗੁਰੂ ਅਰਜਨ ਬਾਣੀ ਨਾਲ ਸਬੰਧਿਤ ਹੈ। ਇਸ ਵਿਚ ਗੁਰੂ ਜੀ ਦੀ ਰਚਨਾ ਦਾ ਸਰਬਾਂਗੀ ਪਰੰਤੂ ਸੰਖੇਪ ਸਰਵੇਖਣ ਕਰਨ ਦੀ ਕੋਸ਼ਿਸ਼ ਕੀਤੀ ਹੈ। ਕਾਵਿ-ਰੂਪਾਂ, ਭਾਵਾਂ, ਰਾਗ ਤੇ ਰਾਗਣੀਆਂ, ਗੁਰੂ ਗ੍ਰੰਥ ਸਾਹਿਬ ਵਿਚ ਗੁਰੂ-ਬਾਣੀ ਦੀ ਸੰਪਾਦਨਾ ਆਦਿ ਬਾਰੇ ਸੰਖੇਪ ਅਧਿਐਨ ਕਰਨ ਦਾ ਯਤਨ ਕੀਤਾ ਹੈ।

ਤੀਜੇ ਅਧਿਆਇ ਵਿਚ ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚਲੇ ਸਰੋਦੀ ਅੰਸ਼ਾਂ ਦੀ ਉਸਾਰੀ ਬਾਰੇ ਅਧਿਐਨ ਕੀਤਾ ਹੈ। ਗੁਰੂ ਜੀ ਦੀ ਸ਼ਬਦਾਵਲੀ ਦੁਆਰਾ ਪੰਜਾਬੀ ਬੋਲੀ ਦੇ ਮਧ-ਕਾਲੀਨ ਸਰੂਪ, ਗੁਰੂ ਜੀ ਦੀ ਰਚਨਾ ਦੇ ਵਿਸ਼ਲੇਸ਼ਣਾਤਮਕ, ਤੁਲਨਾਤਮਕ, ਸ਼ਬਦ ਚਿਤ੍ਰ, ਪੈਟਰਨ ਤੇ ਸੰਗੀਤਕ ਵਿਸ਼ੇਸ਼ਤਾਵਾਂ ਨੂੰ ਉਦਾਹਰਣਾਂ ਸਹਿਤ ਉਲੀਕਿਆ ਹੈ। ਗੁਰੂ ਜੀ ਦੇ ਵਿਚਾਰਾਂ ਨੂੰ ਸਮਝਣ ਦੀ ਕੋਸ਼ਿਸ਼ ਦੇ ਨਾਲ ਨਾਲ ਉਹਨਾਂ ਦੀ ਸਰੋਦੀ ਰਚਨਾ ਦੇ ਲੱਛਣਾਂ ਨੂੰ ਨਿਰਧਾਰਿਤ ਕਰਨ ਦੀ ਵੀ ਕੋਸ਼ਿਸ਼ ਕੀਤੀ ਹੈ।

ਚੌਥੇ ਅਧਿਆਇ ਵਿਚ ਗੁਰੂ ਅਰਜਨ ਬਾਣੀ ਵਿਚ ਆਏ ਮਨੁੱਖੀ ਜੀਵਨ ਸਬੰਧੀ ਸਾਰੇ ਪਹਿਲੂਆਂ ਦਾ ਅਧਿਐਨ ਕਰਕੇ ਗੁਰੂ-ਬਾਣੀ ਵਿਚ ਸਰੋਦੀ ਅੰਸ਼ ਦੁਆਰਾ ਅਭਿਵਿਅਕਤ ਇਹਨਾਂ ਵਿਭਿੰਨ ਵਿਸ਼ਿਆਂ ਦੇ ਨਿਭਾ ਨੂੰ ਵਿਚਾਰਿਆ ਗਿਆ ਹੈ। ਕਿਉਂਕਿ ਸਰੋਦੀ ਅੰਸ਼ ਕਾਵਿ-ਸਮੂੰਹ ਵਿਚੋਂ ਆਤਮ-ਅਨੁਭੂਤੀ, ਕਲਪਨਾ, ਭਾਵ-ਇਕਾਗਰਤਾ, ਸੰਖੇਪਤਾ ਤੇ ਸੰਗੀਤਕਤਾ ਵਰਗੇ ਤੱਤਾਂ ਦੇ ਸੁਮੇਲ ਤੋਂ ਉਪਜਦਾ ਹੈ ਇਸ ਲਈ ਇਹਨਾਂ ਤੱਤਾਂ ਸਬੰਧੀ ਸ਼ਬਦਾਵਲੀ ਦੀ ਵਰਤੋਂ ਕਈ ਥਾਵਾਂ ਤੇ ਸੁਭਾਵਿਕ ਹੋ ਗਈ ਹੈ ਜਿਸ ਨੂੰ ਦੁਹਰਾਉ ਨਾ ਸਮਝਿਆ ਜਾਵੇ ਸਗੋਂ ਇਸ ਸ਼ਬਦਾਵਲੀ ਦਾ ਪ੍ਰਯੋਗ ਵਿਸ਼ੇ ਅਨੁਕੂਲ ਤੇ ਵਿਸ਼ੇ ਨੂੰ ਉਚਿਤ ਰੂਪ ਵਿਚ ਅਭਿਵਿਅਕਤ ਕਰਨ ਦੀ ਕੋਸ਼ਿਸ਼ ਸਦਕਾ ਕੀਤਾ ਹੈ।

ਪੰਜਵੇਂ ਅਧਿਆਇ ਵਿਚ ਭਾਵ-ਸੰਚਾਰ ਦੁਆਰਾ ਰਸ ਉਤਪਤੀ ਨੂੰ ਵਿਚਾਰਿਆ ਗਿਆ ਹੈ। ਗੁਰੂ ਅਰਜਨ ਦੇਵ-ਰਚਨਾ ਵਿਚ ਸਰੋਦੀ ਅੰਸ਼ ਦੀ ਵਰਤੋਂ ਦੁਆਰਾ ਭਾਵ-ਸੰਚਾਰ ਅਤੇ ਰਸਾਂ

ਦਾ ਨਿਰੂਪਣ ਕਰਨ ਦਾ ਯਤਨ ਕੀਤਾ ਗਿਆ ਹੈ। ਇਸ ਅਧਿਆਇ ਵਿਚ ਗੁਰੂ-ਬਾਣੀ ਵਿਚ ਸ਼ਬਦ-ਸੰਚਾਰ ਦੁਆਰਾ ਉਤਪੰਨ ਵਿਭਿੰਨ ਰਸਾਂ ਦੇ ਸੁਭਾਵ ਦਾ ਅਧਿਐਨ ਅਧਿਆਤਮਕ ਪ੍ਰਸੰਗ ਵਿਚ ਹੀ ਕਰਨ ਦੀ ਕੋਸ਼ਿਸ਼ ਕੀਤੀ ਹੈ। ਮੇਰੇ ਖਿਆਲ ਵਿਚ ਇੰਜ ਹੀ ਹੋ ਸਕਦਾ ਹੈ।

ਅਖੀਰਲੇ ਤੇ ਛੇਵੇਂ ਅਧਿਆਇ ਵਿਚ ਗੁਰੂ ਅਰਜਨ ਦੇਵ ਜੀ ਦੁਆਰਾ ਰਚਨਾ ਵਿਚ ਸਰੋਦੀ ਗੁਣ ਪੈਦਾ ਕਰਨ ਲਈ ਵਰਤੀਆਂ ਵਿਧੀਆਂ ਬਾਰੇ ਅਧਿਐਨ ਕਰਨ ਦਾ ਯਤਨ ਕੀਤਾ ਹੈ। ਵਿਸਤਾਰ ਦੇ ਡਰ ਤੋਂ ਅਧਿਐਨ ਨੂੰ ਬੱਧ ਤੋਂ ਬੱਧ ਨਿਸ਼ਚਿਤ ਰੱਖਿਆ ਗਿਆ ਹੈ। ਨਤੀਜੇ ਵਜੋਂ ਆਪਣੇ ਅਧਿਐਨ ਦੀ ਨਿਰਧਾਰਿਤ ਸੀਮਾ ਕਰਕੇ ਬਾਹਰਲੇ ਤੇ ਬੇਲੋੜੇ ਵੇਰਵਿਆਂ ਵਲ ਜਾਣ ਦੀ ਕੋਸ਼ਿਸ਼ ਨਹੀਂ ਕੀਤੀ।

ਗੁਰੂ ਅਰਜਨ ਬਾਣੀ ਦੇ ਅਨੇਕ ਪੱਖਾਂ ਬਾਰੇ ਅਧਿਐਨ ਕਰਨ ਉਪਰੰਤ ਅਖੀਰ ਵਿਚ ਸਾਰੇ ਅਧਿਐਨ ਦਾ 'ਨਿਸ਼ਕਰਸ਼' ਪੇਸ਼ ਕੀਤਾ ਗਿਆ ਹੈ। ਗੁਰੂ-ਬਾਣੀ ਦੀ ਸਰੋਦਕ ਵਿਸ਼ੇਸ਼ਤਾਵਾਂ ਬਾਰੇ ਕੁਝ ਸਿੱਟੇ ਕਢਣ ਦਾ ਯਤਨ ਕੀਤਾ ਹੈ।

ਅਲੱਗ ਅਲੱਗ ਅਧਿਆਇਆਂ ਵਿਚ ਗੁਰੂ-ਬਾਣੀ ਦੀਆਂ ਕੁਝ ਪੰਕਤੀਆਂ ਨੂੰ ਉਦਾਹਰਣਾਰਥ ਲਿਆ ਗਿਆ ਹੈ। ਇਹਨਾਂ ਪੰਕਤੀਆਂ ਦੀ ਜਿਥੇ ਕਿਤੇ ਵੀ ਵਰਤੋਂ ਕੀਤੀ ਗਈ ਹੈ ਉਹਨਾਂ ਦਾ ਵਿਭਿੰਨ ਦ੍ਰਿਸ਼ਟੀਕੋਨਾਂ ਤੋਂ ਅਧਿਐਨ ਕਰਨ ਦਾ ਯਤਨ ਕੀਤਾ ਗਿਆ ਹੈ। ਇਸ ਲਈ ਇਹਨਾਂ ਪੰਕਤੀਆਂ ਨੂੰ ਵੀ ਦੁਹਰਾਓ ਦੇ ਸੰਦਰਭ ਵਿਚ ਨਾ ਦੇਖਿਆ ਜਾਵੇ।

ਅੰਤ ਵਿਚ ਮੈਂ ਆਪਣੇ ਖੋਜ-ਨਿਬੰਧ ਦੇ ਪਥ ਪ੍ਰਦਰਸ਼ਕ ਡਾ. ਦਰਸ਼ਨ ਸਿੰਘ ਜੀ, ਪ੍ਰੋਫੈਸਰ ਤੇ ਚੇਅਰਮੈਨ ਆਫ਼ ਗੁਰੂ ਨਾਨਕ ਸਿੱਖ ਸਟੱਡੀਜ਼, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦਾ ਹਾਰਦਿਕ ਧੰਨਵਾਦੀ ਹਾਂ ਜਿਹਨਾਂ ਦੀ ਸੁਚੱਜੀ ਤੇ ਵਿਦਵਤਾ ਭਰਪੂਰ ਅਗਵਾਈ ਕਾਰਨ, ਕਾਰਜਸ਼ੀਲ ਪ੍ਰੇਰਨਾ ਦੇਣ ਅਤੇ ਇਸ ਖੋਜ-ਨਿਬੰਧ ਨੂੰ ਤਿਆਰ ਕਰਨ ਸਮੇਂ ਮਿਲਦੇ ਸੁਝਾਵਾਂ ਅਧੀਨ, ਮੈਂ ਇਸ ਕਾਰਜ ਨੂੰ ਸੰਪੂਰਨ ਕਰਨ ਵਿਚ ਸਫ਼ਲ ਹੋਇਆ ਹਾਂ।

ਮੈਂ ਪ੍ਰੋਫੈਸਰ ਕਰਤਾਰ ਸਿੰਘ ਸੂਰੀ, ਚੇਅਰਮੈਨ ਸਕੂਲ ਆਫ਼ ਪੰਜਾਬੀ ਸਟੱਡੀਜ਼, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦਾ ਅਤਿ ਧੰਨਵਾਦੀ ਹਾਂ ਜਿਨ੍ਹਾਂ ਨੇ ਮੈਨੂੰ ਆਪਣੇ ਮਨ ਪਸੰਦ ਵਿਸ਼ੇ ਉਤੇ ਖੋਜ ਕਰਨ ਦੀ ਆਗਿਆ ਦਿੱਤੀ।

ਸਰਦਾਰ ਬਲਬੀਰ ਸਿੰਘ ਜੀ ਹੋਰਾਂ ਦਾ ਵੀ ਮੈਂ ਅਤਿ ਧੰਨਵਾਦੀ ਹਾਂ ਜਿਹਨਾਂ ਨੇ ਆਪਣਾ ਕੀਮਤੀ ਸਮਾਂ ਕੱਢ ਕੇ, ਬੜੀ ਮਿਹਨਤ ਨਾਲ, ਆਪਣੀ ਕਲਾ ਦੁਆਰਾ ਮੇਰੇ ਲਿਖੇ ਟੇਢੇ ਅੱਖਰਾਂ ਨੂੰ ਪੜ੍ਹਨਯੋਗ ਬਣਾਇਆ।

ਮਨਜੀਤ ਸਿੰਘ ਬਾਜਵਾ

(ਮਨਜੀਤ ਸਿੰਘ ਬਾਜਵਾ)

22-6-1987.

## ਅਧਿਆਇ ਪਹਿਲਾ (ਪਰਿਚੈ ਆਮਦ)

1. ਸਰੋਦੀ ਕਾਵਿ ਦੀ ਪਰਿਭਾਸ਼ਾ
2. ਸਰੋਦੀ ਕਵਿਤਾ ਦਾ ਸੁਭਾ
3. ਸਰੋਦੀ ਅੰਸ਼ ਦੀ ਕਵਿਤਾ ਵਿਚ ਥਾਂ
   (ੳ) ਸਰੋਦੀ ਅੰਸ਼ ਦੀ ਸਰੋਦੀ ਕਵਿਤਾ ਵਿਚ ਥਾਂ
   (ਅ) ਸਰੋਦੀ ਅੰਸ਼ ਦੀ ਕਵਿਤਾ ਵਿਚ ਥਾਂ

## (1) ਸਰੋਦੀ ਕਾਵਿ ਦੀ ਪਰਿਭਾਸ਼ਾ

ਸਰੋਦੀ ਕਵਿਤਾ ਕਾਵਿ-ਸਾਹਿਤ ਰੂਪਾਕਾਰ ਦੀਆਂ ਤਿੰਨ ਮੁਖ ਵੰਨਗੀਆਂ ਵਿਚੋਂ ਇਕ ਰੂਪ ਹੈ। ਦੂਜੇ ਦੋ ਰੂਪ ਬਿਆਨੀਆ ਕਵਿਤਾ ਤੇ ਨਾਟਕੀ ਕਵਿਤਾ ਹਨ ਜੋ ਇਸ ਅਧਿਐਨ ਦੇ ਖੇਤਰ ਤੋਂ ਬਾਹਰ ਹਨ। ਕਵਿਤਾ ਦੀ ਵੰਡ ਬਾਰੇ ਵਿਚਾਰ ਕਰਦਿਆਂ ਗੁਲਾਬ ਰਾਏ ਕਹਿੰਦੇ ਹਨ, "ਪੂਰਬ ਵਾਲਿਆਂ ਨੇ ਮਨੁੱਖ ਅਤੇ ਸੰਸਾਰ ਨੂੰ ਵੇਖ ਕਰਕੇ ਕਵਿਤਾ ਦੇ ਦੋ ਭੇਦ ਕੀਤੇ ਹਨ। ਇਕ ਵਿਅਕਤੀਗਤ (Subjective) ਜਿਸ ਵਿਚ ਕਵੀ ਨੂੰ ਪ੍ਰਧਾਨਤਾ ਮਿਲਦੀ ਹੈ। ਦੂਸਰਾ ਹੈ ਅਵਿਅਕਤੀਗਤ (Objective) ਜਿਸ ਵਿਚ ਕਵੀ ਤੋਂ ਇਲਾਵਾ ਸ੍ਰਿਸ਼ਟੀ ਨੂੰ ਪ੍ਰਧਾਨਤਾ ਮਿਲਦੀ ਹੈ। ਪਹਿਲੀ ਕਿਸਮ ਦੇ ਕਾਵਿ ਨੂੰ ਲਿਰਿਕ (Lyric) ਅਰਥਾਤ ਗੀਤ ਜਾਂ ਭਾਵ ਪ੍ਰਧਾਨ ਕਿਹਾ ਗਿਆ ਹੈ।"[1] ਅੰਤਰਮੁਖੀ ਕਵਿਤਾ ਕਵੀ ਦੇ ਭਾਵਾਂ ਨਾਲ ਜੁੜੀ ਹੁੰਦੀ ਹੈ, ਜਿਸ ਵਿਚ ਦਿਲ ਦੀਆਂ ਪੀੜਾਂ, ਖੁਸ਼ੀ ਅਤੇ ਗਮੀ ਦੇ ਤੀਬਰ ਮਨੋਭਾਵਾਂ ਨੂੰ ਪ੍ਰਗਟਾਇਆ ਹੁੰਦਾ ਹੈ।

ਸਰੋਦੀ ਕਵਿਤਾ ਅੰਗਰੇਜ਼ੀ ਦੇ Lyrical Poetry ਲਈ ਵਰਤਿਆ ਸਮਾਨਾਰਥਕ ਸ਼ਬਦ ਹੈ। ਇਸ ਤੋਂ ਇਲਾਵਾ ਪੰਜਾਬੀ ਸਾਹਿਤ ਜਗਤ ਵਿਚ ਪ੍ਰਗੀਤ[2] ਤੇ ਵੈਣਿਕ[3] ਕਾਵਿ ਵੀ ਲਿਰਿਕ (Lyric) ਦੇ ਸਮਾਨਾਰਥਕ ਸ਼ਬਦਾਂ ਵਜੋਂ ਵਰਤੇ ਗਏ ਸ਼ਬਦ ਹਨ। ਅਰੰਭ ਵਿਚ ਯੂਨਾਨੀ ਆਪਣੇ ਗੀਤਾਂ ਨੂੰ ਦੋ ਹਿੱਸਿਆਂ ਵਿਚ ਵੰਡਦੇ ਸਨ। ਇਕ ਉਹ ਗੀਤ ਜੋ ਇਕ ਹੀ ਵਿਅਕਤੀ ਦੁਆਰਾ ਲਾਇਰ (Lyre) ਨਾਮੀ ਵਾਦ-ਯੰਤਰ ਤੇ ਗਾਏ ਜਾਂਦੇ ਸਨ। ਦੂਜੇ ਗਰੁਪ-ਗੀਤ (Group-Song)। ਇਕੱਲੇ ਵਿਅਕਤੀ ਦੁਆਰਾ 'ਲਾਇਰ' ਨਾਮੀ ਵਾਦ-ਯੰਤਰ

1. ਗੁਲਾਬ ਰਾਏ, ਸਿਧਾਂਤ ਤੇ ਅਧਿਐਨ (ਪੰਜਾਬੀ ਅਨੁਵਾਦ), ਪੰਨਾ 278
2. ਡਾ. ਸਤਿੰਦਰ ਸਿੰਘ, ਆਧੁਨਿਕ ਪੰਜਾਬੀ ਕਾਵਿ ਰੂਪ ਅਧਿਐਨ, ਪੰਨਾ 44
3. ਡਾ. ਮਹਿੰਦਰ ਕੌਰ ਗਿੱਲ, ਗੁਰੂ ਅਰਜਨ ਜੀਵਨ ਤੇ ਰਚਨਾ, ਪੰਨਾ 112

ਤੇ ਗਾਏ ਜਾਣ ਵਾਲੇ ਗੀਤਾਂ ਨੂੰ 'ਲਿਰਿਕ' ਜਾਂ ਸਰੋਦੀ-ਕਾਵਿ ਦਾ ਨਾਂ ਦਿੱਤਾ ਜਾਂਦਾ ਸੀ।[1] ਕਿਉਂਕਿ 'ਲਾਇਰ' ਨਾਮੀ ਵਾਦ-ਜੰਤਰ ਵੀਣਾ ਦੇ ਆਕਾਰ-ਪ੍ਰਕਾਰ ਦਾ ਹੁੰਦਾ ਸੀ ਜਿਸ ਤੋਂ ਇਸ ਨੂੰ ਵੈਣਿਕ-ਕਾਵਿ ਵੀ ਕਿਹਾ ਗਿਆ ਹੈ। ਪਰੰਤੂ ਹੌਲੀ ਹੌਲੀ ਸਰੋਦੀ ਕਵਿਤਾ ਉਸ ਛੋਟੀ ਕਵਿਤਾ ਨੂੰ ਕਿਹਾ ਜਾਣ ਲੱਗਾ ਜਿਸ ਵਿਚ ਕਵੀ ਆਪਣੇ ਨਿੱਜੀ-ਖਿਆਲਾਂ ਜਾਂ ਜਜ਼ਬਾਤਾਂ ਨੂੰ ਅਭਿਵਿਅਕਤ ਕਰਦਾ ਹੈ।

ਸ਼ੁਰੂ ਵਿਚ ਸਰੋਦੀ ਕਵਿਤਾ ਖਾਸ ਅਵਸਰਾਂ ਤੇ ਖ਼ਾਸ ਉਦੇਸ਼ ਲਈ ਜਿਵੇਂ ਵਿਆਹ-ਸ਼ਾਦੀ ਜਾਂ ਈਸ਼ਵਰ ਉਪਾਸਨਾ ਲਈ ਗਾਉਣ ਵਾਸਤੇ ਲਿਖੀ ਜਾਂਦੀ ਸੀ।[2] ਪਰੰਤੂ ਪਿੱਛੋਂ ਆ ਕੇ ਇਸ ਦਾ ਉਦੇਸ਼ ਬਦਲ ਗਿਆ ਮਾਲੂਮ ਹੁੰਦਾ ਹੈ। ਅਲੈਕਸ ਪਰੀਮਿੰਗਰ, ਜੇਮਜ਼ ਜੋਇਸੇ ਦੇ ਵਿਚਾਰਾਂ ਨਾਲ ਸਹਿਮਤੀ ਪ੍ਰਗਟ ਕਰਦੇ ਹੋਏ ਕਹਿੰਦੇ ਹਨ "ਸਰੋਦੀ ਕਵਿਤਾ ਉਹ ਰੂਪ ਹੈ ਜਿਸ ਵਿਚ ਕਵੀ ਆਪਣੀ ਬਹੁਤ ਨਿੱਜੀ ਭਾਵਨਾਵਾਂ ਨੂੰ ਪੇਸ਼ ਕਰਦਾ ਹੈ।"[3] ਅਗੇ ਚਲ ਕੇ ਇਹ ਵਿਦਵਾਨ ਕਹਿੰਦੇ ਹਨ "ਸਰੋਦੀ ਕਵਿਤਾ ਉਹ ਕਾਵਿ-ਰੂਪ ਹੈ ਜਿਹੜਾ ਕਲਾਤਮਕ ਤੌਰ ਤੇ ਸੰਗੀਤਾਤਮਕਤਾ ਤੇ ਵਿਚਾਰਕ ਤੌਰ ਤੇ ਭਾਵਕਤਾ ਨੂੰ ਅਭਿਵਿਅਕਤ ਕਰਦਾ ਹੈ। ਜਿਵੇਂ ਕਿ ਮਨੋਅਭਿਵਿਅਕਤਾ ਤੇ ਬਿੰਬਾਵਲੀ ਦੇ ਸੁਮੇਲ ਤੋਂ ਦ੍ਰਿਸ਼ਟੀਗੋਚਰ ਹੁੰਦਾ ਹੈ।"[4]

---

1. "... the Lyric to the Greeks was a poem designated to be sung by a single voice to the accompaniment of a Lyre."
   Normun Hepple, Lyrical Forms in English, Introduction, p.1.

2. "Lyrical Poetry was poetry written to be sung, to be sung quite definite occasions, for quite definite purposes religious or secular."
   H.J.C. Griarson, Lyrical Poetry From Blake to Hardey, p.10

3. "... the form wherein the artist presents his image in immediate relation to himself."
   Princepton Encyclopaedia of Poetry and Poetics, p. 462

4. "... is a type which is mechanically representational of a musical architecture and which is thematically representational of the poet's sensibility as evidenced in a fusion of conception and image."
   Ibid, p. 462

ਸੀ.ਡੀ. ਲੇਵਿਸ ਅਨੁਸਾਰ ਸਰੋਦੀ ਕਵਿਤਾ ਉਸ ਨੂੰ ਕਹਿੰਦੇ ਹਨ ਜਿਸ ਵਿਚ ਕਵੀ ਆਪਣੇ ਇਕਹਿਰੇ ਮਨੋਭਾਵ, ਇਕਹਿਰੇ ਮੂਡ ਜਾਂ ਦੂਹਰੇ ਮੂਡਾਂ ਨੂੰ ਇਕ ਦੂਜੇ ਪ੍ਰਤੀ ਮੇਲ ਕੇ ਅਭਿਵਿਅਕਤ ਕਰਦਾ ਹੈ। ਇਸ ਵਿਚ ਬਹਿਸ ਜਾਂ ਪ੍ਰਚਾਰ ਨਹੀਂ ਕੀਤਾ ਜਾਂਦਾ।[1]

ਡਿਮ ਬੈਕਮੈਂਡ ਸਪੀਅਰ ਨੇ ਸਰੋਦੀ ਕਵਿਤਾ ਨਿੱਜੀ ਤੇ ਤਿਖੇਰੇ ਜਜ਼ਬੇ ਦੀ ਅੰਤਰਮੁਖੀ ਕਵਿਤਾ ਨੂੰ ਕਿਹਾ ਹੈ ਜਿਸ ਦਾ ਖਾਸ ਗੁਣ ਸੰਗੀਤਕ ਰੂਪ ਹੁੰਦਾ ਹੈ।[2]

ਅਲਬਰਟ ਉਪਾਰਾਮ ਨੇ ਸਰੋਦੀ ਕਵਿਤਾ ਬਾਰੇ ਜ਼ਿਕਰ ਕਰਦਿਆਂ ਕਿਹਾ ਹੈ, "ਸਰੋਦੀ ਕਵਿਤਾ ਦਾ ਜਨਮ ਉਦੋਂ ਹੁੰਦਾ ਹੈ ਜਦੋਂ ਕਵੀ ਆਪਣੀਆਂ ਭਾਵਨਾਵਾਂ ਨੂੰ ਅਭਿਵਿਅਕਤ ਕਰਦਾ ਹੈ।" ਉਹ ਕਹਿੰਦੇ ਹਨ, "ਭਾਵਨਾ ਭਾਵੇਂ ਤਜਰਬੇ ਰਾਹੀਂ ਪੈਦਾ ਹੋਵੇ ਜਾਂ ਵਿਚਾਰਾਂ ਦੁਆਰਾ ਜਾਂ ਅਸਿਧੇ ਤੌਰ ਤੇ ਭਾਵਕਤਾ ਦੀ ਕਿਰਿਆ ਦੁਆਰਾ ਪੈਦਾ ਹੋਈ ਹੋਵੇ ਤੇ ਜਦੋਂ ਕਵੀ ਮਨ ਉਸ ਨੂੰ ਅਭਿਵਿਅਕਤ ਕਰਦਾ ਹੈ ਤਾਂ ਸਰੋਦੀ-ਕਾਵਿ ਦੀ ਉਤਪਤੀ ਹੁੰਦੀ ਹੈ।"[3]

---

1. "It is form which express a single state of mind, a single mood or sets two moods one against the other. It does not argue or preach."

   C.D. Lewis. The Lyric Impulse, p. 203

2. "A Lyric is a subjective poem of intense personal emotion whose principle quality is music form."

   Prof. Prem Parkash Singh, Mohan Singh Da Kav Lok (Punjabi), p. 115

3. "Lyric verse, like every other art product is concerned with emotional moods, the feeling aroused directly or indirectly by through activity of the imagination."

   The Typical Forms of English Literature, p. 73

ਡਰਿੰਕਵਾਟਰ ਨੇ ਪੁਰਜ਼ੋਰ ਨਾਲ ਕਿਹਾ ਹੈ ਕਿ ਸਾਰੀ ਕਵਿਤਾ ਸਰੋਦਕ ਹੁੰਦੀ ਹੈ। ਪਰੰਤੂ ਜਿਹੜੇ ਕਾਵਿ-ਰੂਪ ਇਸ ਸਰੋਦਕ-ਕਵਿਤਾ ਨੂੰ ਵਖਿਆਉਂਦੇ ਹਨ ਉਹ ਕਵਿਤਾ ਨਹੀਂ।[1] ਇਸ ਗੱਲ ਤੇ ਗਰੀਅਰਸਨ ਆਪਣੇ ਵਿਚਾਰ ਪ੍ਰਗਟਾਉਂਦੇ ਹੋਏ ਕਹਿੰਦੇ ਹਨ ਕਿ ਇਹ ਠੀਕ ਹੈ ਕਿ ਸਾਰੀ ਕਵਿਤਾ ਕਵਿਤਾ ਹੈ ਪਰੰਤੂ ਸਰੋਦੀ ਕਵਿਤਾ ਨਾਟਕੀ, ਬਿਆਨੀਆ ਤੇ ਪ੍ਰਚਾਰਕ ਕਾਵਿ ਟੁਕੜੀਆਂ ਤੋਂ ਰਹਿਤ ਹੁੰਦੀ ਹੈ।[2] ਸੋ ਉਹਨਾਂ ਅਨੁਸਾਰ ਸਰੋਦੀ ਕਵਿਤਾ ਉਸ ਕਵਿਤਾ ਨੂੰ ਹੀ ਮੰਨਾਂਗੇ ਜਿਸ ਵਿਚ ਕਵੀ ਆਪਣੇ ਕਿਸੇ ਖ਼ਾਸ ਭਾਵ ਨੂੰ, ਜਿਸ ਵਿਚ ਕੋਈ ਪ੍ਰਚਾਰ ਜਾਂ ਬਿਆਨ ਨਾ ਹੋਵੇ, ਅਭਿਵਿਅਕਤ ਕਰਦਾ ਹੈ।

ਪਾਲਗਰੇਵ ਅਨੁਸਾਰ "ਸਰੋਦ ਉਹ ਰਚਨਾ ਹੈ ਜਿਸ ਵਿਚ ਇਕ ਹੀ ਭਾਵ, ਵਿਚਾਰ ਜਾਂ ਵਿਸ਼ੇਸ਼ ਸਥਿਤੀ ਦਾ ਵਿਕਾਸ ਆਤਮਕ ਤੌਰ ਤੇ ਕੀਤਾ ਜਾਂਦਾ ਹੈ।"[3] ਅਰਨੈਸਟ ਰੀਸ ਅਨੁਸਾਰ "ਸਰੋਦੀ ਕਵਿਤਾ ਸ਼ਬਦਾਂ ਦੀ ਸੰਗੀਤਾਤਮਕ ਅਭਿਵਿਅਕਤੀ ਹੈ ਜੋ ਦੈਵੀ ਭਾਵਾਂ ਨਾਲ ਭਰੀ ਹੋਈ ਤੇ ਸ਼ਕਤੀਸ਼ਾਲੀ ਲੈਆਂ ਦੁਆਰਾ, ਬੰਧਨਾਂ ਤੋਂ ਮੁਕਤ ਹੁੰਦੀ ਹੈ।"[4]

---

1. **"that all poetry is lyric ... that what distinguishes other forms of poetry from Lyrical is something other than poetry."**

   H.J.C. Grierson, Lyrical Poetry from Blake to Hardy, p. 13

2. **"... but will certainly not include pieces of dramatic, narrative or argumentative poetry."**

   H.J.C. Grierson, Lyrical Poetry from Blake to Hardy, p. 13

3. F.T. Palgrave, Golden Treasury of Songs and Lyrics, p. 128

4. Ernest Rhys, Lyric Poetry, p. 21

ਐਨਸਾਈਕਲੋਪੀਡੀਆ ਅਮੈਰੀਕਾਨਾ ਵਿਚ ਦਿਤੀ ਗਈ ਸਰੋਦੀ ਕਾਵਿ ਦੀ ਪਰਿਭਾਸ਼ਾ ਕਾਫ਼ੀ ਸੰਪੂਰਣ ਹੈ। ਇਸ ਲਈ ਇਸ ਦਾ ਜ਼ਿਕਰ ਕਰਨਾ ਕਾਫ਼ੀ ਮਹੱਤਵਪੂਰਨ ਹੈ। ਇਹ ਪਰਿਭਾਸ਼ਾ ਹੁਣ ਤਕ ਭਿੰਨ-ਭਿੰਨ ਵਿਦਵਾਨਾਂ ਦੁਆਰਾ ਦਿਤੀਆਂ ਗਈਆਂ ਪਰਿਭਾਸ਼ਾਵਾਂ ਨੂੰ ਆਪਣੇ ਵਿਚ ਸਮਾਂ ਲੈਣ ਦੀ ਸਮਰਥਾ ਰੱਖਦੀ ਹੈ। ਇਸ ਪਰਿਭਾਸ਼ਾ ਅਨੁਸਾਰ "ਸਰੋਦੀ ਕਾਵਿ ਉਹ ਕਵਿਤਾ ਹੈ ਜਿਸ ਦੀ ਸੰਰਚਨਾ ਵਿਚ ਸੰਗੀਤਕ ਗੁਣਾਂ ਦਾ ਸਮਾਵੇਸ਼ ਹੁੰਦਾ ਹੈ। ਸਰੋਦ ਦਾ ਵਿਸ਼ਾ-ਵਸਤੂ ਮਹੱਤਵਪੂਰਨ ਭਾਵਾਤਮਕ ਤਜਰਬਿਆਂ ਅਤੇ ਇਨ੍ਹਾਂ ਪ੍ਰਤਿ ਨਿੱਜੀ ਪ੍ਰਤਿਕ੍ਰਿਆਵਾਂ ਨਾਲ ਸੰਬੰਧਤ ਹੁੰਦਾ ਹੈ।"[1]

ਭਾਰਤੀ ਧਾਰਨਾ ਦੇ ਵਿਦਵਾਨਾਂ ਨੇ ਕਵਿਤਾ ਦੀ ਵੰਡ ਕਰਦਿਆਂ ਇਸਦਾ ਇਕ ਅੰਗ ਮੁਕਤਕ ਕਾਵਿ ਨੂੰ ਮੰਨਿਆ ਹੈ।[2] ਮੁਕਤਕ ਦੀਆਂ ਵੀ ਅਗੇ ਦੋ ਸ਼ਾਖਾਵਾਂ ਬਾਪੀਆਂ ਹਨ। ਇਕ ਪਕ੍ਰਣ ਯੋਗ ਤੇ ਦੂਜੀ ਸੁਣਨ ਯੋਗ। ਸਰੋਦੀ-ਕਾਵਿ ਸੁਣਨਯੋਗ ਦੇ ਅੰਤਰਗਤ ਆਉਂਦਾ ਹੈ। ਪਰੰਤੂ ਡਾਕਟਰ ਗੁਲਾਬ ਰਾਏ[3] ਅਨੁਸਾਰ ਇਹਨਾਂ ਦੋਹਾਂ ਵਿਚਲੀ ਰੇਖਾ ਬੜੀ ਸੂਖਮ ਤੇ ਅਸਥਿਰ ਹੈ ਕਿਉਂਕਿ ਪਕ੍ਰਣਯੋਗ ਸਮੱਗਰੀ ਵੀ ਕਈ ਵਾਰ ਸੁਣਨਯੋਗ ਹੋ ਜਾਂਦੀ ਹੈ।

ਸਰੋਦੀ ਕਾਵਿ ਤੇ ਵਿਚਾਰ ਕਰਦੇ ਹੋਏ ਡਾ. ਗਣੇਸ਼ ਖਰੇ ਦੁਆਰਾ ਬਾਬੂ ਸਿਆਮ ਸੁੰਦਰ ਦੀ ਦਿੱਤੀ ਗਈ ਸਰੋਦੀ-ਕਾਵਿ ਦੀ ਪਰਿਭਾਸ਼ਾ ਕਾਫ਼ੀ ਮਹੱਤਵਪੂਰਨ ਹੈ। ਇਹ ਸਰੋਦੀ ਕਾਵਿ ਨੂੰ ਸਮਝਣ ਲਈ ਕਾਫ਼ੀ ਸਹਾਇਕ ਹੋ ਸਕਦੀ ਹੈ। ਉਹਨਾਂ ਅਨੁਸਾਰ "ਪ੍ਰਗੀਤ ਕਾਵਿ ਵਿਚ ਕਵੀ ਆਪਣੀ ਅੰਤਰ ਆਤਮਾ ਵਿਚ ਪ੍ਰਵੇਸ਼ ਹੋ ਕੇ ਬਾਹਰੀ ਜਗਤ ਨੂੰ ਆਪਣੇ ਅੰਤਹਕਰਣ ਵਿਚ ਲੈ ਜਾ

---

1. "Lyric Poetry is verse in which the structure suggest some of the qualities of music and subject matter deals with personal responses to emotionally significant experiences."

   Encyclopaedia Americanna, Vol. 17, p. 890

2. ਡਾ. ਧਰਮਪਾਲ ਸਿੰਗਲ, ਪੰਜਾਬੀ ਕਵਿਤਾ ਦਾ ਵਿਕਾਸ, ਪੰਨਾ 227

3. ਗੁਲਾਬ ਰਾਏ, ਕਾਵਿਯ ਕੇ ਰੂਪ, ਪੰਨਾ 106

ਕੇ ਆਪਣੇ ਅਨੁਭਵਾਂ ਅਤੇ ਭਾਵਨਾਵਾਂ ਤੋਂ ਪ੍ਰੇਰਤ ਹੁੰਦਾ ਹੈ ਅਤੇ ਆਪਣੇ ਅਧੀਨ ਵਿਸ਼ੇ ਨੂੰ ਪੇਸ਼ ਕਰਦਾ ਹੈ।"[1]

ਪੰਜਾਬੀ ਸਾਹਿਤ ਜਗਤ ਵਿਚ ਅਜੇ ਤਕ ਸਰੋਦੀ ਕਾਵਿ ਬਾਰੇ ਨਿਰੋਲ ਤੌਰ ਤੇ ਕੋਈ ਚਰਚਾ ਨਹੀਂ ਹੋਈ। ਕੇਵਲ ਕੁਝ ਕੁ ਥਾਵਾਂ ਤੇ ਵਿਦਵਾਨਾਂ ਨੇ ਇਸ ਕਾਵਿ ਬਾਰੇ ਆਪਣੇ ਵਿਚਾਰ ਜ਼ਰੂਰ ਪੇਸ਼ ਕੀਤੇ ਹਨ। ਫਿਰ ਵੀ ਪੰਜਾਬੀ ਸਾਹਿਤ ਵਿਚ ਸਰੋਦੀ ਕਾਵਿ ਬਾਰੇ ਪੇਸ਼ ਕੀਤੇ ਵਿਚਾਰਾਂ ਨੂੰ ਇਥੇ ਵਿਚਾਰਨਾ ਕੁਥਾਂ ਨਹੀਂ ਹੋਵੇਗਾ।

ਡਾ. ਅਤਰ ਸਿੰਘ ਸਰੋਦੀ ਕਾਵਿ ਬਾਰੇ ਆਪਣੇ ਵਿਚਾਰ ਪੇਸ਼ ਕਰਦਿਆਂ ਕਹਿੰਦੇ ਹਨ।

> ਸਰੋਦੀ ਕਾਵਿ ਦੀ ਸਫ਼ਲਤਾ ਦਾ ਸਮੁੱਚਾ ਨਿਰਭਰ ਉਸ ਦੀ ਸੁਹਿਰਦਤਾ ਤੇ ਹੁੰਦਾ ਹੈ ਤੇ ਅਜਿਹੀ ਸੁਹਿਰਦਤਾ ਦੀ ਪਛਾਣ ਹੈ ਕਵੀ ਦੇ ਬਿਆਨ ਵਿਚ ਪਾਠਕ ਜਾਂ ਸ੍ਰੋਤੇ ਦੇ ਮਨ ਦੀ ਕਹਿ-ਸਕਣ ਦੀ ਮੁਕਤੀ। ਇਹ ਮੁਕਤੀ ਤਾਂ ਹੀ ਪ੍ਰਾਪਤ ਹੋ ਸਕਦੀ ਹੈ ਜੇ ਕਵੀ ਦੀ ਰਚਨਾ ਦਾ ਮੂਲ ਪ੍ਰੇਰਕ ਅਨੁਭਵ ਆਪੀ ਜਿਵਿਆ ਹੋਵੇ ਤੇ ਮਹਿਸੂਸਿਆ ਅਨੁਭਵ ਹੋਵੇ ਨਾਂ ਕਿ ਬਾਹਰੋਂ ਉਧਾਰ ਲਿਆ ਹੋਵੇ।[2]

ਡਾ. ਸੁਰਿੰਦਰ ਸਿੰਘ ਕੋਹਲੀ ਸਰੋਦੀ ਕਵਿਤਾ ਤੇ ਬਿਆਨੀਆ ਕਵਿਤਾ ਦਾ ਟਾਕਰਾ ਕਰਦੇ ਹੋਏ ਕਹਿੰਦੇ ਹਨ "ਜਦੋਂ ਕਵੀ ਆਪਣੇ ਖਿਆਲਾਂ, ਵਲਵਲਿਆਂ, ਮਨ ਉਭਾਰਾਂ ਤੇ ਤਜਰਬਿਆਂ ਵਿਚੋਂ ਆਪਣੇ ਕੰਮ ਲਈ ਟੁੰਬ ਜਾਂ ਪ੍ਰੇਰਨਾ ਲਭਦਾ ਹੈ ਤਾਂ ਅਸੀਂ ਉਸ ਨੂੰ ਕਰਤਰੀ ਰੰਗਣ ਦਾ ਕਵੀ ਸਦਦੇ ਹਾਂ।"[3]

ਸੰਤ ਸਿੰਘ ਸੇਖੋਂ ਵੀ ਅਜੇਹੇ ਕਾਵਿ ਬਾਰੇ ਆਪਣੇ ਵਿਚਾਰ ਪ੍ਰਗਟਾਉਂਦਿਆਂ ਕਹਿੰਦੇ ਹਨ "ਠੀਕ ਭਾਵ ਦਾ ਲੈਰਿਕ ਆਤਮ ਪ੍ਰਕਾਸ਼ ਇਸ ਤੋਂ ਵਖਰਾ ਹੁੰਦਾ ਹੈ। ਉਸ ਵਿਚ ਮਨ ਦੀਆਂ ਗੁਝੀਆਂ ਪੀੜਾਂ, ਗੁਝੇ ਅਨੁਭਵ, ਗੁਝੇ ਰਸ ਅੰਕਿਤ ਹੁੰਦੇ ਹਨ। ਉਸ ਦੇ ਮਨ ਤੇ ਸਰੀਰ ਦੀਆਂ

1. ਡਾ. ਗਣੇਸ਼ ਖਰੇ, ਆਧੁਨਿਕ ਪ੍ਰਗੀਤ ਕਾਵਯ, ਪੰਨਾ 20
2. ਡਾ. ਅਤਰ ਸਿੰਘ, ਦ੍ਰਿਸ਼ਟੀਕੋਣ, ਪੰਨਾ 183
3. ਡਾ. ਸੁਰਿੰਦਰ ਸਿੰਘ ਕੋਹਲੀ, ਪੰਜਾਬੀ ਸਾਹਿਤ ਦਾ ਇਤਿਹਾਸ, ਪੰਨਾ 408

ਇੰਦਰੀਆਂ ਦੀਆਂ ਕਾਮਨਾਵਾਂ ਸੁਆਦ ਤੇ ਵਿਸੁਾਦ ਉਸ ਆਤਮ-ਪ੍ਰਕਾਸ਼ ਦਾ ਭਾਵ ਹੁੰਦੀਆਂ ਹਨ।"[1]

ਉਪਰੋਕਤ ਸਾਰੀਆਂ ਪਰਿਭਾਸ਼ਾਵਾਂ ਨੂੰ ਵਿਚਾਰਨ ਤੋਂ ਬਾਅਦ ਉਹਨਾਂ ਵਿਚੋਂ ਕਿਸੇ ਇਕ ਨੂੰ ਪੜ੍ਹ ਕੇ ਅਸੀਂ ਸਰੋਦੀ ਕਾਵਿ ਦੇ ਮੁਕੰਮਲ ਸਰੂਪ ਨੂੰ ਸਮਝਣ ਤੋਂ ਅਸਮਰਥ ਹਾਂ। ਅੰਗਰੇਜ਼ ਵਿਦਵਾਨ ਸਰੋਦੀ ਕਾਵਿ ਵਿਚ ਸੰਗੀਤਕ ਤੱਤ ਲਾਜ਼ਮੀ ਮੰਨਦੇ ਹਨ। ਉਂਞ ਤਾਂ ਪੰਜਾਬੀ ਸਾਹਿਤ ਵਿਚ ਸਰੋਦ ਬਾਰੇ ਬਹੁਤਾ ਕੁਝ ਲਿਖਿਆ ਨਹੀਂ ਮਿਲਦਾ ਪਰੰਤੂ ਜੋ ਕੁਝ ਉਪਰ ਪੰਜਾਬੀ ਵਿਦਵਾਨਾਂ ਦੁਆਰਾ ਸਰੋਦੀ ਕਾਵਿ ਬਾਰੇ ਪੇਸ਼ ਕੀਤੇ ਵਿਚਾਰ ਮਿਲਦੇ ਹਨ ਉਹਨਾਂ ਵਿਚ ਭੀ ਸੰਗੀਤਕ ਤੱਤ ਬਾਰੇ ਬਿਲਕੁਲ ਹੀ ਇਸ਼ਾਰਾ ਨਹੀਂ ਕੀਤਾ ਗਿਆ।

ਪੱਛਮੀ ਵਿਦਵਾਨਾਂ ਨੇ ਕਵਿਤਾ ਨੂੰ ਦੋ ਕਿਸਮ ਦੀ ਮੰਨਿਆ ਹੈ। ਇਕ ਅੰਤਰਮੁਖੀ (ਸਬਜੈਕਟਿਵ) ਅਤੇ ਦੂਜੀ ਬਾਹਰਮੁਖੀ (ਅਬਜੈਕਟਿਵ) ਹੈ। ਸਰੋਦੀ ਕਵਿਤਾ ਅੰਤਰਮੁਖੀ ਕਵਿਤਾ ਦੇ ਅੰਤਰਗਤ ਆਉਂਦੀ ਹੈ। ਇਸ ਵਿਚ ਕਵੀ ਮਨ ਆਪਣੇ ਵਿਸ਼ੇ ਦੀ ਅਭਿਵਿਅਕਤੀ ਆਪਣੇ ਨਿੱਜੀ ਤਜਰਬਿਆਂ ਤੇ ਅਹਿਸਾਸਾਂ ਤੋਂ ਪ੍ਰੇਰਣਾਂ ਲੈ ਕੇ ਕਰਦਾ ਹੈ।

ਕਵੀ-ਮਨ ਦੇ ਵਲਵਲਿਆਂ ਦਾ ਪ੍ਰਭਾਵ ਸਰੋਤੇ ਜਾਂ ਪਾਠਕ ਦੇ ਮਨ ਤੇ ਇਉਂ ਪੈਂਦਾ ਹੈ ਜਿਵੇਂ ਧਨੁਖ ਤੋਂ ਛੁਟਿਆ ਤੀਰ ਆਪਣੀ ਘੂਕਰ ਦੀ ਸਿਰਜਣਾ ਖੁਦ ਕਰ ਲੈਂਦਾ ਹੈ। ਕਹਿਣ ਦਾ ਭਾਵ ਕਵੀ ਮਨ ਚੋਂ ਉਠੀ ਅੰਦਰੂਨੀ ਪ੍ਰਤਿਕਿਰਿਆ ਜੋ ਕਵੀ ਸਰੋਦੀ-ਕਾਵਿ ਦੇ ਮਾਧਿਅਮ ਦੁਆਰਾ ਅਭਿਵਿਅਕਤ ਕਰਦਾ ਹੈ, ਪਾਠਕ ਅਤੇ ਸਰੋਤੇ ਦੇ ਮਨ ਤੇ ਵੀ ਉਹੋ ਜਿਹਾ ਅਸਰ ਕਰਦੀ ਹੈ।

ਸਰੋਦੀ ਕਾਵਿ ਰੂਪ ਪ੍ਰਬੰਧ ਵਿਚ ਸਰੋਤਿਆਂ ਨੂੰ ਕਵੀ ਤੋਂ ਛੁਪਾ ਕੇ ਪੇਸ਼ ਕੀਤਾ ਜਾਂਦਾ ਹੈ ਭਾਵ ਕਵੀ ਦੀ ਪਿਠ ਆਪਣੇ ਸਰੋਤਿਆਂ ਵਲ ਹੁੰਦੀ ਹੈ। ਨਾਟਕੀ ਕਵਿਤਾ ਵਾਂਗ ਉਹ ਸਰੋਤਿਆਂ ਨੂੰ ਕੁਝ ਨਹੀਂ ਕਹਿ ਰਿਹਾ ਹੁੰਦਾ ਜਾਂ ਉਸ ਦੇ ਸ਼ਬਦ ਸਰੋਤਿਆਂ ਲਈ ਨਹੀਂ ਹੁੰਦੇ ਸਗੋਂ ਉਹ ਤਾਂ ਆਪਣੇ ਕਿਸੇ ਨਿੱਜੀ ਦੋਸਤ, ਪ੍ਰੇਮੀ/ਪ੍ਰੇਮਿਕਾ, ਪਰਮਾਤਮਾ ਜਾਂ ਕਿਸੇ ਕੁਦਰਤੀ ਦ੍ਰਿਸ਼ ਨਾਲ ਗੱਲਾਂ ਕਰਦਾ ਮਾਲੂਮ ਹੁੰਦਾ ਹੈ ਜਾਂ ਫਿਰ ਕਵੀ ਆਪਣੇ ਆਪ ਦੀ ਅਭਿਵਿਅਕਤੀ ਕਰਦਾ ਮਾਲੂਮ ਹੁੰਦਾ ਹੈ। ਇਸ ਤਰ੍ਹਾਂ ਸਰੋਦੀ ਕਾਵਿ ਦੀ ਪੇਸ਼ਕਾਰੀ ਦਾ ਮੂਲਾਧਾਰ ਉਹ ਰੂਪ ਹੈ ਜਿਸ ਨੂੰ ਧਰਮ ਵਿਚ "ਮੈਂ-ਤੂੰ" ਦਾ ਸਬੰਧ ਕਿਹਾ ਜਾਂਦਾ ਹੈ। ਇਸ ਤਰ੍ਹਾਂ ਸਰੋਦੀ ਕਾਵਿ ਵਿਚ ਕਵੀ ਤੇ ਵਕਤਾ ਆਮ ਤੌਰ ਤੇ ਇਕੋ ਹੀ ਹੁੰਦੇ ਹਨ।

1. ਸੰਤ ਸਿੰਘ ਸੇਖੋਂ, ਸਾਹਿਤ ਸਮਾਚਾਰ ਦਾ ਕਵਿਤਾ ਅੰਕ, ਪੰਨਾ 11

ਸਰੋਦੀ ਕਾਵਿ ਵਿਚ ਕਵੀ ਸ਼ਬਦਕ-ਧੁਨੀ, ਲੈਅ-ਸਮਸਰੂਤਾ ਤੇ ਸੰਵੇਦਨਾਤਮਕ ਸਹਿਸੰਬੰਧਾਂ ਦੀ ਉਚਿਤ ਵਰਤੋਂ ਕਰਦਾ ਹੈ। ਬੈਂਤ-ਤੁਕ ਅਟੁੱਟ ਤੇ ਕਵਿਤਾ ਇਕ ਪੂਰੀ ਇਕਾਈ ਦੀ ਹੁੰਦੀ ਹੈ। ਕਿਉਂਕਿ ਬੈਂਤ-ਤੁਕ ਟੁੱਟਣ ਨਾਲ ਕਵੀ ਅਸਲ-ਭਾਵ ਤੋਂ ਲਾਂਭੇ ਚਲਿਆ ਜਾਵੇਗਾ ਤੇ ਸਰੋਦਕ-ਗਤੀ ਭੰਗ ਹੋ ਜਾਵੇਗੀ, ਫਲਸਰੂਪ ਕਵੀ ਇਕ ਵਧੀਆ ਕਵਿਤਾ ਦੀ ਸਿਰਜਣਾ ਤਾਂ ਕਰ ਦੇਵੇਗਾ ਪਰੰਤੂ ਉਹ ਸਰੋਦਕ ਨਹੀਂ ਹੋਵੇਗੀ। ਇਸ ਕਰਕੇ ਸਰੋਦੀ-ਕਾਵਿ ਵਿਚ ਕਵੀ ਬਿਆਨੀਆ ਜਾਂ ਆਲੋਚਕ ਰੁਖ ਨਹੀਂ ਅਪਨਾਉਂਦਾ। ਕਵੀ ਸਚਾਈ ਪੇਸ਼ ਕਰ ਰਿਹਾ ਹੁੰਦਾ ਹੈ ਨਾ ਕਿ ਸਚਾਈ ਬਾਰੇ ਦਸ ਰਿਹਾ ਹੁੰਦਾ ਹੈ। ਇਸ ਤਰ੍ਹਾਂ ਸਰੋਦੀ ਕਾਵਿ ਵਿਚ ਕੋਈ ਇਕਹਿਰੀ ਭਾਵਨਾ ਜਾਂ ਵਿਚਾਰ ਹੀ ਪੇਸ਼ ਕੀਤਾ ਜਾਂਦਾ ਹੈ, ਜਿਸ ਤੇ ਕੋਈ ਬਿਆਨੀਆ ਜਾਂ ਇਤਿਹਾਸਕ ਰਚਨਾ ਨਹੀਂ ਰਚੀ ਜਾ ਸਕਦੀ। ਇਸ ਸਾਰੀ ਵਿਚਾਰ ਤੋਂ ਪਤਾ ਲਗਦਾ ਹੈ ਕਿ ਸਰੋਦੀ ਕਾਵਿ ਵਿਚ ਬਾਕੀ ਕਾਵਿ-ਰੂਪਾਂ ਤੋਂ ਸਪਸ਼ਟ ਅੰਤਰ ਹੁੰਦਾ ਹੈ।

ਅੱਜ ਦੇ ਯੁਗ ਵਿਚ ਛਾਪੇਖਾਨੇ ਦੀ ਕਾਢ ਕਰਕੇ ਸਰੋਦ ਦੀ ਪ੍ਰਕਿਰਿਆ ਬਦਲ ਗਈ ਹੈ। ਆਮ ਤੌਰ ਤੇ ਸਰੋਦ ਦੀ ਗ੍ਰਹਿਣ-ਇੰਦਰੀ ਕੰਨ ਹੁੰਦਾ ਹੈ। ਪਰੰਤੂ ਅੱਜਕੱਲ੍ਹ ਕੰਨ ਤੇ ਅੱਖ ਦੋਵੇਂ ਸਰੋਦ ਦੀ ਗ੍ਰਹਿਣ-ਇੰਦਰੀਆਂ ਹਨ। ਕਿਉਂਕਿ ਕਈ ਸਰੋਦਕ ਰਚਨਾਵਾਂ ਅਜਿਹੀਆਂ ਵੀ ਹੁੰਦੀਆਂ ਹਨ ਜਿਹਨਾਂ ਵਿਚ ਤੁਕਾਂਤ, ਅਨੁਪ੍ਰਾਸ, ਰਹਾਉ ਤੇ ਲਘੂ-ਗੁਰੂ ਆਦਿ ਦੀ ਸਹੀ ਪਛਾਣ ਕਰਨ ਲਈ ਪਾਠਕ ਨੂੰ ਸਫ਼ੇ ਉਪਰ ਸਰੋਦ ਦਾ ਛਪਿਆ ਰੂਪ ਵੇਖਣਾ ਪੈਂਦਾ ਹੈ। ਮਿਸਾਲ ਵਜੋਂ ਜੇਕਰ 'ਰਹਾਉ' ਦੂਜੀ ਜਾਂ ਚੌਥੀ ਪੰਕਤੀ ਵਿਚ ਹੋਵੇ ਤਾਂ ਅੱਖ-ਗ੍ਰਹਿਣ ਪ੍ਰਕਿਰਿਆ ਤੋਂ ਹੀ ਕੰਨ-ਗ੍ਰਹਿਣ ਪ੍ਰਕਿਰਿਆ ਨੂੰ ਸਹਾਇਤਾ ਮਿਲੇਗੀ। ਇਸ ਲਈ ਛਪੀ ਹੋਈ ਸਰੋਦੀ ਕਵਿਤਾ ਉਚਿਤ ਗ੍ਰਹਿਣ ਕਰਾਉਣ ਲਈ ਸਹਾਈ ਹੁੰਦੀ ਹੈ।

ਸਰੋਦੀ ਕਾਵਿ ਵਿਚ ਕਵੀ ਆਪਣੀ ਨਿੱਜੀ ਭਾਵਨਾਵਾਂ ਤੇ ਵਿਚਾਰਾਂ ਨੂੰ ਹੀ ਅਭਿਵਿਅਕਤ ਕਰਦਾ ਹੈ। ਇਸ ਤਰ੍ਹਾਂ ਸਰੋਦੀ ਕਾਵਿ ਆਤਮ-ਪ੍ਰਧਾਨ ਹੁੰਦਾ ਹੈ ਤੇ ਇਸ ਵਿਚ 'ਮੈਂ' ਦੀ ਵਿਸ਼ੇਸ਼ਤਾ ਹੁੰਦੀ ਹੈ। ਕਵੀ ਆਪਣਾ ਦੁਖ-ਸੁਖ, ਆਸ਼ਾ-ਨਿਰਾਸ਼ਾ, ਖੁਸ਼ੀ-ਗ਼ਮੀ, ਪ੍ਰੇਮ-ਨਫ਼ਰਤ ਵਰਗੀ ਅਨੁਭੂਤੀਆਂ ਨੂੰ ਸਰੋਦੀ ਕਾਵਿ ਦੇ ਮਾਧਿਅਮ ਦੁਆਰਾ ਪ੍ਰਗਟਾਉਂਦਾ ਹੈ। ਇਹ ਨਿੱਜੀ ਪ੍ਰੇਰਕ ਅਨੁਭੂਤੀਆਂ ਕਈ ਵਾਰ ਵਿਆਪਕ ਵੀ ਹੋ ਨਿਬੜਦੀਆਂ ਹਨ। ਕਿਉਂਕਿ ਸਾਂਝੀਆਂ ਕਈ ਭਾਵਨਾਵਾਂ ਸਾਂਝੀਆਂ ਹੁੰਦੀਆਂ ਹਨ। ਪਾਠਕ ਜਾਂ ਸਰੋਤਾ ਇਹਨਾਂ ਭਾਵਨਾਵਾਂ ਨੂੰ ਆਪਣੇ-ਆਪ ਨਾਲ ਸੰਬੰਧਤ ਜਾਣ ਕੇ ਮਾਣਦਾ ਹੈ ਤੇ ਅਨੰਦਤ ਹੁੰਦਾ ਹੈ।

ਜਦੋਂ ਕਵੀ ਮਨ ਆਪਣੇ ਅੰਦਰ ਟੁੱਭੀ ਮਾਰਦਾ ਹੈ ਤੇ ਅੰਤਰ ਪ੍ਰੇਰਕ-ਅਨੁਭੂਤੀ ਦੇ ਵਿਸ਼ੇ-ਭਾਵ ਨੂੰ ਆਪਣੀ ਸੂਪਜੀਅਤ ਤੇ ਅਨੁਭਵੀ ਤਜਰਬਿਆਂ ਵਿਚ ਗੁੰਨ੍ਹ ਕੇ ਭਾਸ਼ਕ-ਸ਼ਬਦਕ-ਸਮੱਗਰੀ ਦੁਆਰਾ ਬਾਹਰ ਕਢਦਾ ਹੈ ਤਾਂ ਸਰੋਦੀ ਕਾਵਿ ਦਾ ਜਨਮ ਹੁੰਦਾ ਹੈ। ਅਜਿਹੀ ਦਸ਼ਾ ਵਿਚ ਕਵੀ-ਮਨ ਤੋਂ ਵਲਵਲੇ ਤਰਲਤਾ ਵਾਂਗ ਵਹਿ ਤੁਰਦੇ ਹਨ ਜੋ ਲੈਅ ਅਤੇ ਸੰਗੀਤ ਨਾਲ ਭਰੇ ਹੁੰਦੇ ਹਨ।

## ਮੁਲਾਂਕਣ

ਉਪਰੋਕਤ ਸਾਰੀ ਵਿਚਾਰ ਤੋਂ ਬਾਅਦ ਅਸੀਂ ਸਰੋਦੀ ਕਾਵਿ ਦਾ ਸਾਰ-ਰੂਪ ਮੁਲੰਕਣ ਇਉਂ ਕਰ ਸਕਦੇ ਹਾਂ।

1. ਸਰੋਦੀ-ਕਾਵਿ ਵਿਚ ਕੇਵਲ ਨਿੱਜੀ ਭਾਵਨਾਵਾਂ ਨੂੰ ਅਭਿਵਿਅਕਤ ਕੀਤਾ ਜਾਂਦਾ ਹੈ।
2. ਸਰੋਦੀ-ਕਾਵਿ-ਰੂਪ, ਪ੍ਰੇਰਕ ਅਨੁਭੂਤੀ ਤੇ ਹੀ ਨਿਰਭਰ ਕਰਦਾ ਹੈ।
3. ਕਿਉਂਕਿ ਭਾਵਵੇਗ ਥੋੜ੍ਹ-ਚਿਰ ਰਹਿ ਸਕਦਾ ਹੈ ਭਾਵਵੇਗ ਦੇ ਖਤਮ ਹੋਣ ਨਾਲ ਹੀ ਸਰੋਦਕ-ਗਤੀ ਰੁਕ ਜਾਂਦੀ ਹੈ। ਇਸ ਤਰ੍ਹਾਂ ਸਰੋਦੀ ਕਾਵਿ ਸੰਖੇਪ ਹੁੰਦਾ ਹੈ।
4. ਸਰੋਦੀ ਕਾਵਿ ਵਿਚ ਮੂਲ-ਭਾਵ ਇਕੋ ਹੀ ਹੁੰਦਾ ਹੈ। ਕਈ ਵਾਰ ਮੂਲ ਭਾਵ ਦੀ ਪੁਸ਼ਟੀ ਲਈ ਕਵੀ ਸਹਾਇਕ-ਭਾਵ ਸੀਮਤ-ਸ਼ਬਦਕ-ਸਮੱਗਰੀ ਦੀ ਸਹਾਇਤਾ ਨਾਲ ਉਸਾਰਦਾ ਹੈ ਜੋ ਮੂਲ-ਭਾਵ ਦਾ ਹੀ ਪ੍ਰਕਾਸ਼ਮਾਨ ਦਾਇਰਾ ਹੁੰਦੇ ਹਨ। ਗੁਰਬਾਣੀ ਵਿਚ ਇਹ ਮੂਲ-ਭਾਵ 'ਰਹਾਉ' ਦੀ ਤੁਕ ਵਿਚ ਮੌਜੂਦ ਰਹਿੰਦਾ ਹੈ।
5. ਭਾਵਨਾਕੂਲ ਸ਼ਬਦ-ਯੋਜਨਾ ਤੇ ਧਿਆਨ ਦਿੱਤਾ ਜਾਂਦਾ ਹੈ, ਫਲਸਰੂਪ ਸਰੋਦੀ ਕਾਵਿ ਸ਼ਬਦ-ਸੰਗੀਤ ਨਾਲ ਅਨੁਪ੍ਰਾਣਿਤ ਹੁੰਦਾ ਹੈ। ਸ਼ਬਦਕ-ਲੈਅ ਇਸ ਦੀ ਪ੍ਰਮੁੱਖ ਵਿਸ਼ੇਸ਼ਤਾ ਹੈ।
6. ਇਸ ਕਾਵਿ ਵਿਚ ਕਵੀ ਦੇ ਸ਼ਬਦ ਪਾਠਕ ਜਾਂ ਸਰੋਤੇ ਲਈ ਨਹੀਂ ਹੁੰਦੇ ਸਗੋਂ ਉਹਨਾਂ ਦਾ ਸੰਬੰਧ ਮੈਂ-ਤੂੰ ਨਾਲ ਹੁੰਦਾ ਹੈ। ਕਵੀ ਦੀ ਪਾਠਕ/ਸਰੋਤੇ ਵਲ ਪਿਠ ਹੁੰਦੀ ਹੈ।
7. ਸਰੋਦੀ ਕਾਵਿ ਵਿਚ ਪਾਠਕ ਜਾਂ ਸਰੋਤਾ ਕਵੀ ਦੀਆਂ ਭਾਵਨਾਵਾਂ ਨੂੰ ਆਪਣੇ ਨਾਲ ਸੰਬੰਧਿਤ ਕਰਕੇ ਉਹਨਾਂ ਦਾ ਅਨੰਦ ਮਾਣਦਾ ਹੈ।
8. ਸਰੋਦੀ ਕਾਵਿ ਵਿਚ ਗਾਉਣ-ਰੁਚ ਅਟੁੱਟ ਹੁੰਦੀ ਹੈ। ਜਿਸ ਕਰਕੇ ਦੁਹਰਾਓ ਵਿਚਲੇ ਸ਼ਬਦ, ਧੁਨੀ ਉਪਜਾਉਂਦੇ ਹਨ।

੭. ਸਰੋਦੀ ਕਾਵਿ ਦੀ ਭਾਸ਼ਾ ਵਧੇਰੇ ਅਲੰਕਾਰਕ ਨਹੀਂ ਸਗੋਂ ਸਹਜ, ਮਧੁਰ ਤੇ ਸੰਗੀਤਮਈ ਹੁੰਦੀ ਹੈ। ਭਾਵਨਾਵਾਂ ਦੇ ਅਨੁਕੂਲ ਭਾਸ਼ਾ-ਤਰਲਤਾ ਮੌਜੂਦ ਰਹਿੰਦੀ ਹੈ।

ਸੰਖੇਪ ਵਿਚ ਕਹਿ ਸਕਦੇ ਹਾਂ ਕਿ ਜਦੋਂ ਕਵੀ ਕਿਸੇ ਇਕਹਿਰੀ ਪ੍ਰੇਰਕ-ਅਨੁਭੂਤੀ ਤੋਂ ਖਲਾਸੀ ਪਾਉਣ ਲਈ ਸ਼ਬਦਕ ਸਮੱਗਰੀ ਦੁਆਰਾ ਕਾਵਿ ਦੀ ਸਿਰਜਨਾ 'ਮੈਂ-ਤੂੰ' ਦੇ ਸੰਬੋਧਨ ਦੁਆਰਾ ਕਰਦਾ ਹੈ ਤਾਂ ਸਰੋਦੀ ਕਵਿਤਾ ਦਾ ਜਨਮ ਹੁੰਦਾ ਹੈ। ਇਕਹਿਰੀ ਅਨੁਭੂਤੀ ਦੇ ਖ਼ਤਮ ਹੁੰਦਿਆਂ ਹੀ ਕਵਿਤਾ ਦੀ ਸਮਾਪਤੀ ਹੁੰਦੀ ਹੈ। ਫਲਸਰੂਪ ਸਰੋਦੀ ਕਵਿਤਾ ਸੰਖੇਪ ਰੂਪ ਧਾਰਨ ਕਰਦੀ ਹੈ। ਸੰਖੇਪ ਸ਼ਬਦਕ ਸਮੱਗਰੀ ਹੀ ਸ਼ਬਦਕ ਲੈਅ ਤੇ ਅਰਥਾਂ ਦੀ ਏਕਤਾ ਨੂੰ ਬਣਾਈ ਰੱਖਦੀ ਹੈ। ਇਹ ਸ਼ਬਦਕ ਲੈਅ ਜਾਂ ਧੁਨੀ ਤੇ ਸ਼ਬਦਕ ਅਰਥਾਂ ਦਾ ਸਮੂਹ ਕਵਿਤਾ ਨੂੰ ਸਰੋਦੀ ਦਾਇਰੇ ਦੇ ਅੰਤਰਗਤ ਬੰਨ੍ਹੀ ਰਖਦਾ ਹੈ।

## (੨) ਸਰੋਦੀ ਕਾਵਿ ਦਾ ਸੁਭਾ

ਕਵਿਤਾ ਦੇ ਸੁਭਾ ਨੂੰ ਮੁਕੰਮਲ ਤੌਰ ਤੇ ਸਮਝਣਾ ਤੇ ਉਸ ਨੂੰ ਅੰਕਤ ਕਰਨਾ ਮੁਸ਼ਕਲ ਕੰਮ ਹੈ। ਕਿਉਂਕਿ ਕਵਿਤਾ ਨੂੰ ਪੜ੍ਹ-ਸੁਣ ਕੇ ਪਾਠਕ/ਸ੍ਰੋਤੇ ਦੀ ਵਿਚਾਰਕ ਧਾਰਨਾ ਤੇ ਇੰਦਰਿਆਵੀ ਪ੍ਰਭਾਵਾਂ ਦੀ ਗ੍ਰਹਿਣ-ਪ੍ਰਕਿਰਿਆ ਵੱਖ ਵੱਖ ਹੁੰਦੀ ਹੈ। ਜਦੋਂ ਕਾਵਿ ਨੂੰ (ਸਰੋਦੀ ਕਾਵਿ) ਪਾਠਕ/ਸ੍ਰੋਤੇ ਪੜ੍ਹਦੇ ਸੁਣਦੇ ਹਨ ਤਾਂ ਉਸ ਦਾ ਅਸਰ ਤੇ ਅਰਥ ਹਰ ਇਕ ਪਾਠਕ/ਸ੍ਰੋਤੇ ਤੇ ਉਸਦੀ ਆਪਣੀ ਵਿਚਾਰਕ ਧਾਰਨਾ ਅਰਥਾਤ ਭਾਵਾਤਮਕ ਸਥਿਤੀ ਅਨੁਸਾਰ ਹੁੰਦਾ ਹੈ। ਫਿਰ ਵੀ, ਸਰੋਦੀ ਕਾਵਿ ਦੇ ਸਰੂਪ ਤੋਂ ਜਾਣੂ ਹੋਣ ਲਈ, ਇਸ ਦੇ ਮੂਲ-ਤੱਤਾਂ ਤੇ ਉਹਨਾਂ ਦੇ ਲੱਛਣਾਂ ਨੂੰ ਵਿਚਾਰਨਾ ਪਵੇਗਾ।

ਅਲਫਰਡ ਉਪਹਾਮ[1] ਅਨੁਸਾਰ ਸਰੋਦੀ ਕਵਿਤਾ ਇਕਹਿਰੇ ਭਾਵਾਤਮਕ ਆਵੇਗ ਵਾਲੀ ਹੁੰਦੀ ਹੈ ਤੇ ਸੰਖੇਪਤਾ ਉਸ ਦਾ ਜ਼ਰੂਰੀ ਗੁਣ ਹੈ। ਕਲਪਨਾ ਸਰੋਦੀ ਕਵਿਤਾ ਵਿਚ ਹਮੇਸ਼ਾ

1. "A Lyric Unit is the result of a single emotional impulse and is of necessity brief."

<u>Typical Forms in English Literature</u>, p. 74

ਮੌਜੂਦ ਰਹਿੰਦੀ ਹੈ।[1] ਸ਼ੈਲਮੰਡ ਸਪੀਅਰ[2] ਨੇ ਨਿੱਜੀ ਤੇ ਤਿਖੇਰੇ ਜਜ਼ਬੇ ਦੀ ਅੰਤਰਮੁਖੀ ਸੰਗੀਤਕ ਕਵਿਤਾ ਨੂੰ ਸਰੋਦੀ ਕਿਹਾ ਹੈ।

ਸਰੋਦੀ ਕਾਵਿ ਵਿਚ ਭਾਵੁਕਤਾ ਦੇ ਕਾਰਨ ਕਵੀ ਕਿਸੇ ਖ਼ਾਸ ਕਾਵਿ-ਰੂਪ ਨੂੰ ਅਪਨਾ ਕੇ ਨਹੀਂ ਤੁਰਦਾ। ਭਾਵਾਂ ਦੀ ਜਾਂ ਜਜ਼ਬਿਆਂ ਦੀ ਅਨੇਕਰੂਪਤਾ ਦੇ ਕਾਰਨ ਸਰੋਦੀ ਕਾਵਿ-ਰੂਪਾਂ ਦਾ ਨਿਰਮਾਣ ਸੁਭਾਵਕ ਹੋ ਜਾਂਦਾ ਹੈ। ਸਰੋਦੀ ਕਵਿਤਾ ਕਵੀ ਦੀ ਕਲਪਨਾ ਤੇ ਭਾਵਨਾਵਾਂ ਦੀ ਭਾਸ਼ਾ ਹੁੰਦੀ ਹੈ ਤੇ ਕਵੀ ਸ਼ਬਦ-ਸੰਗੀਤ ਦੀਆਂ ਲੈਆਂ ਦੁਆਰਾ ਇਹਨਾਂ ਦੀ ਸੰਖੇਪਤਾ ਨਾਲ ਅਭਿਵਿਅਕਤੀ ਕਰਦਾ ਹੈ। ਇਸ ਤਰ੍ਹਾਂ ਸਰੋਦੀ ਕਾਵਿ ਵਿਚ ਹੇਠ ਲਿਖੇ ਤੱਤਾਂ ਉਤੇ ਬਲ ਰਹਿੰਦਾ ਹੈ:

1. ਆਤਮ-ਅਨੁਭੂਤੀ
2. ਸੰਗੀਤਾਤਮਕਤਾ
3. ਕਲਪਨਾ
4. ਸੰਖੇਪਤਾ

ਸਰੋਦੀ ਕਾਵਿ ਦੇ ਸੁਭਾ ਨੂੰ ਜਾਨਣ ਲਈ ਉਪਰੋਕਤ ਤੱਤਾਂ ਦੇ ਲੱਛਣਾਂ ਨੂੰ ਵਿਚਾਰਨਾ ਮੁਨਾਸਬ ਹੋਵੇਗਾ।

1. <u>ਆਤਮ-ਅਨੁਭੂਤੀ:</u>

ਸਰੋਦੀ ਕਾਵਿ ਦਾ ਸੁਭਾ ਕਵੀ-ਮਨ ਵਿਚ ਉਪਜੀ ਪ੍ਰੇਰਕ-ਅਨੁਭੂਤੀ ਦੇ ਸਰੂਪ ਤੇ ਨਿਰਭਰ ਕਰਦਾ ਹੈ। ਇਹ ਪ੍ਰੇਰਕ-ਅਨੁਭੂਤੀ ਹੀ ਸਰੋਦੀ ਕਾਵਿ ਦਾ ਸੁਭਾ ਨਿਰਮਤ ਕਰਦੀ ਹੈ। ਸਰੋਦੀ

---

1. "Imagination has at times made over-free with Lyric Verse and is expected to be at all times present."

   Typical Forms in English Literature, p. 39

2. "A Lyric is a subjective poem of intense personal emotion whose principal quality is music."

   Prem Parkash Singh, Mohan Singh Da Kav Lok, p. 115

ਕਾਵਿ ਵਿਚ ਕਵੀ ਦੀਆਂ ਨਿੱਜੀ ਭਾਵਨਾਵਾਂ ਤੇ ਵਿਚਾਰ ਪ੍ਰਗਟਾਏ ਹੁੰਦੇ ਹਨ ਜਿਸ ਕਰਕੇ ਸਰੋਦੀ ਕਾਵਿ ਨੂੰ ਆਤਮ-ਪ੍ਰਧਾਨ ਕਾਵਿ ਕਿਹਾ ਜਾਂਦਾ ਹੈ। ਕਵੀ-ਮਨ ਇਸ ਵਿਚ, ਦੁਖ-ਸੁਖ, ਆਸ਼ਾ-ਨਿਰਾਸ਼ਾ, ਪਿਆਰ-ਨਫ਼ਰਤ ਤੇ ਰੱਬੀ-ਪ੍ਰੇਮ ਆਦਿ ਅਨੁਭੂਤੀਆਂ ਨੂੰ ਸਰੋਦਕ ਮਾਧਿਅਮ ਦੁਆਰਾ ਅਭਿਵਿਅਕਤ ਕਰਦਾ ਹੈ। ਕਈ ਵਾਰ ਇਹ ਨਿੱਜੀ ਅਨੁਭੂਤੀਆਂ ਵਿਆਪਕ ਹੋ ਨਿਬੜਦੀਆਂ ਹਨ। ਫਲਸਰੂਪ ਕਵੀ-ਮਨ ਦੀ ਅਭਿਵਿਅੰਜਨਾ-ਅਨੁਭੂਤੀ ਦੁਆਰਾ ਉਪਜੀ ਸਰੋਦ ਤੋਂ ਪਾਠਕ/ਸ੍ਰੋਤਾ ਆਪਣੇ ਆਪ ਨੂੰ ਕਵੀ ਦੀ ਦਸ਼ਾ ਵਿਚ ਰੱਖ ਕੇ ਇਸ ਕਾਵਿ-ਰੂਪ ਦਾ ਅਨੰਦ ਮਾਣਦਾ ਹੈ।

ਸਰੋਦੀ-ਕਾਵਿ ਵਿਚ ਆਤਮ-ਅਭਿਵਿਅੰਜਨਾ ਤੇ ਹੀ ਸਭ ਤੋਂ ਵੱਧ ਬਲ ਦਿੱਤਾ ਜਾਂਦਾ ਹੈ। ਕਵੀ-ਮਨ ਆਪਣੀ ਅੰਤਰ-ਆਤਮਾ ਵਿਚ ਪ੍ਰਵੇਸ਼ ਹੋ ਕੇ ਬਾਹਰੀ ਜਗਤ ਬਾਰੇ ਆਪਣੇ ਅਨੁਭਵ ਤੇ ਤਜਰਬਿਆਂ ਤੋਂ ਪ੍ਰੇਰਤ ਹੋ ਕੇ ਆਪਣੀ ਆਤਮ-ਅਨੁਭੂਤੀ ਨੂੰ ਸਰੋਦਕ-ਕਾਵਿ ਸ਼ਬਦਾਂ ਦੁਆਰਾ ਅਭਿਵਿਅਕਤ ਕਰਦਾ ਹੈ। ਫਲਸਰੂਪ ਬਹੁਤੀ ਸਰੋਦੀ ਕਵਿਤਾ ਵਿਚ ਕਵੀ ਦਾ ਆਪਾ ਸਮਾਇਆ ਹੁੰਦਾ ਹੈ।

ਕਵੀ-ਮਨ ਵਿਚ ਉਪਜੀਆਂ ਭਾਵਨਾਵਾਂ ਉਸ ਨੂੰ ਟੁੰਬਦੀਆਂ ਹਨ, ਉਹਦਾ ਮੂਡ ਉਹਨਾਂ ਨੂੰ ਰੰਗਣ ਦੇਂਦਾ ਹੈ ਤੇ ਉਸ ਦੇ ਸੁਭਾ ਦੀ ਕੋਮਲਤਾ ਉਸ ਵਿਚ ਸਮਾਈ ਹੁੰਦੀ ਹੈ। ਇਸ ਤਰ੍ਹਾਂ ਸਰੋਦੀ ਕਾਵਿ ਪੂਰਨ ਤੌਰ ਤੇ ਆਤਮ-ਪ੍ਰਕਾਸ਼ ਦੀ ਕੋਮਲ ਅਭਿਵਿਅੰਜਨਾ ਕਰਦਾ ਹੈ।

ਪ੍ਰੇਰਕ-ਅਨੁਭੂਤੀ ਨੂੰ ਜਦੋਂ ਕਵੀ-ਮਨ ਭਾਵੁਕ ਸ਼ਬਦਕ ਸਮੱਗਰੀ ਦੁਆਰਾ ਅਭਿਵਿਅਕਤ ਕਰਦਾ ਹੈ ਤਾਂ ਸਰੋਦੀ-ਕਵਿਤਾ ਦੀ ਸਿਰਜਨਾ ਹੁੰਦੀ ਹੈ। ਗੁਰੂ ਅਰਜਨ ਦੇਵ ਜੀ ਨੇ ਬਹੁ-ਭਾਂਤੀ ਪ੍ਰੇਰਕ-ਅਨੁਭੂਤੀਆਂ ਤੋਂ ਪ੍ਰਭਾਵਤ ਹੋ ਕੇ ਬਾਣੀ ਰਚਨਾ ਕੀਤੀ ਤੇ ਫਲਸਰੂਪ ਸੰਵੇਦਨਾਤਮਕ ਸਰੋਦਕ-ਕਾਵਿ ਜਾਂ ਬਾਣੀ ਟੁਕੜੀਆਂ ਦਾ ਸੁਭਾ ਭਾਵ-ਪ੍ਰਧਾਨ, ਰਹੱਸ-ਪ੍ਰਧਾਨ ਤੇ ਰੱਬੀ-ਪ੍ਰੇਮ ਪ੍ਰਧਾਨ ਅਧਿਆਤਮਵਾਦ, ਰਹੱਸਵਾਦ ਜਾਂ ਉਪਦੇਸ਼ਾਤਮਕਤਾ ਪ੍ਰਧਾਨ ਹੋ ਨਿਬੜਿਆ ਹੈ।

## 2. ਸੰਗੀਤਾਤਮਕਤਾ

ਮੁੱਖ ਤੌਰ ਤੇ ਸਰੋਦੀ-ਕਾਵਿ ਦਾ ਪਰੰਪਰਾਵਾਦੀ ਲਗਾਓ ਸੰਗੀਤ ਨਾਲ ਰਿਹਾ ਹੈ। ਯੂਨਾਨੀ ਉਸੇ ਕਵਿਤਾ ਨੂੰ ਸਰੋਦ ਕਹਿੰਦੇ ਸਨ ਜੋ ਗਾਉਣ ਲਈ ਲਿਖੀ ਜਾਂਦੀ ਸੀ। ਇਸੇ ਕਰਕੇ ਸੰਗੀਤ ਤੇ ਕਵਿਤਾ ਨੂੰ ਇਕ ਦੂਜੇ ਦਾ ਸਾਥੀ ਸਮਝਿਆ ਜਾਂਦਾ ਹੈ। ਸੰਗੀਤਕਤਾ ਦੀ ਪ੍ਰਧਾਨਤਾ ਦੇ ਕਾਰਣ ਹੀ John Drinkwater ਨੇ ਸਰੋਦੀ ਕਾਵਿ ਵਿਚ ਕੋਈ ਤੱਤਾਤਮਕ ਅੰਤਰ ਨਾ ਮੰਨ ਕੇ ਦੋਹਾਂ ਨੂੰ ਸਮਾਨਾਰਥਕ ਕਿਰਿਆਵਾਂ ਕਿਹਾ ਹੈ।[1] ਸਰੋਦੀ-ਕਾਵਿ ਦੇ ਇਸ ਸੁਭਾ ਕਰਕੇ ਹੀ ਕਵਿਤਾ

1. "Lyric and Poetry are synonymous terms."
John Drinkwater, The Lyric, p. 64

ਨੂੰ ਸ਼ਬਦਕ-ਸੰਗੀਤ ਤੇ ਸੰਗੀਤ ਨੂੰ ਧੁਨੀਆਤਮਕ-ਕਵਿਤਾ ਕਿਹਾ ਜਾਂਦਾ ਹੈ। ਜਦੋਂ ਕੋਈ ਕਵਿਤਾ ਆਧੁਨਿਕ-ਸੰਗੀਤਕ ਲਹਿਜੇ (Sense) ਵਿਚ ਗਾਈ ਜਾਂਦੀ ਹੈ ਤਾਂ ਉਸਦਾ ਲੈਅਾਤਮਕ ਪ੍ਰਬੰਧ ਸੰਗੀਤ ਨੇ ਲੈਂਦਾ ਹੈ ਜੋ ਸਰੋਦੀ ਕਾਵਿ ਦਾ ਸੁਝਾਵਕ ਗੁਣ ਹੈ, ਕਿਉਂਕਿ ਸ਼ਬਦ ਆਪਣੀ ਭਾਵ-ਸਵਰਤਾ ਨਾਲ ਸੰਗੀਤ ਦੀ ਮਧੁਰਤਾ ਨੂੰ ਸੁਝਾਵਕ ਤੌਰ ਤੇ ਸੁਸ਼ੋਭਤ ਕਰਦੇ ਹਨ। ਅਸਲ ਵਿਚ ਸੰਗੀਤ ਤੇ ਸਰੋਦੀ-ਕਾਵਿ ਰੂਪਾਕਾਰ ਦਾ ਜਨਮ ਤੇ ਵਿਕਾਸ ਨਾਲੋ ਨਾਲ ਹੋਇਆ ਹੈ।[1]

ਸੰਗੀਤ ਸਾਡੇ ਹਿਰਦੇ ਤੇ ਸਿਧਾ ਪ੍ਰਭਾਵ ਪਾਉਂਦਾ ਹੈ। ਸੰਗੀਤਕ ਸੁਰਾਂ ਨੂੰ ਅਸੀਂ ਬਿਨਾਂ ਕਿਸੇ ਇਸ਼ਾਰੇ ਤੋਂ ਸਮਝ ਜਾਂਦੇ ਹਾਂ। ਜਦੋਂ ਸਰੋਦੀ-ਕਾਵਿ ਇਸੇ ਸੰਗੀਤ ਦੇ ਮਾਧਿਅਮ ਦੁਆਰਾ ਕਵੀ-ਮਨ ਅਨੁਭੂਤੀਆਂ ਨੂੰ ਪ੍ਰਸਤੁਤ ਕਰਦਾ ਹੈ ਤਾਂ ਸਰੋਤੇ ਦੇ ਹਿਰਦੇ ਤੇ ਅਨੰਦਮਈ-ਪ੍ਰਭਾਵ ਪੈਂਦਾ ਹੈ ਤੇ ਸਰੋਤਾ ਕਿਸੇ ਸਵਰਗੀ ਅਨੰਦ ਵਿਚ ਗੁਆਚ ਜਾਂਦਾ ਹੈ। ਅਸਲ ਵਿਚ ਕਵਿਤਾ ਰਾਗ ਤੋਂ ਬਿਨਾਂ ਕੁਝ ਵੀ ਨਹੀਂ।

ਸਰੋਦੀ-ਕਾਵਿ ਵਿਚ ਸੰਗੀਤਕ ਧੁਨੀਆਂ ਦਾ ਵੀ ਅਨਿਖੜਵਾਂ ਸਥਾਨ ਹੈ। ਸ਼ਬਦਕ-ਧੁਨੀ ਤੇ ਲੈਅ ਸਰੋਦੀ ਕਾਵਿ ਦੀ ਪ੍ਰਮੁੱਖ ਵਿਸ਼ੇਸ਼ਤਾ ਹੈ। ਸਰੋਦ ਵਿਚ ਲੈਅ ਦੀ ਗਤੀ ਸਮੁੰਦਰੀ ਲਹਿਰਾਂ ਵਾਂਗ, ਕਦੀ ਧੀਮੀ ਕਦੀ ਤੇਜ਼ ਹੁੰਦੀ ਰਹਿੰਦੀ ਹੈ। ਲੈਅ ਵਿਚੋਂ ਹੀ ਸਰੋਦੀ-ਧੁਨ ਤੇ ਅਰਥ ਦੀ ਏਕਤਾ ਜਨਮ ਲੈਂਦੀ ਹੈ। ਜਿਤਨਾ ਕੋਈ ਕਵੀ ਕਵਿਤਾ ਵਿਚ ਸ਼ਬਦਕ ਲੈਅ ਉਪਰ ਬਲ ਦੇਂਦਾ ਹੈ ਉਤਨਾ ਹੀ ਉਹ ਸਰੋਦੀ-ਕਾਵਿ ਦੇ ਲੈਅਾਤਮਕ ਅਧਾਰ ਦੇ ਨੇੜੇ ਹੁੰਦਾ ਹੈ। ਇਸ ਗੱਲ ਦੀ ਪ੍ਰਸ਼ੋੜਤਾ ਪ੍ਰੋ. ਪ੍ਰੇਮ ਪ੍ਰਕਾਸ਼ ਸਿੰਘ ਨੇ ਵੀ ਕੀਤੀ ਹੈ। ਉਹ ਲਿਖਦੇ ਹਨ "ਕਾਵਿ ਵਿਚ ਧੁਨੀਆਂ ਦਾ ਦੁਹਰਾ ਹੁੰਦਾ ਹੈ ਜਿਸ ਨਾਲ ਕਾਵਿ ਦੀ ਸੁਰ ਤਿਖੇਰੀ ਅਤੇ ਚਾਲ ਵਧਦੀ ਹੈ।"[2] ਧੁਨੀ ਅਤੇ ਲੈਅ ਦਾ ਉਪਯੋਗ ਕਵਿਤਾ ਅਤੇ ਸੰਗੀਤ ਵਿਚ ਸਮਾਨ ਰੂਪ ਵਿਚ ਰਹਿੰਦਾ ਹੈ। ਸੰਗੀਤ ਜਿਨ੍ਹਾਂ ਸੂਖਮ ਭਾਵਨਾਵਾਂ ਦੀ ਅਭਿਵਿਅਕਤੀ ਕਰਦਾ ਹੈ ਉਨ੍ਹਾਂ ਭਾਵਨਾਵਾਂ ਨੂੰ ਸਰੋਦੀ ਕਵਿਤਾ ਸਾਕਾਰ ਰੂਪ ਪ੍ਰਦਾਨ ਕਰਦੀ ਹੈ। ਇਹੋ ਜੇਹੀ ਹਾਲਤ ਵਿਚ ਜਿਥੇ ਸਰੋਦੀ ਕਵਿਤਾ ਪਾਠਕ ਜਾਂ ਸ੍ਰੋਤੇ ਨੂੰ ਅਨੰਦਤ ਕਰਦੀ ਹੈ

1. "The development of Lyrical Poetry and the Music which accompanied it went hand in hand."

H.J.C. Grierson, <u>Lyrical Poetry from Blake to Hardy</u>, p. 11

2. <u>ਕਾਵਿ ਦੇ ਤੱਤ</u>, ਪੰਨਾ 130

ਉਥੇ ਸਰੋਦੀ ਕਵਿਤਾ ਦੇ ਨਾਲ ਨਾਲ ਸੰਗੀਤ ਦਾ ਵੀ ਸ੍ਰੋਤੇ ਦੇ ਹਿਰਦੇ ਨੂੰ ਤ੍ਰਿਪਤ ਕਰਨ ਵਿਚ ਯੋਗ ਹੁੰਦਾ ਹੈ। ਤਾਲ ਤੇ ਲੈਅ ਦੇ ਸਾਂਚੇ ਵਿਚ ਜਦੋਂ ਸਰੋਦੀ ਕਵਿਤਾ ਨੂੰ ਸੰਗੀਤ ਦੁਆਰਾ ਗਾਇਆ ਜਾਂਦਾ ਹੈ ਤਾਂ ਕਵਿਤਾ ਦਾ ਇਕ ਇਕ ਸ਼ਬਦ ਸਰੋਤੇ ਦੇ ਹਿਰਦੇ ਨੂੰ ਸਰੋਦੀ-ਧੁਨਾਂ ਦੁਆਰਾ ਅਨੰਦਿਤ ਕਰ ਦੇਂਦਾ ਹੈ। ਸੰਗੀਤ ਸਰੋਦੀ ਕਾਵਿ ਦੇ ਸਰੀਰ ਦੀ ਹੋਂਸੀਅਤ ਰੱਖਦਾ ਹੈ ਤੇ ਭਾਵ ਪ੍ਰਗਟਾ ਦਾ ਸਾਧਾਰਣ ਵਸੀਲਾ ਹੈ। ਸੰਗੀਤ ਦੀ ਅਣਹੋਂਦ ਕਰਕੇ ਸਾਧਾਰਣ ਕਵਿਤਾ ਵਿਚ ਭਾਵ-ਪ੍ਰਗਟਾ ਰੁਕ ਜਾਂਦਾ ਹੈ ਪਰੰਤੂ ਸੰਗੀਤਾਤਮਕ ਸਰੋਦੀ ਕਾਵਿ ਵਿਚ ਭਾਵ-ਪ੍ਰਗਟਾ ਪਾਣੀ ਵਾਂਗੂ ਵਹਿ ਤੁਰਦਾ ਹੈ। ਕਵਿਤਾ ਦਾ ਪ੍ਰਭਾਵ ਇਤਨਾਂ ਪ੍ਰਭਾਵਾਤਮਕ ਨਹੀਂ ਹੁੰਦਾ ਜਿਤਨਾ ਸੰਗੀਤ ਦਾ। ਕਵਿਤਾ ਤੇ ਸੰਗੀਤ ਬਾਣੀ ਦੇ ਹੀ ਦੋ ਰੂਪ ਹਨ ਜਿਥੇ ਇਕ ਦੀ ਉਪਸਥਿਤੀ ਹੁੰਦੀ ਹੈ ਦੂਜਾ ਪ੍ਰਛਾਵੇਂ ਵਾਂਗ ਉਥੇ ਮੌਜੂਦ ਰਹਿੰਦਾ ਹੈ। ਸੰਗੀਤ ਕਵਿਤਾ ਨੂੰ ਉਰਿਆਉਂਦਾ ਹੈ ਤੇ ਕਵਿਤਾ ਦੇ ਬੋਲ ਸੰਗੀਤ ਵਿਚ ਡੂੰਘੇ ਅਰਥਾਂ ਦਾ ਸੰਚਾਰ ਕਰਦੇ ਹਨ।

3. <u>ਕਲਪਨਾ</u>:

ਸਰੋਦੀ ਕਾਵਿ ਵਿਚ ਕਵੀ ਜ਼ਿੰਦਗੀ ਦੀ ਕਿਸੇ ਹਕੀਕਤ ਨੂੰ ਹਲਕੀ ਜੇਹੀ ਕਲਪਨਾ ਸ਼ਕਤੀ ਰਾਹੀਂ ਘੜੀ-ਪਲ ਲਈ ਪ੍ਰਸਤੁਤ ਕਰਨ ਵਿਚ ਸਮਰਥ ਹੁੰਦਾ ਹੈ। ਪਾਠਕ ਜਾਂ ਸਰੋਤੇ ਜਦੋਂ ਇਸ ਕਾਵਿ ਨੂੰ ਪੜ੍ਹ-ਸੁਣ ਕੇ ਅਨੰਦ ਮਾਣਦੇ ਹਨ ਤਾਂ ਉਹਨਾਂ ਦੇ ਦਿਲਾਂ ਤੇ ਜਾਦੂ ਵਰਗਾ ਅਸਰ ਹੋਇਆ ਪ੍ਰਤੀਤ ਹੁੰਦਾ ਹੈ। ਇਸ ਤਰ੍ਹਾਂ ਸਰੋਦੀ-ਕਾਵਿ ਸੁਭੋਗੀ ਤੌਰ ਤੇ ਸਭ ਤੋਂ ਵਧ ਜਾਦੂਈ ਹੁੰਦਾ ਹੈ।

ਸਰੋਦੀ-ਕਾਵਿ ਵਿਚ ਕਵੀ ਸੁਭਾਵਕ ਹੀ ਆਪਣੀ ਕਲਪਨਾ ਸ਼ਕਤੀ ਦੁਆਰਾ 'ਪਤਾਲਾ ਪਤਾਲ ਲੱਖ ਅਗਾਸਾ ਅਗਾਸ'[1] ਦੇ ਮੰਡਲਾਂ ਵਿਚ ਉਡਦਾ ਹੈ ਤੇ ਅਸੀਮਤ ਨੂੰ ਸੀਮਤਾ ਦੇ ਬੰਧਨਾਂ ਵਿਚ ਬੰਨ੍ਹ ਲੈਂਦਾ ਹੈ। ਕਵੀ ਆਪਣੀ ਕਲਪਨਾ ਸ਼ਕਤੀ ਦੁਆਰਾ ਉਹਨਾਂ ਵਸਤਾਂ ਨੂੰ ਪ੍ਰਾਪਤ ਕਰ ਲੈਂਦਾ ਹੈ ਜਿਹਨਾਂ ਨੂੰ ਉਹ ਭੌਤਿਕ ਸੰਸਾਰ ਵਿਚ ਪ੍ਰਾਪਤ ਕਰਨ ਤੋਂ ਅਸਮਰਥ ਹੁੰਦਾ ਹੈ। ਕਲਪਨਾ ਰਾਹੀਂ ਹੀ ਕਵੀ-ਮਨ ਦੀ ਮਾਨਸਕ ਅਵਸਥਾ ਦਾ ਚਿਤ੍ਰਣ ਹੁੰਦਾ ਹੈ ਜਿਹਨਾਂ ਨੂੰ ਪੜ੍ਹ-ਸੁਣ ਕੇ ਪਾਠਕ-ਮਨ ਵਿਚ ਕਵੀ-ਮਨ ਦੇ ਹਾਲਾਤਾਂ ਦਾ ਦ੍ਰਿਸ਼ ਸਾਕਾਰ ਰੂਪ ਵਿਚ ਉਘੜ ਆਉਂਦਾ ਹੈ। ਸਰੋਦੀ ਕਵਿਤਾ ਵਿਚ ਕਲਪਨਾ ਅਤੇ ਅਨੁਭੂਤੀ ਤੋਂ ਉਪਜੇ ਵਿਚਾਰਾਂ ਨੂੰ ਹੀ ਪ੍ਰਗਟਾਇਆ ਹੁੰਦਾ ਹੈ। ਇਸ ਤਰ੍ਹਾਂ

---

1. ਗੁਰੂ ਨਾਨਕ ਦੇਵ ਜੀ, <u>ਜਪੁਜੀ</u>, ਪੰਨਾ 4

ਕਲਪਨਾ-ਤੱਤ ਸਰੋਦੀ ਕਵਿਤਾ ਦੇ ਨਿਰਮਾਣ ਵਿਚ ਸਹਾਈ ਹੁੰਦਾ ਹੈ। ਪਰੰਤੂ ਸਰੋਦੀ ਕਵਿਤਾ ਵਿਚ ਕਲਪਨਾ-ਤੱਤ ਦਾ ਪ੍ਰਯੋਗ ਬਹੁਤ ਸੁਚੱਜੇ ਢੰਗ ਨਾਲ ਕੀਤਾ ਹੁੰਦਾ ਹੈ ਤਾਂ ਕਿ ਕਵਿਤਾ ਦੀ ਪ੍ਰਭਾਵਸ਼ੀਲਤਾ ਘਟ ਨਾ ਰਹੇ। ਕਲਪਨਾ ਦੀ ਅਧਿਕਤਾ ਸਰੋਦੀ-ਕਾਵਿ ਦੇ ਸਰੀਰ ਵਿਚ ਸਮਾਉਣ ਤੋਂ ਅਸਮਰਥ ਹੁੰਦੀ ਹੈ। ਕਲਪਨਾ ਸੰਜਮ ਸਰੋਦੀ ਕਾਵਿ ਦੀ ਸੰਵੇਦਨਸ਼ੀਲਤਾ, ਪ੍ਰਭਾਵਸ਼ੀਲਤਾ ਤੇ ਆਕਰਸ਼ਨ ਸ਼ਕਤੀ ਨੂੰ ਵਧਾਉਂਦੀ ਹੈ। ਕਲਪਨਾ-ਤੱਤ ਸਰੋਦੀ-ਕਾਵਿ ਵਿਚ ਇਉਂ ਸਮਾਇਆ ਹੁੰਦਾ ਹੈ ਜਿਵੇਂ ਫੁਲ ਵਿਚ ਖੁਸ਼ਬੋ। ਕਲਪਨਾ ਸਰੋਦੀ ਕਾਵਿ ਦਾ ਧੁਰਾ ਹੈ।

ਕਲਪਨਾ ਸਰੋਦਕਾਰ ਦੇ ਅਮੂਰਤ ਭਾਵਾਂ ਨੂੰ ਮੂਰਤ ਪ੍ਰਦਾਨ ਕਰਦੀ ਹੈ। ਕਵੀ ਕਲਪਨਾਤਮਕਤਾ ਰਾਹੀਂ ਅਧਿਆਤਮਕ ਜਗਤ ਨੂੰ ਭੌਤਿਕ ਜਗਤ ਵਿਚ ਇਸ ਤਰ੍ਹਾਂ ਅਭਿਵਿਅਕਤ ਕਰਦਾ ਹੈ ਕਿ ਪਾਠਕ ਜਾਂ ਸ੍ਰੋਤੇ ਉਸ ਦੀ ਸਰੋਦਕ-ਕਲਾ ਤੋਂ ਅਨੰਦਮਈ ਹੋ ਉਠਦੇ ਹਨ ਤੇ ਘੜੀ-ਪਲ ਲਈ ਸਰੋਤਾ ਆਪਣੇ ਆਪ ਨੂੰ ਵੀ ਅਧਿਆਤਮਕ-ਜਗਤ ਵਿਚ ਵਿਚਰਦਾ ਮਹਿਸੂਸ ਕਰਦਾ ਹੈ।

4. ਸੰਖੇਪਤਾ:

ਸਰੋਦੀ ਕਵਿਤਾ ਸੁਭਾਵਕ ਤੌਰ ਤੇ ਸੰਖੇਪ ਹੁੰਦੀ ਹੈ ਕਿਉਂਕਿ ਮਨੋਵੇਗ ਥੋੜ੍ਹੀ ਦੇਰ ਦਾ ਹੁੰਦਾ ਹੈ ਤੇ ਉਤਮ ਸੀਮਾ ਤੇ ਪਹੁੰਚ ਕੇ ਪੂਰੀ ਸ਼ਕਤੀ ਨਾਲ ਸ਼ਬਦਿਕ-ਮਾਧਿਅਮ ਦੁਆਰਾ ਪ੍ਰਗਟ ਹੋ ਕੇ ਸਮਾਪਤ ਹੋ ਜਾਂਦਾ ਹੈ। ਇਸ ਤਰ੍ਹਾਂ ਸਰੋਦੀ-ਕਾਵਿ ਦਾ ਅਕਾਰ ਮਨੋਭਾਵਵੇਗ ਦੀ ਅਭਿਵਿਅੰਜਨਾ ਦਾ ਸਮਾਂ ਹੁੰਦਾ ਹੈ। ਸਰੋਦੀ-ਕਾਵਿ ਦਾ ਅਕਾਰ ਮਨੋਭਾਵਵੇਗ ਦੀ ਲਘੁਤਾ ਜਾਂ ਦੀਰਘਤਾ ਤੇ ਨਿਰਭਰ ਕਰਦਾ ਹੈ। ਪਰ ਇਸ ਦਾ ਇਹ ਮਤਲਬ ਨਹੀਂ ਕਿ ਸਰੋਦੀ-ਕਾਵਿ ਵਿਚ ਇਕ ਤੋਂ ਵੱਧ ਭਾਵ ਚਿਤ੍ਰ ਅੰਕਿਤ ਨਹੀਂ ਕੀਤੇ ਜਾਂਦੇ। ਸਰੋਦੀ-ਕਾਵਿ ਵਿਚ ਭਾਵ-ਚਿਤ੍ਰਾਂ ਦੀ ਅਭਿਵਿਅੰਜਨਾ ਕੀਤੀ ਜਾਂਦੀ ਹੈ ਪਰੰਤੂ ਇਹ ਭਾਵ-ਚਿਤ੍ਰ ਇਕੋ ਹੀ ਮੂਲ-ਭਾਵ ਨਾਲ ਅਨੁਪ੍ਰਾਣਿਤ ਹੁੰਦੇ ਹਨ। ਇਸ ਤਰ੍ਹਾਂ ਸਰੋਦੀ-ਕਾਵਿ ਵਿਚ ਵਿਦ੍ਯਮਾਨ ਵਿਵਧਤਾ ਇਕੋ ਹੀ ਕੇਂਦਰੀ ਭਾਵ ਨਾਲ ਜੁੜੀ ਰਹਿੰਦੀ ਹੈ। ਅਮਰੀਕੀ ਸਾਹਿਤਕਾਰ ਇਦਗਰ ਐਲਨ ਪੋ ਨੇ ਸਰੋਦੀ ਕਾਵਿ ਦੀ ਆਕਾਰ-ਸੰਖੇਪਕ ਵਿਸ਼ੇਸ਼ਤਾ ਬਾਰੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਲਿਖਿਆ ਹੈ, "ਲੰਬੀ ਤੋਂ ਲੰਬੀ ਸਰੋਦੀ ਕਵਿਤਾ ਅੱਧੇ ਘੰਟੇ ਤਕ ਚਲ ਸਕਦੀ ਹੈ ਇਸ ਤੋਂ ਬਾਅਦ ਕਵਿਤਾ ਕਵਿਤਾ ਨਹੀਂ ਰਹਿ ਜਾਂਦੀ।"[1] ਕਹਿਣ ਦਾ ਭਾਵ ਇਹ ਹੈ

1. Lyrical Form in English, p. 11

ਕਿ ਸਰੋਦੀ ਕਵਿਤਾ ਦੂਜੇ ਕਾਵਿ-ਰੂਪਾਂ ਦੀ ਅਪੇਖਤਾ, ਸੰਖੇਪ ਹੁੰਦੀ ਹੈ ਜੋ ਉਸਦੀ ਪ੍ਰਭਾਵ-ਨੀਤੀ ਦੇ ਲਈ ਜ਼ਰੂਰੀ ਹੁੰਦੀ ਹੈ।

ਉਪਰੋਕਤ ਵਿਚਾਰ ਦਾ ਇਹ ਵੀ ਮਤਲਬ ਨਹੀਂ ਕਿ ਸਰੋਦੀ ਕਵਿਤਾ ਛੋਟੇ ਅਕਾਰ ਦੀ ਹੀ ਹੁੰਦੀ ਹੈ। ਸਰੋਦੀ ਕਵਿਤਾ ਕਿਸੇ ਵੀ ਵਿਸ਼ੇ ਤੇ ਕਿਸੇ ਵੀ ਅਕਾਰ ਵਾਲੀ ਹੋ ਸਕਦੀ ਹੈ। ਇਸ ਲਈ ਲਘੁਤਾ ਜਾਂ ਦੀਰਘਤਾ ਸਰੋਦ ਰੂਪਾਕਾਰ ਦਾ ਇਕੋ ਇਕ ਪਛਾਣ ਚਿੰਨ੍ਹ ਨਹੀਂ ਹੋ ਸਕਦਾ। ਸਰੋਦੀ ਕਵਿਤਾ ਕਿਸੇ ਇਕਹਿਰੇ ਭਾਵ ਜਾਂ ਵਿਚਾਰ ਨਾਲ ਸੰਬੰਧ ਰਖਦੀ ਹੈ। ਮਨੋਭਾਵ ਜਾਂ ਵਿਚਾਰ ਸਰੋਦੀ ਕਾਵਿ ਨੂੰ ਇਕਾਗਰਤਾ ਦਾ ਰੂਪ ਪ੍ਰਦਾਨ ਕਰਦੇ ਹਨ। ਜਦੋਂ ਤਕ ਮਨੋਭਾਵ ਦੀ ਉਤੇਜਨਾ ਰਹਿੰਦੀ ਹੈ ਉਦੋਂ ਤਕ ਸਰੋਦੀ-ਕਾਵਿ ਦੀ ਰਚਨਾ ਚਲਦੀ ਹੈ। ਇਸ ਤਰ੍ਹਾਂ ਮਨੋਭਾਵ ਜਾਂ ਵਿਚਾਰ ਦੀ ਹੱਦ, ਸਰੋਦੀ-ਕਾਵਿ ਦੀ ਮਿਆਦ ਹੁੰਦੀ ਹੈ। ਉਤੇਜਤ ਜਜ਼ਬੇ ਜਾਂ ਭਾਵ ਥੋੜ੍ਹੀ ਦੇਰ ਤਕ ਹੀ ਰਹਿੰਦੇ ਹਨ। ਇਸ ਲਈ ਸਰੋਦੀ-ਕਾਵਿ ਰੂਪਕਾਰ ਵੀ ਛੋਟੇ ਅਕਾਰ ਦਾ ਹੁੰਦਾ ਹੈ। ਪਰੰਤੂ ਕਵੀ ਦੀ ਕਿਸੇ ਵਿਸ਼ੇ ਤੇ ਸਾਧਨਾਂ ਜਾਂ ਸਮਾਧੀ-ਸ਼ਕਤੀ ਉੱਤਮ ਕੋਟੀ ਦੀ ਹੈ ਤਾਂ ਇਕ ਹੀ ਭਾਵ-ਧਾਰਾ ਨਾਲ ਸੰਬੰਧਤ ਲੰਮੀ ਤੋਂ ਲੰਮੀ ਸਰੋਦੀ-ਕਾਵਿ ਰਚਨਾ ਵੀ ਸੰਭਵ ਹੈ। ਅਜਿਹੀ ਸਥਿਤੀ ਵਿਚ ਮੂਲ ਭਾਵ ਦੀ ਪ੍ਰਸੂਤੀ ਲਈ ਸਹਾਇਕ ਭਾਵਾਂ ਦੀ ਸ਼ਬਦ-ਸਮੱਗਰੀ ਦੁਆਰਾ ਵਰਤੋਂ ਕੀਤੀ ਜਾਂਦੀ ਹੈ। ਗੁਰੂ ਅਰਜਨ ਦੇਵ ਜੀ ਦੀ ਕਈ ਰਚਨਾਵਾਂ ਇਸ ਲੰਮੀ ਸਰੋਦ-ਕਾਵਿ ਰੂਪਾਕਾਰ ਦੀਆਂ ਮੂੰਹ ਬੋਲਦੀਆਂ ਉਦਾਹਰਣਾਂ ਹਨ।

ਉਪਰੋਕਤ ਸਾਰੀ ਵਿਚਾਰ ਤੋਂ ਬਾਅਦ ਕਿਹਾ ਜਾ ਸਕਦਾ ਹੈ ਕਿ ਸਰੋਦੀ ਕਵਿਤਾ ਦੇ ਸੁਭਾ ਨੂੰ ਜਾਣਨ ਲਈ ਇਸ ਦੇ ਚਾਰ ਮੁਖ ਤੱਤਾਂ ਤੇ ਉਹਨਾਂ ਦੀ ਮੁਲਾਂਕਣ ਦੀ ਵਿਧੀ ਤੋਂ ਜਾਣੂ ਹੋਣਾ ਜ਼ਰੂਰੀ ਹੈ। ਸਰੋਦੀ ਕਵਿਤਾ ਵਿਚ ਬੁਧੀ, ਕਲਪਨਾ, ਸੰਗੀਤਾਤਮਕਤਾ ਤੇ ਸੰਖੇਪਤਾ ਵਰਗੇ ਤੱਤਾਂ ਦੇ ਡੂੰਘੇ ਰੂਪਕ-ਅਧਿਐਨ ਦੇ ਆਧਾਰ ਤੇ ਅਸੀਂ ਇਸ ਦੇ ਸੁਭਾ ਦਾ ਵਿਸ਼ਲੇਸ਼ਣ ਕਰ ਸਕਦੇ ਹਾਂ। ਸਰੋਦੀ ਕਾਵਿ ਦਾ ਸੁਭਾ ਕਵੀ ਦੀ ਸੂਝ ਅਤੇ ਉਸ ਦੇ ਜਜ਼ਬਿਆਂ ਵਿਚ ਸਮਾਇਆ ਰਹਿੰਦਾ ਹੈ। ਸਰੋਦਕਾਰ ਭੌਤਿਕ ਵਸਤੂਆਂ ਦੀ ਤਸਵੀਰ ਆਪਣੀ ਬੁਧੀ, ਜਜ਼ਬਿਆਂ ਤੇ ਕਲਪਨਾ ਨੂੰ ਸੰਗੀਤਾਤਮਕਤਾ ਦੀ ਕਲਾਤਮਕ ਛੁਹ ਰਾਹੀਂ ਪੇਸ਼ ਕਰਦਾ ਹੈ। ਜਿਹਨਾਂ ਦੇ ਸ਼ਬਦ-ਪਰਖਾਂ ਦੁਆਰਾ ਇੰਦਰੀ-ਤੱਤ ਦੇ ਆਧਾਰ ਤੇ ਇਸ ਦੇ ਸੁਭਾ ਦਾ ਨਿਰਮਾਣ ਹੁੰਦਾ ਹੈ।

## (3) ਸਰੋਦੀ ਅੰਸ਼ ਦੀ ਕਵਿਤਾ ਵਿਚ ਥਾਂ

ਕਵਿਤਾ ਵਿਚ ਸਰੋਦੀ ਅੰਸ਼ ਨੂੰ ਦੋ ਪਹਿਲੂਆਂ ਤੋਂ ਵਿਚਾਰਿਆ ਜਾ ਸਕਦਾ ਹੈ,

(ੳ) ਸਰੋਦੀ ਅੰਸ਼ ਦੀ ਸਰੋਦੀ ਕਵਿਤਾ ਵਿਚ ਥਾਂ

(ਅ) ਸਰੋਦੀ ਅੰਸ਼ ਦੀ ਕਵਿਤਾ ਵਿਚ ਥਾਂ

(ੳ) ਸਰੋਦੀ ਅੰਸ਼ ਦੀ ਸਰੋਦੀ ਕਵਿਤਾ ਵਿਚ ਥਾਂ:

ਸਰੋਦੀ ਅੰਸ਼ ਜਿਹਨਾਂ ਤੱਤਾਂ ਦੇ ਸੁਮੇਲ ਤੋਂ ਬਣਿਆ ਹੈ ਕਵਿਤਾ ਵਿਚ ਉਹ ਕਲਪਨਾਤਮਕ ਤੇ ਭਾਵਨਾਤਮਕ ਮਨੋਭਾਵ, ਸੰਗੀਤ, ਜੋ ਕਵਿਤਾ ਨੂੰ ਗਾਉਣ ਲਈ ਸ਼ਬਦਾਤਮਕ ਤੇ ਵਰਣਾਤਮਕ ਲੈਅ ਦੁਆਰਾ ਸਾਜ ਤੇ ਪੈਦਾ ਕੀਤਾ ਜਾਂਦਾ ਹੈ ਅਤੇ ਭਾਵ-ਪੂਰਨ ਸ਼ਬਦ ਹਨ।

ਕਲਪਨਾ ਤੇ ਭਾਵਨਾਵਾਂ ਨੂੰ ਅਭਿਵਿਅਕਤ ਕਰਨ ਲਈ ਕਵੀ ਸਰੋਦੀ-ਕਾਵਿ ਵਿਚ ਢੁਕਵੇਂ ਸ਼ਬਦ ਚੁਣਦਾ ਹੈ। ਇਹ ਸ਼ਬਦ ਭਾਵ-ਪੂਰਨ ਤੇ ਲੈਅਤਮਕ ਵੀ ਹੁੰਦੇ ਹਨ। ਸਿੱਟੇ ਵਜੋਂ 'ਭਾਵ-ਭਰਪੂਰ ਸ਼ਬਦ' ਸਰੋਦੀ ਕਵਿਤਾ ਵਿਚ 'ਸਰੋਦੀ ਅੰਸ਼' ਪੈਦਾ ਕਰਦੇ ਹਨ।

ਇਸ ਤੱਥ ਨੂੰ ਸਪੱਸ਼ਟ ਕਰਨ ਲਈ ਗੁਲਾਬ ਰਾਏ ਦੇ 'ਕਾਵਿ ਦੇ ਤੱਤ'[1] ਨਾਮੀ ਲੇਖ ਵਿਚ ਅਭਿਵਿਅਕਤ ਵਿਚਾਰਾਂ ਨੂੰ ਦ੍ਰਿਸ਼ਟੀਗੋਚਰ ਕਰਨਾ ਮੁਨਾਸਬ ਹੋਵੇਗਾ। ਉਹਨਾਂ ਅਨੁਸਾਰ ਕਲਪਨਾ ਅਤੇ ਭਾਵ ਤੱਤ ਨਾਲ 'ਸੁੰਦਰਮ' ਦੀ ਉਸਾਰੀ ਹੁੰਦੀ ਹੈ। ਕਲਪਨਾ ਨਾਲ 'ਸੁੰਦਰਮ' ਦਾ ਸਰੀਰ ਬਣਦਾ ਹੈ ਅਤੇ ਭਾਵਨਾ ਵਿਚ ਉਸਦੀ ਆਤਮਾ ਰਹਿੰਦੀ ਹੈ। ਸੁੰਦਰਮ ਕਲਾ ਦਾ ਵਿਸ਼ੇਸ਼ਗਤ ਪੱਖ ਹੈ। ਸ਼ੈਲੀ ਦਾ ਸਬੰਧ ਪ੍ਰਗਟਾ ਨਾਲ ਹੈ, ਉਸ ਦੇ ਰਾਹੀਂ ਕਵੀ ਦੇ ਹਿਰਦੇ ਦੇ ਨਾਲ ਪਾਠਕ ਦੇ ਹਿਰਦੇ ਨੂੰ ਨਾਲੋ ਨਾਲ ਪ੍ਰੇਰਿਆ ਜਾਂਦਾ ਹੈ। ਉਹਨਾਂ ਅਨੁਸਾਰ ਇਸ ਤੱਤ ਨੂੰ ਸਾਹਿਤ ਵਿਚ ਅਲੰਕਾਰ, ਰੀਤੀ ਅਤੇ ਸ਼ਬਦ ਸ਼ਕਤੀਆਂ ਵਿਚ ਆਸਰਾ ਮਿਲਿਆ ਹੈ। ਕਾਵਿ ਦੀਆਂ ਪਰਿਭਾਸ਼ਾਵਾਂ ਵਿਚ ਇਨ੍ਹਾਂ ਹੀ ਤੱਤਾਂ ਵਿਚੋਂ ਕਿਸੇ ਇਕ ਤੱਤ ਜਾਂ ਇਕ ਤੋਂ ਵੱਧ ਤੱਤਾਂ ਨੂੰ ਪ੍ਰਮੁਖਤਾ ਦਿੱਤੀ ਜਾਂਦੀ ਹੈ। ਗੁਲਾਬ ਰਾਏ ਨੇ ਇਹਨਾਂ ਤੱਤਾਂ ਬਾਰੇ ਜਾਣਨ ਲਈ ਹੇਠ ਲਿਖੇ ਤਿੰਨ ਸਾਹਿਤ ਵਿਗਿਆਨੀਆਂ ਦੁਆਰਾ ਦਿੱਤੀਆਂ ਪਰਿਭਾਸ਼ਾਵਾਂ ਨੂੰ ਪ੍ਰਮੁਖ ਮੰਨਿਆ ਹੈ:

1. ਮੀਮਾਂਸਾਚਾਰੀਆਂ: ਇਹਨਾਂ ਨੇ ਸ਼ਬਦ ਅਤੇ ਅਰਥਮਈ ਰਚਨਾ ਨੂੰ ਕਾਵਿ ਕਿਹਾ ਹੈ।

---

1. ਗੁਲਾਬ ਰਾਏ, ਸਿਧਾਂਤ ਤੇ ਅਧਿਐਨ (ਪੰਜਾਬੀ ਅਨੁਵਾਦ), ਭਾਸ਼ਾ ਵਿਭਾਗ, ਪਟਿਆਲਾ, ਪੰਜਾਬ, ਪੰਨਾ 72 ਤੋਂ 73

2. <u>ਆਚਾਰੀਆ ਵਿਸ਼ਵਨਾਥ:</u> ਇਸ ਸਾਹਿਤ ਵਿਗਿਆਨੀ ਨੇ 'ਰਸਮਈ ਵਾਕ' ਨੂੰ ਕਾਵਿ ਕਿਹਾ ਹੈ। ਗੁਲਾਬ ਰਾਏ ਅਨੁਸਾਰ 'ਵਾਕ' ਸ਼ਬਦ ਵਿਚ, ਸ਼ਬਦ ਦੇ ਨਾਲ ਅਰਥ ਵੀ ਸ਼ਾਮਲ ਹੋ ਜਾਂਦਾ ਹੈ ਕਿਉਂਕਿ ਸਾਰਥਕ ਸ਼ਬਦ ਹੀ ਵਾਕ ਬਣ ਜਾਂਦਾ ਹੈ। ਇਸ ਦੇ 'ਰਸਾਤਮਕ' ਸ਼ਬਦ ਵਿਚ ਕਾਵਿ ਦਾ ਅਨੁਭੂਤੀ ਪੱਖ ਜਾਂ ਭਾਵ ਪੱਖ ਆ ਗਿਆ ਅਤੇ 'ਵਾਕ' ਸ਼ਬਦ ਵਿਚ ਪ੍ਰਗਟਾ ਪੱਖ ਜਾਂ ਕਲਾ ਪੱਖ ਆ ਗਿਆ।

3. <u>ਪੰਡਤ ਰਾਜ ਜਗਨਨਾਥ:</u> ਉਹਨਾਂ ਨੇ ਸੁੰਦਰ ਅਰਥ ਨੂੰ ਪ੍ਰਧਾਨਤਾ ਦਿੱਤੀ ਹੈ। ਉਹਨਾਂ ਦਾ ਕਥਨ ਹੈ ਕਿ ਸੁੰਦਰ ਅਰਥ ਨੂੰ ਪ੍ਰਗਟਾਉਣ ਵਾਲਾ ਸ਼ਬਦ ਕਾਵਿ ਹੈ।

ਉਪਰੋਕਤ ਵਿਚਾਰ ਦਾ ਸਿੱਟਾ ਇਹ ਨਿਕਲਦਾ ਹੈ ਕਿ ਅਰਥ-ਭਰਪੂਰ-ਸ਼ਬਦ ਕਾਵਿ ਹਨ। ਪਰੰਤੂ ਇਸ ਗੱਲ ਨਾਲ ਪੂਰਨ ਤੌਰ ਤੇ ਸਹਿਮਤੀ ਨਹੀਂ ਪ੍ਰਗਟ ਕੀਤੀ ਜਾ ਸਕਦੀ। ਕਿਉਂਕਿ ਅਰਥ ਭਰਪੂਰ ਸ਼ਬਦ ਤਾਂ ਵਾਰਤਕ ਅਰਥਾਤ ਨਾਵਲ ਆਦਿ ਵਿਚ ਵੀ ਹੋ ਸਕਦੇ ਹਨ। ਇਹ ਕਿਹਾ ਜਾ ਸਕਦਾ ਹੈ ਕਿ ਕਵਿਤਾ ਵਿਚ ਅਰਥ-ਭਰਪੂਰ ਸ਼ਬਦ ਕਵਿਤਾ ਦੇ ਕਾਵਿਕਮੁੱਲ ਨੂੰ ਵਧਾਉਂਦੇ ਹਨ। ਕਾਲਰਿਜ ਵੀ "ਉੱਤਮ ਸ਼ਬਦਾਂ ਨੂੰ ਉੱਤਮ-ਤਰਤੀਬ ਵਿਚ ਕਵਿਤਾ ਮੰਨਦਾ ਹੈ।"[1] ਇਹ ਅਰਥ-ਭਰਪੂਰ ਸ਼ਬਦ ਸਰੋਦੀ ਕਵਿਤਾ ਵਿਚ ਸਰੋਦੀ ਅੰਸ਼ ਦਾ ਕਾਰਜ ਨਿਭਾਉਂਦੇ ਹਨ।

ਕੋਲਿੰਥ ਬਰੁਕਸ[2] ਨੇ ਵਿਗਿਆਨ ਅਤੇ ਕਾਵਿ ਦੇ ਅੰਤਰ ਅਤੇ ਕਾਵਿ ਦੀ ਸੁਤੰਤਰ ਹੋਂਦ ਵਿਧੀ ਦੇ ਨਿਯਮ ਬਾਰੇ ਚਰਚਾ ਕੀਤੀ ਹੈ। ਉਹਨਾਂ ਅਨੁਸਾਰ ਵਿਗਿਆਨ ਦੀ ਸਾਰੀ ਸ਼ਬਦਾਵਲੀ ਸਥੂਲ ਪ੍ਰਤੀਕ ਦੇ ਸੁਭਾ ਵਾਲੀ ਹੁੰਦੀ ਹੈ ਜਿਹੜੀ ਵੱਧ ਤੋਂ ਵੱਧ ਸ਼ੁਧ ਬੋਧਕ ਹੋਣ ਵਲ ਰੁਚਿਤ ਹੁੰਦੀ ਹੈ। ਅਜਿਹੀ ਸ਼ਬਦਾਵਲੀ ਵਿਸ਼ੇਸ਼ ਪ੍ਰਕ੍ਰਿਤੀ ਅਨੁਸਾਰ ਆਪਣੇ ਅਰਥਾਂ ਵਿਚ ਕਿਸੇ ਕਿਸਮ ਦਾ ਪਰਿਵਰਤਨ ਨਹੀਂ ਹੋਣ ਦਿੰਦੀ ਕਿਉਂਕਿ ਇਸ ਸਾਰੀ ਸ਼ਬਦਾਵਲੀ ਦੇ ਅਰਥ ਪੂਰਬ ਨਿਸ਼ਚਿਤ, ਸਥਿਰ ਅਤੇ ਪਰਿਭਾਸ਼ਾਬੱਧ ਹੁੰਦੇ ਹਨ। ਪਰੰਤੂ ਕਵੀ ਦੁਆਰਾ ਵਰਤੇ ਗਏ ਸ਼ਬਦ ਬੋਧਕ ਹੋਣ ਦੀ ਥਾਂ ਭਾਵ-ਬੋਧਕ ਹੁੰਦੇ ਹਨ। ਅਜਿਹੇ ਸ਼ਬਦ ਕਿਸੇ ਅਰਥ ਖੇਤਰ ਦੇ ਇਕ ਅੰਸ਼ ਦੇ ਬੋਧਕ ਹੋਣ ਦੀ ਥਾਂ ਉਸ ਅਰਥ-ਖੇਤਰ ਦੀ ਸੰਪੂਰਨ ਸਮੁੱਚਤਾ ਨੂੰ ਪ੍ਰਗਟ ਕਰਦੇ ਹਨ। ਕੋਲਿੰਥ ਬਰੁਕਸ ਅਨੁਸਾਰ ਕਵਿਤਾ

1. ਗੁਲਾਬ ਰਾਏ, <u>ਸਿਧਾਂਤ ਤੇ ਅਧਿਐਨ</u> (ਪੰਜਾਬੀ ਅਨੁਵਾਦ) ਭਾਸ਼ਾ ਵਿਭਾਗ, ਪਟਿਆਲਾ, ਪੰਨਾ 75 (Poetry, the best words in the best order)
2. ਡਾ. ਰਵਿੰਦਰ ਸਿੰਘ ਰਵੀ, <u>ਅਮਰੀਕਾ ਦੀ ਨਵੀਨ ਆਲੋਚਨਾ ਪ੍ਰਣਾਲੀ</u>, ਪੰਨਾ 83-85

ਇਹਨਾਂ ਅਰਥਾਂ ਵਿਚ ਹੀ ਯਥਾਰਥ ਦੀ ਪ੍ਰਤਿਛਾਇਆ ਹੁੰਦੀ ਹੈ ਜਿਹੜੀ ਕਿਸੇ ਅਨੁਭਵ ਬਾਰੇ ਕਥਨ ਦੀ ਥਾਂ ਆਪਣੇ ਆਪ ਵਿਚ ਅਨੁਭਵ ਦੀ ਭਰਪੂਰ ਸਮੁੱਰਤਾ ਹੁੰਦੀ ਹੈ।

ਕਵਿਤਾ ਦੀ ਸੁਤੰਤਰ ਹੋਂਦ ਵਿਧੀ ਬਾਰੇ ਚਰਚਾ ਕਰਦਿਆਂ ਇਹ ਵਿਦਵਾਨ ਕਵਿਤਾ ਵਿਚ ਭਾਵ ਬੋਧਕ ਸ਼ਬਦਾਂ ਨੂੰ ਵਿਗਿਆਨ ਦੀ ਨਿਸ਼ਚਿਤ ਸ਼ਬਦਾਵਲੀ ਨਾਲ ਤੁਲਨਾ ਕੇ ਇਹ ਸਿਧ ਕਰਦੇ ਹਨ ਕਿ ਕਵਿਤਾ ਦੀ ਹੋਂਦ ਵਿਧੀ ਦਾ ਅਧਾਰ ਉਸ ਦਾ ਸਰਲ ਅਰਥ ਨਹੀਂ ਹੁੰਦਾ। ਜਦੋਂ ਕਵਿਤਾ ਦਾ ਅਧਿਐਨ ਸਰਲ ਅਰਥ ਰਾਹੀਂ ਕੀਤਾ ਜਾਂਦਾ ਹੈ ਤਾਂ ਕਵਿਤਾ ਦਾ ਆਪਣੇ 'ਅਸਲੇ' ਨਾਲੋਂ ਰਿਸ਼ਤਾ ਵਿਗੜ ਜਾਂਦਾ ਹੈ। ਕਿਉਂਕਿ ਸਰਲ ਅਰਥ ਰਾਹੀਂ ਕਾਵਿ ਦੀ ਹੋਂਦ ਵਿਧੀ ਜਾਂ ਬਣਤਰ ਦੇ ਕਿਸੇ ਨਿਯਮ ਨੂੰ ਨਹੀਂ ਸਮਝਿਆ ਜਾ ਸਕਦਾ। ਉਹਨਾਂ ਅਨੁਸਾਰ ਸਰਲ ਅਰਥ ਕਾਵਿ ਦੇ 'ਅਸਲੇ' ਨੂੰ ਸਿਰਜਨ ਵਾਲੇ ਅਰਥ ਦੀ ਅਸਲ ਆਤਮਾ ਨਹੀਂ ਹੁੰਦਾ ਕੇਵਲ ਇਸ ਅਰਥ ਵਲ ਸੰਕੇਤ ਮਾਤਰ ਹੀ ਹੋ ਸਕਦਾ ਹੈ।

ਉਪਰੋਕਤ ਵਿਚਾਰ ਦਾ ਇਹ ਸਿੱਟਾ ਨਿਕਲਦਾ ਹੈ ਕਿ ਕ੍ਰਲਿੰਥ ਬਰੁਕਸ ਨੇ ਕਵਿਤਾ ਵਿਚਲੇ ਸ਼ਬਦ ਦੇ ਅਸਲ ਅਰਥ ਦੀ ਥਾਂ ਭਾਵ-ਬੋਧਕ ਅਰਥਾਂ ਨੂੰ ਬਹੁਤ ਮਹੱਤਤਾ ਦਿਤੀ ਹੈ। ਸਿੱਟੇ ਵਜੋਂ ਕਵਿਤਾ ਵਿਚ ਸ਼ਬਦ ਦੇ ਭਾਵ-ਬੋਧਕ ਅਰਥ ਹੀ ਯਥਾਰਥ ਨੂੰ ਪੇਸ਼ ਕਰਦੇ ਹਨ। 'ਭਾਵ-ਬੋਧਕ ਸ਼ਬਦ' ਸਰੋਦੀ ਅੰਸ਼ ਦਾ ਕਾਰਜ ਨਿਭਾਉਂਦੇ ਹਨ ਜਿਹਨਾਂ ਦੇ ਬਦਲ ਨਾਲ ਸਰੋਦੀ ਕਵਿਤਾ, ਸਰੋਦੀ ਕਵਿਤਾ ਦੇ ਚੌਖਟੇ ਤੋਂ ਬਾਹਰ ਨਿਕਲ ਜਾਂਦੀ ਹੈ। ਭਾਵ ਬੋਧਕ ਸ਼ਬਦ ਹੀ ਕਵਿਤਾ ਦੀ ਹੋਂਦ ਨੂੰ ਬਰਕਰਾਰ ਰਖਦੇ ਹਨ।

ਉਪਰੋਕਤ ਸਾਰੀ ਵਿਚਾਰ ਸਰੋਦੀ ਅੰਸ਼ ਦਾ ਸਰੋਦੀ ਕਵਿਤਾ ਵਿਚ ਨਿਸ਼ਚਿਤ ਸਥਾਨ ਸਮਝਣ ਵਿਚ ਸਹਾਈ ਸਿਧ ਹੁੰਦੀ ਹੈ।

ਕਵਿਤਾ ਵਿਚ ਭਾਵ-ਸੰਚਾਰ ਵਿਧੀ ਰਾਹੀਂ ਸਰੋਦਕ-ਅੰਸ਼ ਉਤਪੰਨ ਹੁੰਦਾ ਹੈ। ਜਦੋਂ ਸ਼ਬਦਾਂ ਰਾਹੀਂ ਭਾਵਨਾਤਮਕ ਵਿਚਾਰਾਂ ਨੂੰ ਕਾਵਿ ਵਿਚ ਪ੍ਰਸਤੁਤ ਕੀਤਾ ਜਾਂਦਾ ਹੈ ਤਾਂ ਕਾਵਿ ਵਿਚ ਭਾਵ ਸੰਚਾਰ ਵਿਧੀ ਰਾਹੀਂ ਸਰੋਦੀ ਅੰਸ਼ ਕਾਵਿ ਦੀ ਸਿਰਜਣਾ ਹੁੰਦੀ ਹੈ। ਇਸੇ ਕਰਕੇ ਹੀ ਸਰੋਦੀ ਅੰਸ਼ ਤੇ ਸਰੋਦੀ ਕਵਿਤਾ ਦਾ ਪ੍ਰਸਪਰ ਸੰਬੰਧ ਬਣਿਆ ਰਹਿੰਦਾ ਹੈ।

ਇਹ ਪਿਛੇ ਵਿਚਾਰ ਆਏ ਹਾਂ ਕਿ ਕਲਪਨਾ ਅਤੇ ਭਾਵ ਤੱਤ ਨਾਲ 'ਸੁੰਦਰਮ' ਦੀ ਉਸਾਰੀ ਹੁੰਦੀ ਹੈ। ਇਹ ਸੁੰਦਰਮ ਜਾਂ ਸਰੋਦੀ ਅੰਸ਼ ਸਰੋਦੀ ਕਾਵਿ ਰਚਨਾ ਦੀ ਭਾਵਨਾਤਮਕ ਭਾਸ਼ਾ ਦੇ ਸਮੁਚ ਵਿਚੋਂ ਉਭਰਦਾ ਦਿਖਾਈ ਦੇਂਦਾ ਹੈ। ਇਹ ਅੰਸ਼ ਸਰੋਦੀ ਰਚਨਾ ਦੇ ਅੰਤਰੀਵ ਦਾ

ਸੰਯੋਜਨ ਕਰਕੇ ਇਸ ਦੇ ਸੁੰਦਰਪਣੇ ਨੂੰ ਉਜਾਗਰ ਕਰਨ ਦਾ ਕਾਰਜ ਕਰਦਾ ਹੈ। ਇਸ ਤਰ੍ਹਾਂ ਸਰੋਦੀ ਅੰਸ਼ ਸਰੋਦੀ ਕਾਵਿ-ਰਚਨਾ ਦੇ ਸ਼ਬਦਾਂ ਤੇ ਵਾਕਾਂ ਦੀ ਘੜਤ ਤੋਂ ਉਤਪੰਨ ਭਾਵਨਾਤਮਕ ਵੇਗ ਦੁਆਰਾ ਇਸ ਰਚਨਾ ਦਾ ਪ੍ਰਸਾਰ ਕਰਦਾ ਹੈ।

ਕਾਲਾ ਸਿੰਘ ਬੇਦੀ ਅਨੁਸਾਰ, "ਕਵਿਤਾ ਨੂੰ ਤੀਖਣ ਤੇ ਪ੍ਰਭਾਵਸ਼ਾਲੀ ਬਣਾਉਣ ਵਾਲੀ ਇਸ ਦੀ ਰਾਗਾਤਮਕ ਸ਼ਕਤੀ ਹੈ। ਸੰਗੀਤਮਈ ਕਵਿਤਾ ਸਿਧਾ ਸੁਣਨ ਵਾਲੇ ਦੇ ਮਨ ਤੇ ਅਸਰ ਕਰਦੀ ਹੈ।"[1] ਸੰਗੀਤ ਸਰੋਦੀ ਕਵਿਤਾ ਦਾ ਜ਼ਰੂਰੀ ਤੱਤ ਹੈ। ਕਲਾਤਮਕ ਤੌਰ ਤੇ ਸੰਗੀਤ ਜਾਂ ਰਾਗ ਸਰੋਦੀ ਕਵਿਤਾ ਵਿਚ ਹੀ ਮੌਜੂਦ ਰਹਿੰਦਾ ਹੈ। ਕਿਉਂਕਿ ਕਵਿਤਾ ਵਿਚ ਕਵੀ ਮਨ ਸੀਮਤ ਸ਼ਬਦਕ ਸਮੱਗਰੀ ਤੇ ਕੰਮ ਕਰ ਰਿਹਾ ਹੁੰਦਾ ਹੈ। ਕਵੀ ਸ਼ਬਦਕ ਠੋਸ ਜਾਂ ਧੁਨੀ ਤੇ ਸ਼ਬਦਕ-ਸਮਸੁਰਤਾ ਦੁਆਰਾ ਸੰਗੀਤ ਨੂੰ ਆਪਣੀ ਕਲਾਤਮਕ ਰੁਚੀ ਰਾਹੀਂ ਕਾਵਿ ਕਲਾ 'ਚ ਭਰ ਦਿੰਦਾ ਹੈ ਜਿਸ ਦਾ ਡੂੰਘਾ ਅਸਰ ਪਾਠਕ/ਸ੍ਰੋਤੇ ਨੂੰ ਅਨੰਦਿਤ ਕਰਦਾ ਰਹਿੰਦਾ ਹੈ। ਇਸ ਤਰ੍ਹਾਂ ਸਰੋਦੀ ਅੰਸ਼ ਜੋ ਭਾਸ਼ਾ-ਠੋਸ, ਧੁਨੀ ਅਤੇ ਮੂਡ ਆਦਿ ਰਾਹੀਂ ਅਭਿਵਿਅਕਤ ਹੁੰਦਾ ਹੈ, ਸਰੋਦੀ-ਕਾਵਿ ਸਿਰਜਣ ਵਿਧੀ ਨੂੰ ਸਾਕਾਰ ਕਰਦੇ ਹਨ। ਇਸ ਵਿਚ ਸ਼ਬਦ-ਸਰੋਦਿਕਤਾ ਅੰਸ਼, ਭਾਵ-ਸਰੋਦਿਕਤਾ ਅੰਸ਼ ਅਤੇ ਸੰਗੀਤ-ਸਰੋਦਿਕਤਾ ਅੰਸ਼ ਕੰਮ ਕਰਦੇ ਹਨ ਜਿਹੜੇ ਸਰੋਦੀ ਕਾਵਿ ਦੀ ਸੰਰਚਨਾ ਦਾ ਪ੍ਰਯੋਜਨ ਕਰਦੇ ਹਨ। ਕਾਲਾ ਸਿੰਘ ਬੇਦੀ ਅਨੁਸਾਰ, "ਰਾਗਾਤਮਕ ਰਸ ਦਾ ਪ੍ਰਗਟਾ ਕਾਵਿ ਜਾਂ ਦੂਜੀਆਂ ਕਲਾਵਾਂ ਦੀ ਆਪਣੀ ਪ੍ਰਣਾਲੀ ਹੈ ਜੋ ਮਨੁੱਖ ਨੂੰ ਅਲੌਕਿਕ ਅਨੰਦ ਦੀ ਪ੍ਰਾਪਤੀ ਕਰਾਉਂਦੀ ਹੈ।"[2]

ਇਹ ਵਿਚਾਰ ਢੁੱਕੇ ਹਾਂ ਕਿ ਕਵਿਤਾ ਦੀ ਸੁਤੰਤਰ ਹੋਂਦ ਨੂੰ ਸਥਲ ਅਰਥਾਂ ਰਾਹੀਂ ਨਹੀਂ ਸਗੋਂ ਭਾਵ ਬੋਧਕ ਅਰਥਾਂ ਰਾਹੀਂ ਹੀ ਸਮਝਿਆ ਜਾ ਸਕਦਾ ਹੈ। ਸਰੋਦੀ ਕਾਵਿ-ਤੀਕ ਰਸਾਈ ਹਿੱਤ, ਸ਼ਬਦਾਂ ਰਾਹੀਂ ਨਹੀਂ ਸਗੋਂ ਸ਼ਬਦ-ਅਨੁਭਵ ਰਾਹੀਂ ਸਰੋਦੀ ਅੰਸ਼ ਦੀ ਦੁਰਗਮਤਾ ਵਿਚ ਲਥ ਜਾਣ ਦੀ ਅਵੱਸ਼ਕਤਾ ਹੈ। ਸਰੋਦੀ ਅੰਸ਼ ਤੇ ਸਰੋਦੀ ਕਵਿਤਾ ਦੇ ਸੰਦਰਭ ਨੂੰ ਉਸਾਰ ਕੇ ਹੀ ਉਸ ਦੀ ਅਗੰਮਤਾ ਦੀ ਵਿਆਖਿਆ ਕਰਨ ਦੇ ਸਮਰੱਥ ਹੋ ਸਕਦੇ ਹਾਂ। ਇਹ ਵਿਧੀ ਕਾਵਿ ਦੀ ਵਿਆਖਿਆ ਅਤੇ ਕਾਵਿ ਦੇ ਅੰਤਰੀਵ ਤਕ ਪਹੁੰਚਣ ਲਈ ਸ੍ਰੋਤਾ/ਪਾਠਕ ਨੂੰ ਉਕਸਾਵੇਗੀ।

---

1. *ਗੁਰੂ ਨਾਨਕ ਕਾਵਿ ਕਲਾ*, ਪੰਨਾ 364
2. ਉਹੀ, ਪੰਨਾ 359

ਕਵੀ ਸਰੋਦੀ ਅੰਸ਼ ਦੇ ਸੰਚਾਰ ਲਈ ਭਾਸ਼ਾ ਨੂੰ ਹੀ ਮਾਧਿਅਮ ਰੂਪ ਵਜੋਂ ਵਰਤਦਾ ਹੈ। ਆਪਣੀ ਸੂਖਮਤਾ ਵਿਚ ਸਰੋਦੀ ਕਾਵਿ ਇਕ ਭਾਂਤ ਦਾ ਭਾਸ਼ਾਗਤ ਸੰਗੀਤ ਹੈ। ਇਹ ਸ਼ਬਦਕ ਸੰਗੀਤ ਦੁਆਰਾ ਅਤੇ ਪੰਗਤੀਆਂ-ਬੰਦਾਂ ਦੇ ਰਿਦਮ ਰਾਹੀਂ ਕਵੀ ਦੀਆਂ ਭਾਵਨਾਵਾਂ ਨੂੰ ਪ੍ਰਗਟਾਉਂਦੀ ਹੈ। ਇਸ ਤਰ੍ਹਾਂ ਵਿਕ੍ਰਿਤ-ਵਿਧੀ ਰਾਹੀਂ ਕਵੀ ਮਨ ਦੀ ਸਰੋਦਕ-ਆਵੇਸ਼ ਖੁਲ੍ਹਦੀ ਹੈ ਤੇ ਉਸ ਦਾ ਦ੍ਰਿਸ਼ਟੀਕੋਣ ਸਾਕਾਰ ਹੁੰਦਾ ਹੈ। ਇਹ ਸਾਰਾ ਕਾਰਜ ਕਵਿਤਾ ਵਿਚ ਮੌਜੂਦ ਸਰੋਦੀ ਅੰਸ਼ ਦੁਆਰਾ ਹੀ ਨੇਪਰੇ ਚੜ੍ਹਦਾ ਹੈ। ਸਰੋਦੀ ਕਾਵਿ ਵਿਚ ਇਕਧਿਰੀਆਂ ਭਾਵਨਾਵਾਂ ਦਾ ਪ੍ਰਗਟਾ ਕੀਤਾ ਹੁੰਦਾ ਹੈ। ਇਸੇ ਕਰਕੇ ਸਰੋਦੀ ਕਾਵਿ ਵਿਚ ਸਰੋਦੀ-ਅੰਸ਼ ਇਕੇਂਦ੍ਰਿਤ ਭਾਵ ਦਾ ਹੁੰਦਾ ਹੈ। ਇਸ ਵਿਚਲਾ ਸੰਦੇਸ਼ ਸਦੈਵ ਇਕੋ ਹੀ ਰਹਿੰਦਾ ਹੈ। ਸਰੋਦੀ ਅੰਸ਼ ਸਰੋਦੀ ਕਾਵਿ ਦੇ ਅੰਦਰਤਵ ਦੀ ਗੰਭੀਰਤਾ ਨੂੰ ਦਰਸਾਉਣ ਲਈ ਯਤਨਸ਼ੀਲ ਹੁੰਦਾ ਹੈ। ਇਸ ਤਰ੍ਹਾਂ ਸਰੋਦੀ ਕਵਿਤਾ ਦਾ ਸੰਰਚਨਾਤਮਕ ਅੱਧਿਐਨ ਉਸ ਵਿਚਲੇ ਸਰੋਦੀ ਅੰਸ਼ ਦੁਆਰਾ ਹੀ ਸੰਭਵ ਹੁੰਦਾ ਹੈ। ਸਰੋਦੀ ਅੰਸ਼ ਹੀ ਇਸ ਕਾਵਿ ਦੀ ਗਹਿਰ ਗੰਭੀਰਤਾ ਤਕ ਅਪੜਨ ਵਿਚ ਸਹਾਇਤਾ ਕਰਦਾ ਹੈ।

ਸਰੋਦੀ ਕਵਿਤਾ ਵਿਚ ਭਾਵ-ਬੋਧਕ ਸ਼ਬਦ ਹੀ ਸਰੋਦੀ ਕਵਿਤਾ ਨੂੰ ਸੰਖਿਪਤਾ ਦਾ ਗੁਣ ਦੇਂਦੇ ਹਨ। ਪਰੰਤੂ ਭਾਵ-ਬੋਧਕ ਸ਼ਬਦ ਸਾਨੂੰ ਬਹੁਤ ਵਿਸ਼ਾਲ ਖੇਤਰ ਦਾ ਵੀ ਅਨੁਭਵ ਕਰਾਉਂਦੇ ਹਨ। ਇਸ ਤਰ੍ਹਾਂ ਸਰੋਦੀ ਕਾਵਿ-ਮਰਮ ਤੀਕ ਸਰੋਦੀ ਅੰਸ਼ ਦੇ ਸੰਦਰਭ ਰਾਹੀਂ ਹੀ ਅਪੜ ਸਕਦੇ ਹਾਂ। ਸਰੋਦੀ ਅੰਸ਼ ਦਾ ਇਹ ਦੂਜਾ ਕਲੇਵਰ ਸਰੋਦੀ ਕਾਵਿ ਵਿਚ ਭਾਵ-ਪ੍ਰਯੋਜਨ ਤੋਂ [illegible] ਜਨਮ ਲੈਣ ਵਾਲੇ ਵਿਚਾਰਾਂ ਦਾ ਸਮਾਵੇਸ਼ ਹੈ। ਇਸ ਅੰਸ਼ ਵਿਚ ਸਰੋਦਕ ਬੀਜ ਫੁਟਦਾ ਹੈ ਤੇ ਵਿਚਾਰਾਤਮਕ-ਰੂਪੀ ਬੂਟਾ ਪ੍ਰਫੁਲਤ ਹੁੰਦਾ ਹੈ। ਇਹਨਾਂ ਪ੍ਰਫੁਲਤ ਵਿਚਾਰਾਂ ਵਿਚ ਸਰੋਦਕ ਰਤੀ ਸੰਪੂਰਨ ਸਜੀਵ ਹੋ ਕੇ ਕ੍ਰੀੜਾ ਕਰਦੀ ਹੈ ਤੇ ਕਵੀ ਦਾ ਕੋਮਲ ਕਲਪਨਾਤਮਕ ਸੰਸਾਰ ਸਾਕਾਰ ਹੁੰਦਾ ਹੈ।

ਭਾਵ-ਪੂਰਨ ਤੇ ਅਰਥ ਭਰਪੂਰ ਸ਼ਬਦ ਜਾਂ ਸਰੋਦੀ ਅੰਸ਼ ਦਾ ਕਾਰਜ ਕਾਵਿ ਰਚਨਾ ਵਿਚ ਉਹੋ ਅਰਥ ਦਸਣਾ ਹੁੰਦਾ ਹੈ ਜੋ ਉਸ ਕਾਵਿ ਰਚਨਾ ਦੀ ਕਾਇਆ ਵਿਚ ਲੁਕੇ ਹਨ। ਇਸ ਤਰ੍ਹਾਂ ਸਰੋਦੀ ਅੰਸ਼ ਕਾਵਿ ਵਿਚਲੇ ਰਹੱਸਵਾਦੀ ਅੰਸ਼ ਤੇ ਅਧਿਆਤਮਕ ਅੰਸ਼ ਨੂੰ ਇਕੋ ਸੰਦਰਭ ਵਿਚ ਪਰੋ ਦਿੰਦਾ ਹੈ। ਸਰੋਦੀ ਅੰਸ਼ ਦੀ ਕਦਰ ਉਹਨਾਂ ਅਰਥਾਂ ਕਾਰਣ ਹੁੰਦੀ ਹੈ ਜਿਹੜੇ ਉਹ ਪ੍ਰਗਟ ਨਹੀਂ ਕਰਦਾ ਸਗੋਂ ਉਹਨਾਂ ਵਲ ਸੰਕੇਤ ਕਰਦਾ ਪ੍ਰਤੀਤ ਹੁੰਦਾ ਹੈ। ਇਸੇ ਰਹੱਸਾਤਮਕ ਸੰਕੇਤ ਕਾਰਨ ਸਰੋਦੀ ਅੰਸ਼ ਸਰੋਦੀ ਕਵਿਤਾ ਦੀ ਧੁਰਆਤਮਾ ਦੇ ਦਰਸ਼ਨ ਕਰਾਉਂਦਾ ਹੈ।

ਅੰਤ ਵਿਚ ਕਹਿ ਸਕਦੇ ਹਾਂ ਕਿ ਸਰੋਦੀ ਅੰਸ਼ ਨੂੰ ਸਰੋਦੀ ਕਵਿਤਾ ਵਿਚੋਂ ਨਿਖੇੜਿਆ ਨਹੀਂ ਜਾ ਸਕਦਾ। ਇੰਝ ਕਰਨ ਨਾਲ ਸਰੋਦੀ ਕਵਿਤਾ ਅਰਥਹੀਨ ਹੋ ਜਾਵੇਗੀ। ਸਰੋਦੀ ਅੰਸ਼ ਦਾ ਨਿਖੇੜਾ ਸਰੋਦੀ ਕਵਿਤਾ ਦੀ ਸੁਤੰਤਰ ਹੋਂਦ ਵਿਧੀ ਨੂੰ ਵੀ ਖਤਮ ਕਰ ਦੇਵੇਗਾ। ਸਰੋਦੀ ਅੰਸ਼ ਸਰੋਦੀ ਕਵਿਤਾ ਵਿਚ ਕਾਵਿਕ-ਸੌਂਦਰ ਨੂੰ ਪੇਸ਼ ਕਰਦਾ ਹੈ। ਭਾਵ ਤੇ ਅਰਥ ਭਰਪੂਰ ਸੁਖਦ ਭਾਵ ਸਰੋਦੀ ਅੰਸ਼ ਹੀ ਸਰੋਦੀ ਕਵਿਤਾ ਦੇ ਵਿਸ਼ਾਲ ਖੇਤਰ ਨੂੰ ਦ੍ਰਿਸ਼ਟੀਗੋਚਰ ਕਰਦਾ ਹੈ।

(ਘ) ਸਰੋਦੀ ਅੰਸ਼ ਦੀ ਕਵਿਤਾ ਵਿਚ ਥਾਂ :

ਜੇ.ਸੀ. ਰੈਨਸਮ[1] ਨੇ ਕਵਿਤਾ ਨੂੰ ਤਿੰਨ ਭਾਗਾਂ ਵਿਚ ਵੰਡਿਆ ਹੈ: ਭੌਤਿਕ-ਕਾਵਿ, ਪਲੈਟੋਨਿਕ ਕਾਵਿ ਤੇ ਪਰਾਭੌਤਿਕ-ਕਾਵਿ। ਉਸਨੇ ਪਰਾਭੌਤਿਕ ਅਰਥਾਤ ਸਰੋਦੀ ਕਾਵਿ ਨੂੰ ਹੀ ਸਫ਼ਲ ਕਾਵਿ ਕਿਹਾ ਹੈ। ਉਹਨਾਂ ਅਨੁਸਾਰ "ਇਹ ਕਾਵਿ ਅਲੰਕਾਰਕ ਭਾਸ਼ਾ ਅਤੇ ਰੂਪਕਾਂ ਦੇ ਪ੍ਰਯੋਗ ਦੁਆਰਾ ਪਾਠਕ ਨੂੰ ਅਜਿਹਾ ਝਟਕਾ ਦਿੰਦਾ ਹੈ ਜਿਹੜਾ ਵਸਤੂ-ਯਥਾਰਥ ਦੀਆਂ ਨਵੀਆਂ ਦਿਸ਼ਾਵਾਂ ਅਤੇ ਪਖਾਂ ਨੂੰ ਪਾਠਕ ਸਾਹਮਣੇ ਉਘਾੜ ਦਿੰਦਾ ਹੈ। ਯਥਾਰਥਕ-ਬੁਧਿ ਨੂੰ ਹੋਰ ਤੀਬਰ ਅਤੇ ਤੀਖਣ ਬਣਾਉਣ ਲਈ ਕਵੀ ਕਈ ਕਿਸਮ ਦੇ ਸਾਧਨ ਸਿਰਜਦਾ ਹੈ, ਜਿਸ ਨਾਲ ਉਹ ਇਕ ਤਰ੍ਹਾਂ ਦਾ ਕਰਾਮਾਤੀ ਅੰਸ਼ ਪੈਦਾ ਕਰ ਦਿੰਦਾ ਹੈ।" ਇਸੇ ਕਰਕੇ ਸਰੋਦੀ ਅੰਸ਼ ਕਵਿਤਾ ਵਿਚ ਅਮਰਤਾ ਦਾ ਧਾਰਨੀ ਹੁੰਦਾ ਹੈ। ਉਸ ਦਾ ਪ੍ਰਭਾਵ ਚਿਰਜੀਵੀ ਹੁੰਦਾ ਹੈ ਜਦੋਂ ਕਿ ਕਵਿਤਾ ਵਿਚ ਦੂਜਾ ਕੋਈ ਅੰਸ਼ ਇਤਨਾ ਪ੍ਰਭਾਵੀ ਤੇ ਚਿਰਜੀਵੀ ਨਹੀਂ ਹੋ ਸਕਦਾ। ਇਸ ਤਰ੍ਹਾਂ ਸਰੋਦੀ ਕਵਿਤਾ ਪ੍ਰਬੰਧ ਕਾਵਿ ਤੇ ਨਾਟਕ ਤੋਂ ਵੱਖਰੀ ਭਾਂਤ ਦੀ ਹੁੰਦੀ ਹੈ।

ਪ੍ਰਾਚੀਨ ਯੁਗ ਵਿਚ ਮਨੁੱਖ ਪ੍ਰਬੰਧ ਕਾਵਿ ਨਾਲ ਹੀ ਸੰਤੁਸ਼ਟ ਹੋ ਜਾਂਦਾ ਸੀ ਕਿਉਂਕਿ ਉਸ ਨੂੰ ਬੱਚੇ ਵਾਂਗ ਇਤਿਹਾਸਕ ਜਾਂ ਸਮਾਜਕ ਘਟਨਾਵਾਂ ਦੇ ਵਿਵਰਣ ਤੋਂ ਆਤਮ ਸੰਤੋਖ ਮਿਲ ਜਾਂਦਾ ਸੀ। ਪਰੰਤੂ ਜਿਉਂ ਜਿਉਂ ਮਨੁੱਖ ਸਭਿਅਕ ਹੁੰਦਾ ਗਿਆ ਉਸ ਨੂੰ ਆਪਣੇ ਅੰਤਰ-ਜਗਤ ਦੀ ਸੋਝੀ ਹੋਣ ਲੱਗੀ ਤੇ ਇਸ ਦੀ ਅਭਿਵਿਅੰਜਨਾ ਸਰੋਦੀ ਕਵਿਤਾ ਦੁਆਰਾ ਹੋਣੀ। ਇਸ ਕਰਕੇ

---

1. ਡਾ. ਰਵਿੰਦਰ ਸਿੰਘ ਰਵੀ, ਅਮਰੀਕਾ ਦੀ ਨਵੀਨ ਆਲੋਚਨਾ-ਪ੍ਰਣਾਲੀ, ਪੰਨਾ 75

ਥੇਰ.ਟੀ. ਪੀਕ[1] ਨੇ ਸਰੋਦੀ ਕਵਿਤਾ ਨੂੰ ਦੂਜੀਆਂ ਕਵਿਤਾਵਾਂ ਤੋਂ ਜ਼ਿਆਦਾ ਦਿਲਚਸਪ ਮੰਨਿਆ ਹੈ ਜਿਹੜੀ ਹੋਰ ਕਿਸਮ ਦੀਆਂ ਕਵਿਤਾਵਾਂ ਨਾਲੋਂ ਮਨੁੱਖ ਨੂੰ ਜ਼ਿਆਦਾ ਟੁੰਬਦੀ ਹੈ। ਉਹ ਇਸ ਨੂੰ ਦੂਜੀ ਕਿਸਮ ਦੀਆਂ ਕਵਿਤਾਵਾਂ ਦਾ ਸੋਮਾ ਵੀ ਮੰਨਦਾ ਹੈ। ਇਸ ਤਰ੍ਹਾਂ ਸਰੋਦੀ ਅੰਸ਼ ਕਾਵਿ ਵਿਚ ਦੂਜੇ ਕਾਵਿ-ਰੂਪਾਂ, ਬਿਰਤਾਂਤਕ ਕਾਵਿ ਜਾਂ ਨਾਟਕੀ ਕਾਵਿ ਵਾਂਗੂੰ ਪਰਿਸਥਿਤੀਆਂ, ਪਾਤਰ ਉਸਾਰੀ ਜਾਂ ਚਰਿਤਰ ਆਦਿ ਦਾ ਵਰਣਨ ਨਹੀਂ ਹੁੰਦਾ ਸਗੋਂ ਮਨੁੱਖੀ ਮਨ ਦੀ ਸਹਿਜ ਟੁੰਬਣਸ਼ੀਲ ਪ੍ਰਵਿਰਤੀਆਂ ਦੀ ਸੰਰਚਨਾ ਹੁੰਦੀ ਹੈ। ਸਰੋਦਕ ਕਤੀ ਅੰਤਹਕਰਣ ਵਿਚ ਉਤਪੰਨ ਹੋ ਕੇ ਖੁਸ਼ੀ-ਗ਼ਮੀ, ਦੁਖ-ਸੁਖ ਆਦਿ ਭਾਵ ਤਰੰਗਾਂ ਦੀ ਅਭਿਵਿਅਕਤੀ ਕਰਦੀ ਹੈ ਜੋ ਮਨੁੱਖੀ ਮਨ ਨੂੰ ਟੁੰਬਦੀ ਹੈ। ਇਹ ਸਾਰਾ ਕਾਰਜ ਕਵਿਤਾ ਵਿਚ ਸਰੋਦੀ ਅੰਸ਼ ਦੁਆਰਾ ਹੀ ਨੇਪਰੇ ਚੜ੍ਹਦਾ ਹੈ।

ਡਾ. ਸਚਿਦਾਨੰਦ ਤਿਵਾਰੀ[2] ਸਰੋਦੀ ਕਵਿਤਾ ਦੀ ਦੂਜੀ ਕਵਿਤਾਵਾਂ ਤੋਂ ਭਿੰਨਤਾ ਬਾਰੇ ਵਿਚਾਰ ਕਰਦਿਆਂ ਕਹਿੰਦੇ ਹਨ, "ਸਰੋਦੀ ਕਵਿਤਾ ਦੀ ਭਾਵਨਾ ਛੋਟੀ ਅਤੇ ਕੇਂਦਰਤ ਹੁੰਦੀ ਹੈ। ਉਹ ਇਕ ਪਾਣੀ ਦੇ ਝਰਨੇ ਵਾਂਗੂੰ ਸਹਿਜੇ ਹੀ ਕਿਸੇ ਦੇ ਨਜ਼ਦੀਕ ਫੁਟ ਪੈਂਦੀ ਹੈ।" ਇਸ ਤਰ੍ਹਾਂ ਬਿਰਤਾਂਤਕ ਕਾਵਿ, ਮਹਾਂ ਕਾਵਿ ਜਾਂ ਨਾਟਕ-ਕਾਵਿ ਜਿਥੇ ਪੂਰਨ ਸੰਘਰਸ਼ ਨੂੰ ਪ੍ਰਤਿਬਿੰਬਤ ਕਰਦਾ ਹੈ ਉਥੇ ਸਰੋਦੀ ਅੰਸ਼ ਕਾਵਿ-ਰੂਪ ਮਨੁੱਖੀ ਹਿਰਦੇ ਨੂੰ ਕੇਂਦਰਤ ਕਰਕੇ ਚਲਦਾ ਹੈ। ਸਰੋਦੀ ਅੰਸ਼ ਸਰੂਪ ਕਾਵਿ ਗੂੜ੍ਹੀ ਭਾਵਨਾਵਾਂ ਦਾ ਜੋ ਕੁਦਰਤੀ ਸੁਭਾਵ ਅਭਿਵਿਅਕਤ ਕਰਦਾ ਹੈ ਉਹ ਮਨ ਨੂੰ ਇਕ ਦਮ ਪ੍ਰਭਾਵਿਤ ਕਰਨ ਦੀ ਸ਼ਕਤੀ ਰਖਦਾ ਹੈ।

ਪ੍ਰਬੰਧ-ਕਾਵਿ ਦਾ ਸਬੰਧ ਭੂਤਕਾਲ ਨਾਲ ਹੁੰਦਾ ਹੈ ਪਰੰਤੂ ਸਰੋਦੀ ਕਾਵਿ ਦਾ ਵਰਤਮਾਨ ਨਾਲ। ਪ੍ਰਬੰਧ-ਕਾਵਿ ਜਾਂ ਦੂਜੇ ਕਾਵਿ-ਰੂਪ, ਬਾਹਰੀ ਜਗਤ ਨਾਲ ਸੰਬੰਧਤ ਹੁੰਦੇ ਹਨ। ਉਹ

---

1. "The Lyric is most interesting form of poetry that we have. It effects more human beings than any other form of poetry, than any other kind. It is elemental. It is undoubtely the first form of poetry that ever was evolved, the type out of which sprang all the others."

ਡਾ. ਸਚਿਦਾਨੰਦ ਤਿਵਾਰੀ, ਆਧੁਨਿਕ ਹਿੰਦੀ ਕਵਿਤਾ ਮੇਂ ਗੀਤ-ਤੱਤਵ, ਪੰਨਾ 18

2. ਉਹੀ, ਪੰਨਾ 26

ਪਾਠਕ/ਸ੍ਰੋਤੇ ਸਾਹਮਣੇ ਕੋਈ ਕਥਾ ਵਸਤੂ ਪ੍ਰਸਤੁਤ ਕਰਦੇ ਹਨ। ਪਰੰਤੂ ਸਰੋਦੀ ਕਵਿਤਾ ਦਾ ਕਲੇਵਰ ਸੰਖੇਪ ਹੋਣ ਕਾਰਨ ਇਹ ਕਵਿਤਾ ਵਿਚ ਮੌਜੂਦ ਭਾਵਨਾਵਾਂ ਨੂੰ ਖਿਖਰਨ ਦੇ ਜੋਖਮ ਤੋਂ ਬਚਾਉਂਦਾ ਹੈ। ਸਰੋਦੀ ਅੰਸ਼ ਜਿਥੇ ਇਕੋ ਭਾਵ ਨੂੰ ਮਨੁੱਖੀ ਮਨ ਵਿਚ ਕੇਂਦਰਿਤ ਕਰਦਾ ਹੈ ਉਥੇ ਦੂਜੇ ਕਾਵਿ-ਰੂਪ, ਭਾਵਨਾਵਾਂ ਨੂੰ ਕੇਂਦਰਿਤ ਨਹੀਂ ਕਰਦੇ।

ਅਰਸਤੂ ਅਨੁਸਾਰ, "ਜੇਕਰ ਭਾਵਨਾ ਦੀ ਤੀਬਰਤਾ ਦੇ ਅਧਾਰ ਤੇ ਅਨਡਰਾਮਾਟਿਕ ਕਵਿਤਾ ਨੂੰ ਵੰਡੀਏ ਤਾਂ ਪ੍ਰਬਲ-ਭਾਵਨਾ-ਸੰਪੰਨ ਕਵਿਤਾ ਨੂੰ ਸਰੋਦੀ ਕਾਵਿ ਕਹਾਂਗੇ ਅਤੇ ਸਾਧਾਰਣ ਬੋਲਚਾਲ ਵਾਲੀ ਕਵਿਤਾ ਨੂੰ ਕਥਾ-ਕਾਵਿ।"[1] ਇਸ ਤੋਂ ਇਹ ਗੱਲ ਸਪਸ਼ਟ ਹੁੰਦੀ ਹੈ ਕਿ ਸਰੋਦੀ ਅੰਸ਼, ਕਵਿਤਾ ਦੀ ਗਤੀਹੀਨਤਾ ਨੂੰ ਗਤੀਸ਼ੀਲਤਾ ਵਿਚ ਪਰਿਵਰਤਨ ਕਰਨ ਦੀ ਸ਼ਕਤੀ ਰਖਦਾ ਹੈ। ਕਵੀ ਮਨ ਕਲਪਨਾਤਮਕ ਉਡਾਰੀਆਂ ਦੇ ਨਾਲ ਨਾਲ ਪਾਠਕ/ਸ੍ਰੋਤੇ ਨੂੰ ਪ੍ਰਲਾਕ-ਪੰਧ ਤੀਕ ਅਪੜਦਾ ਕਰਦਾ ਹੈ। ਇਹ ਕਰਾਮਾਤ ਕਵਿਤਾ ਵਿਚ ਮੌਜੂਦ ਪ੍ਰਬਲ-ਭਾਵਨਾ-ਸੰਪੰਨ ਸ਼ਕਤੀ ਅਥਵਾ ਸਰੋਦੀ ਅੰਸ਼ ਦੁਆਰਾ ਹੀ ਸੰਭਵ ਹੁੰਦੀ ਹੈ।

ਸਰੋਦੀ ਕਵਿਤਾ ਦੀਆਂ ਵਿਸ਼ੇਸ਼ਤਾਵਾਂ ਤੇ ਵਿਚਾਰ ਕਰਦਿਆਂ ਹੋਇਆਂ ਪੰ. ਨੰਦ ਦੁਲਾਰੇ ਵਾਜਪਾਈ ਨੇ ਕਿਹਾ ਹੈ, "ਪ੍ਰਗੀਤ-ਕਾਵਿ ਵਿਚ ਕਵੀ ਦੀ ਭਾਵਨਾ ਦੀ ਪੂਰਣ ਅਭਿਵਿਅਕਤੀ ਹੁੰਦੀ ਹੈ। ਉਸ ਵਿਚ ਕਿਸੇ ਪ੍ਰਕਾਰ ਦੇ ਵਿਜਾਤੀਯ ਦ੍ਰਵ੍ਯ ਦੇ ਲਈ ਸਥਾਨ ਨਹੀਂ ਰਹਿੰਦਾ। ਪ੍ਰਗੀਤਾਂ ਵਿਚ ਹੀ ਕਵੀ ਦਾ ਵਿਅਕਤਿਤਵ ਪੂਰੀ ਤਰ੍ਹਾਂ ਪ੍ਰਤਿਬਿੰਬਤ ਹੁੰਦਾ ਹੈ। ਉਹ ਕਵੀ ਦੀ ਸਚੀ ਆਤਮਾਭਿਵਿਅੰਜਨਾ ਹੁੰਦੀ ਹੈ। ਕਵੀ ਦੇ ਅੰਤਸਤਲ ਦਾ ਉਦਘਾਟਨ ਪ੍ਰਗੀਤ ਵਿਚ ਹੀ ਸੰਭਵ ਹੈ। ਸੰਗੀਤ ਦੇ ਸਵਰ ਵਾਂਗੂੰ ਪ੍ਰਗੀਤ ਦੇ ਸ਼ਬਦ ਹੀ ਆਪਣੀ ਭਾਵਨਾ-ਇਕਾਈਆਂ ਨਾਲ ਕਵਿਤਾ ਦਾ ਨਿਰਮਾਣ ਕਰਦੇ ਹਨ। ਜਿਹਨਾਂ ਵਿਚ ਸ਼ਬਦ ਅਤੇ ਅਰਥ, ਲੈਅ ਅਤੇ ਛੰਦ ਅਥਵਾ ਰੂਪ ਅਤੇ ਨਿਰੂਪ ਦੀ ਅਭਿੰਨਤਾ ਹੋ ਜਾਂਦੀ ਹੈ। ਪ੍ਰਬੰਧ-ਕਾਵਿ ਕਵਿਤਾ ਦਾ ਆਵਰਤ ਅਤੇ ਆਛਾਦਿਤ ਰੂਪ ਹੈ।

---

1. " Then taking non-dramatic poetry one divides that according to the intensity of feeling in it. The more enthusiastic poetry is lyric, the poetry nearer to the speaking voice belongs to a class which we call roughly epic".

ਡਾ. ਸਚਿਦਾਨੰਦ ਤਿਵਾਰੀ, ਆਧੁਨਿਕ ਹਿੰਦੀ ਕਵਿਤਾ ਮੇਂ ਗੀਤ-ਤੱਤਵ, ਪੰਨਾ 3

ਪ੍ਰਗੀਤ ਕਾਵਿ ਉਸ ਦਾ ਨਿਰਵਿਆਜ ਲਿਖਤਿਆ ਬੋਲਿਆ ਸਵਰੂਪ ਹੈ।"[1] ਇਸ ਤਰ੍ਹਾਂ ਸਰੋਦੀ ਅੰਸ਼ ਕਵਿਤਾ ਵਿਚ ਆਪਮੁਹਾਰਾ ਫੁਟਿਆ ਭਾਵਾਂ ਦਾ ਵੇਗ ਹੁੰਦਾ ਹੈ। ਇਸ ਵਿਚ ਕਿਤੇ ਬਨਾਵਟ ਜਾਂ ਕਾਰੀਗਰੀ ਦਾ ਵਿਖਾਵਾ ਨਹੀਂ ਹੁੰਦਾ। ਸਗੋਂ ਸ਼ਬਦ ਕਵੀ ਮਨ ਦੇ ਧੁਰ-ਅੰਦਰ ਦੀ ਪੀੜ ਦੇ ਪ੍ਰਗਟਾਵੇ ਲਈ ਕਵਿਤਾ ਦੀ ਕਾਇਆ ਵਿਚ ਸਮਾਏ ਰਹਿੰਦੇ ਹਨ। ਸਰੋਦੀ ਕਵਿਤਾ ਵਿਚ ਮੌਜੂਦ ਰਾਗ ਜਾਂ ਸੰਗੀਤ ਦਿਲ ਦੀਆਂ ਤਾਰਾਂ ਨੂੰ ਟੁਣਕਾਉਂਦਾ ਰਹਿੰਦਾ ਹੈ ਤੇ ਪਾਠਕ/ਸ੍ਰੋਤੇ ਦੇ ਹਿਰਦੇ ਵਿਚ ਵਿਸਮਾਦ ਰਸ ਪੈਦਾ ਕਰਦਾ ਰਹਿੰਦਾ ਹੈ। ਕਵਿਤਾ ਵਿਚ ਮੌਜੂਦ ਸਰੋਦੀ ਅੰਸ਼ ਦੁਆਰਾ ਹੀ ਕਵੀ ਦੀਆਂ ਭਾਵਨਾਵਾਂ ਇਕਸੁਰ ਹੋ ਕੇ ਜਾਗ੍ਰਿਤ ਹੁੰਦੀਆਂ ਹਨ ਤੇ ਲੋਕ-ਪੱਧਰ ਦੀ ਧਾਰਨੀ ਹੁੰਦੀਆਂ ਹਨ। ਇਸੇ ਕਰਕੇ ਜਾਨ ਡਰਿੰਕਵਾਟਰ ਨੇ, ਸਰੋਦੀ ਕਾਵਿ ਨੂੰ ਵਾਸਤਵਿਕ ਕਵਿਤਾ ਮੰਨਿਆ ਹੈ, ਕਿਉਂਕਿ ਇਸ ਵਿਚ ਕਾਵਿ-ਚੇਤਨਾ ਅਧਿਕ ਸ਼ੁਧ ਰੂਪ ਵਿਚ ਮੌਜੂਦ ਪਾਈ ਜਾਂਦੀ ਹੈ।[2]

ਇਸ ਵਿਵੇਚਨ ਦਾ ਸਿੱਟਾ ਇਹ ਨਿਕਲਦਾ ਹੈ ਕਿ ਸਰੋਦੀ ਕਾਵਿ ਦੂਜੇ ਕਾਵਿ-ਰੂਪਾਂ ਨਾਲੋਂ ਸਫਲ ਕਾਵਿ ਹੈ। ਸਰੋਦੀ ਅੰਸ਼ ਕਵਿਤਾ ਵਿਚ ਸਹਿਜ ਸੁਭਾਵਕ ਫੁਟੇ ਸੋਮੇ ਵਾਂਗ ਹੁੰਦਾ ਹੈ। ਸਰੋਦੀ ਕਾਵਿ-ਰੂਪ ਕਵੀ ਦੀਆਂ ਵਿਅਕਤੀਗਤ ਅਨੁਭੂਤੀਆਂ ਪ੍ਰਕਾਸ਼ਨ ਦਾ ਸਰਵੋਤਮ ਮਾਧਿਅਮ ਹੈ ਅਤੇ ਇਸੇ ਲਈ ਦੂਜੇ ਕਾਵਿ-ਰੂਪਾਂ ਦੀ ਨਿਸਬਤ ਇਸ ਵਿਚ ਇਤਿਹਾਸਕਤਾ ਜਾਂ ਸਮਾਜਿਕਤਾ ਦਾ ਅਭਾਵ ਹੁੰਦਾ ਹੈ।

---

1. ਡਾ. ਸਚਿਦਾਨੰਦ ਤਿਵਾਰੀ, ਆਧੁਨਿਕ ਹਿੰਦੀ ਕਵਿਤਾ ਮੇਂ ਗੀਤ-ਤੱਤਵ, ਪੰਨਾ 28-29
2. ਉਹੀ, ਪੰਨਾ 14

# ਅਧਿਆਇ ਦੂਜਾ

## ਗੁਰੂ ਅਰਜਨ ਦੇਵ ਜੀ ਦੀ ਬਾਣੀ ਦਾ ਪਰਿਚੈ

ਗੁਰੂ ਅਰਜਨ ਦੇਵ ਜੀ ਦੀ ਬਾਣੀ ਦਾ ਵਰਗੀਕਰਣ:

1. ਵਿਸ਼ੇ ਪੱਖੋਂ ਵਰਗੀਕਰਣ

2. ਕਾਵਿ-ਰੂਪ ਪੱਖੋਂ ਵਰਗੀਕਰਣ

   (ੳ) ਮੌਲਕ ਰਚਨਾ ਰੂਪ
   (ਅ) ਤਿਥੀਵਾਰਕ ਰਚਨਾ-ਰੂਪ
   (ੲ) ਰਸਮੋ-ਰਿਵਾਜ ਬੋਧਕ ਰਚਨਾ-ਰੂਪ
   (ਸ) ਸਦਾਚਾਰਕ ਰਚਨਾ-ਰੂਪ
   (ਹ) ਭਾਵਾਤਮਕ ਰਚਨਾ-ਰੂਪ
   (ਕ) ਸਿਧਾਂਤਕ ਰਚਨਾ-ਰੂਪ

3. ਭਾਵ-ਪੱਖੋਂ ਵਰਗੀਕਰਣ

4. ਰਾਗ ਪੱਖੋਂ ਵਰਗੀਕਰਣ

   (1) ਰਾਗਾਂ (ਤੇ ਰਾਗਣੀਆਂ) ਦੀ ਜਾਣ ਪਛਾਣ
   (2) ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਜੀ ਦੁਆਰਾ ਰਚੀ ਬਾਣੀ ਦਾ ਰਾਗ ਅਨੁਸਾਰ ਬਿਓਰਾ ਤੇ ਰਾਗ ਨੂੰ ਗਾਉਣ ਦੀ ਰੁਤ ਤੇ ਸਮਾਂ

5. ਬਾਣੀ ਚੋਣ ਦੀ ਕਸਵੱਟੀ

   (ੳ) ਸੰਪਾਦਨਾ ਵਿਚ ਗੁਰੂ ਜੀ ਦਾ ਮਨੋਰਥ
   (ਅ) ਬਾਣੀ ਦੀ ਚੋਣ ਦੀ ਕਸਵੱਟੀ
   (ੲ) ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀ ਦਾ ਰਾਗ ਪ੍ਰਬੰਧ
   (ਸ) ਬਾਣੀ ਦਾ ਸਿਰਲੇਖ ਪ੍ਰਬੰਧ

## ਗੁਰੂ ਅਰਜਨ ਦੇਵ ਜੀ ਦੀ ਬਾਣੀ ਦਾ ਪਰਿਚੈ

ਗੁਰੂ ਅਰਜਨ ਬਾਣੀ ਗੁਰੂ ਜੀ ਦੁਆਰਾ ਸੰਪਾਦਤ ਗੁਰੂ ਗ੍ਰੰਥ ਸਾਹਿਬ ਵਿਚ ਵਡ-ਅਕਾਰੀ ਰਚਨਾ ਹੈ। ਗੁਰੂ ਗ੍ਰੰਥ ਸਾਹਿਬ ਦੇ 1430 ਪੰਨਿਆਂ ਵਿਚੋਂ ਤਕਰੀਬਨ 650 ਪੰਨਿਆਂ ਤੇ ਗੁਰੂ ਅਰਜਨ ਬਾਣੀ ਅੰਕਿਤ ਹੈ। ਗੁਰੂ ਜੀ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਰਾਗਾਂ ਦੀ ਤਰਤੀਬ ਵਿਚ ਦਰਜ ਹੈ। ਗੁਰੂ ਗ੍ਰੰਥ ਸਾਹਿਬ ਵਿਚ ਵਰਤੇ ਗਏ 31 ਰਾਗਾਂ ਵਿਚੋਂ, ਕੇਵਲ ਜੈਜੈਵੰਤੀ[1] ਨੂੰ ਛਡ ਕੇ ਬਾਕੀ 30 ਰਾਗਾਂ ਵਿਚ ਗੁਰੂ ਅਰਜਨ ਦੇਵ ਜੀ ਦੀ ਰਚੀ ਬਾਣੀ ਮੌਜੂਦ ਹੈ। ਗੁਰੂ ਜੀ ਦੀ ਬਾਣੀ ਵਿਚਲੇ ਪਦੇ ਅਸਟਪਦੀਆਂ ਤੇ ਛੰਤਾਂ ਨੂੰ ਛਡ ਕੇ ਬਾਕੀ ਸਭ ਸਿਰਲੇਖ ਕਿਸੇ ਨਾ ਕਿਸੇ ਸੰਸਕਾਰ, ਰਸਮ, ਰਤੁ-ਰੀਤ, ਲੋਕ-ਪ੍ਰਵਿਰਤੀ ਜਾਂ ਸਮਕਾਲੀ ਲੋਕ ਕਾਵਿ ਨਾਲ ਸੰਬੰਧਿਤ ਹਨ। ਉਨ੍ਹਾਂ ਦੀਆਂ ਲੰਮੀਆਂ ਰਚਨਾਵਾਂ ਬਾਰਾਮਾਹ, ਬਾਵਨ ਅੱਖਰੀ ਅਤੇ ਸੁਖਮਨੀ ਹਨ, ਇਨ੍ਹਾਂ ਤੋਂ ਛੁਟ ਹੋਰ ਬਾਣੀਆਂ ਪਹਿਰੇ, ਦਿਨ ਰੈਣ, ਥਿਤੀ, ਰੁੱਤੀ, ਗੁਣਵੰਤੀ, ਅੰਜੁਲੀਆਂ ਅਤੇ ਬਿਰਹੜੇ ਆਦਿ ਹਨ।

## ਗੁਰੂ ਅਰਜਨ ਦੇਵ ਦੀ ਬਾਣੀ ਦਾ ਵਰਗੀਕਰਣ

ਗੁਰਬਾਣੀ ਪੰਜਾਬੀ ਸਾਹਿਤ ਦਾ ਵਿਲੱਖਣ ਅਤੇ ਅਲੌਕਿਕ ਕਾਵਿ ਹੈ। ਇਸ ਵਿਚ ਜਿਥੇ ਡੂੰਘਾਈ ਹੈ, ਸਚਾਈ ਹੈ ਉਥੇ ਸੁਹਜਾਤਮਕ ਗੁਣ ਭੀ ਹਨ। ਗੁਰਬਾਣੀ ਦੀ ਡੂੰਘਾਈ ਨੂੰ ਸਮਝਣ ਲਈ ਇਕਾਗਰ ਚਿੱਤ ਹੋਣਾ ਜ਼ਰੂਰੀ ਹੈ। ਗੁਰਬਾਣੀ ਬਾਰੇ ਲਿਖਿਆ ਵਿਆਖਿਆਤਮਕ ਸਾਹਿਤ ਕਾਫ਼ੀ ਮਾਤਰਾ ਵਿਚ ਉਪਲਬਧ ਹੈ। ਇਸ ਪ੍ਰਸੰਗ ਵਿਚ ਡਾ. ਭਾਈ ਜੋਧ ਸਿੰਘ ਕ੍ਰਿਤ 'ਗੁਰਮਤ ਨਿਰਣਯ' ਨਾਂ ਦੀ ਪੁਸਤਕ ਦਾ ਹਵਾਲਾ ਦਿਤਾ ਜਾ ਸਕਦਾ ਹੈ। ਇਸ ਵਿਚ ਸਿੱਖ ਗੁਰੂਆਂ ਦੇ ਵਿਚਾਰਾਂ ਨੂੰ ਭਿੰਨ ਭਿੰਨ ਸਿਰਲੇਖਾਂ ਹੇਠ ਵਿਚਾਰਿਆ ਗਿਆ ਹੈ।

1. ਡਾ. ਸੁਰਿੰਦਰ ਸਿੰਘ ਕੋਹਲੀ ਅਨੁਸਾਰ 31ਵਾਂ ਰਾਗ ਜੈਜਾਵੰਤੀ ਮਗਰੋਂ ਗੁਰੂ ਗੋਬਿੰਦ ਸਿੰਘ ਨੇ ਦਮਦਮੇ ਸਾਹਿਬ ਦੀ ਬੀੜ ਵਿਚ ਚੜ੍ਹਾਇਆ।
'ਪਰਖ', ਦੂਜਾ ਪਰਚਾ - 1969, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, ਪੰਨਾ-8

ਗੁਰੂ ਅਰਜਨ ਦੇਵ ਦੀ ਰਚਨਾ ਦੇ ਸੁਭਾ ਨੂੰ ਸਮਝਣ ਲਈ ਵੀ ਉਹਨਾਂ ਦੀ ਬਾਣੀ ਨੂੰ ਹੇਠ ਲਿਖੇ ਅਲੱਗ ਅਲੱਗ ਪਹਿਲੂਆਂ ਤੋਂ ਵਿਚਾਰਨਾ ਮੁਨਾਸਬ ਹੋਵੇਗਾ।

1. ਵਿਸ਼ੇ ਪੱਖੋਂ ਵਰਗੀਕਰਣ
2. ਕਾਵਿ-ਰੂਪ ਪੱਖੋਂ ਵਰਗੀਕਰਣ
3. ਭਾਵ ਪੱਖੋਂ ਵਰਗੀਕਰਣ
4. ਰਾਗ ਪੱਖੋਂ ਵਰਗੀਕਰਣ।
5. ਬਾਣੀ ਚੋਣ ਦੀ ਕਸਵੱਟੀ

## 1. ਵਿਸ਼ੇ ਪੱਖੋਂ ਵਰਗੀਕਰਣ

ਇਸ ਦਾ ਅਧਿਐਨ ਚੌਥੇ ਅਧਿਆਇ ਵਿਚ ਵੱਖਰਾ ਕੀਤਾ ਗਿਆ ਹੈ।

## 2. ਕਾਵਿ-ਰੂਪ ਪੱਖੋਂ ਵਰਗੀਕਰਣ

ਗੁਰੂ ਅਰਜਨ ਦੇਵ ਜੀ ਨੇ ਵੀ ਗੁਰੂ ਨਾਨਕ ਦੇਵ[1] ਜੀ ਵਾਂਗ ਲੋਕ ਕਲਿਆਣ ਖ਼ਾਤਰ ਲੋਕਾਂ ਦੇ ਕਾਵਿ-ਰੂਪਾਂ, ਧਾਰਨਾਵਾਂ ਤੇ ਗੀਤਾਂ ਨੂੰ ਆਪਣੇ ਲੋਕ ਕਾਵਿ ਦਾ ਆਧਾਰ ਬਣਾਇਆ। ਉਹਨਾਂ ਨੇ ਵੰਨ-ਸੁਵੰਨੇ ਕਾਵਿ-ਰੂਪ ਦੀ ਵਰਤੋਂ ਕਰਕੇ ਆਪਣੇ ਪਵਿੱਤਰ ਅਧਿਆਤਮਕ ਵਿਚਾਰਾਂ ਦੀ ਅਭਿਵਿਅੰਜਨਾ ਕੀਤੀ ਹੈ। ਇਹਨਾਂ ਕਾਵਿ-ਰੂਪਾਂ ਦੀ ਅੰਤਰੀਵ ਭਾਵਨਾ ਅਧਿਆਤਮਕਤਾ ਵਲ ਰੁਚਿਤ ਹੈ। ਭਾਵਾਂ ਦੇ ਪ੍ਰਗਟਾਓ ਨੂੰ ਕਾਵਿ-ਰੂਪਾਂ ਵਿਚ ਪਹਿਲ ਥਾਂ ਦਿੱਤੀ ਗਈ ਹੈ।

ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਗੁਰੂ ਅਰਜਨ ਦੇਵ ਜੀ ਦੀ ਬਾਣੀ ਦਾ ਅਧਿਐਨ ਕਰਨ ਪਿਛੋਂ ਇਹ ਸਿੱਟਾ ਨਿਕਲਦਾ ਹੈ ਕਿ ਆਪ ਜੀ ਨੇ ਹੇਠ ਲਿਖੇ ਕਾਵਿ-ਰੂਪਾਂ ਨੂੰ ਭਾਵਾਂ ਦੇ ਪ੍ਰਗਟਾਓ ਲਈ ਵਰਤਿਆ:

ਪਦੇ (ਦੁਪਦੇ, ਤਿਪਦੇ, ਚਉਪਦੇ, ਪੰਚਪਦੇ ਆਦਿ), ਅਸਟਪਦੀਆਂ,
ਛੰਤ, ਸਲੋਕ, ਵਾਰ, ਪਉੜੀ, ਕਾਫ਼ੀ, ਬਾਰਹਮਾਹ, ਬਾਵਨ ਅੱਖਰੀ,
ਪਹਿਰ, ਥਿਤੀ, ਰੁਤੀ, ਡਖਣੇ, ਸੁਖਮਨੀ, ਬਿਰਹੜੇ, ਅੰਜੁਲੀ, ਦਿਨ ਰੈਣਿ,

1. ਗੁਰੂ ਨਾਨਕ-ਕਾਵਿ ਕਲਾ, ਪੰਨਾ 449

ਗੁਣਵੰਤੀ, ਸਵੈਯੇ, ਚਉਬੋਲੇ, ਮੁੰਦਾਵਣੀ ਅਤੇ ਗਾਥਾ ਆਦਿ।

ਗੁਰੂ ਅਰਜਨ ਦੇਵ ਬਾਣੀ ਵਿਚ ਆਏ ਉਪਰੋਕਤ ਕਾਵਿ-ਰੂਪਾਂ ਨੂੰ ਕਿਸੇ ਨਾ ਕਿਸੇ ਵਰਗ ਵਿਚ ਜ਼ਰੂਰ ਰੱਖਿਆ ਜਾ ਸਕਦਾ ਹੈ। ਗੁਰੂ ਅਰਜਨ ਦੇਵ ਜੀ ਦੇ ਇਹਨਾਂ ਕਾਵਿ-ਰੂਪਾਂ ਨੂੰ ਰਾਗ ਸੰਦਰਭ ਤੋਂ ਅਲਗ, ਵਸਤੂ ਦੀ ਦ੍ਰਿਸ਼ਟੀ ਤੋਂ ਹੇਠ ਲਿਖੇ ਮੁਤਾਬਕ ਵਰਗੀਕਰਨ ਕੀਤਾ ਜਾ ਸਕਦਾ ਹੈ:

(ੳ) ਸ਼ੈਲਕ ਰਚਨਾ ਰੂਪ
(ਅ) ਤਿਥੀਵਾਰਕ ਰਚਨਾ-ਰੂਪ
(ੲ) ਰਸਮੋ-ਰਿਵਾਜ ਬੋਧਕ ਰਚਨਾ-ਰੂਪ
(ਸ) ਸਦਾਚਾਰਕ ਰਚਨਾ-ਰੂਪ
(ਹ) ਭਾਵਾਤਮਕ ਰਚਨਾ-ਰੂਪ
(ਕ) ਸਿਧਾਂਤਕ ਰਚਨਾ-ਰੂਪ

ਉਪਰੋਕਤ ਵਰਗ ਵੰਡ ਦੇ ਆਧਾਰ ਤੇ ਗੁਰੂ ਅਰਜਨ ਦੇਵ ਬਾਣੀ ਵਿਚ ਆਏ ਕਾਵਿ-ਰੂਪਾਂ ਨੂੰ ਸੰਖੇਪ ਵਿਚ ਵਿਚਾਰਿਆ ਜਾਵੇਗਾ:

(ੳ) <u>ਸ਼ੈਲਕ ਰਚਨਾ-ਰੂਪ</u>

ਸ਼ੈਲਕ ਰਚਨਾ-ਰੂਪ ਦਾ ਅਰਥ ਕਾਵਿ-ਰਚਨਾ ਦੇ ਉਸ ਵਰਗ ਤੋਂ ਲਿਆ ਗਿਆ ਹੈ ਜਿਸ ਦੀ ਵਰਤੋਂ ਪਰੰਪਰਾ-ਆਧਾਰਿਤ ਜਾਂ ਪੂਰਵ-ਨਿਸ਼ਚਿਤ ਰੂਪ ਵਿਚ ਬਾਰ ਬਾਰ ਕੀਤੀ ਗਈ ਹੈ। 'ਛੰਤ' ਵੀ ਇਕ ਅਜਿਹਾ ਕਾਵਿ-ਰੂਪ ਹੈ ਜਿਸ ਦੀ ਵਰਤੋਂ ਆਦਿ-ਗੁਰੂਆਂ ਨੇ ਕੀਤੀ ਹੈ। ਪਰੰਤੂ ਇਹ ਸ਼ਬਦ ਇਕ ਵਿਸ਼ੇਸ਼ ਰਸਮ ਜੋ ਵਿਆਹ ਵੇਲੇ ਪ੍ਰਚਲਤ ਹੈ, ਦਾ ਬੋਧ ਵੀ ਕਰਾਉਂਦਾ ਹੈ। ਇਸ ਕਰਕੇ ਇਸ ਨੂੰ ਵਖਰੇ ਵਰਗ ਵਿਚ ਵਿਚਾਰਿਆ ਜਾਵੇਗਾ। ਇਸ ਸੰਦਰਭ ਵਿਚ ਗੁਰੂ ਅਰਜਨ ਦੇਵ ਰਚਿਤ ਹੇਠ ਲਿਖੇ ਕਾਵਿ-ਰੂਪਾਂ ਨੂੰ ਵਿਚਾਰਿਆ ਜਾਵੇਗਾ:

1. ਪਦੇ (ਦੁਪਦੇ, ਤਿਪਦੇ, ਚਉਪਦੇ, ਪੰਚਪਦੇ ਆਦਿ)
2. ਅਸਟਪਦੀਆਂ

3. ਸਲੋਕ
4. ਵਾਰ-ਪਉੜੀ
5. ਸਵੱਈਏ
6. ਚਉਬੋਲੇ
7. ਸੋਲਹੇ
8. ਫੁਨਹੇ

1. <u>ਪਦੇ:</u> ਗੁਰੂ ਅਰਜਨ ਦੇਵ ਜੀ ਦੀ ਬਾਣੀ ਦਾ ਜ਼ਿਆਦਾਤਰ ਭਾਗ ਪਦਿਆਂ ਵਿਚ ਹੈ। ਗੁਰੂ ਜੀ ਨੇ ਆਪਣੇ ਪੂਰਵਜਾਂ ਵਾਂਗ ਪਦਿਆਂ ਦੀ ਵਰਤੋਂ ਕਰਕੇ ਰਹੱਸਵਾਦੀ ਸਾਹਿਤ ਦੇ ਅਮੋਲ ਖਜ਼ਾਨੇ ਵਿਚ ਵਾਧਾ ਕੀਤਾ ਹੈ। ਇਹ ਪਦੇ, ਦੁਪਦੇ, ਤਿਪਦੇ, ਚਉਪਦੇ ਅਤੇ ਪੰਚਪਦੇ ਆਦਿ ਸਿਰਲੇਖਾਂ ਹੇਠ ਰਚੇ ਹਨ। ਪਦਿਆਂ ਵਿਚਲਾ ਸੰਗੀਤ, ਤਾਲ ਜਾਂ ਲੈਅ ਸਬੰਧਿਤ ਰਾਗਾਂ ਦੇ ਵਧੇਰੇ ਕਾਇਲ ਹੈ ਜੋ ਭਗਤੀ ਭਾਵ ਦੀ ਸਰੋਦੀ ਹੂਕ ਨਾਲ ਓਤਪੋਤ ਹਨ।

2. <u>ਅਸਟਪਦੀਆਂ:</u> ਅੱਠ ਪਦਿਆਂ ਦੇ ਸਮੂਹ ਨੂੰ ਅਸਟਪਦੀਆਂ ਕਿਹਾ ਗਿਆ ਹੈ। ਗੁਰੂ ਅਰਜਨ ਦੇਵ ਨੇ ਸੁਖਮਨੀ ਸਾਹਿਬ ਵਿਚ ਦਸਾਂ ਦਸਾਂ ਤੁਕਾਂ ਵਾਲੇ ਪਦਿਆਂ ਦੀਆਂ ਅਸਟਪਦੀਆਂ ਵੀ ਰਚੀਆਂ ਹਨ। ਗੁਰੂ ਅਰਜਨ ਦੇਵ ਨੇ ਕੁਲ 63 ਅਸਟਪਦੀਆਂ ਦੀ ਰਚਨਾ ਕੀਤੀ ਹੈ। ਇਹ ਅਸਟਪਦੀਆਂ ਭਾਵ-ਭਿੰਨਤਾ ਦੇ ਬਾਵਜੂਦ ਆਪਣੇ ਆਪ ਵਿਚ ਸੰਪੂਰਨ ਤੇ ਸੁਤੰਤਰ ਹੋਂਦ ਦੀ ਧਾਰਨੀ ਹਨ।

3. <u>ਸ੍ਲੋਕ:</u> ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ, ਉਸਤਤਿ ਦਾ ਨਾਮ ਸ੍ਲੋਕ ਹੈ। ਕਵਿਤਾ ਦੇ ਖੇਤਰ ਵਿਚ ਸ੍ਲੋਕ ਇਕ ਕਾਵਿ-ਭੇਦ ਹੈ।[1] ਡਾ. ਮਹਿੰਦਰ ਕੌਰ ਗਿੱਲ[2] ਮੁਤਾਬਕ ਗੁਰੂ ਅਰਜਨ ਦੇਵ ਜੀ ਨੇ ਸ੍ਲੋਕ ਦਾ ਪ੍ਰਯੋਗ ਕਾਵਿ-ਛੰਦ ਅਤੇ ਕਾਵਿ-ਰੂਪ ਦੋਵੇਂ ਅਰਥਾਂ ਵਿਚ ਕੀਤਾ ਹੈ। ਸ੍ਲੋਕ ਆਮ ਤੌਰ ਤੇ ਦੋ ਤੁਕਾਂ ਦਾ ਹੁੰਦਾ ਹੈ ਪਰੰਤੂ ਗੁਰੂ ਅਰਜਨ ਦੇਵ ਜੀ ਨੇ 2 ਤੋਂ 16 ਪੰਕਤੀਆਂ ਤਕ ਦੇ ਸ੍ਲੋਕ ਵੀ ਰਚੇ ਹਨ। ਸ੍ਲੋਕ ਇਕਹਿਰੇ ਭਾਵ ਦੀ ਅਭਿਵਿਅੰਜਨਾ ਕਰਦੇ ਹਨ ਇਸ ਕਰਕੇ ਛੋਟੇ ਤੇ ਸੁਤੰਤਰ ਨਿੱਜੀ ਹੋਂਦ ਦੇ ਧਾਰਨੀ ਹੁੰਦੇ ਹਨ।

1. <u>ਗੁਰਛੰਦ ਦਿਵਾਕਰ,</u> ਪੰਨਾ 86
2. <u>ਗੁਰੂ ਅਰਜਨ ਦੇਵ - ਜੀਵਨ ਤੇ ਬਾਣੀ,</u> ਪੰਨਾ 171

4. ਵਾਰ: ਵਾਰ ਇਕ ਪ੍ਰਾਚੀਨ ਲੋਕ-ਕਾਵਿ ਰੂਪ ਹੈ। ਇਸ ਨੂੰ ਅੰਗਰੇਜ਼ੀ ਦੇ ਬੈਲੇਡ ਨਾਲ ਤੁਲਨਾ ਦਿੱਤੀ ਜਾ ਸਕਦੀ ਹੈ। ਵਾਰ ਵਿਚ ਦੋ ਪਰਸਪਰ ਵਿਰੋਧੀ ਤੱਤਾਂ ਦੀ ਟੱਕਰ ਹੁੰਦੀ ਹੈ। ਗੁਰੂ ਅਰਜਨ ਦੇਵ ਜੀ ਨੇ ਛੇ ਵਾਰਾਂ ਦੀ ਰਚਨਾ ਕੀਤੀ ਹੈ। ਇਹਨਾਂ ਵਾਰਾਂ ਵਿਚ ਬਹੁਤੇ ਸ਼ਲੋਕ ਲਹਿੰਦੀ ਵਿਚ ਹਨ। ਮਾਰੂ ਦੀ ਵਾਰ ਵਿਚ ਸ਼ਲੋਕ ਸ਼ਬਦ ਦੀ ਥਾਂ 'ਡਖਣੇ' ਸ਼ਬਦ ਦੀ ਵਰਤੋਂ ਮਿਲਦੀ ਹੈ। ਜੈਤਸਰੀ ਦੀ ਵਾਰ ਦੀ ਮਹਾਨਤਾ ਬੋਲੀ ਦੇ ਪੱਖੋਂ ਹੈ। ਇਸ ਵਿਚ ਤਿੰਨ ਬੋਲੀਆਂ ਦੇ ਨਮੂਨੇ ਹਨ। ਪਹਿਲਾ ਸ਼ਲੋਕ ਸਹਸਕ੍ਰਿਤੀ ਵਿਚ ਦੂਜਾ ਲਹਿੰਦੀ ਵਿਚ ਅਤੇ ਪਉੜੀ ਪੂਰਬੀ ਪੰਜਾਬੀ ਵਿਚ ਹੈ। ਗੁਰੂ ਜੀ ਨੇ ਵਾਰਾਂ ਵਿਚ ਪਹਿਲੇ ਸ਼ਲੋਕ ਤੇ ਫਿਰ ਪਉੜੀ ਦੀ ਵਰਤੋਂ ਕੀਤੀ ਹੈ। ਡਾ. ਗੋਪਾਲ ਸਿੰਘ[1] ਨੇ ਪਉੜੀ ਨੂੰ ਕਵਿਤਾ ਦਾ ਹੀ ਇਕ ਭੇਦ ਮੰਨਿਆ ਹੈ।

5. ਸਵੱਈਏ: ਗੁਰੂ ਅਰਜਨ ਦੇਵ ਜੀ ਰਚਿਤ ਕੁਲ 20 ਸਵੱਈਏ ਗੁਰੂ ਗ੍ਰੰਥ ਸਾਹਿਬ ਵਿਚ ਰਾਗ-ਬੰਦਿਸ਼ ਤੋਂ ਮੁਕਤ ਬਾਣੀ ਵਿਚ ਦਰਜ ਹਨ। ਇਹ ਸਵੱਈਏ ਦੋ ਸਿਰਲੇਖਾਂ ਹੇਠ ਹਨ। ਇਕ ਵਿਚ 9 ਤੇ ਦੂਜੇ ਸਿਰਲੇਖ ਹੇਠ 11 ਸਵੱਈਏ ਹਨ। ਇਹਨਾਂ ਵਿਚ ਉਪਦੇਸ਼ਾਤਮਕ ਅੰਸ਼ ਵਧੇਰੇ ਹੈ।

6. ਚਉਬੋਲੇ: ਇਸ ਸਿਰਲੇਖ ਹੇਠ ਗੁਰੂ ਅਰਜਨ ਦੁਆਰਾ ਰਚਿਤ ਦੋ ਤੁਕੇ 11 ਸ਼ਲੋਕ ਹਨ। ਇਹਨਾਂ ਸ਼ਲੋਕਾਂ ਵਿਚ ਪ੍ਰਭੂ-ਪ੍ਰੇਮ ਦੇ ਜੋਸ਼ ਦਾ ਗਾਇਨ ਹੈ। ਭਾਈ ਕਾਹਨ ਸਿੰਘ ਨਾਭਾ[2] ਅਨੁਸਾਰ, ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਚਾਰ ਪ੍ਰੇਮੀਆਂ ਦੇ ਪਰਥਾਇ ਬੋਲ (ਵਚਨ) ਜਿਸ ਬਾਣੀ ਵਿਚ ਕਥਨ ਕੀਤੇ ਹਨ, ਉਸ ਦੀ 'ਚਉਬੋਲਾ' ਸੰਗਿਆ ਹੈ।

7. ਸੋਲਹਾ: ਗੁਰ ਛੰਦ ਦਿਵਾਕਰ[3] ਦੇ ਕਰਤਾ ਭਾਈ ਕਾਹਨ ਸਿੰਘ ਅਨੁਸਾਰ ਸੋਲ੍ਹਾਂ ਪਦਾਂ ਦਾ ਸੰਗ੍ਰਹਿ ਸੋਲਹਾ ਹੈ। ਗੁਰੂ ਅਰਜਨ ਦੇਵ ਜੀ ਨੇ ਕੇਵਲ ਮਾਰੂ ਰਾਗ ਵਿਚ ਸੋਲਹਾ ਕਾਵਿ-ਰੂਪ ਦੀ ਵਰਤੋਂ ਕੀਤੀ ਹੈ।

8. ਫੁਨਹੇ: ਭਾਈ ਕਾਹਨ ਸਿੰਘ ਨਾਭਾ ਅਨੁਸਾਰ ਫੁਨਹ ਇਕ ਛੰਦ ਹੈ ਜਿਸ ਦਾ ਦੂਸਰਾ ਨਾਮ ਫੁਨਹਾ ਹੈ।[4] ਇਸ ਕਾਵਿ ਰੂਪ ਵਿਚ ਕਿਸੇ ਇਕ ਸ਼ਬਦ ਹਰ ਬੰਦ ਵਿਚ ਮੁੜ ਮੁੜ

1. ਡਾ. ਕਰਤਾਰ ਸਿੰਘ ਸੂਰੀ, ਗੁਰੂ ਅਰਜਨ ਤੇ ਸੰਤ ਦਾਦੂ ਦਿਆਲ, ਪੰਨਾ 314
2. ਮਹਾਨ ਕੋਸ਼, ਪੰਨਾ 337
3. ਡਾ. ਬਲਬੀਰ ਸਿੰਘ, ਅਮਰ ਕਵੀ ਗੁਰੂ ਅਮਰਦਾਸ, ਪੰਨਾ 102
4. ਮਹਾਨ ਕੋਸ਼, ਪੰਨਾ 612

ਵਰਤਿਆ ਜਾਂਦਾ ਹੈ। ਗੁਰੂ ਅਰਜਨ ਦੇਵ ਜੀ ਦੀਆਂ ਫੁਟਕਲ ਰਚਨਾਵਾਂ ਵਿਚ ਇਸ ਕਾਵਿ-ਰੂਪ ਦੀ ਵਰਤੋਂ ਹੋਈ ਹੈ।

(ਅ) ਤਿਥੀਵਾਰਕ ਰਚਨਾ-ਰੂਪ:

ਗੁਰੂ ਅਰਜਨ ਰਚਿਤ ਕੁਝ ਕਾਵਿ-ਰੂਪਾਂ ਦਾ ਸਬੰਧ ਰੁੱਤਾਂ, ਤਿਥਾਂ ਅਤੇ ਮਹੀਨਿਆਂ ਨਾਲ ਹੈ। ਇਹ ਕਾਵਿ-ਰੂਪ ਲੋਕ-ਦ੍ਰਿਸ਼ਟੀ ਨੂੰ ਪੇਸ਼ ਕਰਦੇ ਹਨ। ਇਹਨਾਂ ਦਾ ਮੂਲ ਉਹਨਾਂ ਰੀਤਾਂ ਤੋਂ ਬੱਝਿਆ ਜਾਪਦਾ ਹੈ ਜੋ ਹਰ ਮਹੀਨੇ ਦੀ ਸੰਗਰਾਂਦ, ਚੰਦਰਮਾ ਦੀ ਪਹਿਲੀ ਤਿਥ ਜਾਂ ਮੌਸਮ ਦੇ ਸ਼ੁਰੂ ਵਿਚ ਕੀਤੀਆਂ ਜਾਂਦੀਆਂ ਹਨ। ਗੁਰੂ ਅਰਜਨ ਦੇਵ ਨੇ ਮਨੁੱਖ ਨੂੰ ਝੂਠੇ ਕਰਮ ਕਾਂਡਾਂ ਤੋਂ ਮੁਕਤ ਕਰਨ ਲਈ ਇਹਨਾਂ ਕਾਵਿ-ਰੂਪਾਂ ਵਿਚ ਬਾਣੀ ਰਚ ਕੇ ਮਨੁੱਖ ਨੂੰ ਅਸਲੀਅਤ ਦਾ ਬੋਧ ਕਰਾਇਆ ਹੈ। ਇਸ ਵਰਗ ਵਿਚ ਗੁਰੂ ਅਰਜਨ ਦੇਵ ਦੀ ਹੇਠ ਲਿਖੀ ਰਚਨਾਵਾਂ ਨੂੰ ਰੱਖਿਆ ਜਾ ਸਕਦਾ ਹੈ:

1. ਪਹਿਰੇ
2. ਦਿਨ ਰੈਣ
3. ਬਾਰਹਮਾਹ
4. ਰੁੱਤੀ
5. ਥਿੱਤੀ

1. ਪਹਿਰੇ: ਇਸ ਕਾਵਿ-ਰੂਪ ਦੀ ਪਰੰਪਰਾ ਗੁਰਮਤਿ ਸਾਹਿਤ ਵਿਚ ਪੁਰਾਣੀ ਚਲੀ ਆ ਰਹੀ ਸੀ। ਭਾਵ ਗੁਰੂ ਅਰਜਨ ਦੇਵ ਤੋਂ ਪਹਿਲਾਂ ਇਸ ਕਾਵਿ-ਰੂਪ ਦੀ ਵਰਤੋਂ ਹੋਈ ਹੈ। ਇਸ ਵਿਚ ਜੀਵਨ ਦੀ ਚਾਰ ਅਵਸਥਾਵਾਂ ਨੂੰ ਦਿਨ ਦੇ ਚਾਰ ਪਹਿਰਾਂ ਨਾਲ ਤੁਲਨਾ ਕੇ ਅਭਿਵਿਅਕਤ ਕੀਤਾ ਗਿਆ ਹੈ। "ਇਸ ਬਾਣੀ ਵਿਚ ਮਨੁਖ ਨੂੰ ਵਣਜਾਰਾ ਕਰਕੇ ਸੰਬੋਧਨ ਕੀਤਾ ਗਿਆ ਹੈ, ਜੋ ਰਾਤ ਕਿਧਰੇ ਪਰਦੇਸ ਵਿਚ ਕਟਦਾ ਹੈ, ਤੇ ਆਪਣੇ ਵਖਰ ਦੀ ਸੰਭਾਲ ਲਈ ਰਾਤ ਦਾ ਇਕ ਇਕ ਪਹਿਰ ਔਖਾਂ ਵਿਚੋਂ ਕਢ ਦਿੰਦਾ ਹੈ। ਮਨੁੱਖਾ ਜੀਵਨ ਨੂੰ ਰਾਤ ਕਿਹਾ ਹੈ, ਤੇ ਬਾਲਪਨ ਆਦਿ ਚਾਰ ਅਵਸਥਾਵਾਂ ਨੂੰ ਚਾਰ ਪਹਿਰੇ ਆਖਿਆ ਹੈ।"[1] ਇਹ ਬਾਣੀ ਦਿਲ ਨੂੰ ਟੁੰਬਣ ਵਾਲੀ

1. ਤੇਜਾ ਸਿੰਘ ਆਦਿ, ਸ਼ਬਦਾਰਥ, ਪੰਨਾ 74

ਰਚਨਾ ਹੈ। ਗੁਰੂ ਅਰਜਨ ਰਚਿਤ ਇਸ ਰਚਨਾ ਦੇ ਛੇ ਛੇ ਤੁਕਾਂ ਦੇ ਪੰਜ ਬੰਦ ਹਨ।

2. ਦਿਨ ਰੈਣ। ਇਸ ਸ਼ਬਦ ਦਾ ਸਿਰਲੇਖ ਦਿਨ ਰੈਣਿ ਇਸ ਲਈ ਹੈ ਕਿ ਇਸ ਵਿਚ ਮਨੁਖ ਨੂੰ ਦਿਨ ਰਾਤ ਵਿਚ ਜੋ ਜੋ ਸ਼ੁਭ ਕੰਮ ਕਰਨੇ ਚਾਹੀਦੇ ਹਨ ਉਹ ਬਿਆਨ ਕੀਤੇ ਗਏ ਹਨ।[1] ਰੂਪਾਕਾਰ ਦੀ ਦ੍ਰਿਸ਼ਟੀ ਤੋਂ ਇਹ ਰਚਨਾ ਨੌਂ, ਦਸ, ਛੇ ਅਤੇ ਨੌਂ ਪੰਕਤੀਆਂ ਦੀ ਤਰਤੀਬ ਵਿਚ ਚਾਰ ਬੰਦਾਂ ਵਿਚ ਰਚੀ ਹੈ। ਗੁਰੂ ਅਰਜਨ ਦੇਵ ਜੀ ਨੇ ਇਸ ਰਚਨਾ ਵਿਚ ਪ੍ਰਭੂ ਨੂੰ ਨਾ ਭੁਲਾਉਣ ਦਾ ਸੰਦੇਸ਼ ਦਿੱਤਾ ਹੈ। "ਜੇ ਜੀਅ ਹਰਿ ਤੇ ਵਿਛੁੜੇ ਸੇ ਸੁਖਿ ਨ ਵਸਨ ਭੈਣ" ਤੁਕ, ਗੁਰੂ ਜੀ ਦਾ ਸੰਦੇਸ਼ਾ ਸਰੋਦੀ ਤੁਕ ਦੁਆਰਾ ਅਭਿਵਿਅਕਤ ਕਰਦੀ ਹੈ। ਇਸ ਤੁਕ ਦੀ ਭਾਵੁਕਤਾ ਮਨ ਨੂੰ ਟੁੰਬਦੀ ਹੈ।

3. ਬਾਰਹਮਾਹ। ਗੁਰੂ ਅਰਜਨ ਦੇਵ ਰਚਿਤ ਇਹ ਰਚਨਾ ਵਧੇਰੇ ਉਪਦੇਸ਼ਾਤਮਕ ਹੈ। ਇਸ ਵਿਚ ਹਰ ਮਹੀਨੇ ਦੁਆਰਾ ਜੀਵ ਰੂਪੀ ਇਸਤਰੀ ਨੂੰ ਕੁਝ ਨਾ ਕੁਝ ਉਪਦੇਸ਼ ਦਿੱਤਾ ਹੈ। ਹਰ ਮਹੀਨੇ ਉਤੇ ਇਕ ਬੰਦ ਲਿਖਿਆ ਹੈ। ਸ਼ੁਰੂ ਅਤੇ ਆਖ਼ੀਰ ਵਿਚ ਇਕ ਬੰਦ ਵਾਧੂ ਹੈ। ਇਸ ਤਰ੍ਹਾਂ ਇਸ ਰਚਨਾ ਦੇ ਕੁਲ 14 ਬੰਦ ਹਨ। ਬਾਰਾਂ ਮਹੀਨਿਆਂ ਦੇ ਬਾਹਰੀ ਵਾਤਾਵਰਣ ਨੂੰ ਰੂਪਕ ਦੇ ਤੌਰ ਤੇ ਵਰਤਕੇ ਮਨੁੱਖ ਦੇ ਅੰਦਰੂਨੀ ਮਨ ਵਿਚ ਪ੍ਰਭੂ-ਪਿਆਰ ਦੀ ਸਰੋਦਕ-ਹੂਕ ਪੈਦਾ ਕੀਤੀ ਹੈ।

4. ਰੁੱਤੀ। ਇਸ ਕਵਿਤਾ ਵਿਚ ਅੱਠ ਛੰਤ ਹਨ ਅਤੇ ਛੰਤ ਤੋਂ ਪਹਿਲਾਂ ਇਕ ਸਲੋਕ ਹੈ। ਸਲੋਕ ਵਿਚਲੇ ਭਾਵ ਨੂੰ ਛੰਤ ਵਿਚ ਰੁੱਤਾਂ ਦੇ ਮਹੀਨਿਆਂ ਦੁਆਰਾ ਖੋਹਲਿਆ ਹੈ। ਹਰ ਰੁੱਤ ਵਿਚ ਦੋ ਮਹੀਨੇ ਆਉਂਦੇ ਹਨ। ਜਿਵੇਂ ਚੇਤ ਤੇ ਵੈਸਾਖ - ਬਸੰਤ ਰੁੱਤ ਵਿਚ, ਜੇਠ ਤੇ ਅਸਾੜ੍ਹ - ਗ੍ਰੀਖਮ ਰੁਤ ਵਿਚ, ਸਾਵਣ ਤੇ ਭਾਦਉ - ਬਰਖਾ ਰੁੱਤ ਵਿਚ, ਅਸੂ ਤੇ ਕੱਤਕ - ਸਰਦ ਰੁੱਤ ਵਿੱਚ, ਮਘਰ ਤੇ ਪੋਹ - ਸਿਸੀਅਰ ਰੁੱਤ ਵਿਚ ਅਤੇ ਮਾਘ ਤੇ ਫਗਣ - ਹਿਮਕਰ ਰੁੱਤ ਵਿਚ। ਗੁਰੂ ਜੀ ਨੇ ਇਸ ਕਵਿਤਾ ਵਿਚ, ਹਰ ਰੁੱਤ ਅਤੇ ਉਸਦੇ ਸੁਭਾਅ ਦਾ ਨਿਆਰਾ ਕਰਕੇ ਪ੍ਰਭੂ-ਪ੍ਰੇਮ ਤੇ ਪ੍ਰਭੂ-ਮਿਲਾਪ ਲਈ ਪ੍ਰੇਰਨਾ ਕੀਤੀ ਹੈ।

---

1. ਮਹਾਨ ਕੋਸ਼, ਪੰਨਾ 458

5. <u>ਥਿੱਤੀ:</u> ਭਾਈ ਕਾਹਨ ਸਿੰਘ ਨਾਭਾ ਅਨੁਸਾਰ ਤਿਥਿ ਦਾ ਉਲਟ ਥਿਤਿ ਹੈ।[1] ਚੰਦਰਮਾ ਦੇ ਹਿਸਾਬ ਨਾਲ ਗਿਣੀਆਂ ਜਾਣ ਵਾਲੀਆਂ 15 ਥਿੱਤਾਂ ਨੂੰ ਲੈ ਕੇ ਗੁਰੂ ਅਰਜਨ ਦੇਵ ਨੇ ਆਪਣੇ ਅਧਿਆਤਮਕ ਵਿਚਾਰਾਂ ਦੀ ਅਭਿਵਿਅੰਜਨਾ ਕੀਤੀ ਹੈ। ਇਸ ਰਚਨਾ ਵਿਚ 17 ਪਉੜੀਆਂ ਅਤੇ 17 ਸ਼ਲੋਕ ਹਨ।

## (ੲ) ਰਸਮੋ-ਰਿਵਾਜ ਬੋਧਕ ਰਚਨਾ-ਰੂਪ ।

ਗੁਰੂ ਅਰਜਨ ਰਚਿਤ ਬਾਣੀ ਦੀ ਨਾਮਾਵਲੀ ਵਿਚ ਕੁਝ ਕਾਵਿ-ਰੂਪ ਕਿਸੇ ਨਾ ਕਿਸੇ ਸੰਸਕਾਰ, ਰਸਮ ਜਾਂ ਰਿਵਾਜ ਨਾਲ ਸਬੰਧਿਤ ਹਨ। ਪਰੰਤੂ ਗੁਰੂ ਜੀ ਨੇ ਇਹਨਾਂ ਰੂਪਾਂ ਵਿਚ ਨਾਂ ਤਾਂ ਅਲੋਚਨਾ ਵਿਧੀ ਅਪਣਾਈ ਅਤੇ ਨਾ ਹੀ ਤਤਕਾਲੀਨ ਪ੍ਰਚਲਿਤ ਰਸਮਾਂ ਜਾਂ ਰਿਵਾਜਾਂ ਦਾ ਵਿਰੋਧ ਕਰਦੇ ਹਨ। ਉਹ ਤਾਂ ਬਸ ਆਪਣਾ ਮੱਤ ਹੀ ਪੇਸ਼ ਕਰਦੇ ਹਨ। ਇਸ ਵਰਗ ਵਿਚ ਉਹਨਾਂ ਦੇ ਹੇਠ ਲਿਖੇ ਕਾਵਿ-ਰੂਪਾਂ ਨੂੰ ਵਿਚਾਰਿਆ ਜਾ ਸਕਦਾ ਹੈ:

1. ਛੰਤ
2. ਅੰਜੁਲੀਆਂ
3. ਮੁੰਦਾਵਣੀ

1. <u>ਛੰਤ:</u> ਛੰਤ ਇਕ ਲੋਕ-ਪ੍ਰਿਯ ਕਾਵਿ-ਰੂਪ ਹੈ। ਜਿਸ ਨੂੰ ਆਮ ਬੋਲਚਾਲ ਵਿਚ ਛੰਦ ਕਹਿ ਦਿੱਤਾ ਜਾਂਦਾ ਹੈ। ਲੜਕੀ ਦੇ ਵਿਆਹ ਸਮੇਂ ਪੇਕੇ ਘਰ ਤੀਵੀਆਂ ਵਲੋਂ ਲੰਮੀ ਹੇਕ ਵਿਚ ਗਾਇਆ ਜਾਂਦਾ ਹੈ। ਇਸ ਕਰਕੇ ਇਕ ਵਿਸ਼ੇਸ਼ ਰਸਮ ਦਾ ਸੂਚਕ ਹੈ। ਗੁਰੂ ਅਰਜਨ ਦੇਵ ਜੀ ਨੇ ਪਤੀ-ਪਤਨੀ ਦੇ ਅਨੋਖੇ ਰਿਸ਼ਤੇ ਦੇ ਪ੍ਰਤੀਕਾਂ ਦੁਆਰਾ ਆਤਮਕ-ਭੇਤਾਂ ਨੂੰ ਛੰਤਾਂ ਵਿਚ ਅਭਿਵਿਅਕਤ ਕੀਤਾ ਹੈ।

2. <u>ਅੰਜੁਲੀਆਂ:</u> ਭਾਈ ਕਾਹਨ ਸਿੰਘ ਨਾਭਾ[2] ਨੇ ਅੰਜੁਲੀ ਦਾ ਸਬੰਧ ਪਿਤਰ ਜਾਂ ਦੇਵਤਾ ਨੂੰ ਅਰਪਣ ਕੀਤੀ ਪਾਣੀ ਦੀ ਚੁਲੀ ਨਾਲ ਜੋੜਿਆ ਹੈ। ਇਹ ਕਾਵਿ-ਰੂਪ ਕੇਵਲ ਗੁਰੂ ਅਰਜਨ ਦੇਵ

---

1. <u>ਮਹਾਨ ਕੋਸ਼</u>, ਪੰਨਾ 458
2. ਉਹੀ, ਪੰਨਾ 85

ਜੀ ਨੇ ਹੀ ਵਰਤਿਆ ਹੈ। ਰੂਪਾਕਾਰ ਪੱਖੋਂ ਗੁਰੂ ਸਾਹਿਬ ਰਚਿਤ ਦੋਵੇਂ ਅੰਜੁਲੀਆਂ ਤਿੰਨ ਤਿੰਨ ਤੁਕਾਂ ਵਾਲੇ ਪੰਜ ਪੰਜ ਪਦਾਂ ਦੀਂ ਧਾਰਨੀ ਹਨ। ਗੁਰੂ ਜੀ ਨੇ ਪਹਿਲੀ ਅੰਜੁਲੀ ਵਿਚ ਜੀਵ ਨੂੰ ਮਾਇਆ-ਮੋਹ ਤੋਂ ਉਚਾ ਉਠਣ ਦਾ ਉਪਦੇਸ਼ ਕੀਤਾ ਹੈ। ਦੂਜੀ ਅੰਜੁਲੀ ਵਿਚ ਸੰਸਾਰ ਨੂੰ ਬ੍ਰਿਖ ਨਾਲ ਉਪਮਾਇਆ ਹੈ। ਜਿਵੇਂ ਸੂਰਜ ਉਦੇ ਹੋਣ ਨਾਲ ਪੰਛੀ ਬ੍ਰਿਖ ਤੋਂ ਉਡ ਜਾਂਦੇ ਹਨ ਤਿਵੇਂ ਹੀ ਜਗਤ-ਰੂਪੀ ਬ੍ਰਿਛ ਉਤੇ ਬੈਠੇ ਅਨੇਕਾਂ ਮਨੁੱਖ ਮੌਤ-ਰੂਪੀ ਸੂਰਜ ਉਦੇ ਹੋਣ ਨਾਲ ਸੰਸਾਰ ਤੋਂ ਕੂਚ ਕਰ ਜਾਂਦੇ ਹਨ। ਪ੍ਰਭੂ-ਭਾਣਾ ਮੰਨਣ ਦਾ ਉਪਦੇਸ਼ ਅੰਤ ਵਿਚ ਕੀਤਾ ਹੈ।

3. ਮੁੰਦਾਵਣੀ: ਭਾਈ ਕਾਹਨ ਸਿੰਘ ਨਾਭਾ ਅਨੁਸਾਰ 'ਮੁੰਦਾਵਣੀ ਮ: 5' ਸਿਰਲੇਖ ਹੇਠ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਭੋਗ ਉਪਰੰਤ ਪਾਠ ਹੈ, ਜਿਸ ਦਾ ਭਾਵ ਅੰਤਿਮ ਮੁਹਰਛਾਪ ਹੈ। ਸਮਾਪਤੀ ਪਰ ਮੁਦ੍ਰਾਕਣ ਕਰਕੇ ਇਹ ਉਪਦੇਸ਼ ਹੈ ਕਿ ਇਥੇ ਧਰਮ ਗ੍ਰੰਥ ਦੇ ਪਾਠ ਦਾ ਭੋਗ ਹੈ।[1] ਡਾ. ਮਹਿੰਦਰ ਕੌਰ ਗਿੱਲ[2] ਅਨੁਸਾਰ ਮੁੰਦਾਵਣੀ ਇਕ ਰੀਤ ਹੈ ਜੋ ਧਨੀ ਪੋਠੋਹਾਰ ਵਿਚ ਜੰਞ ਦੇ ਰੋਟੀ ਖਾਣ ਸਮੇਂ ਥਾਲੀ ਬੰਨ੍ਹ ਕੇ ਕੀਤੀ ਜਾਂਦੀ ਸੀ। ਇਹ ਰੀਤ ਕੇਂਦਰੀ ਪੰਜਾਬ ਵਿਚ ਜੰਞ ਬੰਨ੍ਹਣ ਦੀ ਰੀਤ ਨਾਲ ਮੇਲ ਖਾਂਦੀ ਹੈ।

ਗੁਰੂ ਸਾਹਿਬ ਨੇ ਇਸ ਕਾਵਿ-ਰੂਪ ਵਿਚ ਗੁਰੂ ਗ੍ਰੰਥ ਸਾਹਿਬ ਨੂੰ ਥਾਲ ਕਿਹਾ ਹੈ ਜਿਸ ਵਿਚ ਸਤਿ, ਸੰਤੋਖ ਤੇ ਨਾਮ ਜੋ ਕੁਲ ਸੰਸਾਰ ਦਾ ਆਸਰਾ ਹਨ, ਰੱਖੇ ਗਏ ਹਨ। ਜੋ ਕੋਈ ਇਸ ਗ੍ਰੰਥ ਦੀ ਵਿਚਾਰ ਕਰੇਗਾ, ਪੜ੍ਹੇਗਾ, ਉਸ ਦਾ ਅਪਾਰ ਭਾਵ ਕਲਿਆਣ ਹੋਵੇਗਾ।

### (ਸ) ਸਦਾਚਾਰਕ ਰਚਨਾ-ਰੂਪ।

ਇਸ ਵਰਗ ਵਿਚ ਗੁਰੂ ਅਰਜਨ ਰਚਿਤ ਕਾਵਿ-ਰੂਪ 'ਗੁਣਵੰਤੀ' ਨੂੰ ਵਿਚਾਰਿਆ ਜਾ ਸਕਦਾ ਹੈ। ਗੁਰੂ ਨਾਨਕ ਦੇਵ ਨੇ ਕੁਚੱਜੀ ਤੇ ਸੁਚੱਜੀ ਪ੍ਰਤੀਕਾਂ ਦੀ ਵਰਤੋਂ ਦਾ ਪ੍ਰਯੋਗ ਕਰਕੇ ਕਾਵਿ-ਰੂਪ ਰਚੇ ਹਨ। ਗੁਰੂ ਅਰਜਨ ਦੇਵ ਜੀ ਨੇ 'ਗੁਣਵੰਤੀ' ਇਸਤ੍ਰੀ ਦੇ ਪ੍ਰਤੀਕ ਵਜੋਂ ਵਰਤੋਂ ਕੀਤੀ ਹੈ। ਇਹ ਲਘੂ ਅਕਾਰੀ ਰਚਨਾ ਹੈ ਜਿਸ ਦੀਆਂ ਕੁਲ ਤੇਰਾਂ ਪੰਗਤੀਆਂ ਹਨ। ਇਸ ਰਚਨਾ ਵਿਚ ਸੰਬਾਦੀ ਸੁਰ ਤਿਖੇਰਾ ਤੇ ਉਚੇਰਾ ਹੈ। ਇਸ ਵਿਚ ਪ੍ਰਭੂ-ਮਿਲਾਪ ਲਈ ਸੰਬਾਦ ਹੈ। ਜਿਸ ਦੀ

1. ਮਹਾਨ ਕੋਸ਼, ਪੰਨਾ 739
2. ਆਦਿ ਗ੍ਰੰਥ ਲੋਕ-ਰੂਪ, ਪੰਨਾ 86

ਰਹਿਨੁਮਾਈ ਗੁਰਸਿਖ ਵਲੋਂ ਕੀਤੀ ਗਈ ਹੈ।

(ਚ) <u>ਭਾਵਾਤਮਕ ਰਚਨਾ-ਰੂਪ</u> :

ਇਸ ਵਰਗ ਵਿਚ 'ਬਿਰਹੜੇ' ਕਾਵਿ-ਰੂਪ ਨੂੰ ਵਿਚਾਰਿਆ ਜਾ ਸਕਦਾ ਹੈ। ਵਿਛੋੜੇ ਦੇ ਗੀਤ ਨੂੰ ਪੰਜਾਬੀ ਵਿਚ ਬਿਰਹਾ ਜਾਂ ਬਿਰਹੜਾ ਕਹਿੰਦੇ ਹਨ।[1] ਇਸ ਤਰ੍ਹਾਂ ਬਿਰਹੜੇ ਦਾ ਨਿਕਾਸ ਬਿਰਹਾ ਵਿਚੋਂ ਹੈ ਅਤੇ ਇਸ ਦਾ ਭਾਵ ਵਿਛੋੜਾ ਅਤੇ ਇਸ ਦਾ ਸਨ ਹੈ। ਗੁਰੂ ਅਰਜਨ ਦੇਵ ਬਾਣੀ ਵਿਚ ਇਸ ਕਾਵਿ-ਰੂਪ ਦਾ ਸਿਰਲੇਖ, 'ਆਸਾ ਮਹੱਲਾ 5 ਬਿਰਹੜੇ ਘਰ 4 ਛੰਤਾ ਕੀ ਜਤਿ' ਕਰਕੇ ਆਇਆ ਹੈ। ਇਸ ਰਚਨਾ ਵਿਚ ਉਨ੍ਹਾਂ ਸਾਧਨਾਂ ਦਾ ਜ਼ਿਕਰ ਹੈ ਜਿਹਨਾਂ ਰਾਹੀਂ ਬਿਰਹਾ ਦੂਰ ਹੋ ਸਕਦਾ ਹੈ। ਇਹ ਰਚਨਾ ਰੂਪ ਨਿਰਾ ਭਾਵਾਤਮਕ ਹੈ।

(ਛ) <u>ਸਿਧਾਂਤਕ ਰਚਨਾ-ਰੂਪ</u>:

ਇਸ ਵਰਗ ਵਿਚ ਗੁਰੂ ਅਰਜਨ ਦੁਆਰਾ ਰਚਿਤ ਸਿੱਖ ਧਰਮ ਦੀਆਂ ਕੁਝ ਵੱਡੀਆਂ ਬਾਣੀਆਂ ਵਿਚੋਂ 'ਸੁਖਮਨੀ' ਤੇ 'ਬਾਵਨ ਅੱਖਰੀ' ਨੂੰ ਵਿਚਾਰਿਆ ਜਾ ਸਕਦਾ ਹੈ। ਇਹ ਦਾਰਸ਼ਨਿਕ ਤੇ ਅਧਿਆਤਮਕ ਕਾਵਿ-ਰਚਨਾਵਾਂ ਹਨ ਜਿਹਨਾਂ ਵਿਚ ਗੁਰਮਤ ਦੇ ਵੱਡੇ ਸਿਧਾਂਤਾਂ ਨੂੰ ਵਿਆਖਿਆਇਆ ਗਿਆ ਹੈ।

1. <u>ਸੁਖਮਨੀ</u>: ਇਹ ਰਚਨਾ ਗੁਰੂ ਅਰਜਨ ਦੇਵ ਰਚਿਤ ਪ੍ਰਸਿਧ ਕਾਵਿ-ਰਚਨਾ ਹੈ। ਇਹ ਵਿਚਾਰ ਪ੍ਰਧਾਨ ਬਾਣੀ ਹੈ। ਇਸ ਵਿਚ 24 ਸ਼ਲੋਕ ਤੇ 24 ਅਸ਼ਟਪਦੀਆਂ ਹਨ। ਹਰ ਅਸ਼ਟਪਦੀ ਵਿਚ ਦਸ ਪੰਕਤੀਆਂ ਦੀਆਂ 8-8 ਪਉੜੀਆਂ ਹਨ। ਹਰ ਪਉੜੀ ਤੋਂ ਪਹਿਲਾਂ ਇਕ ਸ਼ਲੋਕ ਦਿੱਤਾ ਹੈ। ਇਸ ਵਿਚ ਵਿਸ਼ੇ ਵਜੋਂ ਵੀ ਕੋਈ ਵਿਸ਼ੇਸ਼ ਪ੍ਰਬੰਧ ਨਹੀਂ ਦਿਸਦਾ। ਸਿਮਰਨ ਨਾਮ ਤੋਂ ਛੁਟ ਕਰਮ-ਕਾਂਡ ਦੀ ਨਿਖੇਧੀ, ਸੰਤ-ਸਾਧ ਤੇ ਬ੍ਰਹਮ ਗਿਆਨੀ ਦੀ ਪ੍ਰਸ਼ੰਸਾ, ਸੰਸਾਰ ਰਚਨਾ ਤੋਂ ਪਹਿਲਾਂ ਦੀ ਹਾਲਤ ਆਦਿਕ ਭਿੰਨ ਭਿੰਨ ਅਸ਼ਟਪਦੀਆਂ ਦੇ ਵਿਸ਼ੇ ਹਨ।

---

1. ਡਾ. ਮਹਿੰਦਰ ਕੌਰ ਗਿੱਲ, <u>ਗੁਰੂ ਅਰਜਨ ਜੀਵਨ ਤੇ ਬਾਣੀ,</u> ਪੰਨਾ 174

ਸੁਖਮਨੀ ਵਿਚ ਤੁਕਾਂ ਦਾ ਦੁਹਰਾਓ ਅਜਬ ਸਰੋਦ ਪੈਦਾ ਕਰਦਾ ਹੈ। ਹਰ ਇਕ ਤੁਕ ਇਕ ਨਵਾਂ ਸਰੋਦਕ-ਚਿੱਤਰ ਉਘਾੜਦੀ ਹੈ। ਸੁਖਮਨੀ ਦੀ ਹਰ ਅਸ਼ਟਪਦੀ ਆਪਣੇ ਆਪ ਵਿਚ ਸੁਤੰਤਰ ਹੋਣ ਦਾ ਭਾਉਲਾ ਵੀ ਪਾਉਂਦੀ ਹੈ ਜਿਸ ਕਰਕੇ ਭਾਵਾਂ ਦੀ ਭਿੰਨਤਾ ਰਸ ਵਿਚ ਘਾਟ ਨਹੀਂ ਪੈਦਾ ਹੋਣ ਦਿੰਦੀ।

2. <u>ਬਾਵਨ-ਅੱਖਰੀ</u>: ਗਉੜੀ ਰਾਗ ਵਿਚ ਕਬੀਰ ਜੀ ਤੇ ਗੁਰੂ ਅਰਜਨ ਦੇਵ ਰਚਿਤ ਦੋ ਬਾਵਨ ਅੱਖਰੀਆਂ ਹਨ। ਗੁਰੂ ਅਰਜਨ ਦੇਵ ਦੁਆਰਾ ਰਚਿਤ ਬਾਵਨ ਅੱਖਰੀ ਦੀਆਂ 55 ਪਉੜੀਆਂ ਅਤੇ 56 ਸ਼ਲੋਕ ਹਨ। ਬਾਵਨ ਅੱਖਰੀ ਇਕ ਲੰਮੇਰੀ ਰਚਨਾ ਹੋਣ ਦੇ ਨਾਤੇ ਗੁਰਮਤਿ ਦਰਸ਼ਨ ਨੂੰ ਆਪਣੇ ਕਲਾਵੇ ਵਿਚ ਲੈ ਲੈਂਦੀ ਹੈ। ਵਿਸ਼ੇ ਕਰਮ ਅਨੁਸਾਰ ਇਸ ਵਿਚ ਵੀ ਨਿਰੰਤਰਤਾ ਨਹੀਂ। ਇਸ ਵਿਚ ਦੇਵਨਾਗਰੀ ਦੇ ਵਰਣ-ਕਰਮ ਨੂੰ ਲੈ ਕੇ ਅਧਿਆਤਮਕ ਵਿਚਾਰਾਂ ਦੀ ਅਭਿਵਿਅੰਜਨਾ ਕੀਤੀ ਗਈ ਹੈ। ਸੰਗੀਤਾਤਮਕਤਾ, ਸਰਲਤਾ ਤੇ ਸਪਸ਼ਟਤਾ ਇਸ ਬਾਣੀ ਦੇ ਵਿਸ਼ੇਸ਼ ਲੱਛਣ ਹਨ।

ਅੰਤ ਵਿਚ ਕਿਹਾ ਜਾ ਸਕਦਾ ਹੈ ਕਿ ਗੁਰੂ ਅਰਜਨ ਰਚਿਤ ਪਦਿਆਂ, ਅਸ਼ਟਪਦੀਆਂ ਅਤੇ ਛੰਤਾਂ ਜਿਹਨਾਂ ਵਿਚ ਸਰੋਦੀ ਹੂਕ ਉਭਰੀ ਹੈ, ਆਤਮ-ਉਸਾਰੀ ਨਾਲ ਸਬੰਧਿਤ ਹਨ। ਕੁਝ ਕਾਵਿ-ਰੂਪ ਰਸਮੋ-ਰਿਵਾਜ ਦਾ ਬੋਧ ਕਰਾਉਂਦੇ ਹਨ ਪਰੰਤੂ ਇਹਨਾਂ ਦਾ ਸੰਬੰਧ ਭਾਵ-ਪ੍ਰਗਟਾਓ ਨਾਲ ਹੈ। ਬਿਰਹੜੇ ਦਾ ਨਿਕਾਸ ਬਿਰਹਾ ਵਿਚੋਂ ਹੈ। ਗੁਰੂ ਜੀ ਨੇ ਭਿੰਨ ਭਿੰਨ ਕਾਵਿ-ਸਿਰਲੇਖਾਂ ਹੇਠ ਸ਼ਬਦ ਰਚੇ ਹਨ ਜੋ ਪ੍ਰਭੂ-ਪ੍ਰੇਮ ਦੇ ਬਹੁਤ ਸੁੰਦਰ ਗੀਤ ਹਨ।

3. <u>ਭਾਵ ਪੱਖ ਵਰਗੀਕਰਣ</u>

ਕਵਿਤਾ ਵਿਚ ਭਾਵ-ਤੱਤ ਹਰ ਪੱਧਰ ਤੇ ਮੌਜੂਦ ਰਹਿੰਦੇ ਹਨ। ਜਜ਼ਬਾਤ ਤੋਂ ਸੱਖਣੀ ਕੋਈ ਕਾਵਿ-ਰਚਨਾ ਅਸੰਭਵ ਹੈ। ਕਵੀ ਦੇ ਜ਼ਿਹਨ ਵਿਚ ਜੋ ਜਜ਼ਬਾਤ ਉਠਦੇ ਹਨ ਉਹਨਾਂ ਦੀ ਅਭਿਵਿਅੰਜਨਾ ਉਹ ਕਾਵਿ-ਕਲਾ ਦੁਆਰਾ ਕਰਦਾ ਹੈ। ਭਾਵ ਦੇ ਵਿਆਪਕ ਅਰਥ ਵਿਚ ਤਾਂ ਸਾਰੀ ਰਸ-ਸਮੱਗਰੀ ਅਤੇ ਹੋਰ ਰਸ ਵੀ ਆ ਜਾਂਦੇ ਹਨ ਜਿਹਨਾਂ ਦੀ ਵਿਸਤਾਰ ਸਹਿਤ ਵਿਆਖਿਆ ਇਸ ਸ਼ੋਧ-ਪ੍ਰਬੰਧ ਦੇ ਪੰਜਵੇਂ ਅਧਿਆਇ ਵਿਚ ਕੀਤੀ ਗਈ ਹੈ। ਪਰੰਤੂ ਕਵਿਤਾ ਵਿਚ ਭਾਵ ਦੀ ਇਕ ਖ਼ਾਸ ਅਰਥ ਵਿਚ ਵੀ ਵਰਤੋਂ ਹੁੰਦੀ ਹੈ। ਇਸ ਭਾਵ-ਤਤ ਦਾ ਸਬੰਧ ਉਹਨਾਂ ਪ੍ਰਗਟਾਵਿਆਂ ਨਾਲ ਹੈ, ਜਿਹੜੇ

ਕਵੀ ਦੇ ਹਿਰਦੇ ਵਿਚ ਸਮਾਜ ਦੀ ਪ੍ਰਤਿਕ੍ਰਿਆ ਸਰੂਪ ਉਤਪੰਨ ਹੁੰਦੇ ਹਨ।[1] ਪੱਛਮੀ ਵਿਦਵਾਨਾਂ ਨੇ ਵੀ ਇਸ ਭਾਵ-ਤੱਤ ਦੀ ਮਹੱਤਤਾ ਬਾਰੇ ਆਪਣੇ ਵਿਚਾਰ ਅਭਿਵਿਅਕਤ ਕੀਤੇ ਹਨ। ਹਡਸਨ ਅਨੁਸਾਰ, "ਭਾਵ ਤੇ ਕਲਪਨਾ ਦੇ ਮਾਧਿਅਮ ਨਾਲ ਜੀਵਨ ਦੀ ਵਿਆਖਿਆ ਕਾਵਿ ਹੈ।"[2]

ਭਾਵ-ਜਗਤ ਬੜਾ ਭਰਪੂਰ ਹੈ। ਮਨੁੱਖੀ ਮਨ ਵਿਚ ਕਦੇ ਇਕ ਭਾਵ ਦੀ ਚਮਤਕਾਰਪੂਰਣ ਸ੍ਰਿਸ਼ਟੀ ਹੋ ਜਾਂਦੀ ਹੈ, ਕਦੇ ਚਮਤਕਾਰ ਦੇ ਨਾਲ ਦੂਸਰੇ ਭਾਵ ਦਾ ਉਦੈ ਹੋ ਜਾਂਦਾ ਹੈ। ਕਦੇ ਦੋ ਭਾਵ ਇਕਠੇ ਮਨ ਵਿਚ ਰਹਿਕੇ ਅੰਤਰ ਖੇਲ ਕਰਦੇ ਹਨ। ਇਸ ਤਰ੍ਹਾਂ ਭਾਵ ਬਹੁ ਪ੍ਰਕਾਰੀ ਹਨ। ਡਾ. ਹਰਭਜਨ ਸਿੰਘ ਅਨੁਸਾਰ "ਲੌਨਜਾਈਨਸ ਦਾ ਸਪਸ਼ਟ ਮਤ ਹੈ ਕਿ ਆਵੇਗ ਅਨੇਕ ਹਨ, ਸਗੋਂ ਅਣਗਿਣਤ ਹਨ, ਉਹਨਾਂ ਦੀ ਗਿਣਤੀ ਕਰਾਉਣਾ ਸਾਡੀ ਸ਼ਕਤੀ ਤੋਂ ਪਰੇ ਹੈ।"[3] ਲੌਨਜਾਈਨਸ ਅਨੁਸਾਰ "ਭਾਵ ਦੇ ਪ੍ਰਕਾਰ ਤੇ ਮਾਤਰਾ ਦਾ ਨਿਰਣਾ ਵਸਤੂ ਹੀ ਕਰਦੀ ਹੈ। ਕਿਉਂਕਿ ਵਸਤਾਂ ਅਨੇਕ ਹਨ ਅਤੇ ਹਰ ਵਸਤੂ ਅਨੂਠੀ ਪ੍ਰਕਾਰ ਦਾ ਭਾਵ (ਪ੍ਰਭਾਵ) ਜਗਾਉਂਦੀ ਹੈ, ਇਸ ਲਈ ਭਾਵਾਂ ਦੀ ਅਨੇਕਤਾ ਸੁਤਹ-ਸਿਧ ਹੈ।"[4] ਇਸੇ ਤਰ੍ਹਾਂ ਪੱਛਮੀ ਅਚਾਰੀਆ ਅਲੈਕਸ ਪਰਮਿੰਗਰ[5] ਦੇ ਭਾਵਾਂ ਬਾਰੇ ਵਿਚਾਰਾਂ ਤੋਂ ਵੀ ਭਾਵਾਂ ਬਾਰੇ ਕੋਈ ਠੋਸ ਜਾਣਕਾਰੀ ਨਹੀਂ ਮਿਲਦੀ। ਉਹ ਸਾਧਾਰਨ ਪਛਾਣ ਵਿਚ ਭਾਵਾਂ ਦੀ ਗਿਣਤੀ ਦਰਜਨ ਕੁ ਦਸਦੇ ਹਨ।

---

1. ਕਾਲਾ ਸਿੰਘ ਬੇਦੀ, ਗੁਰੂ ਨਾਨਕ ਕਾਵਿ-ਕਲਾ, ਪੰਨਾ 16
2. ਉਹੀ, ਪੰਨਾ 14
3. ਡਾ. ਹਰਭਜਨ ਸਿੰਘ, ਲੌਨਜਾਈਨਸ - ਉਦਾਤ ਬਾਰੇ, ਪੰਨਾ 35
4. ਉਹੀ, ਪੰਨਾ 35
5. "There are of course only a limited number of emotions, perhaps a dozen in common recognition."
   Princeton Encyclopaedia of Poetry and Poetics, p. 219

ਪਰੰਤੂ ਭਾਰਤੀ ਕਾਵਿ-ਸ਼ਾਸਤ੍ਰ ਵਿਚ ਭਾਵਾਂ ਦੀ ਕੁਝ ਨਿਸ਼ਚਿਤ ਗਿਣਤੀ ਮੰਨੀ ਗਈ ਹੈ। ਭਾਰਤੀ ਕਾਵਿ-ਸ਼ਾਸਤ੍ਰ ਵਿਚ ਵਿਭਾਵ, ਅਨੁਭਵ ਅਤੇ ਸੰਚਾਰੀ ਭਾਵ ਮੰਨੇ ਗਏ ਹਨ। ਇਹਨਾਂ ਭਾਵਾਂ ਦੀ ਵੀ ਅਗੋਂ ਵਰਗ-ਵੰਡ ਕੀਤੀ ਗਈ ਹੈ। ਜਿਵੇਂ ਵਿਭਾਵ ਨੂੰ ਆਲੰਬਨ ਤੇ ਉਦੀਪਨ ਦੇ ਪ੍ਰਕਾਰ ਦੇ ਭਾਵਾਂ ਵਿਚ ਵੰਡਿਆ ਹੈ। ਅਨੁਭਾਵ ਚਾਰ ਪ੍ਰਕਾਰ ਦੇ ਮੰਨੇ ਗਏ ਹਨ।[1] ਜਿਵੇਂ, (1) ਕਾਇਕ (ਸਰੀਰਕ), (2) ਮਾਨਸਿਕ (ਮਨ ਨਾਲ ਸਬੰਧਿਤ), (3) ਆਹਾਰਜ (ਬਣੌਟੀ ਪਹਿਰਾਵ), (4) ਸਾਤਵਿਕ (ਸਰੀਰ ਦੇ ਸੁਭਾਵਕ ਤੇ ਕੁਦਰਤੀ ਅੰਗ ਵਿਕਾਰ) ਸੰਚਾਰੀ ਭਾਵਾਂ ਨੂੰ ਵਿਭਚਾਰੀ ਭਾਵ ਕਿਹਾ ਗਿਆ ਹੈ।[2] ਇਹਨਾਂ ਭਾਵਾਂ ਦੀ ਗਿਣਤੀ ਤੇਤੀ ਦਸੀ ਹੈ।[3] ਜਿਵੇਂ, 1. ਨਿਰਵੇਦ, 2. ਆਵੇਗ, 3. ਦੈਨਯ, 4. ਸ਼੍ਰਮ, 5. ਮਦ, 6. ਜੜਤਾ, 7. ਉਗ੍ਰਤਾ, 8. ਮੋਹ, 9. ਵਿਬੋਧ, 10. ਸੁਪਨਾ, 11. ਅਪਸਮਾਰ (ਮੂਰਛਾ), 12. ਗਰਵ (ਮਾਣ), 13. ਮਰਣ, 14. ਆਲਸ, 15. ਅਮਰਸ਼, 16. ਨੀਂਦ, 17. ਅਵਹਿੱਥ, 18. ਔਤਸੁਕਯ (ਉਤਸੁਕਤਾ), 19. ਉਨਮਾਦ (ਨੀਮਪਾਗਲਪਣ), 20. ਸ਼ੰਕਾ, 21. ਸਿਮ੍ਰਤੀ, 22. ਮਤੀ (ਬੁਧੀ), 23. ਬਿਆਧੀ, 24. ਤ੍ਰਾਸ (ਡਰ), 25. ਵ੍ਰੀੜਾ (ਸੰਗਾਂ), 26. ਹਰਸ਼ (ਖੁਸ਼ੀ), 27. ਅਸੂਯਾ (ਈਰਖਾ), 28. ਵਿਸ਼ਾਦ (ਦੁਖ), 29. ਧ੍ਰਿਤੀ (ਧੀਰਜ), 30. ਚਪਲਤਾ, 31. ਗਲਾਨੀ, 32. ਚਿੰਤਾ, 33. ਵਿਤਰਕ।

ਗੁਰੂ ਅਰਜਨ ਬਾਣੀ ਵਿਚ ਭਾਵ, ਵਿਭਾਵ, ਅਨੁਭਾਵ, ਸੰਚਾਰੀ, ਸਥਾਈ, ਮਨੋਭਾਵ, ਹਾਸ, ਭੈ, ਘ੍ਰਿਣਾ, ਵਾਤਸਲਯ, ਸ਼ੁਭ ਤੇ ਉਤਸ਼ਾਹ ਦੀ ਮੁਹਰ ਆਦਿ ਵਿਦਮਾਨ ਹਨ। ਸੇਵਾ, ਪ੍ਰੇਮ, ਦਰਸ਼ਨਾਂ ਦੀ ਤਾਂਘ, ਮਿਲਣ ਦੀ ਵਿਲਕਣੀ, ਵਿਯੋਗ ਸੰਜੋਗ ਦਾ ਚਿਤ੍ਰਣ, ਗੁਰੂ-ਕ੍ਰਿਪਾ, ਪਰਮਾਤਮਾ ਦਾ ਸਰੂਪ, ਹੁਕਮ ਵਿਧਾਨ ਸ੍ਰਿਸ਼ਟੀ ਰਚਨਾ ਆਦਿ ਨੂੰ ਭਾਵਮਈ ਕਾਵਿ ਸ਼ੈਲੀ ਵਿਚ ਰੂਪਮਾਨ ਕੀਤਾ ਮਿਲਦਾ ਹੈ। ਪਰੰਤੂ ਗੁਰੂ ਜੀ ਦੀ ਬਾਣੀ ਵਿਚ ਆਏ ਭਾਵਾਂ ਨੂੰ ਜਗਾਉਣ ਵਾਲੀਆਂ ਵਸਤਾਂ ਭਾਵੇਂ ਕੋਈ ਹੋਣ, ਉਹ ਭਾਵਾਂ ਦੀ ਲੜੀ ਨੂੰ ਆਲੰਬਨ ਰੂਪ ਵਿਚ ਪਰਮਾਤਮਾ ਦੇ ਸੰਦਰਭ ਵਿਚ ਜੋੜ ਕੇ ਭਗਤੀ ਭਾਵ ਨੂੰ ਪ੍ਰਗਟ ਕਰਦੀਆਂ ਹਨ। ਗੁਰਬਾਣੀ ਦੀ ਭਾਵਾਤਮਕ ਮਨੋਬਿਰਤੀ

---

1. ਡਾ. ਪ੍ਰੇਮ ਪ੍ਰਕਾਸ਼ ਸਿੰਘ, ਭਾਰਤੀ ਕਾਵਿ-ਸ਼ਾਸਤ੍ਰ, ਪੰਨਾ 188
2. ਗੁਲਾਬ ਰਾਏ, ਸਿਧਾਂਤ ਔਰ ਅਧਿਐਨ, ਪੰਨਾ 166
3. ਉਹੀ, ਪੰਨਾ 167-169

ਸ੍ਵਾਤਮਈ ਹੈ। ਸਰੋਦੀ ਕਵਿਤਾ ਵਿਚ ਇਕਹਿਰੇ ਭਾਵਾਂ ਦਾ ਹੀ ਨਿਰੂਪਣ ਹੁੰਦਾ ਹੈ। ਇਸ ਪੱਖੋਂ ਗੁਰਬਾਣੀ ਸਰੋਦੀ ਕਵਿਤਾ ਦੀ ਕਸਵੱਟੀ ਤੇ ਪੂਰਨ ਭਾਂਤ ਖਰੀ ਉਤਰਦੀ ਹੈ। ਗੁਰੂ ਅਰਜਨ ਦੇਵ ਜੀ ਦੁਆਰਾ ਰਚਿਤ ਪਦੇ, ਅਸ਼ਟਪਦੀਆਂ, ਛੰਤ, ਸ਼ਲੋਕ ਆਦਿ ਵਿਚ ਇਕਹਿਰੇ ਭਾਵਾਂ ਦੀ ਹੀ ਅਭਿਵਿਅੰਜਨਾ ਹੋਈ ਹੈ।

ਗੁਰੂ ਅਰਜਨ ਦੇਵ ਜੀ ਦਾ ਮਨ ਨਿਰਮਲ ਪਾਣੀ ਵਾਂਗ ਸੀ ਜਿਸ ਵਿਚੋਂ ਕੋਮਲ ਭਾਵਾਂ ਦਾ ਵਹਿਣ ਅਰੁਕ ਚਲਦਾ ਰਹਿੰਦਾ ਹੈ। ਉਹਨਾਂ ਦੀ ਬਾਣੀ ਵਿਚ ਮੌਜੂਦ ਭਾਵ ਉਹਨਾਂ ਦੀ ਵਿਚਾਰਧਾਰਾ ਨੂੰ ਦ੍ਰਿਸ਼ਟੀਪਾਤ ਕਰਦੇ ਹਨ। ਗੁਰੂ ਅਰਜਨ ਦੇਵ ਬਾਣੀ ਵਿਵੇਚਨ ਤੋਂ ਇਕ ਗੱਲ ਦ੍ਰਿਸ਼ਟੀਗੋਚਰ ਹੁੰਦੀ ਹੈ ਕਿ ਗੁਰੂ ਜੀ ਨੇ ਕਿਸੇ ਖ਼ਾਸ ਰਾਗ ਵਿਚ ਬਾਣੀ ਕਿਸੇ ਖ਼ਾਸ ਭਾਵ ਦੀ ਅਭਿਵਿਅੰਜਨਾ ਲਈ ਨਹੀਂ ਸਿਰਜੀ ਸਗੋਂ ਉਹਨਾਂ ਦੀ ਬਾਣੀ ਵਿਚ ਸਭ ਪ੍ਰਕਾਰ ਦੇ ਭਾਵਾਂ ਦਾ ਵਹਾਉ ਸਭਨਾਂ ਰਾਗਾਂ ਵਿਚ ਦ੍ਰਿਸ਼ਟੀਗੋਚਰ ਹੁੰਦਾ ਹੈ।

ਗੁਰੂ ਅਰਜਨ ਦੇਵ ਨੇ ਸੰਜੋਗ, ਵਿਯੋਗ ਜਾਂ ਮਿਲਾਪ ਤੇ ਬਿਰਹੋਂ ਭਾਵ ਦੀ ਅਭਿਵਿਅੰਜਨਾ ਪਰਮਾਤਮਾ ਪ੍ਰਤਿ ਭਗਤੀ-ਭਾਵ ਨੂੰ ਅਭਿਵਿਅਕਤ ਕਰਨ ਲਈ ਹੀ ਕੀਤੀ ਹੈ। ਭਗਤੀ ਭਾਵ ਦੀ ਧਾਰਨਾ ਉਹਨਾਂ ਦੀ ਸਾਰੀ ਕਾਵਿ-ਰਚਨਾ ਵਿਚ ਮੌਜੂਦ ਹੈ। ਵਿਸਥਾਰ ਦੇਣ ਦੀ ਇਥੇ ਗੁੰਜਾਇਸ਼ ਨਹੀਂ। ਉਦਾਹਰਣ ਵਜੋਂ ਉਹਨਾਂ ਦੀ ਬਾਣੀ ਵਿਚੋਂ ਕੁਝ ਕੁ ਕਾਵਿ-ਬੰਦਾਂ ਦਾ ਵਿਸ਼ਲੇਸ਼ਣ ਹੀ ਕਾਫ਼ੀ ਹੋਵੇਗਾ,

ਇਕ ਬਿਨਉ ਕਰਉ ਜੀਉ ਸੁਣਿ ਕੰਤ ਪਿਆਰੇ।
ਮੇਰਾ ਮਨੁ ਤਨੁ ਮੋਹਿ ਲੀਆ ਜੀਉ ਦੇਖਿ ਚਲਤ ਤੁਮਾਰੇ।
ਚਲਤਾ ਤੁਮਾਰੇ ਦੇਖਿ ਮੋਹੀ ਉਦਾਸ ਧਨ ਕਿਉ ਧੀਰਏ।
ਗੁਣਵੰਤ ਨਾਹ ਦਇਆਲੁ ਬਾਲਾ ਸਰਬ ਗੁਣਾ ਭਰਪੂਰਏ।
ਪਿਰ ਦੋਸੁ ਨਾਹੀ ਸੁਖਹਦਾਤੇ ਹਉ ਵਿਛੁੜੀ ਬੁਰਿਆਰੇ।
ਬਿਨਵੰਤਿ ਨਾਨਕ ਦਇਆ ਧਾਰਹੁ ਘਰਿ ਆਵਹੁ ਨਾਹ ਪਿਆਰੇ।

ਮੇਰੈ ਮਨਿ ਅਨਦੁ ਭਇਆ ਜੀਉ ਵਜੀ ਵਧਾਈ।
ਘਰਿ ਲਾਲੁ ਆਇਆ ਪਿਆਰਾ ਸਭ ਤਿਖਾ ਬੁਝਾਈ।
ਮਿਲਿਆ ਤ ਲਾਲੁ ਗੁਪਾਲੁ ਠਾਕੁਰੁ ਸਖੀ ਮੰਗਲੁ ਗਾਇਆ।

... ... ...

ਅਨਹਤ ਵਾਜੇ ਵਜਹਿ ਘਰਿ ਮਹਿ ਪਿਰ ਸੰਗਿ ਸੇਜੁ ਵਿਛਾਈ।[1]

(ਰਾਗ ਗਉੜੀ ਛੰਤ ਮਹੱਲਾ 5)

ਉਪਰੋਕਤ ਕਾਵਿ-ਛੰਦਾਂ ਵਿਚ ਆਲੰਬਨ ਪਤੀ (ਪਰਮਾਤਮਾ) ਹੈ ਪਰੰਤੂ ਭਾਵਾਂ ਦਾ ਸਬੰਧ ਵਿਯੋਗ ਤੇ ਸੰਜੋਗ ਨਾਲ ਹੈ। ਪਹਿਲੇ ਛੰਦ ਵਿਚ ਬਿਰਹਾ-ਭਾਵਾਂ ਨੂੰ ਰੂਪਮਾਨ ਕੀਤਾ ਹੈ। ਇਥੇ ਇਸਤ੍ਰੀ ਦੀ ਮਾਨਸਕ ਦਸ਼ਾ ਦਾ ਚਿਤਰ ਗੁਰੂ ਅਰਜਨ ਦੇਵ ਦੀ ਕਲਮ ਤੋਂ ਨਿਕਲ ਕੇ ਪ੍ਰਭਾਵਸ਼ਾਲੀ ਬਣ ਗਿਆ ਹੈ। ਕਿਉਂਕਿ ਇਸ ਵਿਚ ਬਿਰਹਾ-ਭਾਵ ਹੈ ਜੋ ਪਰਮਾਤਮਾ ਪ੍ਰਤਿ ਭਗਤੀ ਭਾਵ ਦੀ ਅਭਿਵਿਅੰਜਨਾ ਦਾ ਸੂਚਕ ਹੈ।

ਦੂਜੇ ਛੰਦ ਵਿਚ ਬਿਰਹਾ ਦਾ ਅਲਾਪ ਸਮਾਪਤ ਹੋ ਕੇ ਸੰਜੋਗ ਦਾ ਵਾਤਾਵਰਣ ਉਸਾਰਦਾ ਹੈ। ਇਥੇ ਕਵੀ ਨੇ ਪਰਮਾਤਮਾ ਦੇ ਪਿਆਰ ਵਿਚ ਦਿਲੀ-ਹੂਕ ਪਰਗਟ ਕੀਤੀ ਹੈ। ਪਰਤੱਖ ਤੌਰ ਤੇ ਦੋਵੇਂ ਕਾਵਿ-ਛੰਦਾਂ ਵਿਚ ਭਾਵਕਤਾ ਪ੍ਰਧਾਨ ਹੈ।

ਭਾਵ-ਅਭਿਵਿਅੰਜਨਾ ਲਈ ਗੁਰੂ ਅਰਜਨ ਦੇਵ ਉਦੀਪਨ ਰੂਪ ਵਿਚ ਕੁਦਰਤੀ-ਦ੍ਰਿਸ਼ਾਂ ਨੂੰ ਵੀ ਮਾਧਿਅਮ ਵਜੋਂ ਚੁਣਦੇ ਹਨ:

ਚਕਵੀ ਸੂਰ ਸਨੇਹ ਚਿਤਵੈ ਆਸ ਘਣੀ ਕਦਿ ਦਿਨੀਅਰੁ ਦੇਖੀਐ।
ਕੋਇਲ ਅੰਬ ਪਰੀਤਿ ਚਵੈ ਸੁਹਾਵੀਆ ਮਨ ਹਰਿ ਰੰਗੁ ਕੀਜੀਐ।
ਹਰਿ ਪ੍ਰੀਤਿ ਕਰੀਜੈ ਮਾਨੁ ਨ ਕੀਜੈ ਇਕ ਰਾਤੀ ਕੇ ਹਭਿ ਪਾਹੁਣਿਆ।[2]

(ਆਸਾ ਮਹੱਲਾ 5)

ਉਪਰੋਕਤ ਕਾਵਿ-ਤੁਕਾਂ ਵਿਚ ਪਰਮਾਤਮਾ ਪ੍ਰਤਿ ਪ੍ਰੇਮ-ਭਾਵਨਾ ਨੂੰ ਦਰਸਾਉਣ ਲਈ ਕੋਇਲ ਤੇ ਅੰਬਾਂ ਦਾ ਕੁਦਰਤੀ ਦ੍ਰਿਸ਼ ਚੁਣਦੇ ਹਨ। ਇਹ ਦ੍ਰਿਸ਼ ਪਰਮਾਤਮਾ ਪ੍ਰਤਿ ਪ੍ਰੇਮ-ਭਾਵ ਨੂੰ ਜਗਾਉਣ ਅਤੇ ਉਸਦੀ ਅਨੁਭੂਤੀ ਵਿਚ ਤੇਜ਼ੀ ਪੈਦਾ ਕਰਨ ਵਿਚ ਸਹਾਇਕ ਹੁੰਦੇ ਹਨ।

ਭਗਤੀ ਭਾਵ ਦੀ ਅਭਿਵਿਅੰਜਨਾ ਗੁਰੂ ਅਰਜਨ ਬਾਣੀ ਵਿਚ ਥਾਂ ਥਾਂ ਹੋਈ ਹੋਈ ਹੈ:

---

1. ਗੁਰੂ ਗ੍ਰੰਥ ਸਾਹਿਬ, ਪੰਨਾ 247
2. ਉਹੀ, ਪੰਨਾ 455

(ੳ) ਆਠ ਪਹਿਰ ਪ੍ਰਭੁ ਅਪਨਾ ਧਿਆਈਐ।
ਗੁਰ ਪ੍ਰਸਾਦਿ ਭਉ ਤਰੀਐ।[1]
(ਸੂਹੀ ਮਹੱਲਾ 5)

(ਅ) ਆਠ ਪਹਰੁ ਹਰਿ ਧਿਆਈਐ ਰਾਮ।
ਮਨ ਇਛਿਅੜਾ ਫਲ ਪਾਈਐ ਰਾਮ।[2]
(ਵਡਹੰਸ ਮਹੱਲਾ 5)

ਉਪਰੋਕਤ ਵਿਵੇਚਨ ਦੇ ਸਿੱਟੇ ਵਜੋਂ ਕਿਹਾ ਜਾ ਸਕਦਾ ਹੈ ਕਿ ਗੁਰੂ ਅਰਜਨ ਬਾਣੀ ਨੂੰ ਭਾਵਾਂ ਦੀ ਦ੍ਰਿਸ਼ਟੀ ਤੋਂ ਨਿਸ਼ਚਿਤ ਵਰਗੀਕਰਨ ਕਰਨਾ ਅਸੰਭਵ ਹੈ ਕਿਉਂਕਿ ਸਭ ਪ੍ਰਕਾਰ ਦੇ ਭਾਵ ਉਹਨਾਂ ਦੇ ਸਾਰੇ ਰਾਗਾਂ ਵਿਚ ਰਚਿਤ ਬਾਣੀ ਵਿਚ ਅਭਿਵਿਅਕਤ ਕੀਤੇ ਹਨ।

## 4. ਰਾਗ ਪੱਖੋਂ ਵਰਗੀਕਰਣ

ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਗੁਰੂ ਅਰਜਨ ਦੇਵ ਜੀ ਨੇ ਰਾਗਾਂ ਤੇ ਰਾਗਣੀਆਂ ਦੇ ਆਧਾਰ ਤੇ ਕਰਕੇ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਬਾਣੀ ਨੂੰ ਰਾਗ ਤਰਤੀਬ ਦਿੱਤੀ। ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀ ਰਾਗਾਂ ਦੇ ਆਧਾਰ ਤੇ ਰਚੀ ਹੋਣ ਕਰਕੇ ਵਧੇਰੇ ਸੰਗੀਤਾਤਮਕ ਹੈ। ਸੰਗੀਤਾਤਮਕ ਕਵਿਤਾ ਹਿਰਦੇ ਦੀਆਂ ਭਾਵਨਾਵਾਂ ਨੂੰ ਸੁੰਦਰ, ਸੁਰੀਲੇ ਤੇ ਸਜੀਲੇ ਢੰਗ ਨਾਲ ਪ੍ਰਗਟ ਕਰਕੇ ਪਾਠਕ/ਸ੍ਰੋਤਿਆਂ ਵਿਚ ਇਕਾਗਰ ਬਿਰਤੀ ਉਤਪੰਨ ਕਰਨ ਵਿਚ ਸਹਾਇਕ ਹੁੰਦੀ ਹੈ। ਇਸ ਤਰ੍ਹਾਂ ਸੰਗੀਤ ਵਿਚ ਬੱਧੀ ਬਾਣੀ ਪਾਠਕ/ਸ੍ਰੋਤੇ ਨੂੰ ਵਿਸਮਾਦ ਵਿਚ ਲੀਨ ਕਰਦੀ ਹੋਈ ਤੇ ਹਿਰਦੇ ਵਿਚ ਸਰੋਦਕ ਰੰਗ ਉਘਾੜਦੀ ਹੋਈ ਆਪਣੀ ਹੀ ਇਕ ਵਿਲੱਖਣਤਾ ਨੂੰ ਰੂਪਮਾਨ ਕਰਦੀ ਹੈ।

ਕਵਿਤਾ ਨੂੰ ਸੰਗੀਤ-ਬੱਧ ਕਰਨ ਦੀ ਪਰੰਪਰਾ ਪੁਰਾਣੇ ਸਮਿਆਂ ਤੋਂ ਹੀ ਭਾਰਤ ਵਿਚ ਚਲੀ ਆ ਰਹੀ ਸੀ। ਅਸੀਂ ਦੇਖ ਚੁੱਕੇ ਹਾਂ ਕਿ ਗੁਰੂ ਅਰਜਨ ਦੇਵ ਜੀ ਦੀ ਬਾਣੀ 30 ਰਾਗਾਂ ਵਿਚ ਲਿਖੀ ਹੋਈ ਮਿਲਦੀ ਹੈ। ਇਸ ਦਾ ਭਾਵ ਇਹ ਹੈ ਕਿ ਗੁਰੂ ਜੀ ਭਾਰਤੀ ਰਾਗਾਂ ਦੇ ਚੰਗੇ ਜਾਣੂ ਸਨ। ਰਾਗ ਦੇ ਵਿਭਿੰਨ ਪ੍ਰਚਲਤ ਰੂਪਾਂ ਨਾਲ ਉਹਨਾਂ ਦੀ ਡੂੰਘੀ ਜਾਣ ਪਛਾਣ ਸੀ, ਜਿਵੇਂ:

1. ਗੁਰੂ ਗ੍ਰੰਥ ਸਾਹਿਬ, ਪੰਨਾ 750
2. ਉਹੀ, ਪੰਨਾ 560

ਗਉੜੀ ਚੇਤੀ, ਗਉੜੀ ਮਾਝ, ਗਉੜੀ ਗੁਆਰੇਰੀ, ਗਉੜੀ ਮਾਲੀ ਆਦਿ। ਗੁਰੂ ਜੀ ਨੂੰ ਰਾਗਾਂ ਦੇ ਘਰਾਂ ਦਾ ਵੀ ਚੰਗੀ ਤਰ੍ਹਾਂ ਗਿਆਨ ਸੀ ਇਸ ਕਰਕੇ ਉਹਨਾਂ ਨੇ ਬਾਣੀ ਨੂੰ ਰਾਗਾਂ ਦੇ ਘਰਾਂ ਅਨੁਸਾਰ ਵੀ ਤਰਤੀਬ ਦਿੱਤੀ।

ਗੁਰੂ ਅਰਜਨ ਦੇਵ ਜੀ ਦੀ ਬਾਣੀ ਦੇ ਰਾਗ ਪ੍ਰਬੰਧ ਨੂੰ ਸਮਝਣ ਲਈ ਹੇਠ ਲਿਖੇ ਮੁਤਾਬਕ ਵਿਚਾਰਿਆ ਜਾ ਸਕਦਾ ਹੈ:

1. ਰਾਗਾਂ (ਤੇ ਰਾਗਨੀਆਂ) ਦੀ ਜਾਣ ਪਛਾਣ।
2. ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਜੀ ਦੁਆਰਾ ਰਚੀ ਬਾਣੀ ਦਾ ਰਾਗ ਅਨੁਸਾਰ ਬਿਓਰਾ ਤੇ ਰਾਗ ਨੂੰ ਗਾਉਣ ਦੀ ਰੁਤ ਤੇ ਸਮਾਂ

## 1. <u>ਰਾਗਾਂ ਤੇ ਰਾਗਨੀਆਂ ਦੀ ਜਾਣ ਪਛਾਣ:</u>

ਗੁਰੂ ਅਰਜਨ ਦੇਵ ਜੀ ਨੇ ਰਾਗ ਤੇ ਰਾਗਨੀ ਦੇ ਭੇਦ ਨੂੰ ਨਹੀਂ ਪ੍ਰਗਟਾਇਆ। ਰਾਗਣੀ ਦੇ ਨਾਲ ਵੀ 'ਰਾਗ' ਸ਼ਬਦ ਹੀ ਅੰਕਿਤ ਕੀਤਾ ਗਿਆ ਹੈ। ਡਾ. ਸੁਰਿੰਦਰ ਸਿੰਘ ਕੋਹਲੀ[1] ਅਨੁਸਾਰ ਇਸ ਦਾ ਕਾਰਨ ਸ਼ਾਇਦ ਇਹ ਹੀ ਹੋਣਾ ਕਿ ਰਾਗ ਸ਼ਬਦ ਰਾਗ ਰਾਗਨੀ ਦੋਹਾਂ ਲਈ ਪ੍ਰਚਲਤ ਸੀ। ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਰਾਗ ਮਾਲਾ ਰਾਗਾਂ ਦੀ ਬੰਸਾਵਲੀ ਨੂੰ ਦ੍ਰਿਸ਼ਟੀਗੋਚਰ ਕਰਦੀ ਹੈ।

## 2. <u>ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਜੀ ਦੁਆਰਾ ਰਚੀ ਬਾਣੀ ਦਾ ਰਾਗ ਅਨੁਸਾਰ ਬਿਓਰਾ ਤੇ ਰਾਗ ਨੂੰ ਗਾਉਣ ਦੀ ਰੁਤ ਤੇ ਸਮਾਂ:</u>

ਰਾਗਾਂ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕਰਨ ਸਮੇਂ ਗੁਰੂ ਅਰਜਨ ਦੇਵ ਨੇ ਗਾਉਣ ਦੇ ਸਮੇਂ ਅਤੇ ਰੁੱਤਾਂ ਵਲ ਵਿਸ਼ੇਸ਼ ਧਿਆਨ ਦਿੱਤਾ ਹੈ। ਪਰੰਤੂ ਕਿਹੜੇ ਰਾਗ ਨੂੰ ਕਿਸ ਸਮੇਂ ਤੇ ਕਿਸ ਰੁੱਤੇ ਗਾਉਣਾ ਹੈ, ਇਸ ਬਾਰੇ ਗੁਰੂ ਗ੍ਰੰਥ ਸਾਹਿਬ ਵਿਚ ਆਏ ਰਾਗ-ਕ੍ਰਮ ਵਿਚ ਕੋਈ ਇਸ਼ਾਰਾ ਨਹੀਂ ਕੀਤਾ ਗਿਆ। ਗੁਰੂ ਜੀ ਨੇ ਰਾਗ ਦੇ ਸਮੇਂ ਮੁਤਾਬਕ ਰਸ ਅਤੇ ਭਾਵ ਨੂੰ ਸਫ਼ਲਤਾ ਪੂਰਵਕ

1. 'ਪਰਖ', ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, ਦੂਜਾ ਪਰਚਾ, 1969, ਪੰਨਾ 17

ਨਿਭਾਇਆ ਹੈ। ਇਹ ਗੁਣ ਪਾਠਕ/ਸ੍ਰੋਤੇ ਹਿਰਦੇ ਵਿਚ ਸੰਵੇਦਕ ਰੰਗ ਉਘਾੜਨ ਵਿਚ ਪੂਰਨਭਾਂਤ ਸਹਾਇਕ ਹੁੰਦਾ ਹੈ। ਉਦਾਹਰਣ ਵਜੋਂ:

ਸਾਵਣਿ ਸਰਸੀ ਕਾਮਣੀ ਚਰਨ ਕਮਲ ਸਿਉ ਪਿਆਰ।
ਮਨੁ ਤਨੁ ਰਤਾ ਸਚ ਰੰਗਿ ਇਕੋ ਨਾਮ ਅਧਾਰੁ।
ਬਿਖਿਆ ਰੰਗ ਕੂੜਾਵਿਆ ਦਿਸਨਿ ਸਭੇ ਛਾਰੁ।
ਹਰਿ ਅੰਮ੍ਰਿਤ ਬੂੰਦ ਸੁਹਾਵਣੀ ਮਿਲ ਸਾਧੂ ਪੀਵਣਹਾਰੁ।
ਵਣੁ ਤਿਣੁ ਪ੍ਰਭ ਸੰਗਿ ਮਉਲਿਆ ਸੰਮ੍ਰਥ ਪੁਰਖ ਅਪਾਰੁ।

(ਮਾਝ ਬਾਰਹਮਾਹ ਮਹੱਲਾ 5) (ਗੁਰੂ ਗ੍ਰੰਥ ਸਾਹਿਬ, ਪੰ 134)

ਬਾਰਹਮਾਹ ਵਿਚ ਸਾਵਣ ਮਹੀਨੇ ਦਾ ਉਪਰੋਕਤ ਬੰਦ ਪਾਠਕ/ਸ੍ਰੋਤੇ ਨੂੰ ਸੁਹਜਾਤਮਕ ਰਸ ਨਾਲ ਮੁਗਧ ਕਰ ਦੇਂਦਾ ਹੈ। ਕਿਉਂਕਿ ਇਸ ਵਿਚ ਇਕ ਵਿਯੋਗਣ ਦੀ ਦਰਦ ਭਰੀ ਦਸ਼ਾ ਦਾ ਜੋ ਪ੍ਰਭਾਵਸ਼ਾਲੀ ਚਿੱਤਰ ਹੈ ਉਹ ਸਿਰਫ਼ ਦੁੱਖੀ ਬਿਰਹਾ ਭਾਵਾਂ ਨੂੰ ਹੀ ਰੂਪਮਾਨ ਨਹੀਂ ਕਰਦਾ ਸਗੋਂ ਕਵੀ ਦੀ ਗੰਭੀਰ ਕਲਾ ਦਾ ਭੀ ਲਖਾਇਕ ਹੈ।

ਗੁਰੂ ਅਰਜਨ ਬਾਣੀ ਦਾ ਬਿਓਰਾ ਰਾਗਾਂ ਸਮੇਤ ਹੇਠਾਂ ਅੰਕਿਤ ਕੀਤਾ ਗਿਆ ਹੈ।

| ਨੰ: | ਰਾਗ | ਪਦੇ | ਅਸ਼ਟਪਦੀਆਂ | ਛੰਤ | ਸ਼ਲੋਕ | ਵਿਸ਼ੇਸ਼ ਕਾਵਿ-ਰੂਪ | ਰੁੱਤ[1] | ਗਾਉਣ ਦਾ ਸਮਾਂ[2] |
|---|---|---|---|---|---|---|---|---|
| 1. | ਸਿਰੀ | 30 | 3 | 2 | 6 | ਪਹਿਰੇ | ਹੇਮੰਤ | ਦਿਨ ਦਾ ਤੀਜਾ ਪਹਿਰ |
| 2. | ਮਾਝ | 43 | 5 | - | - | ਬਾਰਹਮਾਹ ਦਿਨਰੈਣ | ਵਰਸ਼ਾ | " |
| 3. | ਗਉੜੀ | 172 | 15 | 4 | 50 | ਵਾਰ, ਬਾਵਨ ਅੱਖਰੀ ਸੁਖਮਨੀ, ਥਿਤੀ | ਸ਼ਿਸ਼ਿਰ | " |
| 4. | ਆਸਾ | 163 | 2 | 14 | 6 | ਬਿਰਹੜੇ | ਹੇਮੰਤ | ਰਾਤ ਦਾ ਚੌਥਾ ਪਹਿਰ |
| 5. | ਗੂਜਰੀ | 32 | 2 | - | 42 | ਵਾਰ-1 | ਵਰਸ਼ਾ | ਦਿਨ ਚੌਥਾ ਪਹਿਰ |

1 ਅਤੇ 2. ਰਾਗਾਂ ਨੂੰ ਗਾਉਣ ਦੀ ਰੁੱਤ ਤੇ ਸਮਾਂ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਨਹੀਂ ਕੀਤਾ ਗਿਆ। ਇਹ ਵੇਰਵਾ ਡਾ. ਮਹਿੰਦਰ ਕੌਰ ਗਿੱਲ ਦੁਆਰਾ ਪ੍ਰਸਤੁਤ ਹੈ: ਗੁਰੂ ਅਰਜਨ ਜੀਵਨ ਤੇ ਬਾਣੀ, ਪੰਨਾ 65-66

| ਨੰ: ਰਾਗ | ਪਦੇ | ਅਸ਼ਟਪਦੀਆਂ | ਛੰਤ | ਸਲੋਕ | ਵਿਸ਼ੇਸ਼ ਕਾਵਿ-ਰੂਪ | ਰੁੱਤ | ਗਾਉਣ ਦਾ ਸਮਾਂ |
|---|---|---|---|---|---|---|---|
| 6. ਦੇਵਗੰਧਾਰੀ | 38 | - | - | - | - | ਸ਼ਿਸ਼ਿਰ | ਦਿਨ ਪਹਿਲਾ ਪਹਿਰ |
| 7. ਬਿਹਾਗੜਾ | 1 | - | 9 | 2 | - | ਹੇਮੰਤ | ਰਾਤੀ ਦੂਜਾ ਪਹਿਰ |
| 8. ਵਡਹੰਸ | 9 | - | 3 | ੫ | - | ਸ਼ਿਸ਼ਰ | ਦਿਨ ਚੌਥਾ ਪਹਿਰ |
| 9. ਸੋਰਠਿ | 94 | 3 | - | - | - | ਸ਼ਰਦ | ਰਾਤੀ ਤੀਜਾ ਪਹਿਰ |
| 10. ਧਨਾਸਰੀ | 58 | 1 | 1 | - | - | ਸ਼ਿਸ਼ਿਰ | ਦਿਨ ਤੀਜਾ ਪਹਿਰ |
| 11. ਜੈਤਸਰੀ | 13 | - | 3 | 46 | - | ਸ਼ਿਸ਼ਿਰ | ਦਿਨ ਤੀਜਾ ਪਹਿਰ |
| 12. ਟੋਡੀ | 30 | - | - | - | - | ਸ਼ਿਸ਼ਿਰ | ਦਿਨ ਪਹਿਲਾ ਪਹਿਰ |
| 13. ਬੈਰਾੜੀ | 1 | - | - | - | - | ਸ਼ਰਦ | ਦਿਨ ਤੀਜਾ ਪਹਿਰ |
| 14. ਤਿਲੰਗ | 5 | - | - | - | - | ਵਰਸ਼ਾ | ਦਿਨ ਤੀਜਾ ਪਹਿਰ |
| 15. ਸੂਹੀ | 58 | 5 | 11 | - | ਗੁਣਵੰਤੀ | ਬਸੰਤ | ਦਿਨ ਪਹਿਲਾ ਪਹਿਰ |
| 16. ਬਿਲਾਵਲ | 129 | 2 | 5 | 4 | - | ਬਸੰਤ | * |
| 17. ਗੋਂਡ | 22 | 1 | - | - | - | ਹੇਮੰਤ | ਦਿਨ ਤੀਜਾ ਪਹਿਰ |
| 18. ਰਾਮਕਲੀ | 60 | 8 | 6 | 44 | ਵਾਰ-1, ਰੁੱਤੀ-1 | ਬਸੰਤ | ਦਿਨ ਪਹਿਲਾ ਪਹਿਰ |
| 19. ਨਟਨਰਾਇਣ | 10 | - | - | - | - | ਵਰਸ਼ਾ | ਰਾਤ ਤੀਜਾ ਪਹਿਰ |
| 20. ਮਾਲੀ ਗਉੜਾ | 8 | - | - | - | - | ਸ਼ਰਦ | ਦਿਨ ਤੀਜਾ ਪਹਿਰ |
| 21. ਮਾਰੂ | 31 | 6 | - | ੨੮ | ਵਾਰ, ਅੰਜਲੀਆਂ-2, ਸੋਹਲੇ - 14 | ਸ਼ਿਸ਼ਿਰ | ਦਿਨ ਤੀਜਾ ਪਹਿਰ |
| 22. ਤੁਖਾਰੀ | - | - | 1 | - | - | ਸ਼ਰਦ | ਦਿਨ ਪਹਿਲਾ ਪਹਿਰ |
| 23. ਕੇਦਾਰਾ | 15 | - | 1 | - | - | ਗ੍ਰੀਖਮ | ਦਿਨ ਚੌਥਾ ਪਹਿਰ |
| 24. ਭੈਰਉ | 57 | 3 | - | - | - | ਸ਼ਰਦ | ਰਾਤ ਚੌਥਾ ਪਹਿਰ |
| 25. ਬਸੰਤ | 21 | 2 | - | - | - | ਬਸੰਤ | ਅਠੇ ਪਹਿਰ |
| 26. ਸਾਰੰਗ | 139 | 2 | 1 | 3 | ਪਉੜੀ - 1 | ਵਰਸ਼ਾ | ਦਿਨ ਦੂਜਾ ਪਹਿਰ |
| 27. ਮਲਾਰ | 30 | - | 1 | 3 | ਪਉੜੀ - 1 | ਵਰਖਾ ਰੁੱਤ | ਅੱਠੇ ਪਹਿਰ |
| 28. ਕਾਨੜਾ | 50 | - | 1 | - | - | ਗ੍ਰੀਖਮ | ਰਾਤ ਪਹਿਲਾ ਪਹਿਰ |
| 29. ਕਲਿਆਨ | 10 | - | - | - | - | ਵਰਸ਼ਾ | ਦਿਨ ਚੌਥਾ ਪਹਿਰ |
| 30. ਪ੍ਰਭਾਤੀ | 15 | 3 | - | - | - | ਬਸੰਤ | ਰਾਤ ਪਹਿਲਾ ਪਹਿਰ |

ਰਾਗ ਬੰਧਨ ਤੋਂ ਮੁਕਤ ਬਾਣੀ ਦਾ ਵੇਰਵਾ:-

ਗਾਥਾ, ਸਲੋਕ ਸਹਿਸਕ੍ਰਿਤੀ - 67, ਸਲੋਕ ਕਬੀਰ ਜੀ ਵਿਚ - 4
ਫੁਨਹੇ - 23, ਸਲੋਕ ਫਰੀਦ ਜੀ ਵਿਚ - 5, ਚਉਬੋਲੇ - 11,
ਸਲੋਕ ਵਾਰਾਂ ਤੇ ਵਧੀਕ - 22, ਸਵੱਈਏ - 20, ਮੁੰਦਾਵਣੀ - 2

ਸਾਰ ਰੂਪ ਵਿਚ ਕਹਿਆ ਜਾ ਸਕਦਾ ਹੈ ਕਿ ਗੁਰੂ ਅਰਜਨ ਦੇਵ ਜੀ ਦੀ ਰਾਗ-ਪ੍ਰਬੀਨਤਾ ਇਸ ਗੱਲ ਤੋਂ ਸਿਧ ਹੁੰਦੀ ਹੈ ਕਿ ਉਨ੍ਹਾਂ ਨੇ ਨਾ ਕੇਵਲ ਭਿੰਨ ਭਿੰਨ ਰਾਗਾਂ ਅਨੁਸਾਰ ਬਾਣੀ ਵੰਡੀ, ਸਗੋਂ ਹਰ ਰਾਗ ਉਤੇ ਘਰ ਲਗਾ ਕੇ ਉਹਦੇ ਭਿੰਨ ਭਿੰਨ ਭੇਦਾਂ ਦੀ ਵੀ ਜਾਣਕਾਰੀ ਪ੍ਰਗਟਾਈ। ਰਾਗ ਤੇ ਰਾਗਨੀ ਦੇ ਭੇਦ ਨੂੰ ਨਹੀਂ ਪ੍ਰਗਟਾਇਆ। ਰਾਗ-ਕ੍ਰਮ ਵਿਚ ਰਾਗ ਦਾ ਗਾਉਣ ਸਮਾਂ ਤੇ ਰੁੱਤ ਦਾ ਵੇਰਵਾ ਨਹੀਂ ਦਿੱਤਾ ਗਿਆ। ਪਰੰਤੂ ਬਾਣੀ ਵਿਚਲੇ ਰਸ ਤੇ ਭਾਵ ਨੂੰ ਰਾਗ ਤੇ ਸਮੇਂ ਮੁਤਾਬਕ ਬੰਨ੍ਹਿਆ ਹੈ।

## 5. ਬਾਣੀ ਚੋਣ ਦੀ ਕਸਵੱਟੀ

ਗੁਰੂ ਅਰਜਨ ਦੇਵ ਜੀ ਦੇ ਜੀਵਨ ਦਾ ਇਕ ਵੱਡਾ ਕੰਮ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਸੀ। ਆਦਿ ਗ੍ਰੰਥ ਦੀ ਸੰਪਾਦਕੀ ਵਿਉਂਤ ਹੈਰਾਨਕੁਨ ਹੈ। ਇਸ ਸੰਪਾਦਕੀ ਪ੍ਰਬੰਧ ਤੋਂ ਗੁਰੂ ਸਾਹਿਬ ਦੀ ਵਿਦਵਤਾ ਦਾ ਅਨੁਮਾਨ ਸਹਿਜੇ ਹੀ ਲਗਾਇਆ ਜਾ ਸਕਦਾ ਹੈ। ਗੁਰੂ ਅਰਜਨ ਦੇਵ ਜੀ ਦੇ ਸੰਪਾਦਕੀ ਪ੍ਰਬੰਧ ਨੂੰ ਸਮਝਣ ਲਈ ਇਸ ਨੂੰ ਹੇਠ ਲਿਖੇ ਨੁਕਤਿਆਂ ਤੋਂ ਵਿਚਾਰਿਆ ਜਾ ਸਕਦਾ ਹੈ:

(ੳ) ਸੰਪਾਦਨਾ ਵਿਚ ਗੁਰੂ ਜੀ ਦਾ ਮਨੋਰਥ
(ਅ) ਬਾਣੀ ਦੀ ਚੋਣ ਦੀ ਕਸਵੱਟੀ
(ੲ) ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀ ਦਾ ਰਾਗ ਪ੍ਰਬੰਧ
(ਸ) ਬਾਣੀ ਦਾ ਸਿਰਲੇਖ ਪ੍ਰਬੰਧ

(ੳ) ਸੰਪਾਦਨਾ ਵਿਚ ਗੁਰੂ ਜੀ ਦਾ ਮਨੋਰਥ।

ਗੁਰੂ ਅਰਜਨ ਦੇਵ ਜੀ ਦੇ ਸਮੇਂ ਸਿਖ ਧਰਮ ਦੇ ਮੋਢੀ ਗੁਰੂ ਨਾਨਕ ਦੇਵ ਜੀ ਦੀ ਸਿੱਖੀ ਕਾਫ਼ੀ ਪ੍ਰਫੁਲਤ ਹੋ ਚੁੱਕੀ ਸੀ। ਇਸ ਪ੍ਰਫੁਲਤ-ਵਾੜੀ ਦੀ ਅਮਰਤਾ ਲਈ 'ਧੁਰ ਕੀ ਬਾਣੀ' ਸਾਹਿਤ ਇਕ ਧਾਰਮਕ ਗ੍ਰੰਥ ਦੀ ਲੋੜ ਸੀ। ਪਰੰਤੂ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਪਿਛੇ ਇਤਿਹਾਸਕ ਕਾਰਣ ਵੀ ਹੋ ਸਕਦੇ ਹਨ। ਕੇਸਰ ਸਿੰਘ ਛਿਬਰ,[1] ਭਲਾ ਸਰੂਪ ਦਾਸ[2] ਅਤੇ ਭਾਈ ਸੰਤੋਖ ਸਿੰਘ[3] ਦੇ ਮਤ ਅਨੁਸਾਰ ਆਦਿ ਗ੍ਰੰਥ ਦੀ ਸੰਪਾਦਨਾ ਦਾ ਮੂਲ ਕਾਰਨ ਘਰੋਗੀ ਫੁਟ ਸੀ। ਪ੍ਰਿਥੀ ਚੰਦ ਗੁਰੂ-ਗੱਦੀ ਨਾ ਮਿਲਣ ਕਰਕੇ ਗੁਰੂ ਜੀ ਦਾ ਵਿਰੋਧ ਕਰਦਾ ਸੀ ਤੇ ਇਸੇ ਕਾਰਨ ਉਹ ਆਪ ਵੀ ਬਾਣੀ ਰਚਨ ਲਗ ਪਿਆ ਸੀ। ਇਸ ਕਰਕੇ ਸੱਚੀ ਬਾਣੀ ਵਿਚ ਮਿਲਾਵਟ ਹੋਣ ਦੀ ਸੰਭਾਵਨਾ ਸੀ। ਸਿਟੇ ਵਜੋਂ ਗੁਰੂ ਅਰਜਨ ਸਾਹਿਬ ਨੇ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਕੀਤੀ।

ਇਕ ਮਨੋਰਥ ਤਾਂ ਗੁਰੂ-ਬਾਣੀ ਦੀ ਸੰਭਾਲ ਸੀ। ਪਰੰਤੂ ਗੁਰੂ ਅਰਜਨ ਦੇਵ ਨੇ ਆਦਿ-ਗ੍ਰੰਥ ਵਿਚ ਭਗਤ-ਬਾਣੀ ਵੀ ਸ਼ਾਮਲ ਕੀਤੀ। ਗੁਰੂ ਅਰਜਨ ਬਾਣੀ ਵਿਵੇਚਨ ਤੋਂ ਉਹਨਾਂ ਦੇ ਇਸ ਮਨੋਰਥ ਬਾਰੇ ਵਿਚਾਰਾਂ ਦਾ ਪਤਾ ਚਲ ਜਾਂਦਾ ਹੈ। ਗੁਰੂ ਜੀ ਬ੍ਰਾਹਮਣਾਂ, ਖਤਰੀਆਂ, ਵੈਸਾਂ, ਸੂਦਰਾਂ ਅਤੇ ਮੁਸਲਮਾਨਾਂ ਆਦਿ ਨੂੰ ਇਕੱਠਾ ਕਰਨਾ ਚਾਹੁੰਦੇ ਸਨ। ਉਹ ਜਾਤ-ਪਾਤ ਤੇ ਕੌਮ-ਕੌਮ ਦੇ ਹੱਦ-ਬੰਨੇ ਤੋੜ ਕੇ ਮਨੁੱਖਤਾ ਨੂੰ ਇਕ ਸਾਂਝੇ ਪਲੇਟਫਾਰਮ ਤੇ ਖੜ੍ਹਾ ਕਰਨਾ ਲੋੜਦੇ ਸਨ। ਗੁਰੂ ਜੀ ਫੁਰਮਾਉਂਦੇ ਹਨ:

ਖਤ੍ਰੀ ਬ੍ਰਾਹਮਣ ਸੂਦ ਵੈਸ ਉਪਦੇਸੁ ਚਹੁ ਵਰਨਾ ਕਉ ਸਾਝਾ।
ਗੁਰਮੁਖਿ ਨਾਮੁ ਜਪੈ ਉਧਰੈ ਸੋ ਕਲਿ ਮਹਿ ਘਟਿ ਘਟਿ ਨਾਨਕ ਮਾਝਾ।[4]

(ਸੂਹੀ ਮਹੱਲਾ 5)

(ਅ) ਬਾਣੀ ਦੀ ਚੋਣ ਦੀ ਕਸਵੱਟੀ:

ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਵੇਲੇ ਗੁਰੂ ਜੀ ਨੇ ਬਾਣੀ ਦੀ ਚੋਣ ਕਰਨ ਲੱਗਿਆਂ

---

1. ਬੰਸਾਵਲੀਨਾਮਾ, ਪੰਨਾ 48
2. ਮਹਿਮਾ ਪ੍ਰਕਾਸ਼, ਸਾਖੀ, ਅੰਕ 132
3. ਗੁਰ ਪ੍ਰਤਾਪ ਸੂਰਜ, ਪੰਨਾ 1023
4. ਗੁਰੂ ਗ੍ਰੰਥ ਸਾਹਿਬ, ਪੰਨਾ 747

ਉਸ ਨੂੰ ਗੁਰਮਤਿ ਦੀ ਕਸਵੱਟੀ ਤੇ ਪਰਖਿਆ। ਸਿਖ ਇਤਿਹਾਸ ਵਿਚ ਇਸ ਸਬੰਧੀ ਆਮ ਤੌਰ ਤੇ ਇਕ ਮਿਸਾਲ ਦਿੱਤੀ ਜਾਂਦੀ ਹੈ ਕਿ ਗੁਰੂ ਅਰਜਨ ਦੇਵ ਜੀ ਦੇ ਸਮਕਾਲੀ ਭਗਤ ਕਾਹਨਾ, ਪੀਲੂ, ਛੱਜੂ ਅਤੇ ਸ਼ਾਹ ਹੁਸੈਨ ਗੁਰੂ ਜੀ ਪਾਸ ਆਏ ਸਨ ਤਾਂ ਕਿ ਉਹਨਾਂ ਦੀ ਬਾਣੀ ਵੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੋ ਸਕੇ। ਇਸ ਸਬੰਧ ਵਿਚ ਗੁਰਬਿਲਾਸ ਪਾਤਸ਼ਾਹੀ ਛੇਵੀਂ[1] ਵਿਚ ਇਸ ਤਰ੍ਹਾਂ ਲਿਖਿਆ ਹੈ।

ਕਾਨ੍ਹਾ ਤਬ ਬੋਲਤਿ ਭਯੋ ਇਹ ਕਾਰਣ ਹਮ ਆਹਿ।
ਕਰਯੋ ਗ੍ਰੰਥ ਤੁਮ ਹਮ ਸੁਨਯੋ ਭਗਤਨਿ ਸ਼ਬਦ ਲਿਖਾਹਿ।

ਚੌਪਈ। ਦੇਹ ਗੇਹ ਤਿਨ ਕੇ ਨਹਿੰ ਕੋਈ। ਕਹਾਂ ਭਏ ਨਰ ਜਾਨ ਨ ਹੋਈ।
ਤਿਨ ਕੇ ਤੁਮ ਸ਼ਬਦ ਲਿਖਾਏ। ਹਮ ਜੀਵਤ ਨਹੀਂ ਬੋਲ ਪਛਾਏ।
ਹਮਰੀ ਬਾਣੀ ਨਹੀ ਚੜ੍ਹਾਵੋ। ਤੁਮ ਪ੍ਰਮਾਣ ਗ੍ਰੰਥ ਕਸ ਪਾਵੋ।
ਸ੍ਰੀ ਗੁਰ ਕਹਾ ਬਾਣੀ ਨਿੱਜ ਰਚੋ। ਪ੍ਰਿਥਕ ਪ੍ਰਿਥਕ ਜਿਉਂ ਇੱਛਾ ਕਰੋ।
ਕਾਨ੍ਹੇ ਮੁਖ ਅਸਥਾਨੀ ਕਹੀ। ਓਹੀ ਹੈ ਮੈਂ ਓਹੀ ਸਹੀ।
ਸ੍ਰੀ ਗੁਰੂ ਕਹਾ ਪ੍ਰਮਾਨ ਨ ਬੈਨਾ। ਭਗਤਿ ਪੰਥ ਇਹ ਜਗ ਸੁਖ ਦੈਨਾ।

... ... ...

ਪੀਲੋ ਕੋ ਆਗਿਆ ਕਰੀ ਸ੍ਰੀ ਗੁਰ ਮਨ ਸੁਖ ਪਾਇ।
ਨਿਜ ਬਾਨੀ ਤੁਮ ਭੀ ਕਹੋ ਪੀਲੋ ਕਹਾ ਸੁਨਾਇ।

... ... ...

ਛਜੂ ਤਬ ਬੋਲਤ ਭਯੋ ਮਨੋ ਮਾਰ ਕੇ ਬੈਨ।
ਕਾਗਦ ਕੀ ਜੇ ਹੋਵੇ ਨਾਰੀ। ਬਿਸ ਬੰਦਨ ਅਰ ਜਾਨ ਕਟਾਰੀ।
ਸ੍ਰੀ ਗੁਰੂ ਕਹਾ ਬੈਨ ਨਾਹੀ ਗ੍ਰਿਸਤੀ ਪੰਥ ਰਚਯੋ ਜਗ ਮਾਹੀ।
ਸਾਹ ਹੁਸੈਨ ਤਬ ਕਹਾ ਸੁਨਾਈ। ਬੋਲਣ ਦੀ ਇਹ ਠਾਂ ਜਾਂ ਨਾਹੀ।
ਚੁਪ ਦੇ ਖਿੜਿਆਂ ਚੁਪ ਧਰ ਜਾਇ। ਤਬੈ ਸਤਿਗੁਰ ਬੋਲੇ ਹਰਖਾਇ।

---

1. ਸੁਰਿੰਦਰ ਸਿੰਘ ਕੋਹਲੀ, ਪਰਖ, ਪਰਚਾ - 1969, ਪੰਨਾ 32-33

ਭਲਾ ਕਰਿਓ ਰਖ ਰੂਪ ਮੁਦਾਮਾ। ਚਾਰੋ ਚਲੇ ਅਪਨੇ ਧਾਮਾ।[1]

ਉਪਰੋਕਤ ਉਦਾਹਰਣ ਤੋਂ ਭਲੀ ਪ੍ਰਕਾਰ ਸਪਸ਼ਟ ਹੋ ਜਾਂਦਾ ਹੈ ਕਿ ਇਹਨਾਂ ਭਗਤਾਂ ਦੇ ਖ਼ਿਆਲ ਗੁਰਮਤ ਨਾਲ ਮੇਲ ਨਹੀਂ ਖਾਂਦੇ ਸਨ। ਪਹਿਲੋਂ ਹੋ ਚੁਕੇ ਭਗਤਾਂ ਦੀ ਬਾਣੀ ਨੂੰ ਵੀ ਗੁਰੂ ਜੀ ਨੇ ਇਸੇ ਕਸਵੱਟੀ ਤੇ ਪਰਖ ਆਦਿ ਗ੍ਰੰਥ ਵਿਚ ਚੜ੍ਹਾਇਆ।

(ੲ) <u>ਗੁਰੂ ਗ੍ਰੰਥ ਸਾਹਿਬ ਵਿਚਦਰਜ ਬਾਣੀ ਦਾ ਰਾਗ ਪ੍ਰਬੰਧ</u>

ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀ ਦੇ ਰਾਗ ਪ੍ਰਬੰਧ ਬਾਰੇ ਪਹਿਲਾਂ ਵਿਚਾਰ ਹੋ ਚੁਕੀ ਹੈ।

(ਸ) <u>ਬਾਣੀ ਦਾ ਸਿਰਲੇਖ ਪ੍ਰਬੰਧ</u>

ਗੁਰੂ ਸਾਹਿਬ ਨੇ ਹਰ ਰਾਗ ਵਿਚ ਕਾਵਿ-ਰੂਪ ਅਨੁਸਾਰ ਕਰਮ ਵੰਡ ਕੀਤੀ ਹੋਈ ਹੈ। ਜਿਸ ਦਾ ਵੇਰਵਾ ਇਸ ਤਰ੍ਹਾਂ ਹੈ। ਪਦੇ, ਅਸ਼ਟਪਦੀਆਂ, ਛੰਤ, ਵਿਸ਼ੇਸ਼ ਕਾਵਿ-ਰੂਪ ਜਿਵੇਂ ਬਾਵਨ ਅੱਖਰੀ, ਸੁਖਮਨੀ, ਥਿੰਤੀ, ਰੁੱਤੀ, ਪਹਰੇ, ਦਿਨ ਰੈਣਿ, ਗੁਣਵੰਤੀ, ਅੰਜਲੀਆਂ ਅਤੇ ਵਾਰਾਂ ਆਦਿ। ਰਾਗ-ਬੰਧਨ ਤੋਂ ਮੁਕਤ ਬਾਣੀ ਨੂੰ ਅਖੀਰ ਵਿੱਚ ਦਰਜਾ ਦਿੱਤਾ ਗਿਆ ਹੈ।

ਗੁਰੂ ਅਰਜਨ ਬਾਣੀ ਨੂੰ ਵਿਸ਼ੇ ਅਨੁਸਾਰ, ਕਾਵਿ-ਰੂਪ ਅਨੁਸਾਰ ਤੇ ਭਾਵ ਅਨੁਸਾਰ ਵੰਡਣ ਵਿਚ ਜੋ ਸਮੱਸਿਆਵਾਂ ਪੇਸ਼ ਹਨ ਉਹਨਾਂ ਦਾ ਸਮਾਧਾਨ ਪਿਛਲੇ ਪੰਨਿਆਂ ਵਿਚ ਆ ਚੁੱਕਾ ਹੈ।

ਅਖ਼ੀਰ ਵਿਚ ਇਹ ਕਹਿਆ ਜਾ ਸਕਦਾ ਹੈ ਕਿ ਕੋਈ ਵੀ ਵਰਤਮਾਨ ਸੰਪਾਦਕੀ ਪ੍ਰਬੰਧ ਜਾਂ ਵਰਗੀਕਰਣ ਪ੍ਰਬੰਧ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੀ ਸੰਪਾਦਨਾ ਲਈ ਉਪਸਥਿਤ ਪ੍ਰਬੰਧ ਤੋਂ ਵੱਧ ਯੋਗ ਨਹੀਂ ਸੀ ਹੋ ਸਕਦਾ।

---

1. ਸੁਰਿੰਦਰ ਸਿੰਘ ਕੋਹਲੀ, <u>ਪਰਖ</u>, ਪਰਚਾ - 1969, ਪੰਨਾ 32-33

# ਅਧਿਆਇ ਤੀਜਾ

## ਗੁਰੂ ਅਰਜਨ ਦੇਵ ਰਚਨਾ ਅਤੇ ਸੰਵੇਦੀ ਅੰਸ਼

(ੳ) ਗੁਰੂ ਅਰਜਨ ਦੇਵ ਜੀ ਬਾਣੀ ਵਿਚੋਂ ਪ੍ਰਾਪਤ ਸੰਵੇਦੀ ਅੰਸ਼ਾਂ ਦਾ ਉਸਾਰੀ ਪੈਟਰਨ

1. ਭਾਸ਼ਾ ਪੈਟਰਨ
2. ਸੰਗੀਤ ਪੈਟਰਨ
3. ਭਾਵ ਸੰਚਾਰ ਪੈਟਰਨ
4. ਕਾਵਿ-ਵਿਅੰਜਨਾ ਪੈਟਰਨ
5. ਸ਼ਬਦ-ਚਿਤਰ ਪੈਟਰਨ
6. ਤੁਲਨਾਤਮਕ ਪੈਟਰਨ

(ਅ) ਗੁਰੂ ਅਰਜਨ ਦੇਵ ਜੀ ਦੀ ਸੰਵੇਦੀ ਕਵਿਤਾ ਦੀ ਸੀਮਾ-ਬੰਧਤਾ

(ੳ) ਗੁਰੂ ਅਰਜਨ ਦੁਆਰਾ ਅਭਿਵਿਅਕਤ ਵਿਚਾਰ ਤੇ ਉਹਨਾਂ ਦੀ ਸੀਮਾ

1. ਪ੍ਰਕਿਰਤੀ ਤੋਂ ਪਰਮਾਤਮਾ ਤਕ
2. ਪ੍ਰੇਮ ਤੋਂ ਪਰਮਾਤਮਾ ਤਕ
3. ਭਗਤੀ ਤੋਂ ਪਰਮਾਤਮਾ ਤਕ

(ਅ) ਗੁਰੂ ਅਰਜਨ ਦੀ ਕਾਵਿ-ਰਚਨਾ ਵਿਚ ਭਾਵ ਇਕ ਪੂਰੀ ਸੰਵੇਦਕ ਇਕਾਈ ਦੇ ਘੇਰੇ ਅੰਦਰ ਸੀਮਤ

(ੲ) ਗੁਰੂ ਅਰਜਨ ਦੇਵ ਜੀ ਦੀ ਸੰਵੇਦੀ ਕਵਿਤਾ ਦੇ ਲੱਛਣ

1. ਆਤਮ-ਅਭਿਵਿਅਕਤੀ
   (ੳ) ਨਿੱਜ ਜੀਵਨ ਸਬੰਧੀ ਘਟਨਾਵਾਂ ਦਾ ਅਨੁਭਵ ਤੇ ਉਹਨਾਂ ਦਾ ਪ੍ਰਗਟਾ
   (ਅ) ਪਰਮਾਤਮਾ ਨਾਲ ਇਕਸੁਰਤਾ ਦਾ ਅਨੁਭਵ ਤੇ ਉਹਦਾ ਪ੍ਰਗਟਾ
2. ਭਾਵ ਇਕਾਗਰਤਾ
3. ਸੰਖੇਪਤਾ
4. ਕਲਪਨਾ
5. ਸੰਗੀਤਾਤਮਕਤਾ
6. ਸੋਹਜਾਤਮਕਤਾ

## ਗੁਰੂ ਅਰਜਨ ਦੇਵ ਰਚਨਾ ਅਤੇ ਸਰੋਦੀ ਸੀਮ੍ਹ

ਗੁਰੂ ਅਰਜਨ ਦੇਵ ਰਚਿਤ ਬਾਣੀ ਵਿਚ ਅਧਿਆਤਮਕ ਚਿੰਤਨ ਦੀ ਡੂੰਘੀ ਤੋਂ ਡੂੰਘੀ ਧਾਰਾ ਵਹਿੰਦੀ ਨਜ਼ਰ ਆਉਂਦੀ ਹੈ। ਇਹ ਅਧਿਆਤਮਕਤਾ ਦੀ ਡੂੰਘੀ ਧਾਰਾ ਕਾਵਿਕ-ਅਭਿਵਿਅੰਜਨਾ ਦੀਆਂ ਵਿਭਿੰਨ ਜੁਗਤਾਂ ਦੀ ਵਰਤੋਂ ਸਦਕਾ ਇਸ ਦੀ ਸਰੋਦਕ ਛੋਹ ਨੂੰ ਉਭਾਰਦੀ ਹੈ। ਰੱਬੀ ਪਿਆਰ ਦਾ ਵਾਯੂਮੰਡਲ ਗੁਰੂ ਜੀ ਦੀ ਕਾਵਿ-ਰਚਨਾ ਨੂੰ ਇਕ ਵਿਸ਼ੇਸ਼ ਪ੍ਰਕਾਰ ਦੇ ਅੰਦਰਲੇ ਸੰਦਰਭ ਨਾਲ ਜੋੜਦਾ ਹੈ ਜਿਸ ਨੂੰ ਅਸੀਂ ਅੰਤਮ ਅਰਥਾਂ ਦਾ ਸਰੋਦਕ-ਸੰਦਰਭ ਆਖ ਸਕਦੇ ਹਾਂ। ਇਸ ਸੰਦਰਭ ਦੇ ਆਧਾਰ ਤੇ ਗੁਰੂ ਅਰਜਨ ਬਾਣੀ ਅਤੇ ਸਰੋਦੀ ਸੀਮ੍ਹ ਨੂੰ ਹੇਠ ਲਿਖੇ ਪਹਿਲੂਆਂ ਤੋਂ ਵਿਚਾਰਿਆ ਜਾ ਸਕਦਾ ਹੈ।

(ੳ) ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚੋਂ ਪ੍ਰਾਪਤ ਸਰੋਦੀ ਸੀਮ੍ਹਾਂ ਦੇ ਉਸਾਰੀ ਪੈਟਰਨ

(ਅ) ਗੁਰੂ ਅਰਜਨ ਦੇਵ ਜੀ ਦੀ ਸਰੋਦੀ ਕਾਵਿ ਦੀ ਸੀਮਾਬੱਧਤਾ

(ੲ) ਗੁਰੂ ਅਰਜਨ ਦੇਵ ਜੀ ਦੀ ਸਰੋਦੀ ਕਵਿਤਾ ਦੇ ਲੱਛਣ

### (ੳ) ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚੋਂ ਪ੍ਰਾਪਤ ਸਰੋਦੀ ਸੀਮ੍ਹਾਂ ਦੇ ਉਸਾਰੀ ਪੈਟਰਨ

ਗੁਰਬਾਣੀ ਸਰੋਦੀ ਵਿਕਾਸਧਾਰਾ ਦਾ ਉਹ ਪੜਾਓ ਹੈ ਜਿਥੇ ਆ ਕੇ ਇਸ ਦੀ ਅੰਦਰਲੀ ਗਤੀ ਅਧਿਆਤਮਕ ਸਰੋਦ ਨੂੰ ਜਨਮ ਦੇਂਦੀ ਹੈ। ਗੁਰੂ ਅਰਜਨ ਬਾਣੀ ਵਿਚਲੇ ਸਰੋਦ ਦੀ ਤਕਨੀਕ ਦੇ ਉਸਾਰ ਨੂੰ ਵਿਚਾਰਨ ਲਈ ਉਹਨਾਂ ਦੀ ਬਾਣੀ ਵਿਚ ਵਰਤੇ ਗਏ ਹੇਠ ਲਿਖੇ ਪੈਟਰਨਾਂ ਤੇ ਵਿਚਾਰ ਕਰਾਂਗੇ।

1. ਭਾਸ਼ਾ ਪੈਟਰਨ
2. ਸੰਗੀਤ ਪੈਟਰਨ
3. ਭਾਵ ਸੰਚਾਰ ਪੈਟਰਨ

4. ਕਾਵਿ-ਵਿਅੰਜਨਾ ਪੈਟਰਨ
5. ਸ਼ਬਦ-ਚਿੱਤਰ ਪੈਟਰਨ
6. ਤੁਲਨਾਤਮਕ ਪੈਟਰਨ

1. ਭਾਸ਼ਾ ਪੈਟਰਨ: ਡਾਕਟਰ ਹਰਭਜਨ ਸਿੰਘ[1] ਅਨੁਸਾਰ, "ਰੂਸੀ ਰੂਪਵਾਦੀਆਂ ਦਾ ਬਲ ਭਾਸ਼ਾ ਦੀ ਕਾਰਜਸ਼ੀਲਤਾ ਹੈ। ਉਹਨਾਂ ਦਾ ਮੱਤ ਸੀ ਕਿ ਵਾਰਤਕ ਜਾਂ ਬੋਲਚਾਲ ਵਿਚ ਭਾਸ਼ਾ 'ਸੰਚਾਰ' ਦਾ ਕਾਰਜ ਨਿਭਾਉਂਦੀ ਹੈ, ਜਿਸ ਦੇ ਉਲਟ ਕਾਵਿ-ਕਿਰਤ ਵਿਚ ਉਹ 'ਸੁਹਜ-ਸਿਰਜਣ' ਵਲ ਰੁਚਿਤ ਹੁੰਦੀ ਹੈ।" ਕਾਰਜਸ਼ੀਲ ਭਾਸ਼ਾ ਹੀ ਭਾਸ਼ਾ ਹੈ। ਕਵੀ ਆਪਣੇ ਅੰਤਰ-ਜਗਤ ਨੂੰ ਸਿਰਜਣ ਲਈ ਭਾਸ਼ਾ ਦਾ ਸਹਾਰਾ ਲੈਂਦਾ ਹੈ। ਭਾਸ਼ਾ ਰਾਹੀਂ ਹੀ ਕਵੀ ਦੇ ਮਨ ਵਿਚ ਦੀ ਚਿਤ੍ਰਸ਼ਾਲਾ ਵਿਚ ਲਟਕਦੀਆਂ ਮੂਰਤੀਆਂ ਨੂੰ ਸਾਕਾਰਾਤਮਕਤਾ ਪ੍ਰਾਪਤ ਹੁੰਦੀ ਹੈ। ਭਾਸ਼ਾ ਰਾਹੀਂ ਹੀ ਕਵੀ ਗੰਭੀਰ ਵਿਚਾਰ ਤੇ ਬੁਨਿਆਦੀ ਅਨੁਭਵਾਂ ਦੀ ਅਭਿਵਿਅੰਜਨਾ ਕਰਦਾ ਹੈ। ਪ੍ਰੋ. ਪ੍ਰੇਮ ਪ੍ਰਕਾਸ਼ ਸਿੰਘ[2] ਅਨੁਸਾਰ ਭਾਸ਼ਾ ਦਾ ਮੁਖ ਪ੍ਰਯੋਜਨ ਵਕਤਾ ਦੀ ਮਨਸਾ ਨੂੰ ਸ੍ਰੋਤੇ ਤਕ ਅਪੜਾਉਣਾ ਹੈ। ਇਸੇ ਜੁਗਤ ਸਦਕਾ ਭਾਸ਼ਾ ਕਾਰਜਸ਼ੀਲ ਹੁੰਦੀ ਹੈ। ਕਵਿਤਾ ਦੀ ਹੋਂਦ ਲਿਖਤੀ ਭਾਸ਼ਾ ਜਾਂ ਸ਼ਬਦਾਂ ਤੇ ਆਧਾਰਿਤ ਹੁੰਦੀ ਹੈ। ਇਸ ਲਈ ਭਾਸ਼ਾ ਵਲ ਵਿਸ਼ੇਸ਼ ਧਿਆਨ ਕੇਂਦਰਤ ਹੋਣਾ ਕੁਦਰਤੀ ਹੈ। ਕਾਵਿ-ਰਚਨਾ ਵਿਚ ਭਾਸ਼ਾ ਦੀ ਕਾਰਜਸ਼ੀਲਤਾ, ਕਾਵਿ-ਕ੍ਰਿਤ ਦੀ ਪਾਠਕ/ਸ੍ਰੋਤੇ ਦੁਆਰਾ ਪਕੜ ਤੇ ਉਸ ਦੇ ਪ੍ਰਭਾਵ ਤੇ ਨਿਰਭਰ ਕਰਦੀ ਹੈ। ਗੁਰੂ ਅਰਜਨ ਦੇਵ ਜੀ ਦੀ ਕਾਵਿਕ-ਭਾਸ਼ਾ ਦੀ ਕਾਰਜਸ਼ੀਲਤਾ ਉਹਨਾਂ ਦੀ ਨਿੱਜ ਭਾਵਨਾਵਾਂ ਤੇ ਵਿਚਾਰਾਂ ਨੂੰ ਉਘਾੜਦੀ ਹੈ।

ਗੁਰੂ ਅਰਜਨ ਦੇਵ ਜੀ ਦੀ ਕਾਵਿ-ਭਾਸ਼ਾ ਦੀ ਸ਼ਬਦਾਵਲੀ ਦੀ ਘਾੜਤ ਦਾ ਪੈਟਰਨ ਉਸ ਵੇਲੇ ਦੀ ਪ੍ਰਚਲਤ ਭਾਸ਼ਾ ਵਿਚੋਂ ਹੀ ਸੀ। ਇਸ ਪੈਟਰਨ ਦੇ ਰਚੈਤਾ ਬਾਣੀਕਾਰ ਗੁਰੂ ਜੀ ਲੋਕ ਸਮੂਹ ਨਾਲ ਜੁੜੇ ਹੋਏ ਹਨ। ਇਸ ਵਿਚ ਲੋਕਾਂ ਦੀ ਚੇਤਨਾ ਲੌਕਿਕ ਪੱਧਰ ਤਕ ਸੀਮਤ ਹੈ ਪਰੰਤੂ ਬਾਣੀ ਰਚੈਤਾ ਦੀ ਚੇਤਨਾ ਅਲੌਕਿਕ ਜਾਂ ਪਰਾਭੌਤਿਕ ਪੱਧਰ ਤਕ ਪਹੁੰਚੀ ਹੋਈ ਹੈ। ਗੁਰੂ ਜੀ ਇਸ ਗਲੋਂ ਪੂਰਨ ਚੇਤੰਨ ਜਾਪਦੇ ਹਨ ਕਿ ਜਦੋਂ ਤਕ ਸ੍ਰੋਤਾ/ਪਾਠਕ ਕਾਵਿ ਦੀ ਭਾਸ਼ਾ ਨੂੰ ਨਹੀਂ ਸਮਝਦਾ ਉਦੋਂ ਤਕ ਕਵਿਤਾ ਦਾ ਕੋਈ ਮਹੱਤਵ ਨਹੀਂ। ਇਸ ਮੰਤਵ ਨੂੰ ਮੁੱਖ ਰੱਖ ਕੇ ਗੁਰੂ ਜੀ ਨੇ ਕਾਵਿ-ਰਚਨਾ ਵਿਚ ਜਨਸਮੂਹ ਦੀ ਭਾਸ਼ਾ ਨੂੰ ਵਰਤੋਂ ਵਿਚ ਲਿਆਂਦਾ।

1. ਸਾਹਿਤ ਵਿਗਿਆਨ, ਪੰਨਾ 72
2. ਪੰਜਾਬੀ ਬੋਲੀ ਦਾ ਨਿਕਾਸ ਤੇ ਵਿਕਾਸ, ਪੰਨਾ 36

ਗੁਰੂ ਅਰਜਨ ਦੇਵ ਦੀ ਕਾਵਿ-ਰਚਨਾ ਦੀ ਨੀਂਹ ਸਾਦਗੀ ਅਤੇ ਅਸਲੀਅਤ ਉਤੇ ਰੱਖੀ ਹੈ। ਮਿਲਟਨ ਇਨ੍ਹਾਂ ਦੋ ਗੁਣਾਂ ਨੂੰ ਕਾਵਿ ਦੀ ਜਾਨ ਸਮਝਦਾ ਹੈ।[1] ਡਾਕਟਰ ਗੋਪਾਲ ਸਿੰਘ ਅਨੁਸਾਰ ਗੁਰੂ ਅਰਜਨ ਦੀ ਬੋਲੀ ਦਾ ਫੈਲਾਅ ਤੇ ਵੇਰਵਾ ਹੈਰਾਨ ਕਰਨ ਵਾਲਾ ਹੈ। ਇਸ ਵਿਚ ਸੰਸਕ੍ਰਿਤ ਦਾ ਢੇਰ ਰਲਾ ਹੈ। ਲਹਿੰਦੀ, ਫ਼ਾਰਸੀ, ਅਰਬੀ, ਸਿੰਧੀ, ਰਾਜਸਥਾਨੀ, ਕੇਂਦਰੀ ਪੰਜਾਬੀ ਆਦਿਕ ਦੇ ਨਮੂਨੇ ਆਮ ਮਿਲਦੇ ਹਨ।[2] ਇਹ ਭਿੰਨ ਭਿੰਨ ਬੋਲੀਆਂ ਵਿਚੋਂ ਵਰਤੀ ਸ਼ਬਦਾਵਲੀ ਵਿਚਾਰ ਦਾ ਕੇਂਦਰ ਹੈ। ਇਸ ਵਿਭਿੰਨ ਸ਼ਬਦਾਵਲੀ ਦੁਆਰਾ ਗੁਰੂ ਜੀ ਨੇ ਵਿਚਾਰਾਂ ਦੇ ਰੰਗਾਂ ਰੰਗ ਨਿਰੂਪਣ ਦੁਆਰਾ ਮਨੁੱਖੀ-ਮਨ ਦਾ ਤੇ ਪ੍ਰਭੂ-ਪ੍ਰੇਮ ਦਾ ਚਿਤ੍ਰਣ ਕੀਤਾ ਹੈ।

ਗੁਰੂ ਅਰਜਨ ਦੇਵ ਜੀ ਦੀ ਰਚਨਾ 'ਜੈਤਸਰੀ ਦੀ ਵਾਰ' ਤੋਂ ਇਹ ਤੱਥ ਸਪਸ਼ਟ ਹੁੰਦਾ ਹੈ ਕਿ ਗੁਰੂ ਜੀ ਆਪਣੀਆਂ ਭਾਵਨਾਵਾਂ ਨੂੰ ਜਨ-ਸਮੂਹ ਨਾਲ ਕਿਵੇਂ ਸਾਂਝਾ ਕਰਨਾ ਚਾਹੁੰਦੇ ਸਨ। ਉਹਨਾਂ ਨੇ ਇਸ ਰਚਨਾ ਵਿਚ ਸੰਸਕ੍ਰਿਤੀ ਤੋਂ ਇਲਾਵਾ ਲਹਿੰਦੀ ਤੇ ਸ਼ੁਧ ਪੰਜਾਬੀ ਬੋਲੀ ਦੀ ਸ਼ਬਦਾਵਲੀ ਦੀ ਵਰਤੋਂ ਕੀਤੀ ਹੈ।

ਸਲੋਕ: ਤਿਅਕਤ ਜਲੰ ਨਹ ਜੀਵ, ਮੀਨੰ, ਨਹਿ ਤਿਆਗ ਚਾਤ੍ਰਿਕ ਮੇਘ ਮੰਡਲਹ।
ਬਾਣ ਬੇਧੰਚ ਕੁਰੰਕ ਨਾਦੰ, ਅਲਿ ਬੰਧਨ ਕੁਸਮ ਬਾਸਨਹ।
ਚਰਨ ਕਮਲ ਰਚੰਤਿ ਸੰਤਹ, ਨਾਨਕ ਆਨ ਨ ਰੁਚਤੇ।
ਮੁਖੁ ਡੇਖਾਊ ਪਲਕ ਛਡਿ, ਆਨ ਨ ਡੇਊ ਚਿਤੁ।
ਜੀਵਣ ਸੰਗਮੁ ਤਿਸ ਧਣੀ, ਹਰਿ ਨਾਨਕ ਸੰਤਾਂ ਮਿਤੁ।

ਪਉੜੀ: ਜਿਉ ਮਛਲੀ ਬਿਨੁ ਪਾਣੀਏ, ਕਿਉ ਜੀਵਣ ਪਾਵੈ।
ਬੂੰਦ ਵਿਹੂਣਾ ਚਾਤ੍ਰਿਕੋ, ਕਿਉ ਕਰਿ ਤ੍ਰਿਪਤਾਵੈ।
ਨਾਦ ਕੁਰੰਕਹਿ ਬੇਧਿਆ, ਸਨਮੁਖ ਉਠਿ ਧਾਵੈ।
ਭਵਰ ਲੋਭੀ ਕੁਸਮ ਬਾਸੁ ਕਾ, ਮਿਲਿ ਆਪੁ ਬੰਧਾਵੈ।

1. *ਗੁਰੂ ਅਰਜਨ ਜੀਵਨ ਤੇ ਰਚਨਾ*, ਪ੍ਰਕਾਸ਼ਕ ਭਾਸ਼ਾ ਵਿਭਾਗ, ਪੰਜਾਬ, ਪੰਨਾ 104

2. *ਪੰਜਾਬੀ ਸਾਹਿਤ ਦਾ ਇਤਿਹਾਸ*, 1950 ਈ., ਪੰਨਾ 95

ਤਿਉ ਸੰਤ ਜਨਾ ਹਰਿ ਪ੍ਰੀਤਿ ਹੈ, ਦੇਖਿ ਦਰਸੁ ਅਘਾਵੈ।[1]

(ਵਾਰ ਜੈਤਸਰੀ ਮਹੱਲਾ 5)

ਅਨੁਭਵ ਦੇ ਪ੍ਰਗਟਾ ਲਈ ਗੁਰੂ ਜੀ ਦੀ ਕਲਪਨਾ ਵਿਚ ਸ਼ਬਦ ਬਿਨਾਂ ਕੋਸ਼ਿਸ਼ ਇਸ ਤਰ੍ਹਾਂ ਉਗਮਦੇ ਗਏ ਜਿਵੇਂ ਸਬੰਧਤ ਸੰਸਕ੍ਰਿਤ, ਲਹਿੰਦੀ ਤੇ ਪੰਜਾਬੀ ਸ਼ਬਦਾਂ ਦੀ ਆਤਮਾ ਨਾਲ ਗੁਰੂ ਜੀ ਦੀ ਸਾਂਝ ਸਦੀਆਂ ਤੋਂ ਤੁਰੀ ਆਉਂਦੀ ਹੈ।

ਇਹਨਾਂ ਕਾਵਿ-ਤੁਕਾਂ ਵਿਚ ਸੰਸਕ੍ਰਿਤੀ ਤੇ ਪੰਜਾਬੀ ਬੋਲੀ ਦੀ ਸ਼ਬਦਾਵਲੀ ਦੁਆਰਾ ਪ੍ਰਕ੍ਰਿਤਕ ਜੀਵਾਂ ਦੇ ਮਾਧਿਅਮ ਦੁਆਰਾ ਅਧਿਆਤਮਕ ਭੇਦ ਨੂੰ ਸਰਲਤਾ ਨਾਲ ਖੋਲ੍ਹਿਆ ਹੈ। ਸ੍ਰੋਤਾ ਲੌਕਿਕ ਵਾਤਾਵਰਣ ਵਿਚੋਂ ਵਿਚਰ ਕੇ ਅਲੌਕਿਕ ਦ੍ਰਿਸ਼ਾਂ ਦਾ ਅਨੰਦ ਮਾਣਦਾ ਹੈ।

ਇਹਨਾਂ ਕਾਵਿ-ਤੁਕਾਂ ਵਿਚ ਵਿਭਿੰਨ ਅੰਤਰਧਾਰਨਾਵਾਂ ਵਿਚ ਰਲਦੇ-ਮਿਲਦੇ ਭਾਵ ਅਤੇ ਗਹਿਰੇ ਚਿੰਤਨਾਤਮਕ ਅਰਥ ਭਾਸ਼ਾਈ ਸ਼ਬਦਾਂ ਦੀ ਨਿਸ਼ਚਿਤ ਸੀਮਾ-ਰੇਖਾ ਵਿਚ ਰਹਿੰਦੇ ਹੋਏ ਵਿਸ਼ਾਲ ਅਰਥ-ਪ੍ਰਸਾਰਣ ਦਾ ਨਿਰੂਪਣ ਕਰਦੇ ਹਨ। ਗੁਰੂ ਜੀ ਦੀ ਕਾਵਿ-ਭਾਸ਼ਾ ਦੇ ਸੰਖੇਪ ਸ਼ਬਦ ਤੇ ਸੰਖੇਪ ਅਭਿਵਿਅੰਜਨਾਂ ਦੇ ਇਹ ਲਛਣ ਸਰੋਦੀ ਕਵਿਤਾ ਤੇ ਉਸਾਰੂ-ਪੱਖ ਨੂੰ ਉਜਾਗਰ ਕਰਨ ਵਿਚ ਪੂਰਨਭਾਂਤ ਸਫ਼ਲ ਹੁੰਦੇ ਹਨ।

ਗੁਰੂ ਅਰਜਨ ਦੇਵ ਰਚਿਤ ਹੇਠ ਲਿਖੀ ਰਚਨਾ ਫ਼ਾਰਸੀ ਤੇ ਸੰਸਕ੍ਰਿਤੀ ਦਾ ਭਾਸ਼ਾ ਚਿਤ੍ਰ ਹੈ। ਇਸ ਚਿਤ੍ਰ ਵਿਚ ਕਵੀ ਦੀ ਨਿੱਜ ਭਾਵਨਾ ਤੋਂ ਇਲਾਵਾ ਜਨ-ਸਮੂਹ ਭਾਵਨਾਵਾਂ ਦਾ ਅਕਸ ਵੇਖਿਆ ਜਾ ਸਕਦਾ ਹੈ।

ਮੀਰਾਂ ਦਾਨਾਂ ਦਿਲ ਸੋਚ।
ਮੁਹਬਤੇ ਮਨਿ ਤਨਿ ਬਸੈ ਸਚੁ ਸਾਹ ਬੰਦੀ ਮੋਚ। ਰਹਾਉ।
ਦੀਦਨੇ ਦੀਦਾਰ ਸਾਹਿਬ ਕਛੁ ਨਹੀ ਇਸਕਾ ਮੋਲੁ।
ਪਾਕ ਪਰਵਦਗਾਰ ਤੂ ਖੁਦਿ ਖਸਮੁ ਬਡਾ ਅਤੋਲੁ।
ਦਸਤਗੀਰੀ ਦੇਹਿ ਦਿਲਾਵਰ ਤੂਹੀ ਤੂਹੀ ਏਕ।

---

1. ਗੁਰੂ ਗ੍ਰੰਥ ਸਾਹਿਬ, ਪੰਨਾ 708

ਕਰਤਾਰ ਕੁਦਰਤਿ ਕਰਣ ਖਾਲਕ ਨਾਨਕ ਤੇਰੀ ਟੇਕ।[1]

(ਤਿਲੰਗ ਮਹੱਲਾ 5)

ਉਪਰੋਕਤ ਕਾਵਿ-ਤੁਕਾਂ ਵਿਚ ਮੀਰਾਂ, ਦਾਨਾ, ਮੁਹਬਤੇ, ਬੰਦੀ ਮੋਚ, ਦੀਦਨੇ ਦੀਦਾਰ, ਪਾਕ ਪਰਵਦਗਾਰ, ਖੁਦਿ, ਖਸਮੁ, ਦਸਤਗੀਰੀ, ਦਿਲਾਵਰ, ਖਾਲਕ ਆਦਿ ਫ਼ਾਰਸੀ ਸ਼ਬਦਾਵਲੀ ਦੇ ਸ਼ਬਦਾਂ ਦੀ ਬੰਧ ਵਰਤੋਂ ਕੀਤੀ ਗਈ ਹੈ। ਗੁਰੂ ਅਰਜਨ ਦੇਵ ਜੀ ਨੇ ਇਹਨਾਂ ਸ਼ਬਦਾਂ ਨੂੰ ਅਧਿਆਤਮਕ ਵਿਚਾਰਾਂ ਦੀ ਅਭਿਵਿਅੰਜਨਾ ਲਈ ਵਰਤਿਆ। ਇਹ ਸ਼ਬਦ ਕਿਸੇ ਉਚੇਚ ਨਾਲ ਅਪਣਾਏ ਹੋਏ ਨਹੀਂ ਜਾਪਦੇ ਸਗੋਂ ਇੰਜ ਲਗਦਾ ਹੈ ਜਿਵੇਂ ਗੁਰੂ ਜੀ ਦੇ ਸਮੇਂ ਪੰਜਾਬ ਦੇ ਜਨ-ਸਾਧਾਰਣ ਦੀ ਬੋਲੀ ਵਿਚ ਰਚਮਿਚ ਚੁਕੇ ਹੋਣ। ਇਹ ਸ਼ਬਦ ਜਨ-ਸਾਧਾਰਣ ਦੇ ਜਜ਼ਬਿਆਂ ਨੂੰ ਟੁੰਬਣ ਵਾਲੇ ਹੋਣ ਕਾਰਨ ਵਧੇਰੇ ਪ੍ਰਭਾਵਸ਼ਾਲੀ ਹਨ।

ਸਰੋਦੀ ਕਵਿਤਾ ਵਿਚ ਵਿਚਾਰਾਂ ਨੂੰ ਸੰਜਮ ਅਰਥਾਤ ਸੰਖੇਪਤਾ ਵਿਚ ਅਭਿਵਿਅਕਤ ਕੀਤਾ ਜਾਂਦਾ ਹੈ। ਫ਼ਾਰਸੀ ਸ਼ਬਦਾਵਲੀ ਦੀ ਇਹ ਵਿਸ਼ੇਸ਼ਤਾ ਹੈ ਕਿ ਇਹ ਸ਼ਬਦ ਵਿਸ਼ਾਲ ਖੇਤਰ ਨੂੰ ਛੋਟੀ ਤੋਂ ਛੋਟੀ ਅਰਥ-ਇਕਾਈ ਵਿਚ ਵਿਚਾਰਾਂ ਦੇ ਸੰਖੇਪਣ ਨੂੰ ਪੇਸ਼ ਕਰਨ ਵਿਚ ਪੂਰਨਭਾਂਤ ਸਫਲ ਹੁੰਦੇ ਹਨ।

ਇਹਨਾਂ ਕਾਵਿ-ਤੁਕਾਂ ਵਿਚ ਮੀਰਾਂ ਦਾਨਾ, ਬੰਦੀ ਮੋਚ, ਪਾਕ-ਪਰਵਦਗਾਰ, ਦਸਤਗੀਰੀ ਤੇ ਖਾਲਕ ਆਦਿ ਸਾਰੇ ਸ਼ਬਦ ਇਕੋ ਸਹਿ-ਸਬੰਧ ਵਿਚ ਜੁੜੇ ਹੋਏ ਸ਼ਬਦ ਹਨ ਤੇ ਆਪਸ ਵਿਚ ਸਹਿਚਾਰੀ ਸਬੰਧ ਸਥਾਪਿਤ ਕਰਦੇ ਹੋਏ ਸਰੋਦੀ ਕਵਿਤਾ ਦੇ ਭਾਵ ਇਕਾਗਰਤਾ ਵਾਲੇ ਗੁਣ ਦੀ ਸਥਿਤੀ ਨੂੰ ਦਰਸਾਉਂਦੇ ਹਨ। ਇਸ ਤਰ੍ਹਾਂ ਸਰੋਦੀ-ਹੂਕ ਵਾਲੇ ਇਸ ਛੋਟੇ ਪਦੇ ਦੀ ਰਚਨਾ ਜਜ਼ਬੇ ਦੇ ਤੀਬਰ ਵੇਗ ਦੁਆਰਾ ਹੋਈ ਹੈ।

ਗੁਰੂ ਅਰਜਨ ਦੇਵ ਜੀ ਦੀ ਭਾਸ਼ਾ ਸਰੋਦ ਦੀ ਪਰੰਪਰਾ ਤੇ ਵਿਕਾਸ ਨੂੰ ਨਿਰੰਤਰ ਅਗੇ ਵਧਾਉਂਦੀ ਹੈ। ਉਹਨਾਂ ਦੀ ਬੋਲੀ ਲੋਕ-ਭਾਵਨਾਵਾਂ ਤੋਂ ਡੂੰਘੀ ਤਰ੍ਹਾਂ ਪ੍ਰਭਾਵਤ ਹੈ, ਹੇਠ ਲਿਖੀ ਕਾਵਿ-ਰਚਨਾ ਵਿਚ, ਜੋ ਪੰਜਾਬੀ ਦਾ ਉਤਮ ਨਮੂਨਾ ਹੈ, ਪਰਮਾਤਮਾ ਦੀ ਸਿਫ਼ਤ-ਸੰਬੰਧੀ ਵਿਚਾਰਾਂ

---

1. ਗੁਰੂ ਗ੍ਰੰਥ ਸਾਹਿਬ, ਪੰਨਾ 724

ਨੂੰ ਸਰੋਦੀ-ਸੁਰ ਵਿਚ ਪੇਸ਼ ਕੀਤਾ ਹੈ:

ਮਿਠ ਬੋਲੜਾ ਜੀ ਹਰਿ ਸਜਣੁ ਸੁਆਮੀ ਮੋਰਾ।
ਹਉ ਸੰਮਲਿ ਥਕੀ ਜੀ ਓਹੁ ਕਦੇ ਨ ਬੋਲੈ ਕਉਰਾ।
ਕਉੜਾ ਬੋਲਿ ਨ ਜਾਨੈ ਪੂਰਨ ਭਗਵਾਨੈ ਅਉਗਣ ਕੋ ਨ ਚਿਤਾਰੇ।
ਪਤਿਤ ਪਾਵਨੁ ਹਰਿ ਬਿਰਦੁ ਸਦਾਏ ਇਕੁ ਤਿਲੁ ਨਹੀ ਭੰਨੈ ਘਾਲੇ।
ਘਟ ਘਟ ਵਾਸੀ ਸਰਬ ਨਿਵਾਸੀ ਨੇਰੈ ਹੀ ਤੇ ਨੇਰਾ।
ਨਾਨਕ ਦਾਸੁ ਸਦਾ ਸਰਣਾਗਤਿ ਹਰਿ ਅੰਮ੍ਰਿਤ ਸਜਣੁ ਮੇਰਾ।[1]

(ਰਾਗ ਸੂਹੀ ਮਹੱਲਾ 5 ਛੰਤ)

ਬੋਲੀ ਦੀ ਠੇਠਤਾ, ਬਿਆਨ ਦੀ ਸਰਲਤਾ ਅਤੇ ਰਸ ਦੀ ਇਕਾਗਰਤਾ ਕਾਰਣ ਡੂੰਘੇ ਤੋਂ ਡੂੰਘੇ ਅਧਿਆਤਮਕ ਭਾਵ ਅਤਿ ਦਰਜੇ ਦੇ ਸਰਲ ਅਤੇ ਸਪਸ਼ਟ ਹੋ ਨਿਬੜੇ ਹਨ।

ਹੇਠ ਲਿਖੀ ਕਾਵਿ-ਤੁਕ ਵਿਚ ਗੁਰੂ ਅਰਜਨ ਸਾਹਿਬ ਨੇ ਪੰਜਾਬ ਦੇ ਪੱਛਮੀ ਭਾਗ ਦੇ ਇਲਾਕੇ ਦੀ ਬੋਲੀ ਵਿਚੋਂ ਵਿਯੋਗਾਤਮਕ ਸ਼ਬਦਾਵਲੀ ਦੀ ਵਰਤੋਂ ਕਰਕੇ ਵੈਰਾਗਮਈ ਲਹਿਜੇ ਵਿਚ ਸਰੋਦਕ-ਹੂਕ ਨੂੰ ਉਭਾਰਿਆ ਹੈ:

ਤੂ ਚਉ ਸਜਣ ਮੈਡਿਆ ਡੇਈ ਸਿਸੁ ਉਤਾਰਿ।
ਨੈਣ ਮਹਿੰਜੇ ਤਰਸਦੇ ਕਦਿ ਪਸੀ ਦੀਦਾਰੁ।
ਜੇ ਤੂ ਮਿਤ੍ਰੁ ਅਸਾਡੜਾ, ਹਿਕ ਭੋਰੀ ਨ ਵੇਛੋੜਿ।
ਜੀਉ ਮਹਿੰਜਾ ਤਉ ਮੋਹਿਆ, ਕਦਿ ਪਸੀ ਜਾਨੀ ਤੋਹਿ।[2]

(ਮਾਰੂ ਵਾਰ ਮਹੱਲਾ 5 ਡਖਣੇ)

ਉਪਰੋਕਤ ਕਾਵਿ-ਤੁਕਾਂ ਵਿਚ, ਮੈਡਿਆ, ਡੇਈ, ਸਿਸੁ, ਮਹਿੰਜੇ, ਪਸੀ, ਅਸਾਡੜਾ ਤੇ ਹਿਕ ਆਦਿ ਸ਼ਬਦ ਲਹਿੰਦੀ ਬੋਲੀ ਦੇ ਧਾਰਨੀ ਹਨ। ਇਹਨਾਂ ਵਿਚ ਪ੍ਰਭੂ-ਪਿਆਰ ਨੂੰ ਪੰਜਾਬੀ

---

1. ਗੁਰੂ ਗ੍ਰੰਥ ਸਾਹਿਬ, ਪੰਨਾ 785
2. ਉਹੀ, ਪੰਨਾ 1094

ਰੰਗ ਵਿਚ ਰੰਗ ਕੇ ਪੇਸ਼ ਕੀਤਾ ਹੈ ਤੇ ਇਹਨਾਂ ਵਿਚ ਇਤਨੀ ਸਰੋਦੀ ਹੂਕ ਹੈ ਕਿ ਕਵਿਤਾ ਸੋਹਜ-ਸੁਆਦ ਦੇਂਦੀ ਹੈ। ਇਹਨਾਂ ਤੁਕਾਂ ਦਾ ਜਜ਼ਬਾ ਇੰਨਾ ਨਿੱਜੀ ਤੇ ਆਪ੍ਰਮੁਹਾਰਾ ਹੈ ਕਿ ਇਸ ਦਾ ਮਨ ਤੇ ਸਿਧਾ ਤੇ ਤੀਖਣ ਪ੍ਰਭਾਵ ਪੈਂਦਾ ਹੈ। ਸਜਣ ਤੇ ਮਿਤ੍ਰ ਵੀ ਅਜਿਹੇ ਸ਼ਬਦ ਹਨ ਜੋ ਕਵਿਤਾ ਵਿਚ ਸਾਦਗੀ ਦਾ, ਨੇੜਤਾ ਦਾ ਤੇ ਨਿੱਜ ਹੰਢਾਏ ਤਜਰਬੇ ਦਾ ਅਹਿਸਾਸ ਪੈਦਾ ਕਰਦੇ ਹਨ।

ਇਸ ਕਾਵਿ-ਭਾਸ਼ਾ ਦੀ ਵਿਲੱਖਣਤਾ ਸਮਾਜਕ-ਭਾਸ਼ਾ ਅਨੁਕੂਲ ਭਾਵ-ਅਭਿਵਿਅੰਜਨਾ ਵਿਚ ਹੈ। ਤੁਕਾਂਤ ਦੀ ਸਹਿਜ ਸੁਭਾਵਕਤਾ, ਸ਼ਬਦਾਂ ਵਿਚ ਇਕਹਿਰੀ ਸਾਦਗੀ ਤੇ ਇਹਨਾਂ ਵਿਚ ਸਮੋਈ ਨਿੰਮੀ ਨਿੰਮੀ ਖੁਸ਼ੀ ਤੇ ਵਿਛੋੜੇ ਦਾ ਡਰ ਲਹਿੰਦੀ ਸ਼ਬਦਾਵਲੀ ਦੀ ਵਰਤੋਂ ਸਦਕਾ ਅਤਿ ਪ੍ਰਭਾਵਾਤਮਕ ਹੋ ਨਿਬੜਿਆ ਹੈ। ਸ਼ੈਲੀ ਵਿਚ ਵਹਾਉ ਤੇ ਰਾਗਾਤਮਕਤਾ ਹੈ। ਸ਼ਬਦ-ਚੋਣ ਮੌਕੇ ਨਾਲ ਢੁਕਦੀ ਹੈ। ਬਿਆਨ ਵਿਚ ਸੰਕੋਚ ਵੀ ਹੈ, ਸਾਦਗੀ ਤੇ ਮਿਠਾਸ ਵੀ।

ਅੰਤ ਵਿਚ ਕਿਹਾ ਜਾ ਸਕਦਾ ਹੈ ਕਿ ਗੁਰੂ ਅਰਜਨ ਦੇਵ ਨੇ ਕਾਵਿ-ਰਚਨਾ ਵਿਚ ਸਰੋਦੀ ਅੰਸ਼ ਨੂੰ ਉਸਾਰਨ ਲਈ ਸਾਦੀ, ਸਰਲ ਤੇ ਜਨ-ਸਮੂਹਕ ਪਰ ਜ਼ੋਰਦਾਰ ਭਾਸ਼ਾ ਦੀ ਵਰਤੋਂ ਕੀਤੀ। ਸ਼ਬਦ ਚੋਣ ਵਿਚ ਕਿਸੇ ਕਿਸਮ ਦੀ ਉਚੇਚ ਤੇ ਬਨਾਵਟ ਨਹੀਂ। ਪਰੰਤੂ ਵਿਸ਼ੇ ਦੀ ਅਨੁਕੂਲਤਾ ਜ਼ਰੂਰ ਵੇਖੀ ਹੈ।

2. <u>ਸੰਗੀਤ ਪੈਟਰਨ</u>। ਸੰਗੀਤਕਤਾ ਸਰੋਦੀ ਕਵਿਤਾ ਦੀ ਪ੍ਰਮੁਖ ਵਿਸ਼ੇਸ਼ਤਾ ਹੈ। ਗੁਰੂ ਸਾਹਿਬਾਨ ਤੇ ਉਹਨਾਂ ਦੇ ਯੁਗਕਾਲੀਨ ਕਵੀਆਂ ਨੇ ਆਪਣੇ ਢੰਗ ਨਾਲ ਆਪਣੀਆਂ ਰਚਨਾਵਾਂ ਵਿਚ ਸੰਗੀਤਕ ਨਾਦ ਸੁੰਦਰਤਾ ਅਤੇ ਸੰਗੀਤਕ ਲੈਆਤਮਕ ਪ੍ਰਵਾਹ ਦੀ ਸੰਜਿਨਾ ਕੀਤੀ। ਸਰੋਦੀ ਕਵਿਤਾ ਵਿਚ ਨਾਦਾਤਮਕਤਾ ਅਤੇ ਲੈਆਤਮਕਤਾ ਦਾ ਸਮਾਵੇਸ਼ ਨਿਸਚੇਆਤਮਕ ਰੂਪ ਤੋਂ ਸਰੋਦੀ ਕਵਿਤਾ ਦੇ ਸ਼ਿਲਪ-ਵਿਧਾਨ ਵਿਚ ਸੁੰਦਰਤਾ ਅਤੇ ਸਾਰਭੂਤ ਪ੍ਰਭਾਵ ਵਿਚ ਆਕਰਸ਼ਣ ਦਾ ਸਮਾਵੇਸ਼ ਕਰ ਦੇਂਦਾ ਹੈ।

ਡੀ ਐਡਵਰਡ ਕਵਿਤਾ ਦੇ ਸੰਗੀਤਕ ਪੱਖ ਤੇ ਵਿਚਾਰ ਕਰਦਿਆਂ ਕਵਿਤਾ ਨੂੰ ਸ਼ਬਦਾਂ ਵਿਚ ਸੰਗੀਤ ਅਤੇ ਸੰਗੀਤ ਸੁਰਾਂ ਵਿਚ ਕਵਿਤਾ ਕਹਿੰਦਾ ਹੈ।[1] ਇਹ ਗੱਲ ਗੁਰੂ ਬਾਣੀ ਤੇ ਵੀ

---

1. "Poetry is music in words and Music is poetry in sound."

T. Adward and J. Adwards, <u>The New Dictionary of Thoughts</u>, p. 470

ਲਾਗੂ ਹੁੰਦੀ ਹੈ। ਗੁਰੂ ਅਰਜਨ ਦੇਵ (ਤੇ ਦੂਜੇ ਸਿੱਖ ਗੁਰੂਆਂ) ਨੇ ਬਾਣੀ ਨੂੰ ਰਾਗਾਂ ਦੇ ਆਧਾਰ ਤੇ ਰਚ ਕੇ ਰਾਗਾਂ ਮੁਤਾਬਕ ਰਸ ਤੇ ਭਾਵ ਨੂੰ ਚਿਤ੍ਰਿਆ। ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀ ਦੇ ਉਪਰ ਜੋ ਸਿਰਲੇਖ ਹਨ ਉਹ ਰਾਗ ਨਾਮ ਨਾਲ ਅੰਕਿਤ ਹਨ ਅਤੇ ਨਾਲ ਹੀ ਘਰ ਸ਼ਬਦ ਤਾਲ ਦੀਆਂ ਮਾਤਰਾਂ ਦਾ ਸੰਕੇਤ ਕਰਦਾ ਹੈ।[1] ਇਸ ਤੋਂ ਗੁਰੂ ਬਾਣੀ ਦੀ ਸੰਗੀਤਾਤਮਕਤਾ ਭਲੀ ਪ੍ਰਕਾਰ ਸਪਸ਼ਟ ਹੁੰਦੀ ਹੈ।

ਗੁਰੂ ਅਰਜਨ ਦੇਵ ਜੀ ਦੀ ਬਾਣੀ ਦੇ ਸੰਗੀਤ ਪੈਟਰਨ ਨੂੰ ਹੇਠ ਲਿਖੇ ਪਹਿਲੂਆਂ ਤੋਂ ਵਿਚਾਰਿਆ ਜਾ ਸਕਦਾ ਹੈ:

(ੳ) ਤੁਕਬੰਦੀ ਜਾਂ ਲੈਅ ਪ੍ਰਬੰਧ
(ਅ) ਸ਼ਬਦ ਪੁਨਾਰਾਵ੍ਰਿਤੀ
(ੲ) ਰਾਗ ਅਨੁਕੂਲ ਰਸ ਤੇ ਭਾਵ ਚਿਤ੍ਰਣ ਦੀ ਵਿਸ਼ੇਸ਼ਤਾ

(ੳ) ਤੁਕਬੰਦੀ ਜਾਂ ਲੈਅ ਪ੍ਰਬੰਧ: ਕਵਿਤਾ ਵਿਚ ਛੰਦ ਤੇ ਤੁਕਬੰਦੀ ਹੁੰਦੀ ਹੈ। ਗੁਰੂ ਗ੍ਰੰਥ ਸਾਹਿਬ ਦੀ ਰਾਗਬੱਧ ਰਚਨਾ ਵਿਚ ਗੁਰੂ ਅਰਜਨ ਦੇਵ ਜੀ ਨੇ ਛੰਦ-ਸੰਕੇਤ ਨਹੀਂ ਦਿੱਤੇ। ਸੀ.ਡੀ. ਲੇਵਿਸ[2] ਅਨੁਸਾਰ, "ਕਵੀ ਕਵਿਤਾ ਵਿਚ ਕੋਈ ਵੀ ਛੰਦ ਪ੍ਰਯੋਗ ਕਰੇ ਇਸ ਬਾਰੇ ਮਹੱਤਵਪੂਰਨ ਗੱਲ ਇਹ ਹੈ ਕਿ ਇਸ ਦਾ ਵਜ਼ਨ ਮੂਲ ਪੈਟਰਨ ਪੈਦਾ ਕਰਦਾ ਹੈ ਜਿਵੇਂ ਸੰਗੀਤ ਵਿਚ ਝਮ ਝਮ (Beats) ਇਕ ਪੈਟਰਨ ਪੈਦਾ ਕਰਦੇ ਹਨ।" ਗੁਰੂ ਅਰਜਨ ਬਾਣੀ ਕਾਵਿ-ਸ਼ਾਸਤਰ (ਪਿੰਗਲ) ਤੇ ਪੂਰੀ ਉਤਰੇ ਭਾਵੇਂ ਨਾ ਪਰ ਸੰਗੀਤ ਦੀ ਕਸੌਟੀ ਤੇ ਪੂਰੀ ਉਤਰਦੀ ਹੈ। ਇਸ ਵਿਚ ਕਈ ਥਾਵਾਂ ਤੇ ਤੁਕਾਂਤ ਨਹੀਂ ਵੀ ਮਿਲਦਾ ਪਰੰਤੂ ਫਿਰ ਵੀ ਲੈਅ ਦਾ ਬਹਾਉ ਭੰਗ ਨਹੀਂ ਹੁੰਦਾ। ਉਦਾਹਰਣ ਵਜੋਂ:

1. ਡਾ. ਡੀ.ਐਸ. ਨਰੂਲਾ, ਉਚੇਰੇ ਸੰਗੀਤ ਨਿਬੰਧ, ਪੰਨਾ 87

2. "... but, whatever metre, he is using, the important thing about it is that its stress creat a basic pattern just as the beats in music creat a pattern."

Poetry For You, p. 29

(ੳ) ਜਲ ਥਲ ਨੀਰਿ ਭਰੇ ਸੀਤਲ ਪਵਣ ਝੁਲਾਰਦੇ।
ਸੇਜੜੀਆਂ ਸੋਇਨ ਹੀਰੇ ਲਾਲ ਜੜੰਦੀਆਂ।
ਸੁਭਰ ਕਪੜ ਭੋਗ ਨਾਨਕ ਪਿਰੀ ਵਿਹੂਣੀ ਤਤੀਆਂ।[1]

(ਮਾਰੂ ਡਖਣੇ ਮਹੱਲਾ - 5)

(ਅ) ਸੰਤ ਕੇ ਦੋਖੀ ਕਉ ਨਾਹੀ ਠਾਉ।
ਨਾਨਕ ਸੰਤ ਭਾਵੈ ਤਾ ਲਏ ਮਿਲਾਇ।
ਸੰਤ ਕਾ ਦੋਖੀ ਅਧਬੀਚ ਤੇ ਟੂਟੈ।
ਸੰਤ ਕਾ ਦੋਖੀ ਕਿਤੈ ਕਾਜਿ ਨ ਪਹੂਚੈ।[2]

(ਗਉੜੀ , ਸੁਖਮਨੀ ਮਹੱਲਾ - 5)

ਉਪਰੋਕਤ ਕਾਵਿ-ਟੁਕੜੀਆਂ ਵਿਚ ਤੁਕਾਂ ਦਾ ਆਪਸ ਵਿਚ ਤੁਕਾਂਤ ਨਹੀਂ ਮਿਲਦਾ ਪਰੰਤੂ ਤਾਲ ਤੇ ਲੈਅ ਦੀ ਇਕਸੁਰਤਾ ਕਾਇਮ ਹੈ। ਪਹਿਲੀ ਉਦਾਹਰਣ ਵਿਚ ਲੈਅ ਦਾ ਵਹਾਓ ਪਾਣੀ ਸਮਾਨ ਹੈ। ਇਸ ਵਿਚ ਭਰੇ, ਝੁਲਾਰਦੇ, ਸੋਇਨ, ਜੜੰਦੀਆਂ, ਭੋਗ ਤੇ ਤੱਤੀਆਂ ਆਦਿ ਸ਼ਬਦਾਂ ਦਾ ਉਚਾਰਣ ਵਹਾਓਆਤਮਕ ਹੋਣ ਕਾਰਨ ਖੁਦ-ਬ-ਖੁਦ ਲੈਅ ਪੈਦਾ ਕਰਦਾ ਹੈ। ਇਹ ਲੈਅ ਗੁਰੂ ਜੀ ਦੀ ਬਾਣੀ ਵਿਚ ਸਰੋਦੀ-ਸੁਰ ਨੂੰ ਉਭਾਰਦੀ ਹੈ।

ਇਹ ਠੀਕ ਹੈ ਕਿ ਤੁਕਬੰਦੀ ਲਾਈਨ ਦੇ ਆਖ਼ੀਰ ਵਿਚ ਹੀ ਸੰਭਵ ਹੈ। ਪਰੰਤੂ ਗੁਰੂ ਅਰਜਨ ਦੇਵ ਜੀ ਦੀ ਕਲਾਤਮਕ ਰੁਚੀ ਨੇ ਲੈਆਤਮਕ ਸ਼ਬਦ ਕਿਤੇ ਲਾਈਨ ਦੇ ਸ਼ੁਰੂ ਵਿਚ ਤੇ ਕਿਤੇ ਲਾਈਨ ਦੇ ਮੱਧ ਵਿਚ ਵਰਤੇ ਹਨ। ਹੇਠ ਲਿਖੀ ਤੁਕ ਵਿਚ ਸ਼ਬਦ 'ਏਕ ਮਹਿਲ' ਨੂੰ ਸ਼ੁਰੂ ਵਿਚ ਤੇ ਮੱਧ ਵਿਚ ਵਰਤਕੇ ਲੈਅ ਪੈਦਾ ਕੀਤੀ ਹੈ।

ਏਕ ਮਹਿਲ ਤੂੰ ਪੰਡਿਤੁ ਬਕਤਾ ਏਕ ਮਹਿਲ ਖਲੁ ਹੋਤਾ।
ਏਕ ਮਹਿਲ ਤੂੰ ਸਭੁ ਕਿਛੁ ਗ੍ਰਾਹਜੁ ਏਕ ਮਹਿਲ ਕਛੂ ਨ ਲੇਤਾ।[3]

(ਗਉੜੀ ਮਹੱਲਾ - 5)

1. ਗੁਰੂ ਗ੍ਰੰਥ ਸਾਹਿਬ, ਪੰਨਾ 1102
2. ਉਹੀ, ਪੰਨਾ 280
3. ਉਹੀ, ਪੰਨਾ 206

ਤੁਕਾਂਤ ਦਾ ਦੁਹਰਾਓ, ਧੁਨੀ ਦਾ ਲਗਾਤਾਰ ਜਾਂ ਅਨਿਯਮਤ ਸਮੇਂ ਤੇ ਦੁਬਾਰਾ ਦੁਬਾਰਾ ਵਰਤਣਾ ਵੀ ਕਵਿਤਾ ਵਿਚ ਸੰਗੀਤ ਪੈਦਾ ਕਰਦਾ ਹੈ। ਗੁਰੂ ਜੀ ਨੇ ਇਸ ਢੰਗ ਨੂੰ ਅਪਨਾ ਕੇ ਵੀ ਕਵਿਤਾ ਦੇ ਸਰੋਦੀ ਗੁਣ ਨੂੰ ਉਭਾਰਿਆ ਹੈ।

(ੳ) ਪੰਚ ਮਨਾਏ ਪੰਚ ਰੁਸਾਏ। ਪੰਚ ਵਸਾਏ ਪੰਚ ਗਵਾਏ।[1]

(ਆਸਾ ਮਹੱਲਾ - 5)

(ਅ) ਅਨਦੋ ਅਨਦੁ ਘਣਾ ਮੈ ਸੋ ਪ੍ਰਭੁ ਡੀਠਾ ਰਾਮ।
ਚਾਖਿਅੜਾ ਚਾਖਿਅੜਾ ਮੈ ਹਰਿ ਰਸੁ ਮੀਠਾ ਰਾਮ।[2]

(ਆਸਾ ਮਹਲਾ 5)

(ੲ) ਆਪੇ ਜਾਂਞੀ ਆਪੇ ਮਾਂਞੀ ਆਪਿ ਸੁਆਮੀ ਆਪੇ ਦੇਵਾ।
ਆਪਣਾ ਕਾਰਜ ਆਪਿ ਸਵਾਰੇ ਆਪੇ ਧਾਰਨ ਧਾਰੇ।[3]

(ਆਸਾ ਮਹੱਲਾ - 5)

ਉਪਰੋਕਤ ਸਾਰੀਆਂ ਕਾਵਿ-ਤੁਕਾਂ ਵਿਚ ਲੈਆਤਮਕ ਸ਼ਬਦਕ ਧੁਨੀਆਂ ਮਿਠਾ ਮਿਠਾ ਸੰਗੀਤ ਉਤਪੰਨ ਕਰਦੀਆਂ ਹਨ। ਇਹਨਾਂ ਉਦਾਹਰਣਾਂ ਤੋਂ ਲੈਅ ਦੀ ਵੰਨ-ਸੁਵੰਨਤਾ ਦਾ ਬੋਧ ਹੁੰਦਾ ਹੈ। ਇਹ ਲੈਅ ਕਾਵਿ-ਤੁਕਾਂ ਦੇ ਲੰਮੇਰੇ ਅਥਵਾ ਛੁਟੇਰੇ ਹੋਣ ਦਾ ਕਾਰਣ ਰੂਪ ਹੈ। ਲੈਅ ਦਾ ਨਿਰਭਰ ਅੱਖਰਾਂ ਤੇ ਮਾਤ੍ਰਕ-ਧੁਨੀਆਂ ਆਦਿ ਤੇ ਨਿਰਭਰ ਕਰਦਾ ਹੈ। ਉਪਰੋਕਤ ਉਦਾਹਰਣਾਂ ਵਿਚ ਪੰਚ, ਮਨਾਏ, ਰੁਸਾਏ, ਵਸਾਏ, ਗਵਾਏ, ਘਣਾ, ਡੀਠਾ, ਮੀਠਾ, ਜਾਂਞੀ, ਮਾਂਞੀ ਆਦਿ ਸ਼ਬਦਾਂ ਵਿਚ ਲੰਮੇਰੀਆਂ ਅਥਵਾ ਦੁਹਰੀਆਂ ਧੁਨੀਆਂ (ਾ, ੀ) ਦੀ ਵਰਤੋਂ ਕਰਕੇ ਸੰਗੀਤਾਤਮਕ ਲੈਅ ਪੈਦਾ ਕਰਕੇ ਕਵਿਤਾ ਵਿਚ ਸਰੋਦੀ ਗੂੰਜ ਪੈਦਾ ਕੀਤਾ ਹੈ।

---

1. ਗੁਰੂ ਗ੍ਰੰਥ ਸਾਹਿਬ, ਪੰਨਾ 430
2. ਉਹੀ, ਪੰਨਾ 452
3. ਉਹੀ

457644

ਗੁਰੂ ਕਵੀਆਂ ਨੇ ਬਾਣੀ ਰਚਨਾ ਰਾਗਾਂ ਵਿਚ ਕਰਕੇ ਕੀਰਤਨ ਦੀ ਪਰੰਪਰਾ ਰਾਹੀਂ ਸੰਗੀਤ ਨੂੰ ਮਹੱਤਵਪੂਰਨ ਸਥਾਨ ਦਿਤਾ ਹੈ। ਕੀਰਤਨ ਤਾਲ ਤੇ ਲੈਅ ਦੇ ਮੇਲ ਨਾਲ ਗੁਰੂ ਬਾਣੀ ਨੂੰ ਗਾਉਣ ਦਾ ਸਿਸਟਮ ਹੈ। ਸੁਆਮੀ ਪ੍ਰਗਿਆਨੰਦ[1] ਅਨੁਸਾਰ, "ਕੀਰਤਨ ਧਾਰਮਿਕ-ਭਗਤੀ ਨਾਲ ਸਬੰਧਿਤ ਇਕ ਗੀਤ ਹੈ ਜੋ ਕਲਾਸੀਕਲ ਤਾਲ ਅਤੇ ਲੈਅ ਵਿਚ ਪਰਮਾਤਮਾ ਨਾਇਕ ਜਾਂ ਦੇਵੀ ਦੀ ਉਸਤਤਿ ਵਿਚ ਗਾਇਆ ਜਾਂਦਾ ਹੈ।" ਭਾਈ ਕਾਹਨ ਸਿੰਘ ਨਾਭਾ[2] ਅਨੁਸਾਰ ਵੀ ਗੁਰਮਤ ਵਿਚ ਹਰਿ ਸਾਹਿਬ ਕਰਤਾਰ ਦੇ ਗੁਣ ਗਾਉਣ ਦਾ ਨਾਉਂ ਕੀਰਤਨ ਹੈ। ਇਸ ਤਰ੍ਹਾਂ ਗੁਰੂ ਬਾਣੀ ਤੇ ਕੀਰਤਨ ਨਾਲੋ ਨਾਲ ਚਲਦੇ ਹਨ। ਕੀਰਤਨ ਦੁਆਰਾ ਸ੍ਰੋਤਾਜਨ ਅਨੰਦਿਤ ਹੁੰਦੇ ਹਨ।

ਗੁਰੂ ਅਰਜਨ ਦੇਵ ਜੀ ਨੇ ਕੀਰਤਨ ਸੰਗੀਤ ਸਬੰਧੀ ਮਹੱਤਵਪੂਰਨ ਤੇ ਨਿਗਰ ਜਾਣਕਾਰੀ ਦਿੱਤੀ ਹੈ। ਉਹਨਾਂ ਦੀ ਬਾਣੀ ਵਿਚ ਕੀਰਤਨ ਸਬੰਧੀ ਅਨੇਕਾਂ ਤੁਕਾਂ ਮਿਲ ਜਾਂਦੀਆਂ ਹਨ:

(ੳ) ਕਲਜੁਗ ਮਹਿ ਕੀਰਤਨ ਪਰਧਾਨਾ।[3]

(ਮਾਰੂ ਮਹੱਲਾ - 5)

(ਅ) ਕੀਰਤਨ ਨਾਮ ਸਿਮਰਤ ਰਹਉ, ਜਬ ਲਗ ਘਟਿ ਸਾਸ।[4]

(ਬਿਲਾਵਲ ਮਹੱਲਾ - 5)

(ੲ) ਕੀਰਤਨ ਨਿਰਮੋਲ ਹੀਰਾ। ਅਨੰਦ ਗੁਣੀ ਗਹੀਰਾ।[5]

(ਰਾਮਕਲੀ ਮਹੱਲਾ 5)

(ਸ) ਜੋ ਜਨ ਕਰੈ ਕੀਰਤਨ ਗੋਪਾਲ। ਤਿਸ ਕਉ ਪੋਹਿ ਨ ਸਕੈ ਜਮਕਾਲੁ।[6]

(ਗੋਂਡ ਮਹੱਲਾ - 5)

1. ਡਾ. ਬਲਬੀਰ ਸਿੰਘ, ਅਮਰ ਕਵੀ ਗੁਰੂ ਅਮਰਦਾਸ, ਪੰਨਾ 90
2. ਮਹਾਨ ਕੋਸ਼, ਪੰਨਾ 248
3. ਗੁਰੂ ਗ੍ਰੰਥ ਸਾਹਿਬ, ਪੰਨਾ 1075
4. ਉਹੀ, ਪੰਨਾ 818
5. ਉਹੀ, ਪੰਨਾ 893
6. ਉਹੀ, ਪੰਨਾ 867

ਗੁਰੂ ਅਰਜਨ ਦੇਵ ਨੇ ਰਾਗ ਵਿਚਲੇ ਰਸ ਤੇ ਭਾਵ ਮੁਤਾਬਕ ਇਕ ਆਦਰਸ਼ ਕੀਰਤਨੀਏ ਨੂੰ ਦਰਸਾਇਆ ਹੈ:

ੴਅੰਕਾਰਿ ਏਕ ਧੁਨਿ ਏਕੈ, ਏਕੈ ਰਾਗੁ ਅਲਾਪੈ।
ਏਕਾ ਦੇਸੀ ਏਕੁ ਦਿਖਾਵੈ ਏਕੋ ਰਹਿਆ ਬਿਆਪੈ।
ਏਕਾ ਸੁਰਤਿ ਏਕਾ ਹੀ ਸੇਵਾ, ਏਕੋ ਗੁਰ ਤੇ ਜਾਪੈ।
ਭਲੋ ਭਲੋ ਰੇ ਕੀਰਤਨੀਆ, ਰਾਮ ਰਮਾ ਰਾਮਾ ਗੁਨ ਗਾਉ।[1]
(ਰਾਮਕਲੀ ਮਹਲਾ 5)

ਭਾਈ ਕਾਹਨ ਸਿੰਘ ਨਾਭਾ[2] ਅਨੁਸਾਰ ਰਾਮਕਲੀ ਰਾਗ ਨੂੰ ਗਾਉਣ ਦਾ ਵੇਲਾ ਸੂਰਜ ਨਿਕਲਨ ਤੋਂ ਲੈ ਕੇ ਪਹਰ ਦਿਨ ਚੜ੍ਹੇ ਤੀਕ ਹੈ। ਗੁਰਬਾਣੀ ਦਾ ਕੀਰਤਨ ਕਰਨ ਦਾ ਵੀ ਇਹੀ ਵੇਲਾ ਵਧੇਰੇ ਢੁਕਵਾਂ ਹੈ। ਸਵੇਰ ਦੇ ਸ਼ਾਂਤ ਵਾਤਾਵਰਨ ਵਿਚ ਗੁਰਬਾਣੀ ਦਾ ਰਸ ਭਿੰਨਾ ਕੀਰਤਨ ਮਨ ਨੂੰ ਅਤਿ ਹੀ ਅਨੰਦਤ ਕਰਦਾ ਹੈ। ਗੁਰੂ ਅਰਜਨ ਦੇਵ ਜੀ ਨੇ ਉਪਰੋਕਤ ਕਾਵਿ-ਰਚਨਾ ਵਿਚ ਰਾਗ ਮੁਤਾਬਕ ਕੀਰਤਨ ਦੇ ਮਹੱਤਵ ਨੂੰ ਦਰਸਾਇਆ ਹੈ। ਇਸ ਰਚਨਾ ਵਿਚ ੴਅੰਕਾਰ, ਏਕ ਧੁਨਿ, ਰਾਗ, ਅਲਾਪ, ਸੁਰਤਿ, ਕੀਰਤਨੀਆ, ਰਾਮ ਰਮਾ ਰਾਮਾ, ਗਾਉ ਇਤਆਦਿ ਸ਼ਬਦਾਂ ਦਾ ਪ੍ਰਯੋਗ ਅਰਥ ਅਤੇ ਤਕਨੀਕ ਮੁਤਾਬਕ ਕੀਤਾ ਹੈ। ਇਹ ਸ਼ਬਦ ਜਿਥੇ ਕੀਰਤਨੀਏ ਦੀ ਰੂਪ ਰੇਖਾ ਨੂੰ ਦਰਸਾਉਂਦੇ ਹਨ ਉਥੇ ਰਸ ਤੇ ਭਾਵ ਦੁਆਰਾ ਸਰੋਦਕ ਅੰਸ਼ ਨੂੰ ਵੀ ਨਿਖਾਰ ਕੇ ਪੇਸ਼ ਕਰਦੇ ਹਨ।

(ਖ) <u>ਸ਼ਬਦ ਪੁਨਰਾਵ੍ਰਿਤੀ:</u> ਸ਼ਬਦਕ ਦੁਹਰਾਓ ਪ੍ਰਬੰਧ ਜਿਥੇ ਕਵਿਤਾ ਵਿਚ ਇਕ ਖ਼ਾਸ ਖ਼ੁਸ਼ੀ ਪ੍ਰਦਾਨ ਕਰਦਾ ਹੈ ਉਥੇ ਇਹ ਸੰਗੀਤਕ ਲਹਿਰ ਨੂੰ ਵੀ ਜਨਮ ਦੇਂਦਾ ਹੈ। ਗੁਰੂ ਅਰਜਨ ਦੇਵ ਜੀ ਨੇ ਆਪਣੀ ਰਚਨਾ ਵਿਚ ਕਈ ਥਾਵਾਂ ਇਕ ਹੀ ਵਜ਼ਨ ਦੇ ਸ਼ਬਦ ਇਕੱਠੇ ਕਰਕੇ ਅਨੋਖਕ ਟੋਬ ਪੈਦਾ ਕੀਤੀ ਹੈ। ਹੇਠ ਲਿਖੀ ਕਾਵਿ-ਤੁਕ ਵਿਚ ਗੁਰੂ ਜੀ ਨੇ ਆਪਣੀ ਕਲਾਤਮਕ ਸ਼ਕਤੀ ਦੁਆਰਾ ਸੁਨਹਿਰੀ ਸ਼ਬਦਾਂ ਦਾ ਹਢ਼ ਵਗਾ ਦਿੱਤਾ ਹੈ:

ਸਚੁ ਸਚੁ ਸਚੁ ਸਭੁ ਕੀਨਾ। ਕੋਟਿ ਮਧੇ ਕਿਨੈ ਬਿਰਲੈ ਚੀਨਾ।

1. <u>ਗੁਰੂ ਗ੍ਰੰਥ ਸਾਹਿਬ</u>, ਪੰਨਾ 885
2. <u>ਗੁਰ ਸ਼ਬਦ ਰਤਨਾਕਰ</u>, ਪੰਨਾ 774

ਭਲਾ ਭਲਾ ਭਲਾ ਤੇਰਾ ਰੂਪੁ। ਅਤਿ ਸੁੰਦਰ ਅਪਾਰ ਅਨੂਪੁ।
ਨਿਰਮਲ ਨਿਰਮਲ ਨਿਰਮਲ ਤੇਰੀ ਬਾਣੀ। ਘਟਿ ਘਟਿ ਸੁਨੀ ਸ੍ਰਵਨ ਬਖ੍ਯਾਣੀ॥[1]

(ਗਉੜੀ ਸੁਖਮਨੀ ਮਹੱਲਾ 5)

ਉਪਰੋਕਤ ਕਾਵਿ-ਤੁਕਾਂ ਵਿਚ ਗੁਰੂ ਜੀ ਨੇ ਖ਼ਾਸ ਸੰਗੀਤਕ ਪੈਟਰਨ ਨੂੰ ਉਭਾਰਿਆ ਹੈ। ਇਹਨਾਂ ਤੁਕਾਂ ਨੂੰ ਪੜ੍ਹ ਕੇ ਇੰਜ ਮਹਿਸੂਸ ਹੁੰਦਾ ਹੈ ਜਿਵੇਂ ਅਸੀਂ ਭੀੜ ਵਿਚੋਂ ਇਕ ਦੇਖੇ ਪਰਖੇ ਚੇਹਰੇ ਨੂੰ ਪਛਾਣ ਰਹੇ ਹਾਂ। ਇਹ ਸ਼ਬਦਕ ਸੰਗੀਤ ਪੈਟਰਨ ਅਦਭੁਤ ਸਵੇਦਕ ਅਨੰਦ ਪੈਦਾ ਕਰਦਾ ਹੈ। ਧੁਨੀਆਂ ਦਾ ਸੰਗੀਤ ਜਿਥੇ ਸ੍ਰੋਤਾ ਮਨ ਤੇ ਬਿਜਲੀ ਵਰਗੇ ਕਰੰਟ ਦਾ ਅਸਰ ਕਰਦਾ ਹੈ ਉਥੇ ਮਨ ਨੂੰ ਲੋਰੀ ਵਰਗਾ ਅਨੰਦ ਵੀ ਪ੍ਰਦਾਨ ਕਰਦਾ ਹੈ। ਸੀ.ਡੀ. ਲੈਵਿਸ[2] ਨੇ ਇਸੇ ਕਰਕੇ ਧੁਨੀਆਤਮਕ ਲੈਅ ਪ੍ਰਬੰਧ ਨੂੰ, ਜੋ ਮਨ ਨੂੰ ਚੇਤ ਅਚੇਤ ਅਵਸਥਾ ਵਿਚ ਪਹੁੰਚਾਉਣ ਦੀ ਹੈਸੀਅਤ ਰਖਦਾ ਹੈ, ਇਕ ਤਾਕਤਵਰ ਸਾਜ਼ ਕਿਹਾ ਹੈ।

ਸ਼ਬਦ ਪੁਨਰਾਵਿਰਤੀ ਦੇ ਉਦਾਹਰਣਾਂ ਦੀਆਂ ਅਨੇਕਾਂ ਵੰਨਗੀਆਂ ਗੁਰੂ ਅਰਜਨ ਬਾਣੀ ਵਿਚੋਂ ਦਿੱਤੀਆਂ ਜਾ ਸਕਦੀਆਂ ਹਨ। ਜਿਵੇਂ:

(ੳ) ਕਉਣੁ ਸੁ ਮੁਕਤਾ ਕਉਣੁ ਸੁ ਜੁਗਤਾ।
ਕਉਣੁ ਸੁ ਗਿਆਨੀ ਕਉਣੁ ਸੁ ਬਕਤਾ।[3]

(ਮਾਝ ਮਹੱਲਾ - 5)

(ਅ) ਖੂਬੁ ਖੂਬੁ ਖੂਬੁ ਖੂਬੁ ਖੂਬੁ ਤੇਰੋ ਨਾਮੁ।
ਝੂਠੁ ਝੂਠੁ ਝੂਠੁ ਝੂਠੁ ਦੁਨੀ ਗੁਮਾਨੁ।ਰਹਾਉ।[4]

(ਭੈਰਉ ਮਹੱਲਾ - 5)

---

1. ਗੁਰੂ ਗ੍ਰੰਥ ਸਾਹਿਬ, ਪੰਨਾ 279
2. "For both the putting-to-sleep and waking-up process, rhythmic repetition of sound is a powerful instrument." Poetry for You, p. 31
3. ਬਾਣੀ ਗੁਰੂ ਅਰਜਨ ਦੇਵ - ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਪੰਨਾ 34
4. ਉਹੀ, ਪੰਨਾ 506

(ੲ) ਕਵਨ ਕਵਨ ਕਵਨ ਗੁਨ ਕਹੀਐ ਅੰਤੁ ਨਹੀਂ ਕਛੁ ਪਾਰੈ।
ਲਾਖ ਲਾਖ ਲਾਖ ਕਈ ਕੋਰੈ ਕੋ ਹੈ ਐਸੋ ਬੀਚਾਰੈ।[1]

(ਕਾਨੜਾ ਮਹੱਲਾ - 5)

ਉਪਰੋਕਤ ਉਦਾਹਰਣਾਂ ਤੋਂ ਸਪਸ਼ਟ ਹੈ ਕਿ ਸ਼ਬਦਾਂ ਦਾ ਦੁਹਰਾਓ ਨਾ ਕੇਵਲ ਤੋਲ-ਤੁਕਾਂਤ ਨੂੰ ਹੀ ਪੂਰਾ ਕਰਦਾ ਹੈ, ਜਾਂ ਕੰਨ-ਰਸ ਦੇਂਦਾ ਹੈ, ਸਗੋਂ ਭਾਵ ਨੂੰ ਵਧੇਰੇ ਉਘਾੜਦਾ ਹੈ। ਸ਼ਬਦਕ ਦੁਹਰਾਓ ਨਾਲ ਤੇ ਸ਼ਬਦਾਂ ਦੀ ਸੰਗੀਤਕ ਛਣਕਾਰ ਨਾਲ ਹੀ ਮਨ ਨੂੰ ਨਹੀਂ ਟੁੰਬਿਆ ਸਗੋਂ ਭਾਵ ਨਾਲ ਸ਼ਬਦਕ-ਸੁਰਾਂ ਨੂੰ ਇਉਂ ਮੇਲ ਦਿੱਤਾ ਹੈ ਕਿ ਸ਼ਬਦਾਂ ਦੀਆਂ ਆਵਾਜ਼ਾਂ ਵਿਚੋਂ ਭਾਵ ਡੁਲ੍ਹ ਡੁਲ੍ਹ ਪੈਂਦਾ ਹੈ। ਸ਼ਬਦਾਂ ਦੇ ਅੰਦਰੂਨੀ ਸੰਗੀਤ, ਤੋਲ-ਤਾਲ ਦੇ ਸੁਮੇਲ ਤੇ ਸ਼ਬਦ ਤੇ ਭਾਵ ਦੀ ਇਕਮਿਕਤਾ ਆਦਿਕ ਰਾਹੀਂ ਬਾਣੀ ਵਿਚ ਸਰੋਦਕ ਵਿਸ਼ੇਸ਼ਤਾਈਆਂ ਬਖਸ਼ੀਆਂ ਹਨ।

(ੲ) <u>ਰਾਗ-ਅਨੁਕੂਲ ਰਸ ਤੇ ਭਾਵ ਚੋਣ ਦੀ ਵਿਸ਼ੇਸ਼ਤਾ</u>: ਰਾਗ ਵਿਚ ਲਿਖੀ ਕਵਿਤਾ ਰਾਗ-ਰੂਪ ਹੋ ਜਾਂਦੀ ਹੈ। ਅਨੁਕੂਲ ਰਾਗਾਂ ਵਿਚ ਬੰਨ੍ਹੀ ਕਵਿਤਾ ਦਾ ਪ੍ਰਭਾਵ ਸ੍ਰੋਤਿਆਂ ਤੇ ਵੀ ਚਮਤਕਾਰ-ਪੂਰਣ ਹੁੰਦਾ ਹੈ। ਗੁਰੂ ਅਰਜਨ ਦੇਵ ਨੇ ਰਾਗਾਂ ਅਨੁਸਾਰ ਵਿਚਾਰ ਤੇ ਸ਼ਬਦਾਂ ਦੀ ਚਾਸ਼ਨੀ ਨਾਲ ਕਵਿਤਾ ਨੂੰ ਬੰਨ੍ਹਿਆ ਹੈ। ਜਾਂ ਰਾਗਾਤਮਕ ਕਵਿਤਾ ਦੀ ਪ੍ਰਕ੍ਰਿਤੀ ਭਾਵ ਤੇ ਰਸ ਨੂੰ ਮੁਖ ਰਖਦਿਆਂ ਹੋਇਆਂ ਉਸ ਦੇ ਗਾਇਨ ਲਈ ਉਸੇ ਪ੍ਰਕ੍ਰਿਤੀ, ਭਾਵ ਤੇ ਰਸ ਦਾ ਰਾਗ ਚੁਣਿਆ ਹੈ। ਗੁਰੂ ਜੀ ਦੀ ਬਾਣੀ ਰਾਗ ਵਿਚ ਕਵਿਤਾ ਦਾ ਰੂਪ ਹਨ।

ਬਸੰਤ ਤੇ ਮਲਾਰ ਦੋਵੇਂ ਰੁਤਾਂ ਜਾਂ ਮੌਸਮਾਂ ਦੇ ਰਾਗ ਹਨ। ਗੁਰੂ ਜੀ ਨੇ ਬਸੰਤ ਦੁਆਰਾ ਰਾਗ ਦਾ ਸਮਾਂ, ਰਸ ਤੇ ਭਾਵ ਨੂੰ ਸਫ਼ਲਤਾ ਨਾਲ ਨਿਭਾਇਆ ਹੈ:

(ੳ) ਆਜ ਹਮਾਰੈ ਗ੍ਰਿਹਿਬਸੰਤ। ਗੁਨ ਗਾਇ ਪ੍ਰਭ ਤੁਮਹ ਬੇਅੰਤ। ਰਹਾਉ।
ਆਜ ਹਮਾਰੈ ਬਨੇ ਫਾਗ। ਪ੍ਰਭ ਸੰਗੀ ਮਿਲਿ ਖੇਲਨ ਲਾਗ।
ਹੋਲੀ ਕੀਨੀ ਸੰਤ ਸੇਵ। ਰੰਗੁ ਲਾਗਾ ਅਤਿ ਲਾਲ ਦੇਵ।[2]

(ਬਸੰਤ ਮਹੱਲਾ - 5)

1. <u>ਗੁਰੂ ਗ੍ਰੰਥ ਸਾਹਿਬ</u>, ਪੰਨਾ 583
2. ਉਹੀ, ਪੰਨਾ 1180

(ਘ) ਤਿਸੁ ਬਸੰਤੁ ਜਿਸੁ ਪ੍ਰਭੁ ਕ੍ਰਿਪਾਲੁ। ਤਿਸੁ ਬਸੰਤੁ ਜਿਸੁ ਗੁਰੁ ਦਇਆਲੁ।
ਮੰਗਲੁ ਤਿਸ ਕੈ ਜਿਸੁ ਏਕੁ ਕਾਮੁ। ਤਿਸੁ ਸਦ ਬਸੰਤੁ ਜਿਸੁ ਰਿਦੈ ਨਾਮੁ।
ਗ੍ਰਿਹਿ ਤਾ ਕੈ ਬਸੰਤੁ ਗਨੀ। ਜਾ ਕੈ ਕੀਰਤਨੁ ਹਰਿ ਧੁਨੀ। ਰਹਾਉ।[1]

(ਬਸੰਤ ਮਹੱਲਾ - 5)

ਬਸੰਤ ਰੁਤ ਸਹਾਵਣੀ ਰੁੱਤ ਹੈ। ਬਸੰਤ ਰੁਤ ਦੁਆਰਾ ਹਰੀ ਦੇ ਗੁਣ ਗਾਉਣ ਨਾਲ ਆਤਮਕ ਖੇੜਾ ਤੇ ਸਦੀਵੀ ਰੰਗ ਪ੍ਰਾਪਤ ਹੁੰਦਾ ਹੈ। ਉਪਰੋਕਤ ਕਾਵਿ-ਤੁਕਾਂ ਵਿਚ ਬਸੰਤ ਰੁਤ ਦਾ ਸੁਹਾਵਣਾ ਮੌਸਮ, ਫਗਨ ਮਹੀਨੇ ਵਿਚ ਹੋਲੀ ਦਾ ਖੇਡਣਾ, ਲਾਲ ਰੰਗ 'ਚ ਰੰਗਣਾ ਆਦਿ ਪ੍ਰੀਤਕਾਂ ਦੁਆਰਾ ਪ੍ਰਭੂ-ਪਿਆਰ ਨੂੰ ਦ੍ਰਿਸ਼ਟੀਮਾਨ ਕੀਤਾ ਹੈ।

ਗੁਰੂ ਅਰਜਨ ਦੇਵ ਜੀ ਨੇ ਮਲਾਰ ਰਾਗ ਦੁਆਰਾ ਜਿਥੇ ਬਰਸਾਤ ਦੇ ਸੁਹਾਵਣੇ ਵਾਤਾਵਰਣ ਨੂੰ ਉਸਾਰਿਆ ਹੈ ਉਥੇ ਢੁਕਵੀਂ ਸ਼ਬਦਾਵਲੀ ਦੁਆਰਾ ਕੋਇਲ ਦੇ ਮਿੱਠੇ ਬੋਲਾਂ ਨੂੰ ਕਾਵਿ-ਕਲਾ ਵਿਚ ਸ਼ਬਦਾਂ ਰਾਹੀਂ ਸਰੋਦਕ-ਸੁਰਾਂ ਅਲਾਪਦੇ ਸੁਣਾਇਆ ਹੈ।

(ੳ) ਬਰਸ ਮੇਘ ਜੀ ਤਿਲੁ ਬਿਲਮੁ ਨ ਲਾਉ।
ਬਰਸੁ ਪਿਆਰੇ ਮਨਹਿ ਸਧਾਰੇ ਹੋਇ ਅਨਦੁ ਸਦਾ ਮਨਿ ਚਾਉ।[2]

(ਮਲਾਰ ਮਹੱਲਾ 5)

(ਅ) ਪਰਮੇਸਰੁ ਹੋਆ ਦਇਆਲੁ। ਮੇਘੁ ਬਰਸੈ ਅੰਮ੍ਰਿਤਧਾਰ।
ਸਗਲੇ ਜੀਅ ਜੰਤ ਤ੍ਰਿਪਤਾਸੇ। ਕਾਰਜ ਆਏ ਪੂਰੇ ਰਾਸੇ।[3]

(ਮਲਾਰ ਮਹੱਲਾ - 5)

(ੲ) ਥੀਸੇ ਰੇ ਮਨ ਪਾਇ ਕੈ ਆਪ ਗਵਾਇ ਕੈ ਕਰਿ ਸਾਧਨ ਸਿਉ ਸੰਗੁ।
ਬਾਜੇ ਬਜਹਿ ਮ੍ਰਿਦੰਗ ਅਨਾਹਦ ਕੋਕਿਲ ਰੀ ਰਾਮ ਨਾਮੁ ਬੋਲੈ

1. ਗੁਰੂ ਗ੍ਰੰਥ ਸਾਹਿਬ, ਪੰਨਾ 1180
2. ਉਹੀ, ਪੰਨਾ 1238
3. ਉਹੀ, ਪੰਨਾ 1272

ਮਧੁਰ ਬੈਨ ਅਤਿ ਸੁਹੀਆ। [1]
(ਮਲਾਰ ਮਹੱਲਾ - 5)

ਇਸੇ ਤਰ੍ਹਾਂ ਦੂਜੇ ਰਾਗਾਂ ਨਾਲ ਸਬੰਧਿਤ ਰਸ ਤੇ ਭਾਵ ਦੀਆਂ ਵੰਨਗੀਆਂ ਪੇਸ਼ ਕੀਤੀਆਂ ਜਾ ਸਕਦੀਆਂ ਹਨ। ਸਿੱਟੇ ਵਜੋਂ ਕਿਹਾ ਜਾ ਸਕਦਾ ਹੈ ਕਿ ਗੁਰੂ ਅਰਜਨ ਦੇਵ ਜੀ ਨੇ ਬਾਣੀ ਵਿਚ ਡੂੰਘੇ ਅਧਿਆਤਮਕ ਚਿੰਤਨ ਨੂੰ ਸੰਗੀਤ ਦੀ ਸਰੋਦੀ-ਸੁਰ ਦੁਆਰਾ ਅਭਿਵਿਅਕਤ ਕੀਤਾ ਹੈ। ਗੁਰੂ ਜੀ ਨੇ ਬਾਣੀ ਵਿਚ ਸਰੋਦੀ ਅੰਸ਼ ਨੂੰ ਉਸਾਰਨ ਲਈ ਰਾਗਾਂ ਮੁਤਾਬਕ ਰਚਨਾ ਵਿਚ ਢੁਕਵੀਂ ਸ਼ਬਦਾਵਲੀ ਨਾਲ ਸੰਗੀਤਕਤਾ, ਰਸ ਤੇ ਭਾਵ ਆਦਿ ਨੂੰ ਗੁੰਨ੍ਹਿਆ ਹੈ।

3. <u>ਭਾਵ-ਸੰਚਾਰ ਪੈਟਰਨ:</u> ਕਵਿਤਾ ਦਾ ਵਿਸ਼ਾ-ਵਸਤੂ ਦੋ ਧਿਰਾਂ ਨਾਲ ਸਬੰਧ ਰਖਦਾ ਹੈ। ਇਕ ਕਵੀ ਤੇ ਦੂਜਾ ਪਾਠਕ/ਸ੍ਰੋਤਾ। ਏਬਰ ਕ੍ਰੋਮਬਿਆ ਦੇ ਵਿਚਾਰ ਮੁਤਾਬਕ, "ਕਵੀ ਦੀ ਤਕਨੀਕ ਦਾ ਉਦੇਸ਼ ਹੀ ਇਹੋ ਹੈ ਕਿ ਉਹ ਆਪਣੇ ਜੀਵਨ ਅਨੁਭਵ ਨੂੰ ਦੂਜੇ ਪ੍ਰਤਿ ਭਾਵਮਈ ਰੂਪ ਵਿਚ ਪੇਸ਼ ਕਰੇ।"[2] ਕਵਿਤਾ ਬਾਰੇ ਇਹੋ ਜਿਹੇ ਹੀ ਵਿਚਾਰ ਅਲੈਕਸ ਪਰੈਮਿੰਗਰ ਪੇਸ਼ ਕਰਦੇ ਹਨ। ਉਹਨਾਂ ਮੁਤਾਬਕ, "ਕਵਿਤਾ ਪਾਠਕ ਦੇ ਦਿਲ ਵਿਚ ਮੋਹਕੀ ਭਾਵਨਾ ਜਗਾਉਂਦੀ ਹੈ ਜਿਸ ਦਾ ਵਿਸ਼ਾ-ਵਸਤੂ ਇਕ ਦੂਜੀ ਨਾਲ ਓਤਪੋਤ ਹੁੰਦਾ ਹੈ।"[3] ਇਹੀ ਵਿਦਵਾਨ 'ਭਾਵਨਾ' ਦਾ ਕਵਿਤਾ ਵਿਚ ਸਥਾਨ ਨਿਰਧਾਰਿਤ ਕਰਨ ਬਾਰੇ ਆਪਣੇ ਵਿਚਾਰ ਦਸਦੇ ਹੋਏ ਕਹਿੰਦੇ ਹਨ, "ਜੇਕਰ ਕਵਿਤਾ ਦਾ ਲਿਖਣਾ ਕਾਰ ਚਲਾਉਣ ਵਾਂਗ ਹੈ ਤਾਂ ਭਾਵਨਾਵਾਂ ਇਸ ਦਾ ਪਹੁੰਚ ਸਥਾਨ ਜਾਂ ਗੋਲ ਲਾਈਨ ਸਮਝਿਆ ਜਾ ਸਕਦਾ ਹੈ।"[4]

---

1. <u>ਗੁਰੂ ਗ੍ਰੰਥ ਸਾਹਿਬ</u>, ਪੰਨਾ 1272
2. ਪ੍ਰੋ. ਆਸ਼ਾ ਨੰਦ ਵੋਹਰਾ, <u>ਕਾਵਿ-ਸਿਰਜਨ ਪ੍ਰਕ੍ਰਿਆ</u>, ਪੰਨਾ 50
3. "A poem, then arouses in the reader an emotional response which is inter-subjective."
   <u>Princept-on Encyclopaedia of Poetry and Poetics</u>, p. 218
   "If writing a poem is like driving a car, the emotion can be thought of as the destination or as the goal-line."
4. ਉਹੀ, ਪੰਨਾ 221

ਜਾਹਨ ਡਰਿੰਕਵਾਟਰ ਮੁਤਾਬਕ, "ਸਰੋਦੀ ਕਾਵਿ ਨਿੱਜੀ ਭਾਵਨਾਵਾਂ ਦਾ ਪ੍ਰਗਟਾ ਹੈ।[1] ਇਸ ਤਰ੍ਹਾਂ ਸਰੋਦੀ ਕਵਿਤਾ ਹੋਰ ਕਲਾ ਉਪਜਾਂ ਦੀ ਨਿਸਬਤ ਭਾਵਨਾਤਮਕ ਮੂਡ ਨਾਲ ਸਬੰਧ ਰਖਦੀ ਹੈ। ਭਾਵਨਾਵਾਂ ਭਾਵੇਂ ਕਵੀ ਮਨ ਵਿਚ ਨਿੱਜੀ ਤਜਰਬੇ ਰਾਹੀਂ ਉਗਮੀ ਹੋਣ ਜਾਂ ਵਿਚਾਰਾਂ ਰਾਹੀਂ, ਉਹਨਾਂ ਦਾ ਸਬੰਧ ਕਵਿਤਾ ਦੇ ਭਾਵਨਾਤਮਕ ਥੀਮ ਨਾਲ ਰਹਿੰਦਾ ਹੈ। ਕਵੀ ਆਪਣੇ ਇਸ ਮੂਲੀ ਭਾਵਨਾਤਮਕ ਤਜਰਬੇ ਨੂੰ ਆਪਣੇ ਸ੍ਰੋਤਿਆਂ ਪ੍ਰਤਿ ਉਸੇ ਭਾਵਨਾਤਮਕ ਮੂਡ ਵਿਚ ਪੈਦਾ ਕਰਨਾ ਚਾਹੁੰਦਾ ਹੈ। ਇਸ ਤਰ੍ਹਾਂ ਕਵਿਤਾ ਵਿਚਲੀ ਭਾਵਨਾਵਾਂ ਦਾ ਪਾਠਕ/ਸ੍ਰੋਤੇ ਤੇ ਦੂਹਰਾ ਅਸਰ ਹੁੰਦਾ ਹੈ। ਗੁਰਬਾਣੀ ਵਿਚ ਇਹ ਪਾਠਕ/ਸ੍ਰੋਤੇ ਦੀ ਅਗਿਆਨਤਾ ਦਾ ਵਿਨਾਸ਼ ਕਰਕੇ ਕਵੀ ਸਮ-ਭਾਵਨਾਵਾਂ ਨੂੰ ਜਗਾਉਂਦੀ ਹੈ।

ਕਵਿਤਾ ਵਿਚ ਕਵੀ ਭਾਵ-ਸੰਚਾਰ ਦੇ ਮਾਧਿਅਮ ਲਈ ਬਿੰਬਾਂ ਨੂੰ ਵਰਤੋਂ ਵਿਚ ਲਿਆਉਂਦਾ ਹੈ। ਲਿਊਇਸ ਮੁਤਾਬਕ, "ਕਾਵਿ-ਬਿੰਬ ਅਹਿਸਾਸਾਂ ਭਰਿਆ ਸ਼ਬਦ-ਚਿਤ੍ਰ ਹੈ, ਪਰ ਵਿਸ਼ੇਸ਼ ਕਾਵਮਈ-ਵਲਵਲੇ ਜਾਂ ਵੇਗ ਦੀ ਪਕੜ ਵਿਚ ਹੋਣ ਕਰਕੇ ਉਹ ਪਾਠਕ ਦੇ ਮਨ ਵਿਚ ਵੀ ਉਹੋ ਜਿਹੇ ਭਾਵਾਂ ਦਾ ਸੰਚਾਰ ਕਰਦਾ ਹੈ।"[2] ਇਸ ਤਰ੍ਹਾਂ ਕਵੀ ਦਾ ਉਦੇਸ਼ ਆਪਣੀਆਂ ਭਾਵਨਾਵਾਂ ਨੂੰ ਪਾਠਕ/ਸ੍ਰੋਤੇ ਤਕ ਸ਼ੁੱਧ ਅਵਸਥਾ ਵਿਚ ਪਹੁੰਚਾਉਣਾ ਹੈ। ਵਿਲੀਅਮ ਵਿਮਸਟਾਰ ਤੇ ਬਰੁਕਸ ਅਨੁਸਾਰ "ਗੂੜ੍ਹੀਆਂ ਭਾਵਨਾਵਾਂ ਸ਼ੁਧਤਾ ਵਲ ਲੈ ਜਾਂਦੀਆਂ ਹਨ।"[3]

ਗੁਰੂ ਅਰਜਨ ਦੇਵ ਜੀ ਦੀ ਕਵਿਤਾ ਵਿਚ ਉਪਰੋਕਤ ਗੁਣ ਪ੍ਰਧਾਨ ਹਨ। ਗੁਰੂ ਜੀ ਦੀ ਸ਼ਬਦਾਵਲੀ ਵਿਚ ਗੂੜ੍ਹੀ ਬਿੰਬਾਤਮਕ ਤਸਵੀਰ ਪਾਠਕ/ਸ੍ਰੋਤੇ ਦੀਆਂ ਅੱਖਾਂ ਅਗੇ ਚਲ-ਚਿਤ੍ਰ ਵਾਂਗ ਘੁੰਮਣ ਲਗਦੀ ਹੈ। ਕਿਉਂਕਿ ਗੁਰੂ ਅਰਜਨ ਦੇਵ ਜੀ ਨੇ ਭਾਵਾਂ ਨੂੰ ਪਾਠਕ/ਸ੍ਰੋਤਾ ਤਕ ਪਹੁੰਚਾਉਣ ਲਈ ਘਰੇਲੂ ਜੀਵਨ, ਸਮਾਜਕ ਆਲੇ ਦੁਆਲੇ ਤੇ ਜਨ-ਸਾਧਾਰਣ ਦੇ ਜਜ਼ਬਿਆਂ ਨੂੰ ਟੁੰਬਣ ਵਾਲੇ ਪ੍ਰਕ੍ਰਿਤਕ-ਦ੍ਰਿਸ਼ਾਂ ਵਿਚੋਂ ਬਿੰਬਾਤਮਕ ਸ਼ਬਦਾਵਲੀ ਦੀ ਵਰਤੋਂ ਕੀਤੀ ਹੈ। ਇਸ ਬਿੰਬਾਵਲੀ ਵਿਚ ਮਨੁੱਖੀ-ਭਾਵਾਂ ਨੂੰ ਪਿਰੂਣ ਕੇ ਕਾਵਿ-ਸੌਂਦਰ ਨੂੰ ਵਧੇਰੇ ਸ਼ਕਤੀਸ਼ਾਲੀ ਬਣਾਉਣ ਦੀ ਸਮਰਥਾ ਹੈ।

1. The Art and Craft of Letter, "Lyric", p. 30
2. C.D. Lewis, The Poetic Image, p. 22
3. "Dark Emotions drive towards purity." Literary Criticism.- A Short History, p. 298

ਹੇਠ ਲਿਖੀਆਂ ਕਾਵਿ-ਤੁਕਾਂ ਵਿਚ ਗੁਰੂ ਜੀ ਨੇ ਪ੍ਰਭੂ-ਭਗਤ ਦੇ ਪ੍ਰਭੂ-ਪ੍ਰੀਤ ਪਿਆਰ-ਭਾਵ ਨੂੰ ਪ੍ਰਕ੍ਰਿਤਕ ਬਿੰਬਾਂ ਦੇ ਮਾਧਿਅਮ ਦੁਆਰਾ ਦ੍ਰਿਸ਼ਟੀਗੋਚਰ ਕੀਤਾ ਹੈ:

ਮੇਘ ਸਮੈ ਮੋਰ ਨਿਰਤਿਕਾਰ।
ਚੰਦ ਦੇਖਿ ਬਿਗਸਹਿ ਕਉਲਾਰ।
ਮਾਤਾ ਬਾਰਿਕ ਦੇਖ ਅਨੰਦ।
ਤਿਉ ਹਰਿ ਜਨ ਜੀਵਹਿ ਜਪਿ ਗੋਬਿੰਦ।[1]

(ਬਸੰਤ ਮਹੱਲਾ - 5)

ਇਹਨਾਂ ਤੁਕਾਂ ਵਿਚ ਬਾਰਸ਼ ਦੀ ਰਿਮਝਿਮ ਵਿਚ ਮੋਰ ਦੇ ਨੱਚਣ ਦੀ ਤਸਵੀਰ ਅੱਖਾਂ ਸਾਹਮਣੇ ਸਾਕਾਰ ਹੁੰਦੀ ਹੈ। ਇਸੇ ਤਰ੍ਹਾਂ ਚੰਦ ਨੂੰ ਵੇਖ ਕੇ ਚਕੋਰ ਦਾ ਖੁਸ਼ ਹੋਣਾ ਤੇ ਬੱਚੇ ਨਾਲ ਮਾਂ ਦੀ ਪਿਆਰ-ਖੇਡ ਅਨੰਦਾਤਮਕ ਤੇ ਖੁਸ਼ੀਆਂ ਭਰਪੂਰ ਬਿੰਬ ਹਨ। ਪ੍ਰਭੂ-ਭਗਤ ਦਾ ਉਸ ਪ੍ਰਤਿ-ਪਿਆਰ ਇਹਨਾਂ ਗੂੜ੍ਹੇ ਪ੍ਰਕ੍ਰਿਤਕ-ਬਿੰਬਾਂ ਰਾਹੀਂ ਅਭਿਵਿਅਕਤ ਕੀਤਾ ਹੈ। ਇਹਨਾਂ ਬਿੰਬਾਂ ਦਾ ਸ਼ੁਧ ਭਾਵਨਾਤਮਕ ਲਿਸ਼ਕਾਰਾ ਸਿਧਾ ਪਾਠਕ/ਸ੍ਰੋਤਾ ਦੇ ਮਨ ਅੰਦਰ ਪੈਂਦਾ ਹੈ।

ਗੁਰੂ ਅਰਜਨ ਦੇਵ ਜੀ ਜਜ਼ਬੇ ਨੂੰ ਉਚਾ, ਸੁੱਚਾ ਤੇ ਤੀਖਣ ਕਰਨ ਲਈ ਭਾਵਨਾਵਾਂ ਨੂੰ ਵਸਤੂ-ਜਗਤ ਦੀ ਚਿੰਨ੍ਹਾਤਮਕ ਸ਼ਬਦਾਵਲੀ ਦੁਆਰਾ ਗੂੜ੍ਹੇ ਰੰਗ ਵਿਚ ਰੰਗ ਕੇ ਅਭਿਵਿਅਕਤ ਕਰਦੇ ਹਨ। ਹੇਠ ਲਿਖੀਆਂ ਤੁਕਾਂ ਵਿਚ ਗੁਰੂ ਜੀ ਨੇ ਜਲ ਤੇ ਮਛਲੀ, ਚਾਤ੍ਰਿਕ ਤੇ ਬੂੰਦ ਦੇ ਗੂੜ੍ਹੇ ਪ੍ਰਤੀਕਾਂ ਦੁਆਰਾ ਪ੍ਰਭੂ-ਪ੍ਰੀਤ ਦਾ ਅਕਸ ਮਨੁੱਖੀ ਹਿਰਦੇ ਵਿਚ ਸਾਕਾਰ ਕੀਤਾ ਹੈ।

ਤੂੰ ਜਲ ਨਿਧਿ ਹਮ ਮੀਨ ਤੁਮਾਰੇ। ਤੇਰਾ ਨਾਮ ਬੂੰਦ ਹਮ ਚਾਤ੍ਰਿਕ ਤਿਖਹਾਰੇ।[2]

(ਮਾਝ ਮਹੱਲਾ - 5)

ਮਾਇਕ-ਖੁਸ਼ੀਆਂ ਵਿਚ ਮ੍ਰਿਗ-ਤ੍ਰਿਸ਼ਨਾ ਵਾਂਗੂੰ ਭਟਕਦੀ ਮਨੁੱਖੀ ਆਤਮਾ ਨੂੰ ਆਤਮਕ-ਜਾਗ੍ਰਤੀ ਵਿਚ ਲਿਆਉਣ ਲਈ ਗੁਰੂ ਅਰਜਨ ਦੇਵ ਜੀ ਮਾਰੂਥਲਾਂ ਵਿਚ ਭਟਕਦੇ ਪਿਆਸੇ ਮ੍ਰਿਗਾਂ ਵਰਗੇ ਬਿੰਬਾਂ ਨੂੰ ਭਾਵ-ਅਭਿਵਿਅਕਤੀ ਲਈ ਮਾਧਿਅਮ ਬਣਾਉਂਦੇ ਹਨ। ਇਸ ਤਰ੍ਹਾਂ ਕਾਵਿਕ-ਸੌਂਚ ਹੋਰ

---

1. ਗੁਰੂ ਗ੍ਰੰਥ ਸਾਹਿਬ, ਪੰਨਾ, 1180
2. ਉਹੀ, ਪੰਨਾ 100

ਖੂਬਸੂਰਤ ਹੋ ਉਘੜਦਾ ਹੈ।

ਮ੍ਰਿਗ ਤ੍ਰਿਸਨਾ ਅਰੁ ਸੁਪਨ ਮਨੋਰਥ ਤਾ ਕੀ ਕਛੁ ਨ ਵਡਾਈ।
ਰਾਮ ਭਜਨ ਬਿਨੁ ਕਾਮਿ ਨ ਆਵਸਿ ਸੰਗਿ ਨ ਕਾਹੂ ਜਾਈ।[1]

(ਸੋਰਠਿ ਮਹੱਲਾ - 5)

ਪ੍ਰਭੂ ਦੀ ਭਗਤੀ ਕਰਨ ਲੱਗਿਆਂ ਕਾਹਲ ਨਹੀਂ ਕਰਨੀ ਚਾਹੀਦੀ ਸਗੋਂ ਭੈ ਭਉ ਦੂਰ ਕਰਕੇ ਹੌਲੀ ਹੌਲੀ ਨਾਮ ਜਪਣਾ ਚਾਹੀਦਾ ਹੈ। ਇਸ ਭਾਵ ਨੂੰ ਗੁਰੂ ਅਰਜਨ ਦੇਵ ਜੀ ਹੇਠ ਲਿਖੀਆਂ ਕਾਵਿ-ਤੁਕਾਂ ਵਿਚ ਸ਼ਬਦਾਂ ਦੀ ਖੇਡ ਖੇਡਦਿਆਂ ਇਉਂ ਪ੍ਰਸਤੁਤ ਕਰਦੇ ਹਨ।

ਮਨ ਤੇ ਭੈ ਭਉ ਦੂਰਿ ਪਰਾਇਓ
ਲਾਲ ਦਇਆਲ ਗੁਲਾਲ ਲਾਡਿਲੇ ਸਹਜਿ ਸਹਜਿ ਗੁਨ ਗਾਇਓ।ਰਹਾਉ।[2]

(ਸਾਰੰਗ ਮਹੱਲਾ 5)

ਉਪਰੋਕਤ ਕਾਵਿ-ਤੁਕਾਂ ਵਿਚ ਸਰਲਤਾ, ਕੋਮਲਤਾ, ਸਪਸ਼ਟਤਾ ਤੇ ਰਾਗਾਤਮਕਤਾ ਵਰਗੇ ਸਾਰੇ ਗੁਣ ਮੌਜੂਦ ਹਨ। ਇਸ ਤਰ੍ਹਾਂ ਗੁਰੂ ਜੀ ਆਪਣੇ ਭਾਵਾਂ ਦੁਆਰਾ ਪਾਠਕ/ਸ੍ਰੋਤੇ ਦੀਆਂ ਅੰਦ੍ਰੀਵ ਮਾਨਸਕ ਭੁਖਾਣਾਂ ਨੂੰ ਟੁੰਬਦੇ ਹਨ।

ਪਰਮਾਤਮਾ ਸਾਡਾ ਜੀਵਨ ਆਧਾਰ ਹੈ। ਇਸ ਲਈ ਉਸ ਨਾਲ ਸੱਚੀ ਪ੍ਰੀਤ ਕਰਨੀ ਚਾਹੀਦੀ ਹੈ। ਇਸ ਭਾਵ ਨੂੰ ਗੁਰੂ ਅਰਜਨ ਦੇਵ ਜੀ ਇਸ ਤਰ੍ਹਾਂ ਅਭਿਵਿਅਕਤ ਕਰਦੇ ਹਨ।

ਜੈਸੀ ਮਛੁਲੀ ਨੀਰ ਇਕੁ ਖਿਨੁ ਭੀ ਨ ਧੀਰੇ ਮਨ ਐਸਾ ਨੇਹੁ ਕਰੇਹੁ।
ਜੈਸੀ ਚਾਤ੍ਰਿਕ ਪਿਆਸ ਖਿਨੁ ਖਿਨੁ ਬੂੰਦ ਚਵੈ ਬਰਸੁ ਸੁਹਾਵੇ ਮੇਹੁ।[3]

(ਆਸਾ ਮਹੱਲਾ 5 ਛੰਤ ਘਰ 6)

1. <u>ਗੁਰੂ ਗ੍ਰੰਥ ਸਾਹਿਬ</u>, ਪੰਨਾ 615
2. ਉਹੀ, ਪੰਨਾ 816
3. ਉਹੀ, ਪੰਨਾ 453

ਉਪਰੋਕਤ ਤੁਕਾਂ ਵਿਚ ਜਲ ਤੇ ਮਛਲੀ, ਚਾਤ੍ਰਿਕ ਤੇ ਬੂੰਦ ਦੀ ਤਸਵੀਰ ਰਾਹੀਂ ਆਪਣੇ ਭਾਵ ਨੂੰ ਮੂਰਤੀਮਾਨ ਕੀਤਾ ਹੈ ਅਤੇ ਬਿੰਬਾਂ ਰਾਹੀਂ ਪਿਆਰ ਜਜ਼ਬੇ ਨੂੰ ਉਭਾਰਿਆ ਹੈ।

ਅਖ਼ੀਰ ਵਿਚ ਕਿਹਾ ਜਾ ਸਕਦਾ ਹੈ ਕਿ ਗੁਰੂ ਅਰਜਨ ਦੇਵ ਨੇ ਆਪਣੀ ਕਾਵਿ-ਰਚਨਾ ਵਿਚ ਭਾਵਾਂ ਨੂੰ ਅਭਿਵਿਅਕਤ ਕਰਨ ਲਈ ਪਾਠਕ/ਸ੍ਰੋਤੇ ਦੇ ਜਜ਼ਬਿਆਂ ਨੂੰ ਟੁੰਬਣ ਵਾਲੇ ਗੂੜ੍ਹੇ ਬਿੰਬਾਂ ਦਾ ਪ੍ਰਯੋਗ ਕੀਤਾ ਹੈ। ਗੁਰੂ ਜੀ ਭਾਵ-ਸੰਚਾਰ ਪੈਟਰਨ ਦਾ ਜੋ ਵਸੀਲਾ ਚੁਣਦੇ ਹਨ ਉਹ ਉਹਨਾਂ ਦੀ ਕਾਵਿ-ਰਚਨਾ ਵਿਚ ਸਰੋਦੀ-ਬੋਧ ਨੂੰ ਉਭਾਰਨ ਲਈ ਪੂਰਨ ਭਾਂਤ ਸਫਲ ਹੁੰਦਾ ਹੈ।

4. ਕਾਵਿ-ਵਿਅੰਜਨਾ ਪੈਟਰਨ: ਕਾਵਿ-ਭਾਸ਼ਾ ਵਿਚ ਸ਼ਬਦ ਦੀਆਂ ਤਿੰਨ ਸ਼ਕਤੀਆਂ ਮੰਨੀਆਂ ਗਈਆਂ ਹਨ। ਅਭਿਧਾ, ਲੱਖਣਾ ਅਤੇ ਵਿਅੰਜਨਾ।[1] ਜਦੋਂ ਅਭਿਧਾ ਅਤੇ ਲੱਖਣਾ ਸ਼ਕਤੀ ਆਪਣੇ ਅਰਥ ਦਾ ਗਿਆਨ ਕਰਵਾਕੇ ਸਮਾਪਤ ਹੋ ਜਾਂਦੀਆਂ ਹਨ ਤਾਂ ਉਥੇ ਜਿਸ ਸ਼ਕਤੀ ਦੁਆਰਾ ਵਿਸ਼ੇਸ਼ ਅਰਥ ਦਾ ਬੋਧ ਹੁੰਦਾ ਹੈ ਉਸ ਦਾ ਨਾਮ ਵਿਅੰਜਨਾ ਸ਼ਕਤੀ ਹੈ।[2] ਬ੍ਰਿਹਤ ਹਿੰਦੀ ਕੋਸ਼ ਅਨੁਸਾਰ ਇਹ ਵਿਅਕਤ ਕਰਨ ਦੀ ਕਿਰਿਆ ਹੈ ਅਥਵਾ ਵਿਸ਼ੇਸ਼-ਪੂਰਨ ਭਾਸ਼ਾ ਲਿਖਣ ਦੀ ਸ਼ੈਲੀ ਨੂੰ ਵਿਅੰਜਨਾ ਸ਼ਕਤੀ ਕਿਹਾ ਜਾਂਦਾ ਹੈ।

ਉਪਰੋਕਤ ਵਿਚਾਰ ਤੋਂ ਇਹ ਗੱਲ ਸਪਸ਼ਟ ਹੁੰਦੀ ਹੈ ਕਿ ਕਾਵਿ ਵਿਅੰਜਨਾ, ਸ਼ਬਦ ਅਤੇ ਅਰਥ ਦੋਹਾਂ ਤੇ ਨਿਰਭਰ ਕਰਦੀ ਹੈ। ਕਾਵਿ ਵਿਚ ਸੁਝਾਊ ਅਰਥਾਂ ਨੂੰ ਪ੍ਰਗਟਾਉਣ ਵਾਲੀ ਸ਼ਕਤੀ ਨੂੰ ਵਿਅੰਜਨਾ ਸ਼ਕਤੀ ਕਿਹਾ ਜਾਂਦਾ ਹੈ।[3] ਕਾਵਿ ਵਿਚ ਵਿਅੰਗਾਰਥ ਤੇ ਸੁਝਾਊ ਅਰਥ ਦੀ ਹੋਂਦ ਬਹੁਤ ਮਹੱਤਤਾ ਰਖਦੀ ਹੈ। ਇਹ ਸੁਝਾਊ ਅਰਥ ਕਾਵਿ ਵਿਚ ਆਮ ਅਰਥ ਤੋਂ ਭਿੰਨ ਇਕ ਹੋਰ ਗੂੜ੍ਹੇ ਅਰਥ ਦੀ ਪ੍ਰਤੀਤੀ ਕਰਾਉਂਦਾ ਹੈ। ਇਹੀ ਵਿਅੰਜਨਾਸ਼ਕਤੀ ਹੈ। ਇਹ ਵਿਅੰਜਨਾ ਸ਼ਕਤੀ ਸ਼ਬਦਾਂ ਵਿਚ ਛੁਪੇ ਅਰਥਾਂ ਨੂੰ ਚਮਤਕਾਰੀ ਰੂਪ ਵਿਚ ਪ੍ਰਕਾਸ਼ਿਤ ਕਰਨ ਦੀ ਸਮਰਥਾ ਰਖਦੀ ਹੈ। ਇਸ ਤਰ੍ਹਾਂ ਕਾਵਿ ਵਿਚ ਵਿਅੰਜਨ ਦਾ ਖੇਤਰ ਸ਼ਬਦ ਤੇ ਅਰਥ ਦੋਵੇਂ ਹੀ ਹੁੰਦੇ ਹਨ। ਗੁਰੂ

---

1. ਗੁਲਾਬ ਰਾਏ, ਸਿਧਾਂਤ ਤੇ ਅਧਿਐਨ (ਪੰਜਾਬੀ ਅਨੁਵਾਦ), ਭਾਸ਼ਾ ਵਿਭਾਗ, ਪੰਜਾਬ, ਪੰਨਾ 304
2. ਡਾ. ਮਹਿੰਦਰ ਕੌਰ ਗਿੱਲ, ਗੁਰੂ ਅਰਜਨ ਜੀਵਨ ਤੇ ਬਾਣੀ, ਪੰਨਾ 237
3. ਉਹੀ, ਪੰਨਾ 237

ਅਰਜਨ ਦੇਵ ਬਾਣੀ ਵਿਚ ਇਸ ਕਲਾਤਮਕ ਸ਼ਕਤੀ ਰਾਹੀਂ ਕਾਵਿ-ਵਿਅੰਜਨਾਤਮਕ ਸ਼ਬਦ ਉਚ ਕੋਟੀ ਦਾ ਸਰੋਦ ਪੈਦਾ ਕਰਦੇ ਹਨ। ਉਦਾਹਰਣ:

ਮਾਥੈ ਤ੍ਰਿਕੁਟੀ ਦ੍ਰਿਸਟਿ ਕਰੂਰਿ। ਬੋਲੈ ਕਉੜਾ ਜਿਹਬਾ ਕੀ ਫੂੜਿ।
ਸਦਾ ਭੂਖੀ ਪਿਰੁ ਜਾਨੈ ਦੂਰਿ।
ਐਸੀ ਇਸਤ੍ਰੀ ਇਕ ਰਾਮ ਉਪਾਈ
ਉਨ ਸਭੁ ਜਗੁ ਖਾਇਆ ਹਮ ਗੁਰ ਰਾਖੇ ਮੇਰੇ ਭਾਈ। ਰਹਾਉ।[1]

(ਆਸਾ ਮਹੱਲਾ - 5)

ਉਪਰੋਕਤ ਕਾਵਿ-ਤੁਕਾਂ ਵਿਚ ਅਜਿਹੀ ਕਾਵਿਕ ਭਾਸ਼ਾ ਹੈ ਜੋ ਬਾਹਰੀ ਤੌਰ ਤੇ ਤਾਂ ਭਾਵੇਂ ਇਕ ਕਰੂਪ ਮੂੰਹੀਂ ਇਸਤ੍ਰੀ ਦੀ ਤਸਵੀਰ ਨੂੰ ਸਾਕਾਰ ਕਰਦੀ ਹੈ ਪਰੰਤੂ ਇਸ ਦੀ ਵਿਅੰਜਨਾ ਸ਼ਕਤੀ ਸਾਨੂੰ ਜਿਸ ਇਸਤ੍ਰੀ ਦਾ ਬੋਧ ਕਰਾਉਂਦੀ ਹੈ ਉਹ ਮਾਇਆ ਰੂਪੀ ਇਸਤ੍ਰੀ ਹੈ। ਇਸ ਮਾਇਆ ਦਾ ਬੋਧ ਸਾਨੂੰ ਇਸ ਰਚਨਾ ਵਿਚਲੇ ਇਕ ਵੀ ਸ਼ਬਦ ਤੋਂ ਨਹੀਂ ਹੁੰਦਾ ਭਾਵ ਕੋਈ ਸ਼ਬਦ ਅਜਿਹਾ ਨਹੀਂ ਜਿਸ ਦਾ ਅਰਥ ਮਾਇਆ ਹੋਵੇ।

ਇਸ ਤੋਂ ਇਕ ਗੱਲ ਸਪਸ਼ਟ ਹੁੰਦੀ ਹੈ ਕਿ ਗੁਰੂ ਜੀ ਨੇ ਅਜਿਹੀ ਵਿਅੰਜਨਾਤਮਕ ਕਾਵਿਕ-ਭਾਸ਼ਾ ਦਾ ਵੀ ਪ੍ਰਯੋਗ ਕੀਤਾ ਹੈ ਜਿਸ ਵਿਚ ਸ਼ਬਦ ਅਰਥਾਂ ਦੀਆਂ ਅਜਿਹੀਆਂ ਡੂੰਘੀਆਂ ਪਰਤਾਂ ਧਾਰਣ ਕਰਕੇ ਅਜਿਹਾ ਸੁਭਾ ਗ੍ਰਹਿਣ ਕਰ ਲੈਂਦੇ ਹਨ ਜਿਹੜਾ ਸ਼ਬਦ-ਕੋਸ਼ ਜਾਂ ਭਾਸ਼ਾ ਦੇ ਆਮ ਪ੍ਰਯੋਗ ਤੋਂ ਪ੍ਰਾਪਤ ਨਹੀਂ ਹੁੰਦਾ। ਇਸ ਤਰ੍ਹਾਂ ਇਹ ਵਿਅੰਗਾਰਥ ਲਈ ਸ਼ਬਦਾਂ ਦੀ ਅਜਿਹੀ ਆਪਸੀ ਖੇਡ ਹੈ ਜਿਹੜੀ ਸ਼ਬਦ ਕੋਸ਼ ਦੇ ਫਾਰਮੂਲਿਆਂ ਦੀ ਥਾਂ ਕੇਵਲ ਸਬੰਧਿਤ ਪ੍ਰਸੰਗ ਵਿਚ ਸਮਝੀ ਜਾ ਸਕਦੀ ਹੈ। ਗੁਰੂ ਅਰਜਨ ਬਾਣੀ ਵਿਚ ਇਹ ਵਿਅੰਜਨਾ ਤੱਤ ਬੁਨਿਆਦੀ ਤੇ ਨਿਵੇਕਲਾ ਹੈ।

ਇਥੇ ਕਵੀ-ਮਨ ਵਿਚ ਮਾਇਆ ਦੀ ਸੰਘਾਰਕ ਰੁਚੀ ਸਬੰਧੀ ਪ੍ਰੇਰਕ-ਅਨੁਭੂਤੀ ਜਨਮ ਲੈਂਦੀ ਹੈ। ਮਾਇਆ ਨੂੰ ਇਕ ਕੋਝੇ ਸੁਭਾ ਵਾਲੀ, ਸਦਾ ਭੁਖੀ ਤੇ ਪਤੀ ਤੋਂ ਵਿਛੁੜੀ ਕਰੂਪ ਇਸਤ੍ਰੀ ਦੇ ਰੂਪ ਵਿਚ ਕਲਪਦੇ ਹਨ। ਇਹ ਕਾਵਿ-ਤੁਕਾਂ ਕਲਪਨਾ ਦੇ ਆਧਾਰ ਤੇ ਸ਼ਬਦਕ ਜਾਮਾ ਪਹਿਨਦੀਆਂ ਹਨ। ਇਹ ਕਲਪਨਾ ਸ਼ਕਤੀ ਹੀ ਪਾਠਕ ਜਾਂ ਸ੍ਰੋਤੇ ਦੇ ਮਨ ਵਿਚ ਮਾਇਆ ਦੇ ਸਰੂਪ ਦਾ ਚਿਤ੍ਰਣ ਕਰਦੀ ਹੈ। ਮਾਥੈ, ਦ੍ਰਿਸਟਿ ਕਰੂਰਿ, ਬੋਲੈ ਕਉੜਾ, ਜਿਹਬਾ, ਫੂੜਿ, ਭੂਖੀ

1. ਗੁਰੂ ਗ੍ਰੰਥ ਸਾਹਿਬ, ਪੰਨਾ 394

ਆਦਿ ਸ਼ਬਦ ਸਾਇਆਂ ਦੇ ਸੁਭਾ ਦਾ ਪ੍ਰਤਿਬਿੰਬਣ ਕਰਦੇ ਹਨ। 'ਕਰੂਰਿ' ਰੂੜ੍ਹ ਤੇ ਉਪਾਈ ਤੁਕਾਂਤਕ ਸ਼ਬਦ ਖਰਬ ਨੇਖ ਦਾ ਸੰਚਾਰ ਕਰਕੇ ਸੰਗੀਤਾਤਮਕਤਾ ਵੀ ਪੈਦਾ ਕਰਦੇ ਹਨ। ਪ੍ਰੇਰਕ-ਅਨੁਭੂਤੀ ਦੀ ਅੰਤਿਮ ਪ੍ਰਵਿਰਤੀ ਉਪਦੇਸ਼ਾਤਮਕ ਰੂਪ ਵਿਚ ਪ੍ਰਗਟ ਹੁੰਦੀ ਹੈ। ਇਸ ਤਰ੍ਹਾਂ ਕਲਪਨਾ, ਸੰਗੀਤਾਤਮਕਤਾ ਤੇ ਕਵਿਤਾ ਦੀ ਵਿਅੰਜਨਾਤਮਕ ਤੇ ਭਾਵਨਾਤਮਕ-ਇਕਾਗਰਤਾ ਦਾ ਸੋਹਜਾਤਮਕ ਗੁਣ ਸੰਯੁਕਤ ਰੂਪ ਵਿਚ ਸਰੋਦ ਪੈਦਾ ਕਰਦੇ ਹਨ।

ਵਿਅੰਜਨਾ ਸ਼ਕਤੀ ਭਾਸ਼ਾ ਵਿਚ ਅੰਦਰੂਨੀ ਤੌਰ ਤੇ ਛੁਪੀ ਹੁੰਦੀ ਹੈ। ਪਰੰਤੂ ਕਵੀ ਦੁਆਰਾ ਭਾਸ਼ਾ ਦੇ ਕਾਵਿਕ-ਪ੍ਰਯੋਗ ਦੁਆਰਾ ਉਘੜ ਆਉਂਦੀ ਹੈ। ਗੁਰੂ ਅਰਜਨ ਦੇਵ ਦਾ ਬਾਣੀ-ਸਾਹਿਤ ਆਤਮਕ ਰਮਜ਼ ਨੂੰ ਭਾਵੁਕਤਾ ਤੇ ਸੁਭਾਉ ਭਾਵਾਂ ਨਾਲ ਭਰੇ ਹੋਏ ਕਾਵਿਕ ਚਿੰਨ੍ਹਾਂ ਰਾਹੀਂ ਖੋਲ੍ਹਦਾ ਹੈ। ਹੇਠ ਲਿਖੀ ਤੁਕ ਵਿਚ ਕੁਦਰਤੀ ਦ੍ਰਿਸ਼ ਨਾਲ ਆਤਮਕ-ਅਨੁਭੂਤੀ ਨੂੰ ਇਵੇਂ ਜੋੜਿਆ ਹੈ ਕਿ ਕੁਦਰਤ-ਪਸਾਰਾ ਅੰਤਰ-ਆਤਮੇ ਦੀ ਦਸ਼ਾ ਨੂੰ ਹੀ ਮਾਨੋ ਰੂਪਮਾਨ ਕਰ ਰਿਹਾ ਹੈ।

ਭਿੰਨੀ ਰੈਨੜੀਏ, ਚਮਕਨ ਤਾਰੇ। ਜਾਗਹਿ ਸੰਤ ਜਨਾ ਮੇਰੇ ਰਾਮ ਪਿਆਰੇ।[1]
(ਆਸਾ ਮਹਲਾ-5 ਛੰਤ)

ਉਪਰੋਕਤ ਤੁਕ ਵਿਚ ਗੁਰੂ ਜੀ ਨੇ ਅੰਮ੍ਰਿਤ ਵੇਲੇ ਦਾ ਸੁਖਦ ਦ੍ਰਿਸ਼ ਪੇਸ਼ ਕੀਤਾ ਹੈ ਜਦੋਂ ਭਗਤ ਜਨ ਚਿਤ ਬ੍ਰਿਤੀ ਨੂੰ ਇਕਾਗਰ ਕਰਕੇ ਨਾਮ ਸਿਮਰਦੇ ਹਨ। ਗੁਰੂ ਜੀ ਨੇ ਇਥੇ ਸ਼ਬਦ-ਅਰਥਾਂ ਨੂੰ ਅਜਿਹੀ ਨਵੀਨ ਗਤੀਸ਼ੀਲ ਅਰਥ ਭਰਪੂਰਤਾ ਬਖਸ਼ ਦਿੱਤੀ ਹੈ ਜਿਹੜੀ ਸ਼ਬਦ ਕੋਸ਼ ਦੀ ਥਾਂ ਕੇਵਲ ਇਸ ਕਾਵਿ-ਪੰਗਤੀ ਦੇ ਪ੍ਰਸੰਗ ਤੋਂ ਹੀ ਪ੍ਰਾਪਤ ਕੀਤੀ ਜਾ ਸਕਦੀ ਹੈ।

ਭਿੰਨੀ-ਰੈਨੜੀ, ਚਮਕਨ-ਤਾਰੇ, ਜਾਗਹਿ ਸੰਤ, ਅਤੇ ਰਾਮ ਆਦਿ ਸ਼ਬਦਾਂ ਦੀ ਵਿਅੰਜਨਾਤਮਕ ਸ਼ਕਤੀ ਕਵੀ ਮਨ ਵਿਚ ਸਵੇਰ ਦੇ ਸੁਖਦ ਵਾਤਾਵਰਣ ਦੀ ਕਲਪਨਾਤਮਕ ਤਸਵੀਰ ਨੂੰ ਅਭਿਵਿਅਕਤ ਕਰਦੀ ਹੈ। 'ਭਿੰਨੀ-ਰੈਨੜੀਏ' ਸ਼ਬਦ ਸਵੇਰ ਦੇ ਤ੍ਰੇਲ-ਭਿੱਜੇ ਘਾਹ ਦਾ ਦ੍ਰਿਸ਼ ਅੱਖਾਂ ਮੋਹਰੇ ਕਰਾ ਦੇਂਦਾ ਹੈ।

ਭਿੰਨੀ-ਰੈਨੜੀਏ, ਤਾਰੇ, ਜਨਾਂ, ਪਿਆਰੇ ਆਦਿ ਸ਼ਬਦਾਂ ਦਾ ਦੀਰਘ ਉਚਾਰਣ ਤੁਕ ਵਿਚ ਖੁਦ-ਬ-ਖੁਦ ਸੰਗੀਤਾਤਮਕਤਾ ਪੈਦਾ ਕਰਦਾ ਹੈ। ਇਸ ਤਰ੍ਹਾਂ ਇਸ ਤੁਕ ਵਿਚ ਕਲਪਨਾ, ਸੰਗੀਤਾਤਮਕਤਾ ਤੇ ਕਾਵਿਕ-ਚਿੰਨ੍ਹਾਂ ਦੀ ਵਿਅੰਜਨਾਤਮਕ ਸੋਹਜਾਤਮਕਤਾ ਸਵੇਰ ਦੇ ਸੁਖਦ ਵਾਤਾਵਰਣ ਦੇ

1. <u>ਗੁਰੂ ਗ੍ਰੰਥ ਸਾਹਿਬ</u>, ਪੰਨਾ 459

ਅਨੁਭਵ ਦੁਆਰਾ ਪਾਠਕ ਜਾਂ ਸ੍ਰੋਤਾ ਮਨ ਵਿਚ ਸਵੇਦ ਉਤਪੰਨ ਕਰਦੇ ਹਨ ਤੇ ਉਸ ਨੂੰ ਕਵੀ-ਮਨ ਦੀ ਆਤਮਕ-ਅਨੁਭੂਤੀ ਦੇ ਵਾਤਾਵਰਣ ਵਿਚੋਂ ਵਿਚਰਦਾ ਕਰਦੇ ਹਨ।

ਸਵੇਦੀ ਕਾਵਿ-ਰਚਨਾ ਪਾਠਕ ਦੀ ਚੇਤਨਾ ਨੂੰ ਪ੍ਰਭਾਵਿਤ ਕਰਦੀ ਹੈ। ਕਵਿਤਾ ਦੀ ਵਿਅੰਜਨਾਤਮਕ ਸ਼ਕਤੀ ਆਪਣੀ ਸੋਹਜ-ਵਸਤੂ ਦੀ ਉਸਾਰੀ ਕਰਦੀ ਹੈ ਜਿਸ ਦੇ ਆਧਾਰ ਤੇ ਅਸੀਂ ਵੇਖਦੇ ਹਾਂ ਕਿ ਕਵੀ ਦੇ ਅੰਦਰ ਉਪਰ ਜੋ ਕਲਾ ਹੈ, ਪਾਠਕ ਉਪਰ ਉਹੀ ਸੋਹਜ ਦਾ ਬਿੰਬ ਬਣਦਾ ਹੈ। ਸਾਵਣ ਦੀ ਰਿਮਝਿਮ ਨੂੰ ਜਦੋਂ ਗੁਰੂ ਅਰਜਨ ਦੇਵ ਨੇ ਅੰਦਰ ਭਿੱਜਦੀ ਸਹਿਜ ਅਵਸਥਾ ਨਾਲ ਤੁਲਨਾ ਦਿੱਤੀ ਤਾਂ ਕਵਿਤਾ ਕਲਪਨਾ ਦੇ ਸਾਰੇ ਬੰਧਨ ਤੋੜ ਕੇ ਛਲਿਹਾਰ ਹੋ ਗਈ ਹੈ:

> ਸਭ ਕਿਛੁ ਘਰ ਮਹਿ ਬਾਹਰਿ ਨਾਹੀ। ਬਾਹਰਿ ਟੋਲੈ ਸੋ ਭਰਮਿ ਭੁਲਾਹੀ।
> ਗੁਰਪ੍ਰਸਾਦੀ ਜਿਨਿ ਅੰਤਰਿ ਪਾਇਆ ਸੋ ਅੰਤਰ ਬਾਹਰਿ ਸੁਹੇਲਾ ਜੀਉ।
> ਝਿਮ ਝਿਮ ਵਰਸੈ ਅੰਮ੍ਰਿਤ ਧਾਰਾ। ਮਨ ਪੀਵੈ ਸੁਨਿ ਸਬਦੁ ਬੀਚਾਰਾ।
> ਅਨਦ ਬਿਨੋਦ ਕਰੇ ਦਿਨ ਰਾਤੀ। ਸਦਾ ਸਦਾ ਹਰਿ ਕੇਲਾ ਜੀਉ।[1]
>
> (ਮਾਝ ਮਹੱਲਾ - 5)

ਇਹਨਾਂ ਕਾਵਿ-ਤੁਕਾਂ ਵਿਚ 'ਘਰ' ਸ਼ਬਦ ਮਨੁੱਖੀ ਮਨ ਮੰਦਰ ਦਾ ਬੋਧ ਕਰਾਉਂਦਾ ਹੈ। ਝਿਮ ਝਿਮ ਵਰਸੈ ਅੰਮ੍ਰਿਤਧਾਰਾ ਤੁਕ ਮਨ ਦੀ ਵਿਸਮਾਦੀ ਤੇ ਅਨੰਦਾਤਮਕ ਅਵਸਥਾ ਦਾ ਵਰਣਨ ਕਰਦੀ ਹੈ। ਕਵਿਤਾ ਵਿਚ ਇਹ ਪ੍ਰਭਾਵ ਆਪਣੇ ਆਪ ਪੈਣ ਵਾਲੀ ਚੀਜ਼ ਨਹੀਂ ਸਗੋਂ ਇਕ ਸੁਚੇਤ ਅਵਸਥਾ ਹੈ। ਇਸ ਪ੍ਰਭਾਵ ਨੂੰ ਪਾਠਕ/ਸ੍ਰੋਤਾ ਪਾਠਕਤ ਵਿਸ਼ੇਸ਼ਤਾਵਾਂ ਦੇ ਸੰਦਰਭ ਵਿਚ ਹੀ ਗ੍ਰਹਿਣ ਕਰਦਾ ਹੈ। ਇਹ ਕਾਵਿ-ਵਿਅੰਜਨਾ ਪ੍ਰਕਿਰਿਆ ਦਾ ਹੀ ਦੂਜਾ ਨਾਮ ਹੈ।

ਸਿੱਟੇ ਵਜੋਂ ਕਾਵਿਕ-ਵਿਅੰਜਨਾ ਸ਼ਕਤੀ ਦੀ ਦ੍ਰਿਸ਼ਟੀ ਤੋਂ ਗੁਰੂ ਅਰਜਨ ਦੇਵ ਰਚਨਾ ਇਕ ਅਤਿ ਸੁੰਦਰ ਕਾਵਿ ਹੈ। ਸਵੇਦੀ ਰੂਪ ਵਾਲੇ ਨਿੱਕੇ ਨਿੱਕੇ ਪਦਿਆਂ ਦੀ ਰਚਨਾ ਵਿਅੰਗਾਤਮਕ ਭਾਸ਼ਾ ਦੇ ਜਜ਼ਬੇ ਤੇ ਤੀਬਰ ਵੇਗ ਦੁਆਰਾ ਹੁੰਦੀ ਹੈ। ਗੁਰੂ ਅਰਜਨ ਦੇਵ ਨੇ ਜੀਵਨ ਦੇ ਵਿਵਿਧ

---

1. ਗੁਰੂ ਗ੍ਰੰਥ ਸਾਹਿਬ, ਪੰਨਾ 102

ਪੱਖਾਂ ਨੂੰ ਆਪਣੀ ਪਕੜ ਵਿਚ ਲਿਆ ਹੈ। ਇਸ ਨੇ ਆਪਣੇ ਸਿਰਜਣਾਤਮਕ ਤੇ ਵਿਸ਼ਲੇਸ਼ਣਾਤਮਕ ਉਦਮ ਵਿਚ ਵਿਸ਼ਾਲ ਅਧਿਆਤਮਕ ਚਿੰਤਨ ਨੂੰ ਸਮੋਇਆ ਹੈ। ਗੁਰੂ ਜੀ ਦੀ ਕਾਵਿ-ਭਾਸ਼ਾ ਦੀ ਵਿਸ਼ਲੇਸ਼ਣਾਤਮਕ ਸ਼ਕਤੀ ਸਰੋਦੀ ਸੀਮ੍ਹ ਦੇ ਰੂਪ ਦਾ ਇਕ ਅਹਿਮ ਪੱਖ ਹੈ।

5. <u>ਸ਼ਬਦ-ਚਿਤਰ ਪੈਟਰਨ</u>: ਸ਼ਬਦ ਕਾਵਿ-ਰਚਨਾ ਲਈ ਕਵੀ ਸਮੱਗਰੀ ਹਨ। ਲੈਵਿਸ ਅਨੁਸਾਰ, "ਜਿਸ ਢੰਗ ਅਨੁਸਾਰ ਕਵੀ ਸ਼ਬਦਾਂ ਨੂੰ ਜੋੜਦੇ ਤੇ ਮਜ਼ਬੂਤ ਪੈਟਰਨ ਵਿਚ ਘੜਦਾ ਹੈ ਉਸ ਨੂੰ ਕਾਵਿ ਦੀ ਤਕਨੀਕ ਕਹਿੰਦੇ ਹਨ।"[1] ਇਸੇ ਤਕਨੀਕ ਸਦਕਾ ਕਵੀ ਸ਼ਬਦ-ਚਿਤਰ ਘੜਦਾ ਹੈ। ਇਹ ਸ਼ਬਦ-ਚਿੱਤਰ, ਪ੍ਰੋ. ਵਿਸ਼ਵਨਾਥ ਪ੍ਰਸ਼ਾਦ ਅਨੁਸਾਰ, "ਉਹ ਸਾਹਿਤਕ ਵਿਧੀ ਹੈ ਜਿਸ ਵਿਚ ਕਿਸੀ ਵਿਅਕਤੀ ਜਾਂ ਵਸਤੂ ਦੇ ਅੰਦਰ-ਬਾਹਰ ਦਾ ਅਜਿਹਾ ਸਜੀਵ ਚਿਤ੍ਰਣ ਹੁੰਦਾ ਹੈ ਕਿ ਉਸਦੇ ਪੜ੍ਹਨ ਤੋਂ ਉਸ ਵਿਅਕਤੀ ਜਾਂ ਵਸਤੂ ਦਾ ਮਾਨਸ ਸਾਖਿਆਤ ਹੋ ਜਾਏ।"[2]

ਕਵੀ ਪਾਠਕ/ਸ੍ਰੋਤੇ ਤੇ ਇਕ ਖ਼ਾਸ ਪ੍ਰਭਾਵ ਬਣਾਉਣ ਲਈ ਕਦੇ ਕਦੇ ਅਸਾਧਾਰਣ ਭਾਸ਼ਾ ਦੀ ਵਰਤੋਂ ਕਰਦਾ ਹੈ। ਪਰੰਤੂ ਕਦੇ ਕਦੇ ਉਹ ਵਿਗਿਆਨਕ-ਭਾਸ਼ਾ ਤੁਲ ਸਾਫ਼ ਭਾਸ਼ਾ ਵੀ ਵਰਤਦਾ ਹੈ। ਕਵੀ ਆਪਣੀ ਭਾਵਨਾ ਦਾ ਖ਼ੂਬ ਪ੍ਰਭਾਵ ਪਾਉਣ ਲਈ ਜਾਂ ਵਸਤੂ ਦੇ ਖ਼ੂਬ ਦਰਸ਼ਨ ਕਰਾਉਣ ਲਈ ਇਸ ਤਰ੍ਹਾਂ ਕਰਦਾ ਹੈ। ਇਹਨਾਂ ਉਦੇਸ਼ਾਂ ਦੀ ਪੂਰਤੀ ਲਈ ਕਵੀ ਕਵਿਤਾ ਵਿਚ ਪ੍ਰਤੀਕਾਂ ਜਾਂ ਬਿੰਬਾਂ ਦੀ ਵਰਤੋਂ ਕਰਦਾ ਹੈ। ਸੀ.ਡੀ. ਲੇਵਿਸ ਅਨੁਸਾਰ ਇਹ "ਬਿੰਬ ਹੀ ਸ਼ਬਦ-ਚਿਤਰ ਹਨ। ਇਹ ਚਿਤਰ ਕਵੀ ਦੀ ਕਲਪਨਾ ਦੁਆਰਾ ਇਸ ਤਰ੍ਹਾਂ ਰੰਗੇ ਹੁੰਦੇ ਹਨ ਕਿ ਪਾਠਕ ਦੀ ਕਲਪਨਾ ਨੂੰ ਵੀ ਭਾਉਂਦੇ ਹਨ।"[3]

---

1. "The methods that poets use to hammer and shape words into strong beautiful patterms are called poetic technique."

   <u>Poetry for You</u>, p. 21

2. ਪ੍ਰੋ: ਵਿਸ਼ਵਨਾਥ ਪ੍ਰਸ਼ਾਦ, <u>ਕਲਾ ਏਵੰ ਸਾਹਿਤਕ ਪ੍ਰਵਿਰਤੀ ਔਰ ਪਰੰਪਰਾ</u>, ਬਿਹਾਰ ਹਿੰਦੀ ਗ੍ਰੰਥ ਅਕਾਦਮੀ ਪਟਨਾ - 3, ਪੰਨਾ 176

3. "Images are word-pictures, painted by the poet's imagination in such a way as to appeal to the reader's imagination."

   <u>Poetry for you</u>, p. 25

ਗੁਰੂ ਅਰਜਨ ਦੇਵ ਨੇ ਆਪਣੀ ਕਾਵਿ-ਰਚਨਾ ਵਿਚ ਸ਼ਬਦ-ਚਿੱਤਰਾਂ ਦੀ ਭਰਪੂਰ ਵਰਤੋਂ ਕੀਤੀ ਹੈ। ਉਦਾਹਰਣ:

ਬਿਰਖੈ ਹੇਠ ਸਭ ਜੰਤ ਇਕਠੇ।
ਇਕ ਤੱਤੇ ਇਕ ਬੋਲਨਿ ਮਿਠੇ।
ਅਸਤੁ ਉਦੋਤੁ ਭਇਆ ਉਠਿ ਚਲੇ ਜਿਉ ਜਿਉ ਅਉਧ ਵਿਹਾਣੀਆ।[1]

(ਮਾਰੂ ਮਹੱਲਾ 5 ਅੰਜੁਲੀਆਂ)

ਕਵੀ ਦੀ ਕਲਪਨਾ ਵਿਚ ਬ੍ਰਿਛ ਤੇ ਬੈਠੇ ਪੰਛੀ ਆਉਂਦੇ ਹਨ ਜੋ ਰਾਤ ਕੱਟਣ ਲਈ ਇਕੱਠੇ ਹੋਏ ਹਨ। ਇਸ ਕਲਪਨਾਤਮਕ ਦ੍ਰਿਸ਼ ਨੂੰ ਕਵੀ ਅਧਿਆਤਮਕ ਵਿਚਾਰਾਂ ਦੀ ਅਭਿਵਿਅੰਜਨਾ ਲਈ ਕਵਿਤਾ ਦਾ ਮਾਧਿਅਮ ਬਣਾਉਂਦੇ ਹਨ।

ਉਪਰੋਕਤ ਕਾਵਿ-ਤੁਕਾਂ ਵਿਚ ਤਿੰਨ ਪ੍ਰਤੀਕ ਹਨ। ਬਿਰਖ, ਜੰਤ ਅਤੇ ਸੂਰਜ (ਅਸਤੁ ਉਦੋਤੁ)। ਇਹ ਤਿੰਨੇ ਪ੍ਰਤੀਕ ਮਿਲਕੇ ਇਕ ਚਿਤਰ ਬਣਾਉਂਦੇ ਹਨ। ਇਹਨਾਂ ਤਿੰਨਾਂ ਪ੍ਰਤੀਕਾਂ ਨੂੰ ਇਕ ਸੂਤਰ ਵਿਚ ਬੰਨ੍ਹਣ ਵਾਲੀ ਭਾਵਨਾ ਹੈ। ਇਹ ਭਾਵਨਾ ਪ੍ਰਤੀਕਾਂ ਦੇ ਮਾਧਿਅਮ ਦੁਆਰਾ ਇਕ ਚਿਤਰ ਦੀ ਸਿਰਜਣਾ ਕਰਦੀ ਹੈ। ਇਹ ਸ਼ਬਦ ਚਿੱਤਰ ਭਾਵੇਂ ਲੌਕਿਕ ਪੱਧਰ ਦਾ ਹੈ ਪਰੰਤੂ ਇਸ ਵਿਚੋਂ ਅਲੌਕਿਕ ਦਾ ਬਿਆਨ ਹੁੰਦਾ ਹੈ।

ਇਸ ਸ਼ਬਦ-ਚਿਤਰ ਵਿਚ ਭਾਵ-ਇਕਾਗਰਤਾ ਬਣੀ ਹੋਈ ਹੈ। ਜਿਵੇਂ ਸੂਰਜ ਉਦੇ ਹੋਣ ਨਾਲ ਸਾਰੇ ਪੰਛੀ ਬ੍ਰਿਛ ਤੋਂ ਉਡ ਜਾਂਦੇ ਹਨ ਇਵੇਂ ਹੀ ਉਮਰ ਬੀਤਣ ਮਗਰੋਂ ਸੰਸਾਰ ਵਿਚੋਂ ਸਾਰੇ ਮਨੁੱਖ ਕੂਚ ਕਰ ਜਾਂਦੇ ਹਨ। ਬਿਰਖੈ, ਜੰਤ, ਅਸਤੁ-ਉਦੋਤੁ, ਉਠਿ ਚਲੇ, ਅਉਧ ਵਿਹਾਣੀਆਂ ਆਦਿ ਸ਼ਬਦ ਜਿਥੇ ਭਾਵ ਨੂੰ ਸੁਮੇਲਦੇ ਹਨ ਉਥੇ ਭਾਵ ਨੂੰ ਪੂਰਨ ਭਾਂਤ ਸਪਸ਼ਟ ਵੀ ਕਰਦੇ ਹਨ। ਤੱਤੇ ਤੇ ਮਿੱਠੇ ਸ਼ਬਦ ਜਿਥੇ ਪੰਛੀਆਂ ਦੀ ਭਿੰਨ ਭਿੰਨ ਬੋਲੀ ਦਾ ਬੋਧ ਕਰਾਉਂਦੇ ਹਨ ਉਥੇ ਮਨੁੱਖੀ ਮਨਾਂ ਦਾ ਚਿਤ੍ਰਣ ਵੀ ਕਰਦੇ ਹਨ।

ਇਹਨਾਂ ਤੁਕਾਂ ਵਿਚ ਸੰਗੀਤਾਤਮਕ ਵਹਾਓ ਚਮਤਕਾਰੀ ਹੈ। ਪਹਿਲੀਆਂ ਦੋ ਤੁਕਾਂ ਵਿਚ ਲੈਆਤਮਕ ਪ੍ਰਬੰਧ 'ਇਕਠੇ ਤੇ ਮਿਠੇ' ਪੇਸ਼ ਕਰਦੇ ਹਨ। ਤੀਜੀ ਤੁਕ ਵਿਚ ਅਸਤੁ-ਉਦੋਤ ਸ਼ਬਦ ਤੇ ਥੋੜ੍ਹੀ ਰੁਕਾਵਟ ਤੇ ਫਿਰ 'ਭਇਆ ਉਠਿ ਚਲੇ' ਤਕ ਥੋੜ੍ਹੀ ਤੇਜ਼ੀ ਤੇ ਉਸ ਤੋਂ ਬਾਅਦ 'ਜਿਉ ਜਿਉ

1. ਗੁਰੂ ਗ੍ਰੰਥ ਸਾਹਿਬ, ਪੰਨਾ 1019

ਅਉਧ ਵਿਹਾਣੀਆਂ ਵਿਚ ਵੈਰਾਗਾਤਮਕ ਵਹਾਓ ਹੈ।

ਇਸ ਤਰ੍ਹਾਂ ਉਪਰੋਕਤ ਸ਼ਬਦ-ਚਿੱਤਰ ਵਿਚ ਕਲਪਨਾ, ਭਾਵਨਾਤਮਕ-ਇਕਾਗਰਤਾ, ਤੇ ਸੰਗੀਤਾਤਮਕਤਾ ਮਿਲ ਕੇ ਇਸ ਚਿੱਤਰ ਦੇ ਸੁਹਜਾਤਮਕ ਗੁਣ ਨੂੰ ਪੇਸ਼ ਕਰਦੇ ਹੋਏ ਸਰੋਦੀ ਪ੍ਰਭਾਵ ਗ੍ਰਹਿਣ ਕਰਾਉਂਦੇ ਹਨ।

ਹੇਠਲੀ ਉਦਾਹਰਣ ਗੁਰੂ ਅਰਜਨ ਦੇਵ ਦੀ ਪ੍ਰਤਿਭਾ ਦੀ ਸੂਚਕ ਹੈ ਜਿਸ ਦੁਆਰਾ ਪਾਠਕ/ਸ੍ਰੋਤਾ ਮਨ ਵਿਚ ਸੰਸਾਰਕ ਦੁਖਾਂ ਦੀ ਤਸਵੀਰ ਉਕਰੀ ਜਾਂਦੀ ਹੈ:

ਜਿਥੈ ਅਗਨਿ ਭਖੈ ਭੜਹਾਰੇ।
ਊਰਧ ਮੁਖ ਮਹਾ ਗੁਬਾਰੇ।[1]

(ਮਾਰੂ ਅੰਜੁਲੀਆਂ)

ਇਹਨਾਂ ਤੁਕਾਂ ਵਿਚ ਅਗਨ ਦਾ ਭਾਂਬੜਾਂ 'ਚ ਮਚਣਾ ਤੇ ਉਹਦੇ ਮੂੰਹ ਮਹਾਂ ਗੁਬਾਰ 'ਚ ਪਿਆ ਹੋਣਾ ਦੇ ਚਿੱਤਰ ਦ੍ਰਿਸ਼ਟੀਗੋਚਰ ਹੁੰਦੇ ਹਨ। ਇਹ ਚਿਤਰ ਮਨ ਦੀਆਂ ਤਰਬਾਂ ਨੂੰ ਝੰਜੋੜਦੇ ਹਨ ਤੇ ਸੰਸਾਰਕ ਦੁਖਾਂ ਦਾ ਅਨੁਭਵ ਕਰਾਉਂਦੇ ਹਨ।

ਕਵੀ ਮਨ ਵਿਚ ਅੱਗ ਦੇ ਮਚਦੇ ਭਾਂਬੜਾਂ ਦੀ ਕਲਪਨਾ ਆਉਂਦੀ ਹੈ। ਇਸ ਕਲਪਨਾ ਨੂੰ ਕਾਵਿਕ-ਸ਼ਬਦ-ਚਿੱਤਰ ਦੇ ਰੂਪ ਵਿਚ ਅਭਿਵਿਅਕਤ ਕਰਦੇ ਹਨ। ਅਗਨ, ਭਖੈ, ਭੜਹਾਰੇ ਤਿੰਨ ਸੰਖੇਪ ਸ਼ਬਦ ਹੀ ਸਾਡੀ ਅੱਖਾਂ ਸਾਹਮਣੇ ਅੱਗ ਦੀਆਂ ਲਾਟਾਂ ਦਾ ਮਹਾਨ ਦ੍ਰਿਸ਼ ਗੋਚਰ ਕਰਾਉਂਦੇ ਹਨ। ਇਸੇ ਤਰ੍ਹਾਂ ਦੂਜੀ ਤੁਕ ਵਿਚ ਮਹਾਂ, ਗੁਬਾਰੇ ਦੇ ਸ਼ਬਦ ਸੰਘਣੇ ਹਨੇਰ-ਘੁਪ ਦਾ ਦ੍ਰਿਸ਼ ਪੇਸ਼ ਕਰਦੇ ਹਨ।

ਭੜਹਾਰੇ ਤੇ ਗੁਬਾਰੇ ਅਰਥਾਤਮਕ ਸ਼ਬਦਾਂ ਵਿਚ ਦੀਰਘ ਸਵਰਾਂ ਦੀ ਵਰਤੋਂ ਕਰਕੇ ਸੰਗੀਤਾਤਮਕਤਾ ਪੈਦਾ ਕੀਤੀ ਹੈ। ਇਸ ਤਰ੍ਹਾਂ ਗੁਰੂ ਜੀ ਨੇ ਕਲਪਨਾਤਮਕ ਸ਼ਕਤੀ ਰਾਹੀਂ ਭਾਵਾਂ ਨੂੰ ਕਾਵਿਕ-ਸ਼ਬਦ ਚਿੰਨ੍ਹਾਂ ਦੁਆਰਾ ਸੰਗੀਤਾਤਮਕ ਸ਼ੈਲੀ ਵਿਚ ਪ੍ਰਗਟ ਕੀਤਾ ਹੈ। ਇਹ ਸਾਰੇ ਗੁਣ ਸਰੋਦੀ ਕਵਿਤਾ ਦੇ ਧਾਰਨੀ ਹਨ।

1. <u>ਬਾਣੀ ਗੁਰੂ ਅਰਜਨ ਦੇਵ</u>, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਪੰਨਾ 465

ਹੇਠਲੀਆਂ ਕਾਵਿ-ਤੁਕਾਂ ਵਿਚ ਮਾਇਆ ਰੂਪੀ ਜਾਲ ਤੇ ਤ੍ਰਿਸ਼ਨਾ-ਰੂਪੀ ਪੰਖੀ ਦਾ ਫਸਣਾ, ਬਰਖਾ ਦੀ ਰਿਮ-ਝਿਮ, ਪਾਣੀ ਬਿਨਾਂ ਸੁਕੀ ਖੇਤੀ ਦਾ ਦ੍ਰਿਸ਼, ਚਿੜੀਆਂ ਦੀ ਚਹਿਚਹਾਟ, ਬੱਦਲਾਂ ਦੀ ਗਰਜ, ਬਿਜਲੀਆਂ ਦੀ ਚਮਕ, ਹੰਸਾਂ ਤੇ ਕੁਕੜ ਦੀ ਉਡਾਰੀ, ਘੋੜੇ ਦੀ ਖੇਡ ਦਾ ਦ੍ਰਿਸ਼ ਆਦਿ ਕਾਵਿ-ਕਲਾ ਵਿਚ ਸ਼ਬਦਾਂ ਰਾਹੀਂ ਖਿਚੇ ਚਿਤਰ ਹਨ।

(ੳ) ਮਾਇਆ ਜਾਲੁ ਪਸਾਰਿਆ ਭੀਤਰਿ ਚੋਗ ਬਣਾਇ।
ਤ੍ਰਿਸਨਾ ਪੰਖੀ ਫਾਸਿਆ ਨਿਕਸੁ ਨ ਪਾਇ ਮਾਇ।[1]

(ਸ੍ਰੀ ਰਾਗ ਮਹੱਲਾ - 5)

(ਅ) ਝਿੰਮ ਝਿੰਮ ਅੰਮ੍ਰਿਤ ਵਰਸਦਾ।[2]

(ਸ੍ਰੀ ਰਾਗ ਮਹੱਲਾ - 5)

(ੲ) ਜਲ ਬਿਨ ਸਾਖ ਕੁਮਲਾਵਤੀ ਉਪਜਹਿ ਨਾਹੀ ਦਾਮ।[3]

(ਬਾਰਹਮਾਹ ਮਹੱਲਾ - 5)

(ਸ) ਚਿੜੀ ਚੁਹਕੀ ਪਹੁ ਫੁਟੀ ਵਗਨਿ ਬਹੁਤੁ ਤਰੰਗ।[4]

(ਗਉੜੀ ਦੀ ਵਾਰ ਮਹੱਲਾ - 5)

(ਹ) ਨਾਨਕ ਬਿਜੁਲੀਆਂ ਚਮਕਨ ਘੁਰਨ ਘਟਾਂ ਅਤਿ ਕਾਲੀਆਂ।[5]

(ਸਲੋਕ ਮਾਰੂ ਮਹੱਲਾ - 5)

(ਕ) ਚੜਿ ਕੇ ਘੋੜੜੇ ਕੁੰਦੇ ਪਕੜਹਿ ਖੂੰਡੀ ਦੀ ਖੇਡਾਰੀ।
ਹੰਸਾਂ ਸੇਤੀ ਚਿਤੁ ਉਲਾਸਹਿ ਕੁਕੜ ਦੀ ਓਡਾਰੀ।[6]

(ਗਉੜੀ ਦੀ ਵਾਰ ਮਹੱਲਾ 5)

---

1. ਗੁਰੂ ਗ੍ਰੰਥ ਸਾਹਿਬ, ਪੰਨਾ 46
2. ਉਹੀ, ਪੰਨਾ 74
3. ਉਹੀ, ਪੰਨਾ 133
4. ਉਹੀ, ਪੰਨਾ 319
5. ਉਹੀ, ਪੰਨਾ 1102
6. ਉਹੀ, ਪੰਨਾ 322

ਉਪਰੋਕਤ ਸ਼ਬਦ-ਚਿੱਤਰਾਂ ਵਿਚ ਹਿਰਦੇ ਨੂੰ ਸਪਰਸ਼ ਕਰਨ ਦੇ ਗੁਣ ਹਨ। ਗੁਰੂ ਜੀ ਨੇ ਕਲਪਨਾਤਮਕ ਦ੍ਰਿਸ਼ਾਂ ਨੂੰ ਸ਼ਬਦਾਂ ਰਾਹੀਂ ਕਵਿਤਾ ਵਿਚ ਸਮੋਇਆ ਹੈ। ਇਹ ਸ਼ਬਦ ਤੇ ਭਾਵ ਇਕ ਰਸ ਹੋ ਕੇ ਸ੍ਰੋਤਾ ਮਨ ਵਿਚ ਗੂੜ੍ਹੇ ਚਿਤਰ ਵਾਹ ਦਿੰਦੇ ਹਨ। ਇਹਨਾਂ ਵਿਚ ਭਾਵਾਂ ਦੀ ਸੌਹਜਾਤਮਕਤਾ ਹੈ ਤੇ ਜਜ਼ਬੇ ਦੀ ਤੀਖਣਤਾ ਹੈ।

ਉਪਰੋਕਤ ਵਿਚਾਰਾਂ ਦੇ ਸੰਦਰਭ ਵਿਚ ਸਹਿਜੇ ਹੀ ਕਿਹਾ ਜਾ ਸਕਦਾ ਹੈ ਕਿ ਗੁਰੂ ਅਰਜਨ ਦੇਵ ਕੋਲ ਅਜਿਹੀ ਪ੍ਰਤੀਕਾਤਮਕ ਸ਼ਬਦਾਵਲੀ ਹੈ ਜਿਸ ਰਾਹੀਂ ਉਹਨਾਂ ਨੇ ਅਨੇਕਾਂ ਸ਼ਬਦ-ਚਿਤਰ ਉਕਰੇ ਹਨ। ਇਹ ਪੈਟਰਨ ਉਹਨਾਂ ਦੀ ਬਾਣੀ ਵਿਚ ਸਰੋਦ ਦੀ ਸ਼ੁਧ ਰੂਪ ਵਿਚ ਸੰਰਚਨਾ ਕਰਦਾ ਹੈ।

6. <u>ਤੁਲਨਾਤਮਕ ਪੈਟਰਨ:</u> ਕਵਿਤਾ ਵਿਚ ਤੁਲਨਾਤਮਕ ਪੈਟਰਨ ਵਿਭਿੰਨ ਅਨੁਭਵਾਂ, ਭਾਵਨਾਵਾਂ ਅਤੇ ਮਨ ਦੀ ਦਸ਼ਾ ਦੀ ਅਭਿਵਿਅੰਜਨਾ ਲਈ ਕਾਰਜਸ਼ੀਲ ਤੱਤ ਹੈ। ਸੀ.ਡੀ. ਲੇਵਿਸ ਅਨੁਸਾਰ, "ਕਵਿਤਾ ਹਮੇਸ਼ਾਂ ਵਸਤੂਆਂ ਨੂੰ ਤੁਲਨਾਉਂਦੀ ਹੈ।"[1]

ਤੁਲਨਾਤਮਕ ਪ੍ਰਬੰਧ ਵਿਚ ਕਵੀ, ਜੇਮਜ਼ ਆਰ ਕਰੀਉਜ਼ਰ ਦੇ ਕਥਨ ਮੁਤਾਬਕ, "ਗੁੰਝਲਦਾਰ ਵਸਤੂਆਂ ਦਾ ਪ੍ਰਗਟਾ ਕਰਨ ਵਿਚ ਹੀ ਕਾਮਯਾਬ ਨਹੀਂ ਹੁੰਦੇ, ਸਗੋਂ ਉਹਨਾਂ ਨੂੰ ਅਧਿਕ ਅਸਰਦਾਇਕ ਤੇ ਅਰਥ ਭਰਪੂਰਤਾ ਨਾਲ ਪਾਠਕ ਤਕ ਪਹੁੰਚਾਉਣ ਵਿਚ ਵੀ ਕਾਮਯਾਬ ਹੁੰਦੇ ਹਨ।"[2] ਜੇਮਜ਼ ਆਰ ਕਰੀਉਜ਼ਰ ਦੇ ਮੁਤਾਬਕ ਹੀ ਇਹ, "ਤੁਲਨਾਤਮਕ ਪ੍ਰਬੰਧ ਦੇ ਮੁਖ ਵਰਗਾਂ, ਉਪਮਾ ਤੇ ਰੂਪਕ ਵਿਚੋਂ ਉਭਰਦਾ ਹੈ।"[3]

---

1. "Poetry is always comparing things."
   <u>Poetry for you</u>, p. 21

2. "Through comparisons, poets are able not only to communicate the most complex materials but to communicate them more effectively and more meaningfully to the reader."
   <u>Elements in Poetry</u>, p. 75

3. "Comparisons in poetry fall into two main classifications Similes and Metaphors."
   <u>Elements in Poetry</u>, p. 75

ਗੁਰੂ ਅਰਜਨ ਦੇਵ ਜੀ ਦੀ ਬਾਣੀ ਦਾ ਤੁਲਨਾਤਮਕ ਪੈਟਰਨ ਵਿਚਾਰਨ ਤੋਂ ਪਹਿਲਾਂ ਇਹਨਾਂ ਦੋਹਾਂ ਮੁੱਖ ਵਰਗਾਂ ਬਾਰੇ ਵੀ ਜਾਣ ਲੈਣਾ ਮੁਨਾਸਬ ਹੋਵੇਗਾ।

ਉਪਮਾ: ਅਲੈਕਸ ਪਰੀਮਿੰਗਰ ਅਨੁਸਾਰ[1] ਜਦੋਂ ਇਕ ਚੀਜ਼ ਨੂੰ ਦੂਜੀ ਵਰਗੀ ਦਸ ਕੇ ਉਹਨਾਂ ਨੂੰ ਤੁਲਨਾਇਆ ਜਾਵੇ ਤਾਂ ਉਸ ਨੂੰ ਉਪਮਾ ਕਹਿੰਦੇ ਹਨ। ਉਪਮਾ ਭਾਵੇਂ ਸਧਾਰਣ ਹੋਵੇ ਜਾਂ ਅਸਾਧਾਰਣ ਇਸ ਦਾ ਮੁਖ ਉਦੇਸ਼ ਦੋ ਵਸਤੂਆਂ ਨੂੰ ਇਸ ਢੰਗ ਨਾਲ , ਨਾਲੋ ਨਾਲ ਰੱਖ ਕੇ ਪੇਸ਼ ਕਰਨਾ ਹੈ ਕਿ ਉਹ ਇਕ ਦੂਜੀ ਨੂੰ ਸਾਕਾਰ ਕਰਕੇ ਉਹਨਾਂ ਦਾ ਭਾਵ ਸਪਸ਼ਟ ਤੌਰ ਤੇ ਸ੍ਰੋਤੇ/ਪਾਠਕ ਅਗੇ ਪੇਸ਼ ਕਰੇ। ਉਪਮਾ ਸਮੇਂ ਉਪਮੇਯ (ਜਿਸਦੀ ਉਪਮਾ ਕੀਤੀ ਜਾਵੇ) ਦੀ ਉਪਮਾਨ (ਜਿਸ ਨਾਲ ਉਪਮਾ ਕੀਤੀ ਜਾਵੇ) ਨਾਲ ਕੋਈ ਸਾਂਝਾ ਗੁਣ ਸਨਮੁਖ ਰਖਕੇ ਤੁਲਨਾ ਕੀਤੀ ਜਾਂਦੀ ਹੈ। ਗੁਰੂ ਅਰਜਨ ਬਾਣੀ ਵਿਚ ਉਪਮਾਵਾਂ ਅਤਿ ਸਰਲ, ਸਹਿਜ ਅਤੇ ਰੋਜ਼ਾਨਾ ਜੀਵਨ ਦੀਆਂ ਹਨ ਜਿਹਨਾਂ ਨਾਲ ਜਨ-ਸਮੂਹ ਇਕਸੁਰ ਹੋਇਆ ਹੋਇਆ ਹੈ। ਜਿਵੇਂ: ਬਾਲਕ, ਦੁਧ, ਮਛਲੀ, ਨੀਰ, ਚੰਨ-ਸੂਰਜ, ਬਨਸਪਤੀ ਤੇ ਪਸ਼ੂ-ਪੰਛੀ ਆਦਿਕ ਨਾਲ ਆਤਮਕ ਦੁਖ-ਸੁਖ ਨੂੰ ਇਵੇਂ ਜੋੜਿਆ ਹੈ, ਜਿਵੇਂ ਸਾਡਾ ਅੰਦਰ ਤੇ ਬਾਹਰ ਦਾ ਪਸਾਰਾ ਇਕ ਦੂਜੇ ਨਾਲ ਚੰਗੇ ਮੰਦੇ ਦੇ ਭਾਈਵਾਲ ਹੋਣ। ਦਲੀਲ ਨਾਲ ਅਰਥ ਦੀ ਪੁਸ਼ਟੀ ਕਰਕੇ ਜਾਂ ਉਪਮਾਨ ਦਾ ਕਥਨ ਕਰਕੇ ਉਪਮੇਯ ਦਾ ਬੋਧ ਕਰਾਇਆ ਹੈ। ਇਹ ਉਪਮਾਵਾਂ ਗੂੜ੍ਹੇ ਅਧਿਆਤਮਕ ਭਾਵਾਂ ਨੂੰ ਸਹਿਜ ਤੇ ਸਰਲ ਬਣਾਦੀਆਂ ਹਨ।

ਰੂਪਕ: ਕਵਿਤਾ ਵਿਚ ਤੁਲਨਾਤਮਕ ਪ੍ਰਬੰਧ ਦਾ ਦੂਜਾ ਢੰਗ ਰੂਪਕ ਹੈ। ਰੂਪਕ ਵਿਚ ਦੋ ਤੁਲਨਾਤਮਕ ਵਸਤੂਆਂ ਨੂੰ ਨਾਲੋ ਨਾਲ ਨਹੀਂ ਰਖਿਆ ਜਾਂਦਾ ਸਗੋਂ ਉਹਨਾਂ ਨੂੰ ਇਕਹਿਰੇ ਮੁਹਾਵਰੇ ਜਾਂ ਕਹਾਵਤ ਵਿਚ ਸਮੋਇਆ ਜਾਂਦਾ ਹੈ। ਸੀ.ਡੀ. ਲੇਵਿਸ ਅਨੁਸਾਰ, "ਰੂਪਕ ਛੋਟਾਕਰਣ ਦੀ ਪ੍ਰਕ੍ਰਿਆ ਹੈ।"[2] ਇਹੀ ਸੰਖਿਪਤਾ ਸਰੇਸ਼ਟ ਕਾਵਿ ਦਾ ਜ਼ਰੂਰੀ ਅੰਗ ਹੈ। ਇਸ ਤਰ੍ਹਾਂ ਰੂਪਕ ਕਵਿਤਾ ਦੀ ਵਸਤੂ ਨੂੰ ਅਧਿਕ ਸਪਸ਼ਟਤਾ ਨਾਲ ਪੇਸ਼ ਕਰਦਾ ਹੈ। ਮਨੁੱਖੀ ਭਾਵਾਂ ਦੀਆਂ ਸੂਖਮ ਤਹਿਆਂ ਦਾ

1. "A comparison of one thing with another explicitly announced by the word "like" or "as".
   Princeton Encyclopaedia of Poetry and Poetics, p. 767

2. "A Metaphore is a kind of short cut."
   Poetry for You, p. 23

ਅਰਥ ਭਰਪੂਰ ਸੁਧ ਪ੍ਰਗਟਾ ਰੂਪਕ ਦੀ ਵਰਤੋਂ ਦੁਆਰਾ ਹੀ ਕੀਤਾ ਜਾ ਸਕਦਾ ਹੈ। ਰੂਪਕ ਕਵਿਤਾ ਵਿਚਲੀ ਵਸਤੂ ਨੂੰ ਸਜਾਵਟ ਨਾਲ ਪੇਸ਼ ਕਰਦਾ ਹੈ। ਰੂਪਕ ਕਵੀ ਦਾ ਸਿਰਜਨਾਤਮਕ ਸਾਧਨ ਹੈ। ਰੂਪਕ ਵਿਚ ਉਪਮੇਯ ਨੂੰ ਉਪਮਾਨ ਦਾ ਰੂਪ ਮੰਨ ਲਿਆ ਜਾਂਦਾ ਹੈ।

ਕਵਿਤਾ ਵਿਚ ਉਪਮਾ ਤੇ ਰੂਪਕ ਕਵੀ ਦੇ ਸੁਪਨਿਆਂ ਤੇ ਭਾਵਾਂ ਨੂੰ ਉਭਾਰਦੇ ਹਨ। ਇਹਨਾਂ ਦੀ ਵਰਤੋਂ ਸਦਕਾ ਕਵੀ, ਸੀ.ਡੀ. ਲੇਵਿਸ[1] ਦੇ ਕਥਨ ਮੁਤਾਬਕ, ਅਰਥਾਂ ਦੇ ਵੱਡੇ ਆਕਾਰ ਨੂੰ ਥੋੜ੍ਹੀ ਥਾਂ ਵਿਚ ਸੁੰਗੇੜ ਕੇ ਪੇਸ਼ ਕਰਨ ਦੀ ਸਮਰਥਾ ਰਖਦਾ ਹੈ। ਕਵਿਤਾ ਵਿਚ ਇਹ ਗੁਣ ਸਰੋਦੀ ਕਾਵਿ ਦਾ ਰੂਪ ਧਾਰਣ ਕਰ ਲੈਂਦਾ ਹੈ।

ਗੁਰਬਾਣੀ ਵਿਚ ਗੁਰੂ ਅਰਜਨ ਦੇਵ ਜੀ ਨੇ ਉਪਮਾ ਤੇ ਰੂਪਕ ਪ੍ਰਬੰਧ ਦੇ ਅੰਤਰਗਤ ਲੋਕਾਂ ਦੇ ਘਰੋਗੀ ਸ਼ਬਦ ਵਰਤਕੇ ਮਨੁੱਖ ਨੂੰ ਪ੍ਰਭੂ ਭਗਤੀ ਵਲ ਪ੍ਰੇਰਿਆ ਹੈ। ਵਿਵਾਹਤਾ ਜੀਵਨ ਵਿਚੋਂ ਸੁਹਾਗਣ, ਦੁਹਾਗਣ, ਪਤੀ, ਪੇਕੇ, ਸਹੁਰੇ ਆਦਿ ਪ੍ਰਤੀਕ ਵਰਤੇ ਹਨ। ਗੁਰੂ ਜੀ ਨੇ ਪੇਂਡੂ ਕਿਰਸਾਨੀ ਜੀਵਨ ਵਿਚੋਂ ਤੇ ਵਣਜ ਵਪਾਰ, ਸੌਦਾ, ਲਾਹਾ, ਤੋਟਾ ਆਦਿ ਵਿਚੋਂ ਵੀ ਅਨੇਕ ਸ਼ਬਦ ਵਰਤੇ ਹਨ। ਪੇਂਡੂ ਖੇਡਾਂ, ਮੇਲੇ, ਛਿੰਜਾਂ, ਮੱਲ ਅਖਾੜਾ ਆਦਿ ਬਾਰੇ ਵੀ ਗੁਰੂ ਅਰਜਨ ਸਾਹਿਬ ਨੇ ਬਾਣੀ ਵਿਚ ਸ਼ਬਦ ਵਰਤੇ ਹਨ। ਇਹਨਾਂ ਉਪਰੋਕਤ ਪ੍ਰਤੀਕਾਂ ਤੇ ਚਿੰਨ੍ਹਾਂ ਦੀਆਂ ਸਪਸ਼ਟ ਉਦਾਹਰਣਾਂ ਗੁਰਬਾਣੀ ਦੀਆਂ ਮੂੰਹ ਬੋਲਦੀਆਂ ਤਸਵੀਰਾਂ ਹਨ ਜਿਹਨਾਂ ਨੂੰ ਉਪਰੋਕਤ ਦੋਹਾਂ ਪਹਿਲੂਆਂ ਤੋਂ ਸਰੋਦੀ ਅੰਸ਼ ਦੇ ਸੰਦਰਭ ਵਿਚ ਵਿਚਾਰਨਾ ਹੈ।

ਉਪਮਾ: ਹਊ ਆਇਆ ਸਾਮੈ ਤਿਹੰਡੀਆ।
ਪੰਜਿ ਕਿਰਸਾਣ ਮੁਜੇਰੇ ਮਿਹਡਿਆ।
ਕੰਨੁ ਕੋਈ ਕਢਿ ਨ ਹੰਘਈ।
ਨਾਨਕ ਵੁਠਾ ਘੁਘਿ ਗਿਰਾਉ ਜੀਉ।[2]

(ਸਿਰੀ ਰਾਗ ਮਹੱਲਾ - 5)

---

1. "It can compress an enormous amount of meaning into a small space."
Poetry for you, p. 23-24

2. ਗੁਰੂ ਗ੍ਰੰਥ ਸਾਹਿਬ, ਪੰਨਾ 73

ਉਪਰੋਕਤ ਕਾਵਿ-ਤੁਕਾਂ ਵਿਚ ਗੁਰੂ ਅਰਜਨ ਦੇਵ ਨੇ ਲਹਿੰਦੀ ਬੋਲੀ ਦੇ ਸ਼ਬਦਾਂ ਦੁਆਰਾ ਅਨੋਖਾ ਪੇਂਡੂ ਰੰਗ ਬੰਨ੍ਹਿਆ ਹੈ। ਇਸ ਦੀ ਪਿਠ ਪਿਛੇ ਤਕੜੇ ਕਿਰਸਾਨਾਂ ਅਤੇ ਮਾੜੇ ਜਾਂ ਗਰੀਬ ਮੁਜਾਰਿਆਂ ਦਾ ਸਿਰ ਨਾ ਚੁਕਣ ਦੀ ਕਲਪਨਾਤਮਕ ਫਿਲਾਸਫ਼ੀ ਕੰਮ ਕਰ ਰਹੀ ਹੈ।

ਗੁਰੂ ਅਰਜਨ ਦੇਵ ਨੇ ਪੰਜ ਗਿਆਨ ਇੰਦਰਿਆਂ ਨੂੰ ਪੰਜ ਕਿਰਸਾਨ ਮੁਜਾਰਿਆਂ ਨਾਲ ਉਪਮਾ ਕੇ ਪੇਸ਼ ਕੀਤਾ ਹੈ। ਇਹ ਉਪਮਾਤਮਕ ਵਾਤਾਵਰਣ ਬੀਰ ਰਸ ਨੂੰ ਨਿਖਾਰਦਾ ਹੈ।

ਖੇਤੀ ਨਾਲ ਭਰਪੂਰ ਖੁਸ਼ ਵਸਦੇ ਪਿੰਡ ਦੇ ਕਲਪਨਾਤਮਕ ਚਿਤ੍ਰ ਨੂੰ ਕਵੀ, ਕਿਰਸਾਨ, ਮੁਜੇਰੇ, ਵੁਠਾ, ਘੁਘਿ, ਗਿਰਾਉ ਆਦਿ ਸ਼ਬਦਾਂ ਦੀ ਕਾਵਿਕ-ਜੜਤ ਦੁਆਰਾ ਸਾਕਾਰ ਕਰਦੇ ਹਨ। ਇਹਨਾਂ ਕਾਵਿ-ਤੁਕਾਂ ਵਿਚ 'ਕੰਨੁ ਕੋਈ ਕਢਿ ਨ ਹੰਘਈ' ਤੁਕ ਬੁਰਿਆਈਆਂ ਤੇ ਕਾਬੂ ਪਾਉਣ ਬਾਰੇ ਭਾਵਨਾ ਨੂੰ ਅਭਿਵਿਅਕਤ ਕਰਦੀ ਹੈ। 'ਵੁਠਾ ਘੁਘਿ ਗਿਰਾਉ' ਸ਼ਬਦਾਂ ਦੁਆਰਾ ਜਿਥੇ ਭਾਵਨਾ ਵਿਚ ਇਕਾਗਰਤਾ ਪੈਦਾ ਕੀਤੀ ਹੈ ਉਥੇ ਸੰਗੀਤਾਤਮਕ ਅਰਥ ਲੈਅ ਵੀ ਪੈਦਾ ਕੀਤੀ ਹੈ। ਤਿਹੈਡੀਆਂ, ਮਿਹਡਿਆ ਤੇ ਹੰਘਈ ਆਦਿ ਲਹਿੰਦੀ ਬੋਲੀ ਦੀ ਸ਼ਬਦਾਵਲੀ ਦੁਆਰਾ ਕਾਵਿਕ-ਲੈਅ ਦੇ ਨਾਲ ਨਾਲ ਕਾਵਿਕ-ਮੁਲ ਨੂੰ ਵੀ ਵਧਾਇਆ ਹੈ।

ਸਭ ਤੋਂ ਮਹੱਤਵਪੂਰਨ ਪੱਖ ਇਸ ਰਚਨਾ ਦਾ ਲੌਕਿਕ ਪ੍ਰਤੀਕਾਂ ਦੇ ਉਪਮਾਤਮਕ ਪ੍ਰਬੰਧ ਰਾਹੀਂ ਅਧਿਆਤਮਕ ਵਿਚਾਰਾਂ ਦੀ ਅਭਿਵਿਅੰਜਨਾ ਹੈ। ਗੁਸਾਈਂ ਦੀ ਓਟ ਲੈ ਕੇ ਪੰਜ ਗਿਆਨ ਇੰਦਰੀਆਂ ਨੂੰ ਇਉਂ ਕਾਬੂ ਕਰਨਾ ਜਿਵੇਂ ਜ਼ਿਮੀਂਦਾਰ ਅਤੇ ਮੁਜੇਰੇ ਦਾਸ ਬਣਕੇ ਕੰਮ ਕਰਦੇ ਹਨ।

ਉਪਰੋਕਤ ਵਿਚਾਰ ਦਾ ਸਪਸ਼ਟ ਸਿੱਟਾ ਇਹ ਨਿਕਲਦਾ ਹੈ ਕਿ ਗੁਰੂ ਜੀ ਉਪਮਾਤਮਕ ਸ਼ਬਦਾਵਲੀ ਦੁਆਰਾ ਕਲਪਨਾ, ਭਾਵਨਾ ਤੇ ਸੰਗੀਤਾਤਮਕਤਾ ਵਰਗੇ ਕਾਵਿਕ-ਤੱਤਾਂ ਨੂੰ ਸੋਹਜਮਈ ਢੰਗ ਨਾਲ ਕਵਿਤਾ ਵਿਚ ਸਮੋ ਕੇ ਸਰੋਦੀ ਅੰਸ਼ ਪੈਦਾ ਕਰਦੇ ਹਨ।

ਹੇਠ ਲਿਖੀਆਂ ਤੁਕਾਂ ਵਿਚ ਗੁਰੂ ਅਰਜਨ ਦੇਵ ਨੇ ਪ੍ਰਭੂ ਦੇ ਜੀਵ ਪ੍ਰਤਿ ਪਿਆਰ ਨੂੰ ਮਾਂ ਬੇਟੇ ਦੇ ਪਿਆਰ ਨਾਲ ਤੁਲਨਾ ਕੇ ਪੇਸ਼ ਕੀਤਾ ਹੈ:

ਹਮਰੇ ਪਿਤਾ ਗੋਪਾਲ ਦਇਆਲ।
ਜਿਉ ਰਾਖੈ ਮਹਤਾਰੀ ਬਾਰਿਕ ਕਉ।
ਤੈਸੇ ਹੀ ਪ੍ਰਭ ਪਾਲਾ। ਰਹਾਉ।[1]

(ਧਨਾਸਰੀ ਮਹੱਲਾ - 5)

1. ਬਾਣੀ ਗੁਰੂ ਅਰਜਨ ਦੇਵ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਪੰਨਾ 299

ਮੀਂਹ ਪੈਣ ਮਗਰੋਂ ਠੰਢ ਹੋ ਜਾਂਦੀ ਹੈ। ਵਾਹਿਗੁਰੂ ਦੀ ਕ੍ਰਿਪਾਲਤਾ ਦੀ ਠੰਢ ਅਰਥਾਤ ਸੁਖ ਦੇਂਦੀ ਹੈ। ਗੁਰੂ ਅਰਜਨ ਦੇਵ ਜੀ ਨੇ ਮੀਂਹ ਦੇ ਪੈਣ ਪਿਛੋਂ ਦੀ ਠੰਢ ਨੂੰ ਵਾਹਿਗੁਰੂ ਦੀ ਕ੍ਰਿਪਾਲਤਾ ਨਾਲ ਤੁਲਨਾ ਕੇ ਪੇਸ਼ ਕੀਤਾ ਹੈ।

ਭਏ ਕ੍ਰਿਪਾਲ ਗੋਬਿੰਦ ਗੁਸਾਈ।
ਮੇਘੁ ਵਰਸੈ ਸਭਨੀ ਥਾਈ।
ਦੀਨ ਦਇਆਲ ਸਦਾ ਕਿਰਪਾਲਾ ਠਾਢਿ
ਪਾਈ ਕਰਤਾਰੇ ਜੀਉ।[1]

(ਮਾਝ ਮਹੱਲਾ - 5)

ਕਿਤੇ ਕਿਤੇ ਗੁਰੂ ਜੀ ਉਪਮਾਨਾਂ ਦਾ ਭੰਡਾਰਾ ਖੋਲ੍ਹ ਦਿੰਦੇ ਪ੍ਰਤੀਤ ਹੁੰਦੇ ਹਨ। ਹੇਠ ਲਿਖੀਆਂ ਤੁਕਾਂ ਵਿਚ ਗੁਰੂ ਜੀ ਨੇ ਮਨ ਨੂੰ ਭਉਰੇ ਨਾਲ, ਪਰਮਾਤਮਾ ਦੇ ਚਰਨਾਂ ਨੂੰ ਕੌਲ ਫੁਲ ਨਾਲ, ਪਰਮਾਤਮਾ ਦੇ ਸੇਵਕ ਨੂੰ ਪਪੀਹੇ ਨਾਲ, ਜੋ ਵਰਖਾ ਦੀ ਬੂੰਦ ਪੀ ਕੇ ਖਿੜਦਾ ਹੈ, ਤੁਲਨਾ ਕੇ ਪੇਸ਼ ਕੀਤਾ ਹੈ। ਇਹ ਕਾਵਿ ਤੁਕਾਂ ਭਗਤੀ ਭਾਵ ਵਾਲੇ ਸਰੋਦ ਨੂੰ ਪੈਦਾ ਕਰਦੀਆਂ ਹਨ।

ਭਵਰੁ ਤੁਮਾਰਾ ਇਹੁ ਮਨੁ ਹੋਵਉ ਹਰਿ ਚਰਣਾ ਹੋਹੁ ਕਉਲਾ।
ਨਾਨਕ ਦਾਸ ਉਨ ਸੰਗਿ ਲਪਟਾਇਓ ਜਿਉ ਬੂੰਦਹਿ ਚਾਤ੍ਰਿਕੁ ਮਉਲਾ।[2]

(ਰਾਗ ਗੂਜਰੀ ਮਹੱਲਾ - 5)

ਰੂਪਕ: ਗੁਰੂ ਅਰਜਨ ਕਾਵਿ ਰਚਨਾ ਵਿਚ ਰੂਪਕ ਵਿਧੀ ਦੀ ਵਰਤੋਂ ਦੀਆਂ ਅਨੇਕਾਂ ਉਦਾਹਰਣਾਂ ਦਿਤੀਆਂ ਜਾ ਸਕਦੀਆਂ ਹਨ। ਇਸ ਪ੍ਰਬੰਧ ਦੁਆਰਾ ਗੁਰੂ ਜੀ ਦੀ ਕਾਵਿ ਰਚਨਾ ਇਕ ਉਚ ਕੋਟੀ ਦਾ ਕਾਵਿਕ-ਰੂਪ ਗ੍ਰਹਿਣ ਕਰ ਲੈਂਦੀ ਹੈ ਜੋ ਪਾਠਕ/ਸ੍ਰੋਤੇ ਨੂੰ ਸਿਧਾ ਟੁੰਬਣ ਦੀ ਸ਼ਕਤੀ ਰਖਦਾ ਹੈ। ਪਾਠਕ/ਸ੍ਰੋਤਾ ਦਿਲ ਵਿਚ ਸਰੋਦਕ ਗਤੀ ਤੇਜ਼ ਹੁੰਦੀ ਹੈ। ਇਹ ਸਰੋਦਕ ਵੇਗ ਗੁਰੂ ਅਰਜਨ ਬਾਣੀ ਦਾ ਉਸਾਰੂ ਪੈਟਰਨ ਹੈ।

1. ਗੁਰੂ ਗ੍ਰੰਥ ਸਾਹਿਬ, ਪੰਨਾ 105
2. ਪੰਨਾ 496

<u>ਰੂਪਕ ਵਿਧੀ ਦੇ ਉਦਾਹਰਣ :</u>

ਤੂੰ ਜਲ ਨਿਧਿ ਹਮ ਮੀਨ ਤੁਮਾਰੇ।
ਤੇਰਾ ਨਾਮੁ ਬੂੰਦ ਹਮ ਚਾਤ੍ਰਿਕ ਤਿਖਹਾਰੇ।[1]
(ਮਾਝ ਮਹੱਲਾ - 5)

ਉਪਰੋਕਤ ਤੁਕਾਂ ਵਿਚ ਗੁਰੂ ਜੀ ਨੇ ਪਰਮਾਤਮਾ ਨੂੰ ਜਲ ਤੇ ਜੀਵ ਨੂੰ ਮੱਛੀ ਦਾ ਰੂਪਕ ਦਿੱਤਾ ਹੈ। ਪਰਮਾਤਮਾ ਦੇ ਨਾਮ ਨੂੰ ਬੂੰਦ ਤੇ ਮਨੁੱਖ ਨੂੰ ਚਾਤ੍ਰਿਕ ਦੇ ਰੂਪਕ ਵਿਚ ਪੇਸ਼ ਕੀਤਾ ਹੈ।

ਗੁਰੂ ਅਰਜਨ ਦੇਵ ਦੀ ਬਾਣੀ ਦਾ ਆਧਾਰ ਢੇਰ ਸੁਵੰਨੇ ਪ੍ਰਤੀਕ ਹਨ। ਇਹਨਾਂ ਰੂਪਕਾਂ ਦੀ ਵਿਸ਼ੇਸ਼ਤਾ ਭੀ ਪੰਜਾਬ ਦੇ ਘਰੋਗੀ ਜੀਵਨ ਜਾਂ ਪ੍ਰਕ੍ਰਿਤੀ ਵਿਚੋਂ ਢੇਰ ਸੁਵੰਨੇ ਰੰਗ ਢੂੰਡਣਾ ਹੈ ਜਿਹਨਾਂ ਰਾਹੀਂ ਗੁਰੂ ਜੀ ਅਧਿਆਤਮਕ ਸੁਨੇਹੇ ਦਿੰਦੇ ਹਨ।

ਗੁਰੂ ਅਰਜਨ ਦੇਵ ਨੇ ਹੇਠ ਲਿਖੀਆਂ ਕਾਵਿ-ਤੁਕਾਂ ਵਿਚ ਪੰਜਾਬੀ ਜੀਵਨ ਨੂੰ ਚਿਤਰ ਕੇ ਅਧਿਆਤਮਕ ਰੰਗ ਚੜ੍ਹਾਇਆ ਹੈ:

ਜਿਚਰੁ ਵਸਿਆ ਕੰਤੁ ਘਰ ਜੀਉ ਜੀਉ ਸਭਿ ਕਹਾਤਿ।
ਜਾ ਉਠਿ ਚਲਸੀ ਕੰਤੜਾ ਤਾ ਕੋਈ ਨ ਪੁਛੈ ਤੇਰੀ ਬਾਤ।
ਪੇਈਅੜੈ ਸਹੁ ਸੇਵਿ ਤੂੰ ਸਾਹੁਰੜੈ ਸੁਖਿ ਵਸੁ।
ਗੁਰਮਿਲਿ ਚਜੁ ਅਚਾਰੁ ਸਿਖੁ ਤੁਧੁ ਕਦੇ ਨ ਲਗੈ ਦੁਖੁ।[2]
(ਸਿਰੀ ਰਾਗ ਮਹੱਲਾ - 5)

ਉਪਰੋਕਤ ਤੁਕਾਂ ਵਿਚ ਗੁਰੂ ਅਰਜਨ ਦੇਵ ਜੀ ਆਪਣੀਆਂ ਅਧਿਆਤਮਕ ਰਮਜ਼ਾਂ ਸਮਝਾਉਣ ਲਈ ਨਿਰੋਲ ਪੇਂਡੂ ਦੇਖੇ ਭਾਲੇ ਤੇ ਨਿਤ ਵਾਹ ਪੈਂਦੇ ਚਿੰਨ੍ਹ ਵਰਤਦੇ ਹਨ। ਇਸਤ੍ਰੀ ਦੀ ਘਰ 'ਚ ਪਤੀ ਨਾਲ ਹੀ ਇਜ਼ਤ ਹੁੰਦੀ ਹੈ। ਪਤੀ ਤੋਂ ਬਿਨਾਂ ਉਸ ਨੂੰ ਕੋਈ ਨਹੀਂ ਸਿਆਣਦਾ। ਗੁਰੂ ਜੀ ਦੀ ਕਲਪਨਾ ਵਿਚ ਪੰਜਾਬ ਦੇ ਪਿੰਡਾਂ ਦਾ ਇਹ ਘਰੇਲੂ ਵਾਤਾਵਰਣ ਉਕਰਿਆ ਹੋਇਆ ਹੈ। ਉਹ ਕਵਿਤਾ ਦੀਆਂ ਲੋੜਾਂ ਪੂਰੀਆਂ ਕਰਨ ਲਈ ਕੰਤ, ਕੰਤੜਾ, ਪੇਈਅੜੇ, ਸਾਹੁਰੜੈ ਆਦਿ ਰੂਪਕ

1. <u>ਗੁਰੂ ਗ੍ਰੰਥ ਸਾਹਿਬ,</u> ਪੰਨਾ 100
2. ਉਹੀ, ਪੰਨਾ 50

ਵਰਤਦੇ ਹਨ। ਇਹ ਰੂਪਕ ਇਕ ਪਾਸੇ ਸਰੀਰ ਤੇ ਆਤਮਾ ਦਾ ਗਿਆਨ ਕਰਾਉਂਦੇ ਹਨ ਦੂਜੇ ਪਾਸੇ ਇਹ ਪੰਜਾਬੀ ਜੀਵਨ ਨਾਲ ਸਾਂਝ ਪਵਾਉਂਦੇ ਹਨ।

ਇਹਨਾਂ ਰੂਪਕਾਂ ਦੀ ਵਿਸ਼ੇਸ਼ਤਾ ਇਹ ਹੈ ਕਿ ਇਹਨਾਂ ਚੋਂ ਭਾਵ ਫੁਟ ਫੁਟ ਨਿਕਲਦੇ ਹਨ। ਗੁਰੂ ਜੀ ਕੰਤ, ਪੇਕਾ ਤੇ ਸਾਹੁਰਾ ਆਦਿਕ ਦੇ ਨਿੱਤ ਵਰਤੋਂ ਦੇ ਸੰਕੇਤਾਂ ਦੀ ਸਹਾਇਤਾ ਨਾਲ ਆਪਣਾ ਭਾਵਕ ਸੁਨੇਹਾ ਦਿੰਦੇ ਹਨ। ਇਹਨਾਂ ਰੂਪਕਾਂ ਵਿਚ ਸੰਖੇਪਤਾ ਦਾ ਗੁਣ ਹੈ। ਇਹ ਦੁਨਿਆਵੀ ਪੱਧਰ ਦੇ ਹੋਣ ਦੇ ਬਾਵਜੂਦ ਅਲੌਕਿਕ ਦਾ ਭਾਵ ਗ੍ਰਹਿਣ ਕਰਾਉਂਦੇ ਹਨ। 'ਗੁਰਮਿਲਿ ਚਜੁ ਅਚਾਰੁ ਸਿਖੁ[35] ਕਦੇ ਨਾ ਲਗੈ ਦੁਖੁ' ਤੁਕ ਭਾਵ ਨੂੰ ਇਕਾਗਰਤਾ ਵਿਚ ਸਮੋ ਕੇ ਅਧਿਆਤਮਕ ਦਿਸ਼ਾ ਵਲ ਲੈ ਜਾਂਦੀ ਹੈ।

ਇਸ ਰਚਨਾ ਵਿਚ ਕੰਤੜਾ, ਪੇਈਅੜੈ ਤੇ ਸਾਹੁਰੜੈ ਸ਼ਬਦਾਂ ਵਿਚ 'ੜ' ਅੱਖਰ ਦਾ ਜੋੜ ਕਵਿਤਾ ਵਿਚ ਟੁਣਕਦਾ ਸੰਗੀਤ ਪੈਦਾ ਕਰਦਾ ਹੈ। ਇਹਨਾਂ ਅੱਖਰਾਂ ਦੀ ਵਿਅੰਜਨਾਤਮਕ ਸ਼ਕਤੀ ਕਵਿਤਾ ਵਿਚ ਸੋਹਜਾਤਮਕ ਰਸ ਦਾ ਸੰਚਾਰ ਕਰਦੀ ਹੈ। ਪਹਿਲੀਆਂ ਦੋ ਤੁਕਾਂ ਦੇ ਉਚਾਰਣ ਵੇਲੇ ਕੰਤ ਤੇ ਕੰਤੜਾ ਸ਼ਬਦਾਂ ਤੇ ਬਲ ਰਹਿੰਦਾ ਹੈ। 'ਜੀਉ ਜੀਉ ਕਰਾਂਤਿ' ਵਿਚ ਲੈਅਾਤਮਕ ਵਹਾਓ ਹੈ। ਸਿੱਟੇ ਵਜੋਂ ਕਵਿਤਾ ਵਿਚ ਸੰਗੀਤਕਤਾ ਇਉਂ ਸਮਾਈ ਹੈ ਜਿਵੇਂ ਫੁਲ 'ਚ ਖੁਸ਼ਬੋ।

ਉਪਰੋਕਤ ਵਿਸ਼ਲੇਸ਼ਣ ਤੋਂ ਸਪਸ਼ਟ ਹੁੰਦਾ ਹੈ ਕਿ ਕਵਿਤਾ ਵਿਚ ਕਲਪਨਾ, ਭਾਵਨਾ, ਸੰਖੇਪਤਾ, ਸੰਗੀਤਕਤਾ, ਸੋਹਜਾਤਮਕਤਾ ਆਦਿ ਸਾਰੇ ਗੁਣ ਮੌਜੂਦ ਹਨ ਜੋ ਮਿਲ ਕੇ ਇਸ ਰਚਨਾ ਨੂੰ ਸਰੋਦਕਤਾ ਦੇ ਵੱਡੇ ਗੁਣ ਨਾਲ ਭਰਪੂਰ ਕਰਦੇ ਹਨ।

ਗੁਰੂ ਅਰਜਨ ਦੇਵ ਦੇ ਤੁਲਨਾਤਮਕ ਪੈਟਰਨ ਵਿਚ ਰਹੱਸਵਾਦੀ ਅੰਸ਼ ਪ੍ਰਧਾਨ ਹੈ। ਜਿਵੇਂ ਪੂਰਨਮਾਸੀ ਦੀ ਰਾਤ ਨੂੰ ਅਸੀਂ ਆਪਣੇ ਘਰ ਤੋਂ ਪਰੇ ਜਾਣੀ ਪਛਾਣੀ ਗਲੀਆਂ, ਦਰਖ਼ਤ ਤੇ ਖੇਤ ਆਦਿ ਵਲ ਵੇਖਦੇ ਹਾਂ ਤਾਂ ਉਹ ਇਉਂ ਪ੍ਰਤੀਤ ਹੁੰਦੇ ਹਨ ਜਿਵੇਂ ਉਹਨਾਂ ਨੂੰ ਕੁਝ ਹੋ ਗਿਆ ਹੈ। ਉਹਨਾਂ ਦਾ ਬਾਹਰੀ ਆਕਾਰ ਤਾਂ ਭਾਵੇਂ ਉਹੀ ਹੈ ਪਰੰਤੂ ਚੰਨ-ਰੋਸ਼ਨੀ ਨੇ ਉਹਨਾਂ ਨੂੰ ਰਹੱਸਾਤਮਕ ਬਣਾ ਦਿੱਤਾ ਹੈ। ਚੰਨ ਚਾਨਣੀ ਦੀ ਹਲਕੀ ਰੋਸ਼ਨੀ ਦੀ ਚਾਦਰ ਇਹਨਾਂ ਵਸਤੂਆਂ ਤੇ ਇਉਂ ਵਿਛੀ ਮਾਲੂਮ ਹੁੰਦੀ ਹੈ ਕਿ ਵਸਤੂਆਂ ਇਕ ਪੈਟਰਨ ਦੇ ਹਿੱਸੇ ਬਣ ਗਏ ਜਾਪਦੇ ਹਨ।

ਗੁਰੂ ਜੀ ਦੀ ਰਚਨਾਂ 'ਚ ਵਸਤੂਆਂ ਤੇ ਅਜੇਹੀ ਹੀ ਭਾਵਾਤਮਕ ਚਾਨਣੀ-ਚਾਦਰ ਦਾ ਪ੍ਰਭਾਵ ਨਜ਼ਰ ਆਉਂਦਾ ਹੈ ਤੇ ਵਸਤੂਆਂ ਸਾਧਾਰਣ ਪਰੰਤੂ ਰਹੱਸਾਤਮਕ ਨਜ਼ਰ ਆਉਂਦੀਆਂ ਹਨ ਤੇ

ਇਕ ਅਣਦਿਸਦਾ ਜਿਹਾ ਪੈਟਰਨ ਸਾਕਾਰ ਕਰਦੀਆਂ ਹਨ। ਉਦਾਹਰਣ ਵਜੋਂ।

ਧੇਨੁ ਦੁਧੈ ਤੇ ਬਾਹਰੀ ਕਿਤੈ ਨ ਆਵੈ ਕਾਮ।
ਜਲ ਬਿਨੁ ਸਾਖ ਕੁਮਲਾਵਤੀ ਉਪਜਹਿ ਨਾਹੀ ਦਾਮ।
ਹਰਿ ਨਾਹ ਨ ਮਿਲੀਐ, ਸਾਜਨੈ ਕਤ ਪਾਈਐ ਬਿਸਰਾਮ।[1]

(ਬਾਰਹਮਾਹ ਮਹੱਲਾ - 5)

ਉਪਰੋਕਤ ਕਾਵਿ-ਤੁਕਾਂ ਵਿਚ ਗੁਰੂ ਜੀ ਨੇ, ਦੁਧ ਤੋਂ ਬਿਨਾਂ ਗਾਂ, ਜਲ ਬਿਨਾਂ ਸੁਕੀ ਬਨਸਪਤੀ ਤੇ ਹਰੀ ਨਾਮ ਤੋਂ ਬਿਨਾਂ ਮਨੁੱਖ, ਤਿੰਨਾਂ ਨੂੰ ਇਕ ਪੈਟਰਨ ਵਿਚ ਖੜ੍ਹਾ ਕਰਕੇ ਤੁਲਨਾਇਆ ਹੈ। ਇਹਨਾਂ ਨੂੰ ਇਕ ਸੂਤਰ ਵਿਚ ਪਰੋਣ ਵਾਲੀ ਇਹਨਾਂ ਤੇ ਵਿਛੀ ਗੁਰੂ ਅਰਜਨ ਦੇਵ ਦੀ ਭਾਵਾਂ ਰੂਪੀ ਚਾਦਰ ਹੈ। ਇਹ ਇਕ ਰਹੱਸ ਦੀ ਗੰਢ ਹੈ। ਇਹ ਰਹੱਸਾਤਮਕ ਪੈਟਰਨ ਅਧਿਆਤਮਕ ਸਰੋਦ ਪੈਦਾ ਕਰਦਾਹੈ।

ਅਖੀਰ ਵਿਚ ਕਿਹਾ ਜਾ ਸਕਦਾ ਹੈ ਕਿ ਸਰੋਦੀ ਕਾਵਿ ਵਿਚ ਕਵੀ ਆਪਣੀਆਂ ਭਾਵਨਾਵਾਂ ਨੂੰ ਅਭਿਵਿਅਕਤ ਕਰਨ ਲਈ ਕਾਰਜਸ਼ੀਲ ਤੱਤਾਂ ਦਾ ਸਹਾਰਾ ਲੈਂਦਾ ਹੈ। ਗੁਰੂ ਬਾਣੀ ਵਿਚ ਇਹ ਕਾਰਜਸ਼ੀਲ ਤੱਤ ਉਪਮਾ ਤੇ ਰੂਪਕ ਪ੍ਰਬੰਧ ਹੈ। ਇਸ ਵਿਧੀ ਦਾ ਪ੍ਰਯੋਗ ਗੁਰੂ ਅਰਜਨ ਬਾਣੀ ਵਿਚ ਅਧਿਕ ਹੈ। ਜੇਕਰ ਇਸ ਵਿਧੀ ਨੂੰ ਗੁਰੂ ਅਰਜਨ ਬਾਣੀ ਵਿਚਲੇ ਸਰੋਦੀ ਪੈਟਰਨ ਦਾ ਆਧਾਰ ਮੰਨ ਲਿਆ ਜਾਵੇ ਤਾਂ ਅਤਿਕਥਨੀ ਨਹੀਂ ਹੋਵੇਗੀ। ਗੁਰੂ ਜੀ ਇਸ ਗੱਲੋਂ ਪੂਰਨ ਸੁਚੇਤ ਜਾਪਦੇ ਹਨ ਕਿ ਭਾਵਨਾਵਾਂ ਜਾਂ ਵਿਚਾਰਾਂ ਨੂੰ ਸ਼ੁਧ ਰੂਪ ਵਿਚ ਪਾਠਕ/ਸ੍ਰੋਤੇ ਤਕ ਪਹੁੰਚਾਉਣ ਲਈ ਤੁਲਨਾਤਮਕ ਢੰਗ ਵਧੇਰੇ ਕਾਰਜਸ਼ੀਲ ਹੈ। ਗੁਰੂ ਅਰਜਨ ਦੇਵ ਨੇ ਇਹ ਤੁਲਨਾਤਮਕ ਸਾਮੱਗਰੀ ਘਰੇਲੂ ਜੀਵਨ ਜਾਂ ਆਲੇ ਦੁਆਲੇ ਦੀ ਪ੍ਰਕਿਰਤੀ ਵਿਚੋਂ ਚੁਣੀ ਹੈ। ਇਸ ਉਪਮਾਤਮਕ ਸਾਮੱਗਰੀ ਵਿਚ ਜੀਵ ਜੰਤੂ, ਜਲ ਥਲ, ਪਸ਼ੂ ਪੰਛੀ ਤੇ ਹੋਰ ਬਹੁਤ ਸਾਰੀ ਪ੍ਰਕਿਰਤਕ ਸਾਮੱਗਰੀ ਸ਼ਾਮਲ ਹੈ।

ਉਪਰੋਕਤ ਵਿਵੇਚਨ ਤੋਂ ਸਪਸ਼ਟ ਹੁੰਦਾ ਹੈ ਕਿ ਗੁਰੂ ਅਰਜਨ ਦੇਵ ਨੇ ਵਿਭਿੰਨ ਭਾਸ਼ਕ ਜੁਗਤਾਂ, ਸੰਗੀਤਾਮਕਤਾ, ਬਾਣੀ ਦੀ ਰਾਗਾਤਮਿਕਤਾ, ਭਾਵ ਸੰਚਾਰ ਲਈ ਵਰਤੀ ਸਾਮੱਗਰੀ,

---

1. <u>ਗੁਰੂ ਗ੍ਰੰਥ ਸਾਹਿਬ</u>, ਪੰਨਾ 133

ਵਿਅੰਜਨਾਤਮਕ ਸ਼ਬਦਾਵਲੀ, ਸ਼ਬਦ ਚਿਤ੍ਰ ਅਤੇ ਤੁਲਨਾਤਮਕ ਪੈਟਰਨ ਵਿਚ ਵਰਤੇ ਉਪਮਾ ਤੇ ਰੂਪਕ ਅਲੰਕਾਰਾਂ ਦੀ ਵਰਤੋਂ ਦੁਆਰਾ, ਬਾਣੀ ਵਿਚਲੇ ਭਾਵਾਂ ਦੁਆਰਾ ਵਧੇਰੇ ਕਾਰਜਸ਼ੀਲ ਤੇ ਸਰੋਦਾਤਮਕ ਖਿੱਚ ਪੈਦਾ ਕਰਦੇ ਹੋਏ, ਇਸ ਨੂੰ ਸਰੋਦੀ ਕਾਵਿ ਦਾ ਰੂਪ ਦੇਣ ਵਿਚ ਬੜੇ ਪ੍ਰਬਲ ਰੂਪ ਵਿਚ ਸਹਾਈ ਹੁੰਦੇ ਹਨ।

(ਘ) ਗੁਰੂ ਅਰਜਨ ਦੇਵ ਜੀ ਦੀ ਸਰੋਦੀ ਕਵਿਤਾ ਦੀ ਸੀਮਾਬੱਧਤਾ

ਜੇਮਜ਼ ਕਰੀਉਜਰ ਦੇ ਕਥਨ ਮੁਤਾਬਕ, "ਕਵਿਤਾ ਦਾ ਖੇਤਰ, ਇਸ ਦੇ ਵੱਥ ਤੇ ਰੂਪ ਕਰਕੇ ਹੀ ਵਿਸ਼ਾਲ ਨਹੀਂ ਹੁੰਦਾ ਬਲਕਿ ਇਸ ਦੇ ਉਦੇਸ਼ ਤੇ ਅਸਰ ਕਰਕੇ ਵੀ।"[1] ਗੁਰਬਾਣੀ ਦਾ ਖੇਤਰ ਵਿਸ਼ਾਲ ਤਾਂ ਹੈ ਹੀ, ਇਸ ਦਾ ਉਦੇਸ਼ ਮਨੁੱਖ ਨੂੰ ਅਧਿਆਤਮਕਤਾ ਦੇ ਰਾਹ ਤੇ ਤੋਰ ਕੇ, ਉਸ ਦੇ ਨਿਸਤਾਰੇ ਵਲ ਰੁਚਿਤ ਹੈ। ਉਚ ਵਿਚਾਰਾਂ ਦੇ ਅਸਰ ਸਦਕਾ ਹੀ ਮਨੁੱਖ ਅਧਿਆਤਮਕਤਾ ਵਲ ਤੁਰਦਾ ਹੈ। ਗੁਰੂ ਅਰਜਨ ਦੇਵ ਦੀ ਰਚਨਾ ਦੀ ਕਾਵਿਕ-ਸੰਰਚਨਾ ਨੂੰ ਫਰੋਲਣ ਤੋਂ ਬਿਨਾਂ ਇਸ ਦੇ ਉਦੇਸ਼ ਤੇ ਅਸਰ ਦੀ ਤਹਿ ਤਕ ਅਪੜਨਾ ਮੁਸ਼ਕਲ ਹੈ। ਗੁਰਬਾਣੀ ਦੀ ਕਾਵਿਕ-ਸੰਰਚਨਾ ਵਲ ਰਤਾ ਕੁ ਗਹੁ ਨਾਲ ਵੇਖਣ ਤੋਂ ਹੀ ਇਸ ਵਿਚਲੇ ਸਰੋਦ ਦੀ ਮੁਖ ਸੀਮਾ ਤਕ ਅਪੜਿਆ ਜਾ ਸਕਦਾ ਹੈ।

ਹੇਟਜ਼ ਦੇ ਵਿਚਾਰ ਮੁਤਾਬਕ, "ਸਰੋਦੀ ਕਾਵਿ ਵਿਚ ਕਵੀ ਦੀ ਕਲਪਨਾ-ਉਡਾਰੀ ਸੀਮਾ ਤੋਂ ਅਸੀਮ ਤਕ ਪਹੁੰਚ ਜਾਂਦੀ ਹੈ ਤੇ ਉਹ ਆਪਣੀਆਂ ਭਾਵਨਾਵਾਂ ਨੂੰ ਵਾਸਤਵਿਕ ਜੀਵਨ ਦੇ ਮਾਧਿਅਮ ਦੁਆਰਾ ਅਭਿਵਿਅਕਤ ਕਰਨ ਦੀ ਚੇਸ਼ਟਾ ਕਰਦਾ ਹੈ।[2] ਗੁਰੂ ਜੀ ਵੀ ਭੌਤਿਕਤਾ ਦੁਆਰਾ ਆਪਣੀ ਰਚਨਾ ਵਿਚ ਪਰਾਭੌਤਿਕ ਜਾਂ ਅਧਿਆਤਮਕ ਸਰੋਦਕ ਸੰਵੇਦਨਾ ਦਾ ਵਾਯੂਮੰਡਲ ਉਸਾਰਦੇ ਹਨ।

---

1. "... that the range of poetry is vide not only in content and form but also in purpose and effect."
   Elements of Poetry, p. 176

2. "The lyric is movement of fancy by which the spirit strive to lift itself from limits to the universal... an effect to express the material in terms of real existence."

   ਡਾ. ਸਚਿਦਾਨੰਦ ਤਿਵਾਰੀ, ਆਧੁਨਿਕ ਹਿੰਦੀ ਕਵਿਤਾ ਮੇਂ ਗੀਤ-ਤੱਤਵ, ਪੰਨਾ 13

ਪ੍ਰੋ: ਹਰਭਜਨ ਸਿੰਘ[1] 'ਸਾਹਿਤ ਵਿਗਿਆਨ' ਦੀ ਸਥਾਪਨਾ ਤੇ ਵਿਚਾਰ ਕਰਦਿਆਂ 'ਵਸਤੂ' ਦਾ ਅਧੀਨ 'ਵਿਸ਼ੇ' ਦੇ ਘੇਰੇ ਅੰਦਰ ਸਥਾਪਤ ਕਰਦੇ ਹਨ। ਗੁਰੂ ਅਰਜਨ ਬਾਣੀ ਵਿਚਲੀ ਵਸਤੂ ਚਿੰਤਾ, ਦੁਖ ਤੇ ਸੋਗ ਵਰਗੀ ਹਕੀਕਤ ਹੈ ਜਿਸ ਨੂੰ ਗੁਰਦੇਵ ਨੇ ਪਰਾਭੌਤਿਕ ਸੱਤਾ ਦੇ ਪ੍ਰਸੰਗ ਨਾਲ ਜੋੜਿਆ ਹੈ ਤੇ ਇਹੀ ਵਿਸ਼ਾ ਮਨੁੱਖੀ ਮਨ ਨੂੰ ਅਲੌਕਿਕ ਸੀਮਾਂ ਤਕ ਲੈ ਖੜਦਾ ਹੈ। ਇਹ ਗੁਣ ਗੁਰੂ ਅਰਜਨ ਬਾਣੀ ਵਿਚਲੇ ਸਰੋਦ ਦੀ ਸੀਮਾਂ ਨਿਰਧਾਰਿਤ ਕਰਦਾ ਹੈ। ਇਸ ਤਰ੍ਹਾਂ ਗੁਰੂ ਅਰਜਨ ਬਾਣੀ, ਸਰੋਦੀ-ਕਾਵਿ ਦੀ ਸਿਰਜਣਾ ਦੀ ਪ੍ਰਕਿਰਿਆ ਚੋਂ ਲੰਘਦੀ ਹੋਈ ਇਕ ਵਿਸ਼ੇਸ਼ ਭਾਵ ਦੇ ਅਧਿਆਤਮਕ ਸਰੋਦ ਦੀ ਸੀਮਾਂ ਤਕ ਪਹੁੰਚਣ ਵਿਚ ਸਫ਼ਲ ਹੁੰਦੀ ਹੈ।

ਗੁਰੂ ਅਰਜਨ ਦੇਵ ਦੇ ਮਹਾਨ ਵਿਚਾਰਾਂ ਦੀਆਂ ਛੋਟੀਆਂ ਛੋਟੀਆਂ ਲਹਿਰਾਂ ਵੱਖ ਵੱਖ ਦਿਸ਼ਾਵਾਂ ਨੂੰ ਚਲਦੀਆਂ ਹੋਈਆਂ ਇਕ ਖ਼ਾਸ ਪਹੁੰਚ ਸਥਾਨ ਤੇ ਟਕਰਾਉਂਦੀਆਂ ਹਨ। ਇਹ ਭੌਤਿਕਤਾ ਤੋਂ ਪਰਾਭੌਤਿਕਤਾ ਤਕ ਦਾ ਸਫ਼ਰ ਤੈਅ ਕਰਦੀਆਂ ਹਨ। ਇਸੇ ਕਰਕੇ ਗੁਰੂ ਅਰਜਨ ਬਾਣੀ ਵਿਚਲੇ ਸਰੋਦ ਦੀ ਸੀਮਾਂ ਨਿਰਧਾਰਿਤ ਕਰਨ ਲਈ ਗੁਰੂ ਜੀ ਦੇ ਵਿਚਾਰਾਂ ਤਕ ਸੀਮਤ ਨਾ ਰਹਿ ਕੇ ਉਹਨਾਂ ਦੀ ਕਲਪਨਾ-ਉਡਾਰੀ ਦੀ ਸੀਮਾਂ ਤਕ ਵਿਚਾਰ ਕਰਨੀ ਪਵੇਗੀ। ਗੁਰੂ ਅਰਜਨ ਦੇਵ ਦੀ ਸਰੋਦੀ ਰਚਨਾ ਦੀ ਸੀਮਾਂ ਨਿਰਧਾਰਿਤ ਕਰਨ ਲਈ ਆਪਣੇ ਅਧਿਐਨ ਖੇਤਰ ਦੀ ਹੇਠ ਲਿਖੀ ਸੀਮਾਂ ਨਿਰਧਾਰਿਤ ਕਰਦੇ ਹਾਂ:

(ੳ) ਗੁਰੂ ਅਰਜਨ ਦੁਆਰਾ ਅਭਿਵਿਅਕਤ ਵਿਚਾਰ ਤੇ ਉਹਨਾਂ ਦੀ ਸੀਮਾਂ

(ਅ) ਗੁਰੂ ਅਰਜਨ ਦੀ ਇਕ ਕਾਵਿ-ਰਚਨਾ ਵਿਚ ਭਾਵ ਇਕ ਪੂਰੀ ਸਰੋਦਕ ਇਕਾਈ ਦੇ ਘੇਰੇ ਅੰਦਰ ਸੀਮਤ

### (ੳ) ਗੁਰੂ ਅਰਜਨ ਦੁਆਰਾ ਅਭਿਵਿਅਕਤ ਵਿਚਾਰ ਤੇ ਉਹਨਾਂ ਦੀ ਸੀਮਾਂ:

ਗੁਰੂ ਅਰਜਨ ਦੇ ਵਿਚਾਰਾਂ ਦਾ ਰਾਹ ਲੌਕਿਕ ਤੋਂ ਪਰਾਲੌਕਿਕ ਵਲ ਜਾਂਦਾ ਹੈ। ਉਹਨਾਂ ਦੇ ਵਿਚਾਰਾਂ ਦੀ ਕਲਪਨਾ ਉਡਾਰੀ ਅਧਿਆਤਮਕਤਾ ਦੇ ਅਸੀਮ ਘੇਰੇ ਦੁਆਲੇ ਘੁੰਮਦੀ ਰਹਿੰਦੀ ਹੈ। ਉਹਨਾਂ ਦੇ ਵਿਚਾਰਾਂ ਦਾ ਪ੍ਰਸੰਗ ਪ੍ਰਕਿਰਤੀ, ਪਿਆਰ ਅਤੇ ਭਗਤੀ ਭਾਵ ਰਾਹੀਂ ਪਰਮਾਤਮਾ ਨਾਲ ਜੁੜਦਾ ਹੈ। ਇਸੇ ਸੰਦਰਭ ਵਿਚ ਗੁਰੂ ਅਰਜਨ ਦੇਵ ਦੇ ਵਿਚਾਰਾਂ ਦੀ ਸੀਮਾਂ ਹੇਠ ਲਿਖੇ ਮੁਤਾਬਕ ਨਿਰਧਾਰਿਤ ਹੋ ਜਾਂਦੀ ਹੈ:

---

1. ਸਾਹਿਤ ਵਿਗਿਆਨ, ਪੰਨਾ 119

1. ਪ੍ਰਕਿਰਤੀ ਤੋਂ ਪਰਮਾਤਮਾ ਤਕ
2. ਪ੍ਰੇਮ ਤੋਂ ਪਰਮਾਤਮਾ ਤਕ
3. ਭਗਤੀ ਤੋਂ ਪਰਮਾਤਮਾ ਤਕ

1. <u>ਪ੍ਰਕਿਰਤੀ → ਪਰਮਾਤਮਾ</u>: ਗੁਰਬਾਣੀ ਵਿਚ ਗੁਰੂ ਵਿਅਕਤੀ ਆਪਣੇ ਵਿਚਾਰਾਂ ਦੀ ਅਭਿਵਿਅੰਜਨਾ ਲਈ ਪ੍ਰਕਿਰਤੀ ਜਾਂ ਦ੍ਰਿਸ਼ਟ-ਸੰਸਾਰ ਨੂੰ ਸਹਾਇਕ ਦੇ ਤੌਰ ਤੇ ਪ੍ਰਯੁਕਤ ਕਰਦੇ ਰਹੇ ਹਨ। ਗੁਰੂ ਵਿਅਕਤੀਆਂ ਦੇ ਵਿਚਾਰ ਜਾਂ ਭਾਵ ਤਾਂ ਪ੍ਰਮੁਖ ਹੁੰਦੇ ਹਨ ਪਰੰਤੂ ਪ੍ਰਕਿਰਤੀ ਇਹਨਾਂ ਦੇ ਪਿਛਵਾੜੇ ਦਾ ਕੰਮ ਕਰਦੀ ਹੈ। ਸੀ.ਡੀ. ਲੇਵਿਸ ਅਨੁਸਾਰ ਵੀ ਕਵੀ ਪ੍ਰਕਿਰਤੀ ਦਾ ਸਹਾਰਾ ਲੈਂਦਾ ਹੈ। ਉਹਨਾਂ ਦੇ ਵਿਚਾਰ ਮੁਤਾਬਕ, "ਪ੍ਰਕਿਰਤੀ ਨੂੰ ਕਵੀ ਇਸ ਕਰਕੇ ਵਰਤਦਾ ਹੈ ਕਿ ਇਹ ਕਵੀ ਦੇ ਵਿਚਾਰਾਂ ਤੇ ਭਾਵਨਾਵਾਂ ਦੇ ਪਿਛਵਾੜੇ ਵਜੋਂ ਕੰਮ ਕਰਦੀ ਹੈ। ਪ੍ਰਕਿਰਤੀ ਹੀ ਕਵੀ ਦੇ ਭਾਵਾਂ ਤੇ ਵਿਚਾਰਾਂ ਨੂੰ ਗਤੀਸ਼ੀਲਤਾ ਬਖਸ਼ਦੀ ਹੈ।"[1] ਕਵੀ ਸੂਖਮ ਅਨੁਭਵ ਕਾਰਣ ਪ੍ਰਕਿਰਤੀ ਨੂੰ ਕੇਵਲ ਪ੍ਰਕਿਰਤੀ ਨਹੀਂ, ਸਗੋਂ ਇਸ ਤੋਂ ਅਗੇਰੇ ਪਰਮਤੱਤ ਨਾਲ ਪ੍ਰਵਿਸ਼ਟ ਮੰਨਦੇ ਹਨ। ਪਰਮਾਤਮਾ ਤੋਂ ਬਿਨਾਂ ਪ੍ਰਕਿਰਤੀ ਗੁਰੂ ਵਿਅਕਤੀਆਂ ਲਈ ਨਿਰਜਿੰਦ ਹੈ। ਉਹ ਤਾਂ ਸਾਰੀ ਪ੍ਰਕਿਰਤੀ ਵਿਚ ਪਰਮਤੱਤ ਦੀ ਹੋਂਦ ਨੂੰ ਦੇਖਦੇ ਹਨ।

ਪ੍ਰਕਿਰਤੀ ਗੁਰਬਾਣੀ ਦਾ ਪੈਰਾਡਾਈਮ ਹੈ। ਗੁਰਬਾਣੀ ਅਧਿਆਤਮਕਤਾ ਨਾਲ ਸਬੰਧਤ ਹੈ। ਇਸ ਦੀ ਰੁਚੀ ਜੀਵ ਦੇ ਨਿਸਤਾਰੇ ਵਲ ਹੈ। ਅਧਿਆਤਮਕਤਾ ਦਾ ਨਿਯਮ ਪ੍ਰਕਿਰਤੀ ਪਿਛੇ ਕਾਰਜਸ਼ੀਲ ਤੱਤ ਨੂੰ ਪਛਾਣ ਕੇ ਉਸ ਵਿਚ ਲੀਨ ਹੋਣ ਤਕ ਨਿਰਧਾਰਿਤ ਹੈ। ਗੁਰੂ ਅਰਜਨ ਦੇਵ ਜੀ ਅਧਿਆਤਮਕ ਰਿਸ਼ਤੇ ਨੂੰ ਪ੍ਰਕਿਰਤਕ-ਦ੍ਰਿਸ਼ਟ ਨਾਤਿਆਂ ਨਾਲ ਤੁਲਨਾ ਕੇ ਪ੍ਰਭੂ ਨਾਲ ਜੋੜਦੇ ਹਨ।

ਜਹ ਦੇਖਉ ਤਹ ਸੰਗਿ ਏਕੋ ਰਵਿ ਰਹਿਆ।
ਘਟ ਘਟ ਵਾਸੀ ਆਪਿ ਵਿਰਲੈ ਕਿਨੈ ਲਹਿਆ।
ਜਲਿ ਥਲਿ ਮਹੀਅਲਿ ਪੂਰਿ ਪੂਰਨ ਕੀਟ ਹਸਤਿ ਸਮਾਨਿਆ।

---

1. "... nature is used, instead, as a background to the poet's thoughts and feelings and as the impulse which sets them in motion."
<u>Poetry for you</u>, p. 72

ਆਦਿ ਅੰਤੇ ਮਧਿ ਸੋਈ ਗੁਰ ਪ੍ਰਸਾਦੀ ਜਾਣਿਆ।
ਬ੍ਰਹਮ ਪਸਾਰਿਆ ਬ੍ਰਹਮ ਲੀਲਾ ਗੋਵਿੰਦ ਗੁਣ ਨਿਧਿ ਜਨਿ ਕਹਿਆ।
ਸਿਮਰਿ ਸੁਆਮੀ ਅੰਤਰਜਾਮੀ ਹਰਿ ਏਕੁ ਨਾਨਕ ਰਵਿ ਰਹਿਆ।[1]

(ਆਸਾ ਮਹੱਲਾ - 5)

ਗੁਰੂ ਜੀ ਨੇ ਹੇਠ ਲਿਖੀਆਂ ਕਾਵਿ-ਤੁਕਾਂ ਵਿਚ ਬੂੰਦ ਤੇ ਚਾਤ੍ਰਿਕ ਅਤੇ ਜਲ ਤੇ ਮੱਛੀ ਦੇ ਰੂਪਕਾਂ ਦੁਆਰਾ ਪ੍ਰਭੂ ਤੇ ਪ੍ਰਕਿਰਤੀ ਦੇ ਸੰਤੁਲਨ ਨੂੰ ਕਾਇਮ ਕੀਤਾ ਹੈ। ਗੁਰੂ ਜੀ ਦੀ ਵਿਚਾਰਧਾਰਾ ਸੀਮ ਤੋਂ ਅਸੀਮ ਤਕ ਦਾ ਸਫ਼ਰ ਤੈਅ ਕਰਦੀ ਪਰਮੇਸ਼ਰ ਪ੍ਰਭੂ ਤੇ ਨਿਰਧਾਰਿਤ ਹੋ ਜਾਂਦੀ ਹੈ। ਗੁਰੂ ਅਰਜਨ ਦੇਵ ਦੀ ਸਰੋਦੀ ਕਵਿਤਾ ਦਾ ਕੇਂਦਰ ਬਿੰਦੂ ਪ੍ਰਭੂ ਹੀ ਹੈ।

ਤੂੰ ਜਲ ਨਿਧਿ ਹਮ ਮੀਨ ਤੁਮਾਰੇ। ਤੇਰਾ ਨਾਮੁ ਬੂੰਦ ਹਮ ਚਾਤ੍ਰਿਕ ਤਿਖਹਾਰੇ।[2]

(ਮਾਝ ਮਹੱਲਾ - 5)

ਗੁਰੂ ਅਰਜਨ ਦੇਵ ਤਾਂ ਸਾਰੀ ਪ੍ਰਕਿਰਤੀ ਜਾਂ ਸ੍ਰਿਸ਼ਟੀ ਨੂੰ ਉਸ ਪਰਮਾਤਮਾ ਦੀ ਆਰਾਧਨਾ ਕਰਦੇ ਵਿਖਾਉਂਦੇ ਹਨ।

ਪਉੜੀ। ਤੁਧੁ ਧਿਆਇਨਿ ਬੇਦ ਕਤੇਬਾ ਸਣੁ ਖੜੇ।
ਗਣਤੀ ਗਣੀ ਨ ਜਾਇ ਤੇਰੈ ਦਰਿ ਪੜੇ।
ਬ੍ਰਹਮੇ ਤੁਧੁ ਧਿਆਇਨਿ ਇੰਦ੍ਰ ਇੰਦ੍ਰਾਸਣਾ।
ਸੰਕਰ ਬਿਸਨ ਅਵਤਾਰ ਹਰਿ ਜਸੁ ਮੁਖਿ ਭਣਾ।
ਪੀਰ ਪਿਕਾਬਰ ਸੇਖ ਮਸਾਇਕ ਅਉਲੀਏ।
ਓਤਿ ਪੋਤਿ ਨਿਰੰਕਾਰ ਘਟਿ ਘਟਿ ਮਉਲੀਏ।[3]

(ਰਾਗ ਗੂਜਰੀ ਮਹੱਲਾ - 5)

1. <u>ਬਾਣੀ ਗੁਰੂ ਅਰਜਨ ਦੇਵ</u>, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਪੰਨਾ 210
2. ਉਹੀ, ਪੰਨਾ 25
3. ਉਹੀ, ਪੰਨਾ 226

ਉਪਰੋਕਤ ਤੁਕਾਂ ਵਿਚ ਸਾਰੀ ਪ੍ਰਕਿਰਤੀ ਉਸ ਕਾਰਜਸ਼ੀਲ ਤੱਤ, ਪਰਮਾਤਮਾ ਦੀ ਯਾਦ ਵਿਚ ਗੜੂੰਦ ਹੈ। ਇਹਨਾਂ ਕਾਵਿ-ਤੁਕਾਂ ਵਿਚ ਇਕ ਸੰਵੇਦਕ ਵੇਗ ਹੈ। ਇਹ ਵੇਗ ਗੁਰੂ ਅਰਜਨ ਸਾਹਿਬ ਦੇ ਵਿਚਾਰਾਂ ਨੂੰ ਪ੍ਰਭੂ ਦੀ ਅਸੀਮਤਾ ਦੇ ਘੇਰੇ ਦੁਆਲੇ ਪੂਰੀ ਗਤੀ ਨਾਲ ਘੁਮਾਉਂਦਾ ਪ੍ਰਤੀਤ ਹੁੰਦਾ ਹੈ।

ਗੁਰੂ ਅਰਜਨ ਦੇਵ ਜੀ ਆਪਣੇ ਮਨ ਦੀ ਸੰਵੇਦੀ ਹੂਕ ਸੁਣਾਉਣ ਲਈ ਪ੍ਰਕਿਰਤੀ ਵਿਚੋਂ ਸਹਾਰਾ ਲੈਂਦੇ ਹਨ। ਜਿਹਨਾਂ ਦੁਆਰਾ ਸ੍ਰੋਤਾ/ਪਾਠਕ ਪਰੋਖ ਰੂਪ ਵਿਚ ਇਸ ਸੰਵੇਦਨ-ਹੂਕ ਦਾ ਰੰਗ ਮਾਣਦਾ ਰਹਿੰਦਾ ਹੈ। ਗੁਰੂ ਜੀ ਫੁਰਮਾਉਂਦੇ ਹਨ:

ਚਕਵੀ ਸੂਰ ਸਨੇਹੁ ਚਿਤਵੈ ਆਸ ਘਣੀ ਕਦਿ ਦਿਨੀਅਰੁ ਦੇਖੀਐ।
ਕੋਕਿਲ ਅੰਬ ਪਰੀਤਿ ਚਵੈ ਸੁਹਾਵੀਆ ਮਨ ਹਰਿ ਰੰਗੁ ਕੀਜੀਐ।[1]

(ਆਸਾ ਮਹੱਲਾ - 5 - ਛੰਤ)

ਜਿਸ ਤਰ੍ਹਾਂ ਚਕਵੀ ਦਾ ਸਨੇਹ ਸੂਰਜ ਨਾਲ ਹੈ। ਕੋਇਲ ਅੰਬਾਂ ਨੂੰ ਵੇਖਕੇ ਮਿਠੀ ਕੂਕ ਮਾਰਦੀ ਹੈ। ਗੁਰੂ ਸਾਹਿਬ ਜੀਵ (ਮਨ) ਨੂੰ ਪ੍ਰਭੂ ਦੇ ਰੰਗ ਵਿਚ ਰੰਗਕੇ ਕੋਇਲ ਵਾਂਗੂ ਸੰਵੇਦੀ ਰੰਗ ਵਿਚ ਗੜੂੰਦ ਹੋਣ ਲਈ ਪੁਕਾਰਦੇ ਹਨ।

ਪਰਮਾਤਮਾ ਤੇ ਮਨੁੱਖ ਦਾ ਅਧਿਆਤਮਕ ਰਿਸ਼ਤਾ ਪ੍ਰਕਿਰਤਕ ਵਸਤੂਆਂ ਜਲ ਤੇ ਮੀਨ ਦੁਆਰਾ ਦਰਸਾਇਆ ਹੈ:

ਮੀਨਾ ਜਲ ਹੀਨ ਮੀਨਾ ਜਲ ਹੀਨ ਹੇ ਉਹ ਬਿਛੁਰਤ ਤਨ ਖੀਨ ਹੇ
ਕਤ ਜੀਵਨ ਪ੍ਰਿਅ ਬਿਨ ਹੋਤੁ।[2]

(ਆਸਾ ਮਹੱਲਾ 5 ਘਰ 8 - ਛੰਤ)

ਗੁਰੂ ਸਾਹਿਬ ਨੇ ਮਾਇਆ ਦੇ ਤਿੰਨ ਗੁਣਾਂ ਦਾ ਜ਼ਿਕਰ ਵੀ ਪ੍ਰਕਿਰਤੀ ਦੁਆਰਾ ਕੀਤਾ ਹੈ। ਪ੍ਰਕਿਰਤੀ ਵਿਚੋਂ ਜੇ ਪ੍ਰਭੂ ਨੂੰ ਨਿਖੇੜ ਦਈਏ(ਗੁਰੂ ਜੀ ਲਈ ਪ੍ਰਕਿਰਤੀ ਦਾ ਕੋਈ ਮਹੱਤਵ ਨਹੀਂ ਰਹਿ ਜਾਂਦਾ) ਤਾਂ ਬਾਕੀ ਮਾਇਆ ਰਹਿ ਜਾਂਦੀ ਹੈ ਜਿਸ ਦੇ ਤਿੰਨ ਗੁਣਾਂ ਦਾ ਵਰਤਾਰਾ ਪੁਰੀਆਂ ਵਿਚ ਹੈ।

1. ਬਾਣੀ ਗੁਰੂ ਅਰਜਨ ਦੇਵ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, ਪੰਨਾ 206
2. ਉਹੀ, ਪੰਨਾ 213

ਇਹ ਤ੍ਰੈ-ਗੁਣ ਤੇ ਪੁਰੀਆਂ ਵੀ ਨਾਸ਼ਮਾਨ ਹਨ।

ਇੰਦ੍ਰਪੁਰੀ ਮਹਿ ਸਰਪਰ ਮਰਣਾ।
ਬ੍ਰਹਮਪੁਰੀ ਨਿਹਚਲੁ ਨਹੀ ਰਹਣਾ।
ਸਿਵ ਪੁਰੀ ਕਾ ਹੋਇਗਾ ਕਾਲਾ।
ਤ੍ਰੈ ਗੁਣ ਮਾਇਆ ਬਿਨਸਿ ਬਿਤਾਲਾ।

... ...

ਰਵਿ ਸ਼ਸਿ ਪਵਣੁ ਪਾਵਕੁ ਨਿਰਾਰੇ।
ਸਾਸਤ੍ਰ ਸਿੰਮ੍ਰਿਤਿ ਬਿਨਸਹਿਗੇ ਬੇਦਾ।

... ...

ਸਗਲ ਪਸਾਰੁ ਦੀਸੈ ਪਾਸਾਰਾ
ਬਿਨਸਿ ਜਾਇਗੋ ਸਗਲ ਆਕਾਰਾ।[1]

(ਗਉੜੀ ਮਹੱਲਾ - 5)

ਉਪਰੋਕਤ ਕਾਵਿ-ਤੁਕਾਂ ਵਿਚ ਗੁਰੂ ਅਰਜਨ ਦੇਵ ਜੀ ਇਹ ਵਿਚਾਰ ਅਭਿਵਿਅਕਤ ਕਰਦੇ ਹਨ ਕਿ ਮਾਇਆ ਦੇ ਤਿੰਨ ਗੁਣ ਤੇ ਪੁਰੀਆਂ ਦਾ ਵੀ ਅੰਤ ਹੈ। ਸਥਿਰ ਤਾਂ ਸਿਰਫ਼ ਪਰਮਾਤਮਾ ਹੈ। ਇਸ ਤਰ੍ਹਾਂ ਗੁਰੂ ਸਾਹਿਬ ਦੇ ਵਿਚਾਰਾਂ ਦੀ ਸੀਮਾ ਕਾਰਜਸ਼ੀਲ ਤੌਰ ਪਰਮਾਤਮਾਤਕ ਨਿਰਧਾਰਿਤ ਰਹਿੰਦੀ ਹੈ।

ਅੰਤ ਵਿਚ ਗੁਰੂ ਅਰਜਨ ਦੇਵ ਜੀ ਪਰਮਾਤਮਾ ਨੂੰ ਜੋ ਪ੍ਰਕਿਰਤੀ ਦੇ ਜ਼ੱਰੇ ਜ਼ੱਰੇ ਵਿਚ ਵਿਚਰ ਰਿਹਾ ਹੈ ਉਹਨੂੰ ਨਮਸਕਾਰ ਕਰਦੇ ਹਨ ਤੇ ਬਲਿਹਾਰੇ ਜਾਂਦੇ ਹਨ ਕਿਉਂਕਿ ਪ੍ਰਕਿਰਤੀ ਦੁਆਰਾ ਪਰਮਾਤਮਾ ਦਾ ਗਿਆਨ ਹੁੰਦਾ ਹੈ।

ਸਦ ਬਲਿਹਾਰੇ ਕਰ ਨਮਸਕਾਰੇ ਜਿਨ ਭੇਟਤ ਪ੍ਰਭੁ ਜਾਤਾ।
ਘਟਿ ਘਟਿ ਰਵਿ ਰਹਿਆ ਸਭ ਥਾਈ ਪੂਰਨ ਪੁਰਖ ਬਿਧਾਤਾ।[2]

(ਆਸਾ ਮਹੱਲਾ - 5)

1. ਗੁਰੂ ਗ੍ਰੰਥ ਸਾਹਿਬ, ਪੰਨਾ 237
2. ਬਾਣੀ ਗੁਰੂ ਅਰਜਨ ਦੇਵ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਪੰਨਾ 205

ਉਪਰੋਕਤ ਤੁਕਾਂ ਵਿਚ ਗੁਰੂ ਜੀ ਦੇ ਵਿਚਾਰ ਸਾਰੀ ਪ੍ਰਕਿਰਤੀ ਦੇ ਹੱਦ ਬੰਨੇ ਉਲੰਘ ਕੇ ਪ੍ਰਭੂ ਨਾਲ ਜੁੜ ਜਾਂਦੇ ਹਨ।

ਅਖ਼ੀਰ ਵਿਚ ਉਪਰੋਕਤ ਵਿਚਾਰ ਦੇ ਆਧਾਰ ਤੇ ਕਿਹਾ ਜਾ ਸਕਦਾ ਹੈ ਕਿ ਗੁਰੂ ਅਰਜਨ ਦੇਵ ਦੇ ਵਿਚਾਰ ਤੇ ਕਲਪਨਾ ਉਡਾਰੀ ਪ੍ਰਕਿਰਤੀ ਰਾਹੀਂ ਵਿਚਰ ਕੇ ਪਰਮਤੱਤ ਪਰਮਾਤਮਾ ਤਕ ਜਾ ਪਹੁੰਚਦੀ ਹੈ।

2. ਪ੍ਰੇਮ → ਪਰਮਾਤਮਾ : ਗੁਰੂ ਅਰਜਨ ਦੇਵ ਕਾਵਿ-ਰਚਨਾ ਵਿਚ ਆਤਮਾ ਦੀ ਲੋਚਾ ਪਰਮਾਤਮਾ ਵਿਚ ਅਭੇਦ ਹੋਣ ਤਕ ਨਿਰਧਾਰਿਤ ਹੈ। ਇਸੇ ਪ੍ਰੇਮ-ਲੋਚਾ ਨੂੰ ਸਨੇਹ-ਜਨਨ ਭਗਤੀ ਦਾ ਨਾਮ ਵੀ ਦਿੱਤਾ ਗਿਆ ਹੈ। ਡਾ. ਮਹਿੰਦਰ ਕੌਰ ਗਿੱਲ ਦੇ ਸ਼ਬਦਾਂ ਅਨੁਸਾਰ, "ਸਨੇਹ-ਜਨਨ ਭਗਤੀ, ਭਗਤੀ ਪ੍ਰਕਾਰ ਵਿਚ ਸਰਬੋਤਮ ਸਥਾਨ ਰਖਦੀ ਹੈ।"[1]

ਪ੍ਰੇਮ, ਪਿਆਰ ਜਾਂ ਇਸ਼ਕ ਦੀ ਵਰਤੋਂ ਇਕ ਹੀ ਅਰਥਾਂ ਵਿਚ ਹੁੰਦੀ ਹੈ। ਗੁਰਬਾਣੀ ਵਿਚ ਪ੍ਰਭੂ-ਪਿਆਰ ਜਾਂ ਪ੍ਰਭੂ-ਪ੍ਰੇਮ ਦੀ ਲੋਚਾ ਹੈ ਜਦੋਂ ਕਿ ਸੂਫ਼ੀ ਕਵਿਤਾ ਵਿਚ ਇਹੀ ਪ੍ਰੇਮ-ਪਿਆਰ ਪ੍ਰਭੂ-ਇਸ਼ਕ ਦੀ ਲੋਚਾ ਵਜੋਂ ਪ੍ਰਗਟ ਹੁੰਦਾ ਹੈ। ਪ੍ਰੇਮ ਜਾਂ ਪਿਆਰ ਉਹ ਕੋਮਲ ਜਜ਼ਬਾ ਹੈ ਜਿਸ ਦਾ ਅਨੁਭਵ ਇਕ ਸੱਚਾ ਪ੍ਰੇਮੀ ਹੀ ਕਰ ਸਕਦਾ ਹੈ। ਇਹ ਇਕ ਸਚਾਈ ਹੈ ਕਿ ਸਾਰਾ ਸੰਸਾਰ ਪ੍ਰੇਮ-ਰੂਪੀ ਧਾਗੇ ਵਿਚ ਬੱਝਾ ਹੋਇਆ ਹੈ।

ਗੁਰੂ ਅਰਜਨ ਦੇਵ ਮਨੁੱਖ ਨੂੰ ਪ੍ਰੇਮ ਦੇ ਰਸਤੇ ਤੋਰ ਕੇ ਪਰਮਾਤਮਾ ਤਕ ਪਹੁੰਚਾਉਣ ਲਈ ਦੁਨਿਆਵੀ ਪ੍ਰਤੀਕਾਂ ਦਾ ਸਹਾਰਾ ਲੈਂਦੇ ਹਨ। ਇਹਨਾਂ ਪ੍ਰਤੀਕਾਂ ਵਿਚ ਇਸਤ੍ਰੀ-ਪੁਰਖ ਦਾ ਪ੍ਰਤੀਕ ਮੁਖ ਹੈ। ਇਹੀ ਪ੍ਰਤੀਕ ਗੁਰੂ ਅਰਜਨ ਬਾਣੀ ਦਾ ਸ਼ਕਤੀਸ਼ਾਲੀ ਥੀਮ ਹੈ। ਗੁਰੂ ਜੀ ਦੇ ਪ੍ਰਤੀਕਾਂ ਦੀ ਸੇਧ ਮਨੁੱਖ ਨੂੰ ਪਰਮਾਰਥ ਦੀ ਪ੍ਰੇਰਨਾ ਕਰਨਾ ਹੈ। ਮਨੁੱਖ ਨੂੰ ਸ੍ਰਿਸ਼ਟੀ ਦੇ ਕੇਂਦਰ ਅਰਥਾਤ ਪਰਮਾਤਮਾ ਨਾਲ ਜੋੜਨਾ ਹੈ। ਇਹਨਾਂ ਪ੍ਰਤੀਕਾਂ ਦੇ ਸਦਕੇ ਹੀ ਗੁਰੂ ਜੀ ਦੀ ਕਲਪਨਾ-ਉਡਾਰੀ ਦੀ ਸੀਮਾਂ ਪਾਰਗਾਮੀ ਸੱਤਾ ਤਕ ਜਾ ਅਪੜਦੀ ਹੈ।

ਸਰੋਦੀ ਰਚਨਾ ਦਾ ਇਹ ਇਕ ਲੱਛਣ ਹੈ ਕਿ ਇਸ ਵਿਚਲੀ 'ਕਾਵਿ-ਮੈਂ' ਤੇ 'ਕਾਵਿ-ਤੂੰ' ਦੀ ਆਪਸੀ ਗੱਲਬਾਤ ਨੂੰ ਪਾਠਕ/ਸ੍ਰੋਤਾ ਪਰੋਖ ਰੂਪ ਵਿਚ ਸੁਣਦਾ ਰਹਿੰਦਾ ਹੈ। ਗੁਰੂ ਅਰਜਨ ਰਚਨਾ

1. ਆਦਿ ਗ੍ਰੰਥ ਛੰਤ ਵਿਵੇਚਨ, ਪੰਨਾ 107

ਵਿਚ ਵੀ ਸ੍ਰੋਤਾ/ਪਾਠਕ, ਪਤੀ-ਪਤਨੀ ਦੀ ਆਪਸੀ ਗੱਲਬਾਤ ਨੂੰ, ਪਰੋਖ-ਰੂਪ ਵਿਚ ਸੁਣਦਾ ਹੈ।

ਗੁਰੂ ਜੀ ਨੇ ਆਪਣੀ ਰਚਨਾ ਵਿਚ ਇਸਤ੍ਰੀ-ਪੁਰਖ ਦੇ ਦੁਨਿਆਵੀ ਪ੍ਰੇਮਾਤਮਕ ਰਿਸ਼ਤੇ ਦੇ ਮਾਧਿਅਮ ਦੁਆਰਾ ਅਧਿਆਤਮਕ ਪ੍ਰੇਮ ਨੂੰ ਅਭਿਵਿਅਕਤ ਕੀਤਾ ਹੈ।

(ੳ) ਸੁਣਿ ਸਖੀਏ ਮਿਲਿ ਉਦਮੁ ਕਰੇਹਾ ਮਨਾਇ ਲੈਹਿ ਹਰਿ ਕੰਤੈ।
ਮਾਨੁ ਤਿਆਗਿ ਕਰਿ ਭਗਤਿ ਠਗਉਰੀ ਮੋਹਹ ਸਾਧੂ ਮੰਤੈ।
ਸਖੀ ਵਸਿ ਆਇਆ ਫਿਰਿ ਛੋਡਿ ਨ ਜਾਈ ਇਹ ਰੀਤਿ ਭਲੀ ਭਗਵੰਤੈ।
ਨਾਨਕ ਜਰਾ ਮਰਣ ਭੈ ਨਰਕ ਨਿਵਾਰੈ ਪੁਨੀਤ ਕਰੈ ਤਿਸੁ ਜੰਤੈ।[1]

(ਗਉੜੀ ਮਹੱਲਾ - 5 - ਛੰਤ)

(ਅ) ਮੋਹਨ ਘਰ ਆਵਹੁ ਕਰਉ ਜੋਦਰੀਆ।
ਮਾਨੁ ਕਰਉ ਅਭਿਮਾਨੈ ਬੋਲਉ ਭੂਲ ਚੂਕ ਤੇਰੀ ਪ੍ਰਿਅ ਚਿਰੀਆ।ਰਹਾਉ।[2]

(ਸਾਰੰਗ ਮਹੱਲਾ 5)

(ੲ) ਗੁਣ ਧਾਰੁ ਤੇ ਪਾਇਆ ਰੰਗੁ ਲਾਲੁ ਬਣਾਇਆ ਤਿਸੁ ਧਣੀ ਕਿਛੁ ਸੁਰਵਿਆ।
ਜਨ ਨਾਨਕ ਧੰਨਿ ਸੁਹਾਗਣਿ ਸਾਈ ਜਿਸ ਸੰਗਿ ਭਤਾਰੁ ਵਸਿਆ।[3]

(ਜੈਤਸਰੀ ਛੰਤ ਮਹੱਲਾ - 5)

(ਸ) ਸਸੁ ਤੇ ਪਿਰਿ ਕੀਨੀ ਵਾਖਿ। ਦੇਰ ਜਿਠਾਣੀ ਮੁਈ ਦੂਖਿ ਸੰਤਾਪਿ।
ਘਰ ਕੇ ਜਿਠੇਰੇ ਕੀ ਚੂਕੀ ਕਾਣਿ। ਪਿਰਿ ਰਖਿਆ ਕੀਨੀ ਸੁਘੜ ਸੁਜਾਣਿ।[4]

(ਆਸਾ ਮਹੱਲਾ - 5)

ਪ੍ਰੇਮ-ਪਿਆਰ ਵਿਚ ਪ੍ਰੇਮੀ ਅਨੰਦ ਵਿਚ ਲੀਨ ਹੋ ਜਾਂਦਾ ਹੈ। ਉਸਦੇ ਨੇਤਰਾਂ ਵਿਚ ਅਨੰਦਾਤਮਕ ਖੁਮਾਰੀ ਛਾ ਜਾਂਦੀ ਹੈ ਤੇ ਪ੍ਰੇਮੀ ਅਨੰਦ ਮਗਨ ਸੁਆਮੀ ਨਾਲ ਇਕ ਰੂਪ ਹੋ ਜਾਂਦਾ ਹੈ।

---

1. ਗੁਰੂ ਗ੍ਰੰਥ ਸਾਹਿਬ, ਪੰਨਾ 249
2. ਉਹੀ, ਪੰਨਾ 1209
3. ਉਹੀ, ਪੰਨਾ 704
4. ਉਹੀ, ਪੰਨਾ 370

ਮਿਲ ਸਖੀਆ ਪੁਛਹਿ ਕਹੁ ਕੰਤੁ ਨਿਸਾਣੀ।
ਰਸ ਪ੍ਰੇਮ ਭਰੀ ਕਛੁ ਬੋਲ ਨ ਜਾਣੀ।
ਗੁਣ ਗੂੜ ਗੁਪਤ ਅਪਾਰ ਕਰਤੇ ਨਿਗਮ ਅੰਤੁ ਨ ਪਾਵਹੇ।[1]

(ਆਸਾ ਛੰਤ ਮਹੱਲਾ 5)

ਗੁਰੂ ਅਰਜਨ ਦੇਵ ਨੇ ਜਿਥੇ ਸੰਜੋਗਾਤਮਕ ਪਿਆਰ ਦੀ ਪੇਸ਼ਕਾਰੀ ਕੀਤੀ ਹੈ ਉਥੇ ਵਿਯੋਗਾਤਮਕ ਪਿਆਰ ਦਾ ਪ੍ਰਗਟਾਵਾ ਕਰਕੇ ਵੀ ਪ੍ਰਭੂ ਨੂੰ ਮਿਲਣ ਦੀ ਪਿਆਰ-ਲੋਚਾ ਅਭਿਵਿਅਕਤ ਕੀਤੀ ਹੈ। ਗੁਰੂ ਜੀ ਦੀ ਰਚਨਾ 'ਬਾਰਹਮਾਹ' ਤੇ 'ਬਿਰਹੜੇ' ਵਿਚ ਤਾਂ ਵਿਯੋਗਾਤਮਕ ਪਿਆਰ ਦਾ ਪ੍ਰਗਟਾ ਪੂਰੇ ਸ਼ਿਖਰ ਦਾ ਹੈ। ਪਿਆਰੇ (ਪ੍ਰਭੂ) ਦੀ ਤੜਪ ਵਿਚ ਕੁਝ ਵੀ ਚੰਗਾ ਨਹੀਂ ਲੱਗਦਾ।

(ੳ) ਅਸੁਨਿ ਪ੍ਰੇਮ ਉਮਾਹੜਾ ਕਿਉ ਮਿਲੀਐ ਹਰਿ ਜਾਇ।
ਮਨਿ ਤਨਿ ਪਿਆਸ ਦਰਸਨ ਘਣੀ ਕੋਈ ਆਣਿ ਮਿਲਾਵੈ ਮਾਇ।[2]

(ਬਾਰਹਮਾਹ ਮਾਝ ਮਹੱਲਾ - 5)

(ਅ) ਵੈਸਾਖਿ ਧੀਰਨਿ ਕਿਉ ਵਾਢੀਆ ਜਿਨਾ ਪ੍ਰੇਮ ਬਿਛੋਹੁ।
ਹਰਿ ਸਾਜਨੁ ਪੁਰਖੁ ਵਿਸਾਰਿ ਕੈ ਲਗੀ ਮਾਇਆ ਧੋਹੁ।[3]

(ਬਾਰਹਮਾਹ ਮਾਝ ਮਹੱਲਾ - 5)

ਸਰੋਦੀ ਕਵਿਤਾ ਵਿਚ ਦੋ ਧਿਰਾਂ ਦੀ ਪੇਸ਼ਕਾਰੀ ਹੁੰਦੀ ਹੈ। ਬਾਰਹਮਾਹ ਵਿਚ ਇਕ ਧਿਰ ਪਰਾਲੌਕਿਕ ਪੱਧਰ ਦੀ ਹੈ ਤੇ ਦੂਜੀ ਲੌਕਿਕ ਪੱਧਰ ਦੀ। ਇਸ ਵਿਚ ਗੁਰੂ ਜੀ ਨੇ ਵਿਯੋਗਾਤਮਕ ਪਿਆਰ ਦੀ ਪੇਸ਼ਕਾਰੀ ਭਿੰਨ ਭਿੰਨ ਮਹੀਨਿਆਂ ਦੇ ਪ੍ਰਤੀਕਾਂ ਦੁਆਰਾ ਕਰਕੇ ਜੀਵ ਨੂੰ ਪਰਮਾਤਮਾ ਨਾਲ ਮਿਲਾਉਣ ਦੀ ਲੋਚਾ ਪ੍ਰਗਟ ਕੀਤੀ ਹੈ।

---

1. <u>ਗੁਰੂ ਗ੍ਰੰਥ ਸਾਹਿਬ</u>, ਪੰਨਾ 540
2. ਉਹੀ, ਪੰਨਾ 135
3. ਉਹੀ, ਪੰਨਾ 134

ਸੰਜੋਗਾਤਮਕ ਤੇ ਵਿਯੋਗਾਤਮਕ ਪਿਆਰ ਤੋਂ ਇਲਾਵਾ ਗੁਰੂ ਜੀ ਨੇ ਸ਼ੁਧ ਪ੍ਰਭੂ-ਪਿਆਰ ਦੀ ਲੋੜਾਂ ਦੀ ਅਭਿਵਿਅੰਜਨਾ ਵੀ ਕੀਤੀ ਹੈ:

(ੳ) ਨਦੀ ਤਰੰਦੜੀ ਮੈਡਾ ਖੋਜੁ ਨ ਖੁੰਭੈ ਮੰਝਿ ਮੁਹੱਬਤ ਤੇਰੀ।
ਤਉ ਸਹਚਰਣੀ ਮੈਡਾ ਹੀਅੜਾ ਸੀਤਮੁ ਹਰਿ ਨਾਨਕ ਤੁਲਹਾ ਬੇੜੀ।[1]
(ਸਲੋਕ ਮਹੱਲਾ 5, ਵਾਰ ਗੂਜਰੀ)

(ਅ) ਹਉ ਨਿਮਖ ਨ ਛੋਡਾ ਜੀ ਹਰਿ ਪ੍ਰੀਤਮ ਪ੍ਰਾਨ ਅਧਾਰੋ।
ਗੁਰਿ ਸਤਿਗੁਰ ਕਹਿਆ ਜੀ ਸਾਚਾ ਅਗਮ ਬੀਚਾਰੋ।
ਮਿਲਿ ਸਾਧੂ ਦੀਨਾ ਤਾ ਨਾਮੁ ਲੀਨਾ ਜਨਮ ਮਰਣ ਦੁਖ ਨਾਠੇ।
ਸਹਜ ਸੂਖ ਆਨੰਦ ਘਨੇਰੇ ਹਉਮੈ ਬਿਨਠੀ ਗਾਠੇ
ਸਭ ਕੈ ਮਧਿ ਸਭਹੂ ਤੇ ਬਾਹਰਿ ਰਾਗ ਦੋਖ ਤੇ ਨਿਆਰੋ।
ਨਾਨਕ ਦਾਸ ਗੋਬਿੰਦ ਸਰਣਾਈ ਹਰਿ ਪ੍ਰੀਤਮ ਮਨਹਿ ਸਧਾਰੋ।[2]
(ਸੂਹੀ ਛੰਤ ਮ: 5)

ਗੁਰੂ ਅਰਜਨ ਦੇਵ ਜੀ ਨੇ ਆਪਣੀ ਕਾਵਿ ਰਚਨਾ ਵਿਚ ਕੁਝ ਥਾਵਾਂ ਤੇ ਪ੍ਰਭੂ-ਪਿਆਰ ਦਾ ਪ੍ਰਗਟਾ ਮਿਥਿਹਾਸਕ ਪ੍ਰਤੀਕਾਂ ਦੁਆਰਾ ਵੀ ਕੀਤਾ ਹੈ। ਗੁਰਦੇਵ ਦੁਆਰਾ ਵਰਤੇ ਮਿਥਿਹਾਸਕ ਪ੍ਰਤੀਕ ਉਹਨਾਂ ਦੀ ਸਰੋਦੀ ਕਵਿਤਾ ਦੀ ਸੀਮਾ ਦੇਸ਼ ਕਾਲ ਦੀਆਂ ਹੱਦਾਂ ਤਕ ਸੀਮਤ ਹੋਣ ਦਾ ਭੁਲੇਖਾ ਪਾਉਂਦੇ ਹਨ। ਪਰੰਤੂ ਅਸਲ ਵਿਚ ਗੁਰਦੇਵ ਨੇ ਪ੍ਰਭੂ ਪਿਆਰ ਵਿਚ ਕੁਝ ਪ੍ਰਾਚੀਨ ਮਿਥਿਹਾਸਕ ਸ਼ਬਦਾਂ ਨੂੰ ਨਵੇਂ ਵਿਸ਼ਾਲ ਅਰਥ ਪ੍ਰਦਾਨ ਕੀਤੇ ਹਨ।

ਬਾਵਨ-ਰੂਪੁ ਕੀਆ ਤੁਧੁ ਕਰਤੇ ਸਭ ਹੀ ਸੇਤੀ ਹੈ ਚੰਗਾ।

... ... ...

ਸ੍ਰੀ ਰੰਗ ਬੈਕੁੰਠ ਕੇ ਵਾਸੀ। ਮਛੁ ਕਛੁ ਕੂਰਮੁ ਆਗਿਆ ਅਉਤਰਾਸੀ।

... ... ...

---

1. ਗੁਰੂ ਗ੍ਰੰਥ ਸਾਹਿਬ, ਪੰਨਾ 520
2. ਉਹੀ, ਪੰਨਾ 844

ਬਨ ਮਾਲਾ ਬਿਭੂਖਨ ਕਮਲ ਨੈਨ। ਸੁੰਦਰ ਕੁੰਡਲ ਮੁਕਟ ਬੈਨ।
ਸੰਖ ਚਕ੍ਰ ਗਦਾ ਹੈ ਧਾਰੀ ਮਹਾਸਾਰਥੀ ਸਤਸੰਗਾ।

... ... ...

ਆਪੇ ਗੋਪੀ ਆਪੇ ਕਾਨਾ। ਆਪਿ ਗਊ ਚਰਾਵੈ ਬਾਨਾ।[1]

(ਮਾਰੂ ਸੋਲਹੇ ਮਹੱਲਾ - 5)

ਉਪਰੋਕਤ ਤੁਕਾਂ ਸਰਬ-ਵਿਆਪਕ ਪਰਮਤੱਤ ਨੂੰ ਦੇਸ਼ ਕਾਲ ਦੀਆਂ ਹੱਦਾਂ ਵਿਚ ਸੀਮਤ ਕਰਨ ਦਾ ਟਪਲਾ ਦੇ ਸਕਦੀਆਂ ਹਨ। ਇੰਝ ਮਹਿਸੂਸ ਹੋਣ ਲਗਦਾ ਹੈ ਕਿ ਗੁਰੂ ਜੀ ਸਰਬ-ਸਾਂਝੇ ਬ੍ਰਹਮ ਦੀ ਥਾਂ ਮਿਥਿਹਾਸ ਦੀ ਹੱਦ ਵਿਚ ਬੱਝੇ ਕਿਸੇ ਅਵਤਾਰ ਦੀ ਸਿਫ਼ਤ ਗਾ ਰਹੇ ਹੋਣ ਤੇ ਇਹਨਾਂ ਮਛੂ, ਕਛੂ, ਆਦਿ ਅਵਤਾਰਾਂ ਨੂੰ ਸਰਧਾਜਲੀ ਭੇਟ ਕਰ ਰਹੇ ਹੋਣ। ਪਰੰਤੂ ਜ਼ਰਾ ਡੂੰਘਾਈ ਨਾਲ ਸੋਚਿਆਂ ਇਹ ਗੱਲ ਸਹੀ ਸਿਧ ਹੋ ਜਾਂਦੀ ਹੈ ਕਿ ਗੁਰਦੇਵ ਭਾਵੇਂ ਭਾਰਤੀ ਮਿਥਿਹਾਸ ਦੀਆਂ ਹੱਦਾਂ ਵਿਚਲੇ ਰੂਪਕ ਅਤੇ ਉਪਮਾਵਾਂ ਵਰਤ ਰਹੇ ਹਨ ਪਰੰਤੂ ਉਹ ਆਪਣੀ ਕਲਪਨਾ ਉਡਾਰੀ ਰਾਹੀਂ ਭਾਰਤੀ-ਮਿਥਿਹਾਸਕ ਦੀ ਸੀਮਾ ਦੀ ਹੱਦ ਟੱਪ ਕੇ ਪਰਾਭੌਤਿਕ ਪ੍ਰਸੰਗ ਵਿਚ ਪ੍ਰਭੂ-ਪਿਆਰ ਵਿਚ ਗੜੂੰਦ, ਮਨੁੱਖ ਨੂੰ ਸੁਝਾਉਣੀ ਕਰ ਰਹੇ ਹਨ ਕਿ "ਨਾਨਕ ਦਾਸ ਦਾਸਨ ਕੋ ਕਰੀਅਹੁ ਹਰਿ ਭਾਵੈ ਦਾਸਾ ਰਾਖੁ ਸੰਗਾ।"[2]

3. ਭਗਤੀ→ ਪਰਮਾਤਮਾ: ਗੁਰੂ ਅਰਜਨ ਬਾਣੀ ਦਾ ਮੁੱਖ ਥੀਮ ਭਗਤੀ ਹੈ। ਉਹਨਾਂ ਦੀ ਬਾਣੀ ਦਾ ਆਧਾਰ ਭਗਤੀ ਹੈ। ਉਹਨਾਂ ਅਨੁਸਾਰ ਮਨੁੱਖੀ ਜੂਨੀ ਦੁਰਲਭ ਹੈ ਤੇ ਇਹ ਪਰਮਾਤਮਾ ਨੂੰ ਪਾਉਣ ਦਾ ਹੀ ਵਸੀਲਾ ਹੈ।[3] ਇਸ ਤਰ੍ਹਾਂ ਗੁਰੂ ਅਰਜਨ ਸਾਹਿਬ ਦੀ ਸਰੋਦੀ ਕਵਿਤਾ ਵਿਚ ਉਹਨਾਂ ਦੀ ਵਿਚਾਰਧਾਰਾ ਦੀ ਸੀਮਾ ਮਨੁੱਖ ਨੂੰ (ਭਗਤੀ ਦੁਆਰਾ) ਪਰਮਾਤਮਾ ਨਾਲ ਮਿਲਾਉਣ ਤੇ ਨਿਰਧਾਰਿਤ ਹੈ।

1. ਬਾਣੀ ਗੁਰੂ ਅਰਜਨ ਦੇਵ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, ਪੰਨਾ 480-81
2. ਉਹੀ, ਪੰਨਾ 482
3. ਭਈ ਪਰਾਪਤ ਮਾਨੁਖ ਦੇਹਰੀਆ। ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ।

(ਆਸਾ ਮਹੱਲਾ - 5)

ਡਾ. ਮਨਮੋਹਨ ਸਹਿਗਲ[1] ਨੇ ਗੁਰੂ ਗ੍ਰੰਥ ਸਾਹਿਬ ਵਿਚ ਭਗਤੀ-ਸੰਕਲਪਨਾ ਤੇ ਵਿਚਾਰ ਕਰਦਿਆਂ ਭਗਤੀ ਦੇ ਚਾਰ ਰੂਪਾਂ: ਸੇਵਕ-ਸੇਵਕ, ਸਖਾ-ਭਾਵ, ਵਾਤਸਲ ਅਤੇ ਮਧੁਰ-ਭਾਵ ਭਗਤੀ ਬਾਰੇ ਜ਼ਿਕਰ ਕੀਤਾ ਹੈ। ਪਰੰਤੂ ਇਥੇ ਭਗਤੀ ਦੇ ਵੱਖ ਵੱਖ ਰੂਪਾਂ ਪ੍ਰਤੀ ਚਰਚਾ ਬਹੁਤਾ ਮਹੱਤਵ ਨਹੀਂ ਰਖਦੀ। ਵਿਚਾਰ ਅਧੀਨ ਨੁਕਤਾ ਤਾਂ ਇਤਨਾ ਹੀ ਹੈ ਕਿ ਗੁਰੂ ਸਾਹਿਬ ਨੇ ਮਨੁੱਖ ਨੂੰ ਭੌਤਿਕ ਪੱਧਰ ਤੋਂ ਪਰਾਭੌਤਿਕ ਪੱਧਰ ਤੇ ਖੜ੍ਹਾ ਕਰਨ ਦਾ ਉਪਰਾਲਾ ਕੀਤਾ। ਗੁਰੂ ਅਰਜਨ ਦੇਵ ਨੇ ਜਿਹੜੀ ਭਗਤੀ ਦਾ ਚਿਤ੍ਰ ਆਪਣੀ ਰਚਨਾ ਵਿਚ ਖਿਚਿਆ, ਉਹ ਉਹਨਾਂ ਦੇ ਅਨੁਭਵ ਤੇ ਜੀਵਨ ਤਜਰਬੇ, ਉਪਰ ਆਧਾਰਤ ਹੈ। ਗੁਰੂ ਅਰਜਨ ਬਾਣੀ ਵਿਚ ਭਗਤੀ ਦੇ ਅਨੇਕ ਰੂਪ ਨਜ਼ਰ ਆਉਂਦੇ ਹਨ। ਗੁਰੂ ਆਗਿਆ ਪਾਲਨ, ਗੁਰੂ-ਸੇਵਾ, ਪ੍ਰਭੂ-ਨਾਮ ਸਿਮਰਨ, ਮਾਇਆ ਤੋਂ ਵੈਰਾਗ, ਹਉਮੈ ਤਿਆਗ ਪ੍ਰਭੂ-ਪਿਆਰ, ਸਾਧ-ਸੰਗਤ ਕਰਨਾ ਆਦਿ ਸਭ ਭਗਤੀ ਦੇ ਸਾਧਨ ਵੀ ਹਨ ਜਿਹਨਾਂ ਦੁਆਰਾ ਪਰਮਾਤਮਾ ਨੂੰ ਪਾਇਆ ਜਾ ਸਕਦਾ ਹੈ। ਇਹਨਾਂ ਹੀ ਵੱਖ ਵੱਖ ਭਗਤੀ ਭਾਵਾਂ ਦਾ ਵਿਚਾਰ ਕਰਨਾ ਇਥੇ ਮੁਨਾਸਬ ਹੋਵੇਗਾ।

ਨਾਮ-ਜਪਣਾ:

ਗੁਰਬਾਣੀ ਦਾ ਮੁਖ ਥੀਮ ਪ੍ਰਭੂ ਦਾ ਨਾਮ ਜਪਣਾ ਹੈ। ਨਾਮ-ਜਪਣਾ ਹੀ ਭਗਤੀ ਦਾ ਸ਼ੁਧ ਰੂਪ ਹੈ। ਗੁਰਬਾਣੀ ਦਾ ਝੁਕਾਅ ਜੀਵ ਦੀ ਮੁਕਤੀ ਵਲ ਹੈ। ਇਹ ਮੁਕਤੀ ਹੀ ਮਨੁੱਖ ਦਾ ਪਹੁੰਚ ਸਥਾਨ ਹੈ। ਇਹ ਮੁਕਤੀ ਪ੍ਰਭੂ-ਨਾਮ ਦੇ ਜਪਣ ਦੁਆਰਾ ਪ੍ਰਾਪਤ ਹੋ ਸਕਦੀ ਹੈ। ਗੁਰੂ ਜੀ ਫੁਰਮਾਉਂਦੇ ਹਨ:

(ੳ) ਆਪਿ ਜਪਹੁ ਅਵਰਹੁ ਜਪਾਵਹੁ ਭਗਤਿ ਭਾਇ ਤਰੀਐ ਸੰਸਾਰ।[2]
(ਗਉੜੀ ਸੁਖਮਨੀ ਮਹੱਲਾ - 5)

(ਅ) ਧਾਰਿ ਅਨੁਗ੍ਰਹੁ ਅਪਨਾ ਪ੍ਰਭਿ ਕੀਨਾ। ਕੇਵਲ ਨਾਮੁ ਭਗਤਿ ਰਸੁ ਦੀਨਾ।[3]
(ਸੂਹੀ ਮਹੱਲਾ - 5)

---

1. ਗੁਰੂ ਗ੍ਰੰਥ ਸਾਹਿਬ - ਏਕ ਸਾਂਸਕ੍ਰਿਤਿਕ ਸਰਵੇਖਣ, ਪੰਨਾ 476-477
2. ਉਹੀ, ਪੰਨਾ 471
3. ਉਹੀ, ਪੰਨਾ 471

(ਦ) ਗੁਰਮੁਖਿ ਹਿਰਦੈ ਜਾ ਕੈ, ਹਰਿ ਹਰਿ ਸੇਈ ਭਗਤੁ ਇਕਾਂਤੀ ਜੀਉ।[1]

(ਮਾਝ ਮਹੱਲਾ - 5)

(ਸ) ਰੈਣਿ ਦਿਨਸੁ ਜਪਉ ਹਰਿ ਨਾਉ। ਆਗੈ ਦਰਗਹ ਪਾਵਉ ਥਾਉ।[2]

(ਰਾਮਕਲੀ ਮਹੱਲਾ - 5)

ਗੁਰੂ ਅਰਜਨ ਦੇਵ ਅਨੁਸਾਰ ਗੁਰੂ ਦਾ ਨਾਮ ਜਪਣਾ ਵੀ ਰੱਬੀ ਦਰਗਾਹ ਵਿਚ ਯੋਗ ਥਾਂ ਪ੍ਰਦਾਨ ਕਰਾਉਂਦਾ ਹੈ। ਉਹਨਾਂ ਨੇ ਗੁਰੂ ਦਾ ਪ੍ਰਸੰਗ ਵੀ ਪਰਮਾਤਮਾ ਨਾਲ ਜੋੜਿਆ ਹੈ। ਗੁਰੂ ਜੀ ਫੁਰਮਾਉਂਦੇ ਹਨ।

(ੳ) ਅੰਤਰਿ ਗੁਰੁ ਆਰਾਧਣਾ ਜਿਹਵਾ ਜਪਿ ਗੁਰ ਨਾਉ।
ਨੇਤ੍ਰੀ ਸਤਿਗੁਰੁ ਪੇਖਣਾ ਸ੍ਰਵਣੀ ਸੁਨਣਾ ਗੁਰ ਨਾਉ।
ਸਤਿਗੁਰ ਸੇਤੀ ਰਤਿਆ ਦਰਗਹ ਪਾਈਐ ਠਾਉ।[3]

(ਰਾਗ ਗੂਜਰੀ ਵਾਰ ਮਹੱਲਾ - 5)

(ਅ) ਗੁਰੁ ਗੁਰੁ ਗੁਰੁ ਕਰਿ ਮਨ ਮੋਰ।
ਗੁਰੂ ਬਿਨਾ ਮੈ ਨਾਹੀ ਹੋਰ।[4]

(ਗੌਂਡ ਮਹੱਲਾ - 5)

(ੲ) ਗੁਰੁ ਮੇਰੀ ਪੂਜਾ ਗੁਰੁ ਗੋਬਿੰਦੁ।
ਗੁਰੁ ਮੇਰਾ ਪਾਰਬ੍ਰਹਮ ਗੁਰੁ ਭਗਵੰਤੁ।[5]

(ਗੌਂਡ ਮਹੱਲਾ - 5)

**ਸੇਵ-ਭਗਤੀ**

ਸੇਵਾ ਵੀ ਭਗਤੀ ਦਾ ਸਾਧਨ ਹੈ। ਗੁਰੂ ਅਰਜਨ ਦੇਵ ਜੀ ਨੇ ਆਪਣੀ ਬਾਣੀ ਵਿਚ,

---

1. ਗੁਰੂ ਗ੍ਰੰਥ ਸਾਹਿਬ-ਇਕ ਸਾਂਸਕ੍ਰਿਤਕ ਸਰਵੇਖਣ, ਪੰਨਾ 471
2. ਬਾਣੀ ਗੁਰੂ ਅਰਜਨ ਦੇਵ, ਭਾਸ਼ਾ ਵਿਭਾਗ, ਪੰਜਾਬ ਪਟਿਆਲਾ, ਪੰਨਾ 415
3. ਉਹੀ, ਪੰਨਾ 226
4. ਉਹੀ, ਪੰਨਾ 398
5. ਉਹੀ, ਪੰਨਾ 398

ਗੁਰੂ-ਸੇਵਾ, ਸਾਧ-ਸੰਗਤ ਦੀ ਸੇਵਾ ਆਦਿ ਬਾਰੇ ਆਪਣੇ ਵਿਚਾਰਾਂ ਦੀ ਅਭਿਵਿਅੰਜਨਾ ਕੀਤੀ ਹੈ। ਗੁਰੂ ਅਰਜਨ ਦੇਵ ਜੀ ਨੇ ਗੁਰੂ ਦੀ ਸੇਵਾ ਦਾ ਫਲ, ਸਭ ਦੁਖ ਦਰਦਾਂ ਦਾ ਦੂਰ ਹੋਣਾ ਤੇ ਇੱਜ਼ਤ ਦਾ ਮਿਲਣਾ ਆਦਿ ਦੱਸੇ ਹਨ। ਭਾਈ ਕਾਹਨ ਸਿੰਘ[1] ਵਾਂਗ ਜੇਕਰ ਗੁਰੂ-ਸੇਵਾ ਦਾ ਸੀਮਤ ਅਰਥ ਲਈਏ, ਤਾਂ ਇਹ ਗੁਰੂ ਦੀ ਟਹਿਲ ਨਾਲ ਸਬੰਧ ਰਖਦੀ ਹੈ। ਪਰ ਜੇਕਰ ਗੁਰੂ ਦੀ ਸੇਵਾ ਦਾ ਅਰਥ ਗੁਰਬਾਣੀ ਦੇ ਵਿਸ਼ਾਲ-ਦ੍ਰਿਸ਼ਟੀਕੋਣ ਅਨੁਸਾਰ ਕੀਤਾ ਜਾਵੇ ਤਾਂ ਗੁਰੂ ਸੇਵਾ ਦਾ ਭਾਵ ਗੁਰੂ ਦੇ ਭਾਣੇ ਅਰਥਾਤ ਆਪ-ਭਾਵ ਮਿਟਾ ਕੇ ਗੁਰੂ ਦੁਆਰਾ ਸੁਝਾਏ ਮਾਰਗ ਤੇ ਚਲਣਾ ਹੈ। ਕਿਉਂਕਿ ਗੁਰੂ ਅਰਜਨ ਦੇਵ ਗੁਰੂ ਤੇ ਪਾਰ-ਬ੍ਰਹਮ ਨੂੰ ਸਮਰੂਪ ਸਮਝਦੇ ਹਨ। ਗੁਰੂ-ਸੇਵਾ ਤੇ ਸਾਧ-ਸੰਗਤ ਦੀ ਸੇਵਾ ਵੀ ਹਉਮੈ ਨੂੰ ਮਾਰਦੀ ਹੈ ਤੇ ਜੀਵ ਪਰਮ-ਪਦ ਦੀ ਪਦਵੀ ਪਾਉਂਦਾ ਹੈ। ਗੁਰੂ-ਘਰ ਵਿਚ ਝਾੜੂ ਦੇਣਾ ਤੇ ਸਾਧ-ਸੰਗਤ ਨੂੰ ਪੱਖਾ ਝਲਣਾ ਵੀ ਸੇਵਾ ਭਗਤੀ ਦੇ ਸਾਧਨ ਹਨ। ਉਪਰੋਕਤ ਵਿਚਾਰਾਂ ਦੀ ਪੁਸ਼ਟੀ ਗੁਰੂ ਅਰਜਨ ਦੇਵ ਦੁਆਰਾ ਰਚਿਤ ਹੇਠਾਂ ਲਿਖੀ- ਕਾਵਿ-ਤੁਕਾਂ ਤੋਂ ਭਲੀ-ਪ੍ਰਕਾਰ ਹੋ ਜਾਂਦੀ ਹੈ:

(ੳ) ਗੁਰ ਚਰਣੀ ਜਾ ਕਾ ਮਨੁ ਲਾਗੈ। ਦੂਖ ਦਰਦੁ ਭ੍ਰਮੁ ਤਾ ਕਾ ਭਾਗੈ।
ਗੁਰ ਕੀ ਸੇਵ ਪਾਏ ਮਾਨੁ। ਗੁਰ ਊਪਰਿ ਸਦਾ ਕੁਰਬਾਨੁ।[2] (ਗੋਂਡ ਮਹੱਲਾ - 5)

(ਅ) ਪਾਰਬ੍ਰਹਮ ਪੂਰਨ ਗੁਰਦੇਵ, ਕਰਿ ਕਿਰਪਾ ਲਾਗਉ ਤੇਰੀ ਸੇਵ। ਰਹਾਉ।
ਚਰਨ ਕਮਲ ਹਿਰਦੈ ਉਰਧਾਰੀ। ਮਨ ਤਨ ਧਨ ਗੁਰ ਪ੍ਰਾਨ ਅਧਾਰੀ।[3]
(ਗਉੜੀ ਮਹੱਲਾ - 5)

(ੲ) ਜਲ ਢੋਵਉ ਇਹ ਸੀਸ ਕਰਿ ਕਰ ਪਗ ਪਖਲਾਵਉ।
ਦੇਹ ਸੁਚਨੀ ਸਾਧ ਕੇ ਬੀਜਨੁ ਢੋਲਾਵਉ।[4]
(ਬਿਲਾਵਲ ਮਹੱਲਾ - 5)

(ਸ) ਪੱਖਾ ਫੇਰਉ ਪੀਸਉ ਸੰਤ ਆਗੈ ਚਰਣ ਧੋਇ ਸੁਖੁ ਪਾਇਦਾ।[5]
(ਸੋਲਹੇ ਮਾਰੂ ਮ: 5)

1. ਭਾਈ ਕਾਹਨ ਸਿੰਘ, ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 311
2. ਬਾਣੀ ਗੁਰੂ ਅਰਜਨ ਦੇਵ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, ਪੰਨਾ 398
3. ਉਹੀ, ਪੰਨਾ 60
4. ਡਾ. ਮਨਮੋਹਨ ਸਹਿਗਲ, ਗੁਰੂ ਗ੍ਰੰਥ ਸਾਹਿਬ - ਏਕ ਸਾਂਸਕ੍ਰਿਤਕ ਸਰਵੇਖਣ, ਪੰਨਾ 475
5. ਉਹੀ, ਪੰਨਾ 475

ਪ੍ਰਭੂ ਦਾ ਸੇਵਕ ਜਿਥੇ ਚਾਰ ਪਦਾਰਥ (ਕਾਮ, ਅਰਥ, ਧਰਮ, ਮੋਖ) ਪ੍ਰਾਪਤ ਕਰਦਾ ਹੈ ਉਥੇ ਅਜਿਹੇ ਸੇਵਕ ਦਾ ਸੇਵਕ ਨਾਲ ਅਭੇਦ ਸਥਾਪਿਤ ਹੋ ਜਾਂਦਾ ਹੈ।

(ੳ) ਚਾਰ ਪਦਾਰਥ ਹਰਿ ਕੀ ਸੇਵਾ। ਪਾਰਜਾਤੁ ਜਪਿ ਅਲਖ ਅਭੇਵਾ।[1]

(ਮਾਝ ਮਹੱਲਾ - 5)

(ਅ) ਹਰਿ ਕਾ ਸੇਵਕੁ ਸੋ ਹਰਿ ਜੇਹਾ। ਭੇਦੁ ਨ ਜਾਣਹੁ ਮਾਣਸ ਦੇਹਾ।
ਜਿਉ ਜਲ ਤਰੰਗ ਉਠਹਿ ਬਹੁ ਭਾਤੀ ਫਿਰਿ ਸਲਲੈ ਸਲਲ ਸਮਾਇਦਾ।[2]

(ਸੋਲਹੇ ਮਾਰੂ ਮਹੱਲਾ - 5)

ਗੁਰੂ ਅਰਜਨ ਅਨੁਸਾਰ ਭਗਤ-ਜਨਾਂ ਨੂੰ ਪ੍ਰਭੂ ਆਪਣੀ ਕ੍ਰਿਪਾ ਦੁਆਰਾ ਬਖਸ਼ ਦੇਂਦਾ ਹੈ ਤੇ ਭਗਤ ਜਨਾਂ ਦੀ ਪੈਜ ਰਖਦਾ ਹੈ। ਅਰਥਾਤ ਭਗਤ ਆਵਾਗਵਣ ਦੇ ਚੱਕਰ ਤੋਂ ਮੁਕਤ ਹੋ ਕੇ ਪਰਮਾਤਮਾ ਨਾਲ ਅਭੇਦ ਹੋ ਜਾਂਦਾ ਹੈ।

(ੳ) ਭਗਤ ਜਨਾਂ ਕਉ ਰਖਦਾ ਅਪਣੀ ਕਿਰਪਾ ਧਾਰਿ।[3]

(ਸਿਰੀ ਰਾਗ ਮਹੱਲਾ - 5)

(ਅ) ਥਿਰ ਘਰਿ ਬੈਸਹੁ ਹਰਿਜਨ ਪਿਆਰੇ। ਸਤਿਗੁਰਿ ਤੁਮਰੇ ਕਾਜ ਸਵਾਰੇ।
ਦੁਸਟ ਦੂਤ ਪਰਮੇਸਰਿ ਮਾਰੇ। ਜਨ ਕੀ ਪੈਜ ਰਖੀ ਕਰਤਾਰੇ।[4]

(ਗਉੜੀ ਮਹੱਲਾ - 5)

ਸੰਖੇਪ ਵਿਚ ਕਿਹਾ ਜਾ ਸਕਦਾ ਹੈ ਕਿ ਗੁਰੂ ਅਰਜਨ ਦੇਵ ਦੀ ਸਰੋਦੀ ਰਚਨਾ ਮੁਕਤੀ ਦਾ ਇਕ ਸਾਧਨ ਭਗਤੀ ਦਸਿਆ ਹੈ। ਮੁਕਤੀ ਪ੍ਰਾਪਤ ਕਰਨਾ ਹੀ ਜੀਵਨ ਦਾ ਲਕਸ਼ ਹੈ। ਪਰਮਾਤਮਾ ਦੀ ਭਗਤੀ ਦੁਆਰਾ ਜੀਵ ਪਰਮਤੱਤ ਨਾਲ ਮਿਲ ਸਕਦਾ ਹੈ। ਤੱਤ ਦਾ ਪਰਮਤੱਤ

---

1. ਬਾਣੀ ਗੁਰੂ ਅਰਜਨ ਦੇਵ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਪੰਨਾ 33
2. ਉਹੀ, ਪੰਨਾ 474
3. ਗੁਰੂ ਗ੍ਰੰਥ ਸਾਹਿਬ, ਪੰਨਾ 44
4. ਉਹੀ, ਪੰਨਾ 201

ਨਾਲ ਮਿਲਾਪ ਹੀ ਗੁਰੂ ਜੀ ਦੀ ਧਾਰਨਾ ਦਾ ਮੁਖ ਨਿਸ਼ਾਨਾ ਹੈ। ਗੁਰੂ ਜੀ ਦੀ ਭਗਤੀ ਧਾਰਨਾ ਪਰਮਾਤਮਾ ਨਾਲ ਇਕਮਿਕ ਹੋਣ ਦੀ ਧਾਰਨਾ ਹੈ।

### (ਘ) ਗੁਰੂ ਅਰਜਨ ਦੀ ਕਾਵਿ-ਰਚਨਾ ਵਿਚ ਭਾਵ ਇਕ ਪੂਰੀ ਸਰੋਦਕ ਇਕਾਈ ਦੇ ਘੇਰੇ ਅੰਦਰ ਸੀਮਤ ਰਹਿੰਦੇ ਹਨ

ਸਰੋਦੀ ਕਵਿਤਾ ਇਕਹਿਰੇ ਭਾਵ, ਵਿਚਾਰ ਜਾਂ ਸਥਿਤੀ ਨਾਲ ਸੰਬੰਧਤ ਹੁੰਦੀ ਹੈ। ਕਵੀ ਦੇ ਮਨੋਭਾਵ ਇਸ ਨੂੰ ਇਕਾਗਰ ਰੂਪ ਦੇਂਦੇ ਹਨ ਅਤੇ ਇਹੀ ਮਨੋਭਾਵ ਇਸ ਦੀਆਂ ਸੀਮਾਵਾਂ ਨਿਸ਼ਚਿਤ ਕਰਦੇ ਹਨ। ਇਸ ਤਰ੍ਹਾਂ ਸਰੋਦਕ-ਇਕਾਈ, ਇਕਹਿਰੇ ਭਾਵਨਾਤਮਕ-ਵੇਗ ਦਾ ਹੀ ਨਤੀਜਾ ਹੈ। ਇਸੇ ਕਰਕੇ ਇਹ ਕਹਿ ਦਿੱਤਾ ਜਾਂਦਾ ਹੈ ਕਿ ਸਰੋਦੀ ਰਚਨਾ ਛੋਟੀ ਹੁੰਦੀ ਹੈ।[1] ਪਰੰਤੂ ਗੁਰਬਾਣੀ ਇਸ ਤੱਥ ਨੂੰ ਨਹੀਂ ਸਵੀਕਾਰਦੀ। ਇਹ ਠੀਕ ਹੈ ਗੁਰੂ ਅਰਜਨ ਦੇਵ ਦੀ ਅਧਿਕਤਰ ਰਚਨਾਵਾਂ ਛੋਟੀਆਂ ਹਨ। ਗੁਰੂ ਅਰਜਨ ਦੇਵ ਰਚਿਤ ਪਦੇ (ਦੁਪਦੇ, ਤਿਪਦੇ, ਚਉਪਦੇ ਆਦਿ) ਛੋਟੀਆਂ ਰਚਨਾਵਾਂ ਹਨ। ਇਹਨਾਂ ਵਿਚ ਭਾਵਨਾ-ਇਕਾਈ ਮੌਜੂਦ ਰਹਿੰਦੀ ਹੈ। ਨਤੀਜੇ ਵਜੋਂ ਇਹ ਪਦੇ ਇਸ ਗੱਲ ਦੀ ਹਾਮੀ ਭਰਦੇ ਹਨ ਕਿ ਸਰੋਦੀ ਕਵਿਤਾ ਛੋਟੀ ਹੁੰਦੀ ਹੈ। ਪਰੰਤੂ ਇਹ ਗੁਣ ਸਰੋਦੀ ਕਵਿਤਾ ਦਾ ਪਛਾਣ ਚਿੰਨ੍ਹ ਨਹੀਂ।

ਸਰੋਦੀ ਕਵਿਤਾ ਕਿਸੇ ਵੀ ਵਿਸ਼ੇ ਉਪਰ ਕਿਸੇ ਵੀ ਆਕਾਰ ਵਾਲੀ ਹੋ ਸਕਦੀ ਹੈ। ਪਰੰਤੂ ਇਸ ਵਿਚ ਮੁਖ ਭਾਵ ਦਾ ਹੀ ਵਿਸਥਾਰ ਹੁੰਦਾ ਹੈ। ਇਹ ਤਾਂ ਕਵੀ ਦੀ ਸ਼ਖਸੀਅਤ ਤੇ ਨਿਰਭਰ ਕਰਦੀ ਹੈ। ਗੁਰੂ ਅਰਜਨ ਦੇਵ ਮਹਾਨ ਸ਼ਖਸੀਅਤ ਦੇ ਧਾਰਨੀ ਸਨ। ਉਹਨਾਂ ਨੇ ਲੰਮੇਰੀਆਂ ਸਰੋਦਕ ਕਵਿਤਾਵਾਂ ਰਚ ਕੇ ਇਸ ਗੱਲ ਨੂੰ ਕੂੜਾ ਸਾਬਤ ਕਰ ਦਿਤਾ ਹੈ ਕਿ ਸਰੋਦੀ ਕਵਿਤਾ ਛੋਟੀ ਹੁੰਦੀ ਹੈ।

ਗੁਰੂ ਅਰਜਨ ਦੇਵ ਦੀਆਂ ਲੰਮੇਰੀਆਂ ਰਚਨਾਵਾਂ ਜਿਵੇਂ ਬਾਰਾਮਾਹ, ਸੁਖਮਨੀ, ਬਾਵਨ ਅੱਖਰੀ ਅਤੇ ਥਿਤੀ ਵੀ ਸਰੋਦੀ ਰਚਨਾਵਾਂ ਹਨ। ਇਹਨਾਂ ਰਚਨਾਵਾਂ ਵਿਚਲੇ ਵਿਚਾਰ ਜਾਂ ਭਾਵ

---

1. "... when we speak of 'Lyric', we mean a short poem conveying some thought or sentiment of the poet's own." <u>Oxford Junior Encyclopaedia</u>, Vol. XII, p. 248

ਦੀ ਮੁਖ ਪ੍ਰਵਿਰਤੀ ਸਮਝਾਵਾਂ ਦੇ ਫੈਲਾਓ ਨਾਲ ਵੀ ਇਕ ਨਿਸ਼ਚਿਤ ਦਾਇਰੇ ਅੰਦਰ ਰਹਿੰਦੀ ਹੋਈ ਸੰਵੇਦਕ-ਇਕਾਈ ਨੂੰ ਬਣਾਈ ਰੱਖਦੀ ਹੈ। ਬਾਕੀ ਦੀਆਂ ਉਪਮਾਵਾਂ ਮੁਖ ਥੀਮ ਨੂੰ ਦ੍ਰਿੜ੍ਹ ਕਰਨ ਵਲ ਰੁਚਿਤ ਰਹਿੰਦੀਆਂ ਹਨ।

ਸੁਲੋਕ। ਆਤਮ ਰਸੁ ਜਿਹ ਜਾਨਿਆ ਹਰਿ ਰੰਗ ਸਹਜੇ ਮਾਣੁ।
ਨਾਨਕ ਧਨਿ ਧਨਿ ਧੰਨਿ ਜਨ ਆਏ ਤੇ ਪਰਵਾਣੁ।

ਪਉੜੀ। ਆਇਆ ਸਫਲ ਤਾਹੂ ਕੋ ਗਨੀਐ। ਜਾਸੁ ਰਸਨ ਹਰਿ ਹਰਿ ਜਸੁ ਭਨੀਐ।
ਆਇ ਬਸਹਿ ਸਾਧੂ ਕੈ ਸੰਗੇ। ਅਨਦਿਨੁ ਨਾਮੁ ਧਿਆਵਹਿ ਰੰਗੇ।
ਆਵਤ ਸੋ ਜਨੁ ਨਾਮਹਿ ਰਾਤਾ। ਜਾ ਕਉ ਦਇਆ ਮਇਆ ਬਿਧਾਤਾ।
ਏਕਹਿ ਆਵਨ ਫਿਰਿ ਜੋਨਿ ਨ ਆਇਆ। ਨਾਨਕ ਹਰਿ ਕੈ ਦਰਸ ਸਮਾਇਆ।[1]

(ਗਉੜੀ ਬਾਵਨ ਅੱਖਰੀ ਮਹੱਲਾ - 5)

ਅਧਿਐਨ ਵਾਲੀ ਗੱਲ ਤਾਂ ਇਹ ਹੈ ਕਿ ਗੁਰੂ ਅਰਜਨ ਬਾਣੀ ਵਿਚ ਥੀਮਕ-ਪ੍ਰਵਿਰਤੀ ਵਾਸਤਵਿਕ ਜਗਤ ਨਾਲ ਕਿਧਰੇ ਜਿਹਾ ਰਿਸ਼ਤਾ ਕਾਇਮ ਕਰਕੇ ਪਰਾਲੌਕਿਕ ਜਗਤ ਵਿਚੋਂ ਵਿਚਰਦੀ ਹੈ। ਇਹਨਾਂ ਕਾਵਿ-ਤੁਕਾਂ ਵਿਚ ਮੁਖ-ਥੀਮ ਸੁਲੋਕ ਦੀਆਂ ਸਤਰਾਂ ਵਿਚ ਹੀ ਪੇਸ਼ ਹੋਇਆ ਹੈ। 'ਕਾਵਿ-ਮੈਂ' ਦੀ ਇਹ ਵਿਸ਼ੇਸ਼ਤਾ ਹੈ ਕਿ ਉਹ ਦੁਨਿਆਵੀ-ਜੀਵਨ ਤੋਂ ਪਾਰ ਪਾਰਗਾਮੀ ਸੱਤਾ ਨਾਲ ਮਿਲਣ ਲਈ ਉਤਾਵਲੀ ਹੈ। ਸੰਬੋਧਨ ਬਿਰਤੀ ਸਿੱਧੂੰ ਦਰਿਸ਼ਮਾਨ ਉਭਰਦੀ ਹੈ। ਪਾਠਕ/ਸ੍ਰੋਤਾ ਇਸ ਸੰਬੋਧਨ ਨੂੰ ਅਪ੍ਰੋਖ-ਵਿਧੀ ਰਾਹੀਂ ਗ੍ਰਹਿਣ ਕਰਦਾ ਹੈ। ਵਕਤਾ ਆਪਣੇ ਸੰਬੋਧਨ ਨਾਲ ਇਕਮਿਕ ਹੋ ਜਾਂਦਾ ਹੈ ਅਤੇ ਪਾਠਕ ਜਾਂ ਸਰੋਤਿਆਂ ਤੋਂ ਬੇਮੁਖ ਹੁੰਦਾ ਹੈ। ਇਸ ਸਾਰੀ ਰਚਨਾ ਦਾ ਤਾਣਾ ਸੁਲੋਕ ਦੀਆਂ ਪੰਗਤੀਆਂ ਦੁਆਲੇ ਹੁੰਦਾ ਹੈ। ਆਖ਼ੀਰ ਵਿਚ "ਫਿਰਿ ਜੋਨਿ ਨ ਆਇਆ - ਹਰਿ ਕੈ ਦਰਸ ਸਮਾਇਆ" ਤੁਕ ਵਿਚ ਇਸ ਤਾਣੇ ਨੂੰ ਸੁਲੋਕ-ਪੰਗਤੀਆਂ ਦੇ ਸੁਲਝਾਉ ਵਿਚ ਪੇਸ਼ ਕਰ ਦਿੱਤੀ ਹੈ। ਇਸ ਤਰ੍ਹਾਂ ਪੂਰੀ ਰਚਨਾ ਵਿਚ ਭਾਵ-ਇਕਾਗਰਤਾ ਇਕ ਸੰਵੇਦਕ-ਇਕਾਈ ਦੇ ਰੂਪ ਵਿਚ ਇਕ ਸੀਮਾਂ ਅੰਦਰ ਹੀ ਨਿਰਧਾਰਿਤ ਰਹਿੰਦੀ ਹੈ।

ਅੰਤ ਵਿਚ ਕਿਹਾ ਜਾ ਸਕਦਾ ਹੈ ਕਿ ਗੁਰੂ ਅਰਜਨ ਦੇਵ ਜੀ ਨੇ ਮਨੁੱਖ ਨੂੰ ਆਦਰਸ਼

---

1. ਗੁਰੂ ਗ੍ਰੰਥ ਸਾਹਿਬ, ਪੰਨਾ 252

ਜੀਵਨ ਜੀਉਣ ਲਈ, ਭੌਤਿਕ ਵਸਤੂਆਂ ਦੀ ਸੀਮਾ ਤੋਂ ਉਪਰ ਉਠ ਕੇ ਪਰਾਭੌਤਿਕ ਸੀਮਾ ਤਕ ਅਪੜਨ ਲਈ ਪ੍ਰੇਰਿਆ ਹੈ। ਉਹਨਾਂ ਨੇ ਮਨੁੱਖ ਨੂੰ ਪਰਮ ਮਨੁੱਖ ਅਰਥਾਤ ਪਰਮਾਤਮਾ ਵਿਚ ਅਭੇਦ ਕਰਨ ਲਈ ਉਸ ਨੂੰ ਤਾਂਘਾਤਮਕ ਲੋਚਾ ਰਾਹੀਂ ਉਕਸਾਇਆ ਹੈ। ਇਸ ਉਦੇਸ਼ ਲਈ ਉਹ ਪ੍ਰਕਿਰਤੀ ਦਾ ਚਿਤ੍ਰਣ ਕਰਦੇ ਹਨ। ਪਰੰਤੂ ਪ੍ਰਕਿਰਤਕ ਪਸਾਰੇ ਦੀ ਹਰ ਇਕ ਚੀਜ਼ ਉਹਨਾਂ ਲਈ ਕਿਸੇ ਨਾ ਕਿਸੇ ਉਪਦੇਸ਼ ਦੀ ਸੂਚਕ ਹੈ। ਪ੍ਰਭੂ-ਪਿਆਰ ਅਤੇ ਪ੍ਰਭੂ-ਭਗਤੀ ਅਜਿਹੇ ਸਾਧਨ ਹਨ ਜਿਹਨਾਂ ਦੁਆਰਾ ਮਨੁੱਖ ਪਰਮਪਦ ਦੀ ਹਾਤੀ ਨੂੰ ਪਹੁੰਚਦਾ ਹੈ। ਇਸ ਤਰ੍ਹਾਂ ਸਰੋਦੀ ਕਾਵਿ ਰਚਨਾ ਦੀ ਸੀਮਾ ਭੌਤਿਕ ਤੋਂ ਪਰਾਭੌਤਿਕ ਪ੍ਰਭੂ ਨਾਲ ਜਾ ਜੁੜਦੀ ਹੈ।

## (ੲ) ਗੁਰੂ ਅਰਜਨ ਦੇਵ ਜੀ ਦੀ ਸਰੋਦੀ ਕਵਿਤਾ ਦੇ ਲੱਛਣ

ਸਰੋਦੀ ਕਾਵਿ ਆਤਮ ਪ੍ਰਧਾਨ ਹੁੰਦਾ ਹੈ। ਆਤਮ-ਅਭਿਵਿਅਕਤੀ ਸਰੋਦੀ ਕਵਿਤਾ ਦਾ ਮੁਢਲਾ ਲਛਣ ਹੈ। ਸਰੋਦੀ ਕਵਿਤਾ ਵਿਚ ਕੋਈ ਇਕਹਿਰਾ ਮੂਡ, ਭਾਵਨਾ ਜਾਂ ਵਿਚਾਰ ਹੀ ਪੇਸ਼ ਕੀਤਾ ਜਾਂਦਾ ਹੈ। ਇਸ ਲਈ ਇਹ ਭਾਵ-ਇਕਾਗਰਤਾ ਦੁਆਰਾ ਪ੍ਰਸਤੁਤ ਹੁੰਦੀ ਹੈ। ਸਰੋਦੀ ਕਵਿਤਾ ਵਿਚ 'ਸ਼ਬਦਾਂ' ਦਾ 'ਸੁਭਾਉ' ਅਰਥਾਂ ਨਾਲ ਬਹੁਤ ਨੇੜੇ ਦਾ ਸੰਬੰਧ ਹੁੰਦਾ ਹੈ। ਸਿੱਟੇ ਵਜੋਂ ਇਹ ਸੰਖਿਪਤਾ ਦਾ ਰੂਪ ਧਾਰਨ ਕਰਦੀ ਹੈ। ਕਲਪਨਾ ਉਭਾਰੀ ਸਰੋਦੀ ਕਵਿਤਾ ਵਿਚ ਪਾਠਕ/ਸ੍ਰੋਤੇ ਨੂੰ ਆਤਮਕ-ਮੰਡਲਾਂ ਦੇ ਦਰਸ਼ਨ ਕਰਾਉਂਦੀ ਹੈ। ਸੰਗੀਤ ਤੇ ਸਰੋਦੀ ਕਵਿਤਾ ਦਾ ਰਿਸ਼ਤਾ ਪਰੰਪਰਾਵਾਦੀ ਹੈ। ਸੋਹਜਾਤਮਕ ਗੁਣ ਸਰੋਦੀ ਕਵਿਤਾ ਨੂੰ ਗ੍ਰਹਿਣਯੋਗ ਬਣਾਉਂਦਾ ਹੈ।

ਗੁਰੂ ਅਰਜਨ ਦੇਵ ਜੀ ਦੀ ਸਰੋਦੀ-ਰਚਨਾ ਦੀਆਂ ਹੇਠ ਲਿਖੀਆਂ ਵਿਸ਼ੇਸ਼ਤਾਵਾਂ ਹਨ:

1. ਆਤਮ-ਅਭਿਵਿਅਕਤੀ
2. ਭਾਵ-ਇਕਾਗਰਤਾ
3. ਸੰਖੇਪਤਾ
4. ਕਲਪਨਾ
5. ਸੰਗੀਤਾਤਮਕਤਾ
6. ਸੋਹਜਾਤਮਕਤਾ

1. ਆਤਮ-ਅਭਿਵਿਅਕਤੀ: ਕਵੀ ਸਮਾਜ ਵਿਚ ਰਹਿੰਦਿਆਂ ਆਪਣੇ ਆਲੇ ਦੁਆਲੇ ਦੇ ਵਾਤਾਵਰਣ ਤੋਂ ਅਲੱਗ ਨਹੀਂ ਰਹਿ ਸਕਦਾ। ਵਾਤਾਵਰਣ ਦੇ ਪ੍ਰਭਾਵ ਸਦਕਾ ਹੀ ਉਹ ਆਪਣੇ ਆਤਮ ਦੁਖ-ਸੁਖ, ਖੁਸ਼ੀ-ਗ਼ਮੀ, ਆਸ਼ਾ-ਨਿਰਾਸ਼ਾ ਤੇ ਪ੍ਰੇਮ-ਘ੍ਰਿਣਾ ਆਦਿ ਹਾਰਦਿਕ ਅਨੁਭੂਤੀਆਂ ਨੂੰ ਸਰੋਦੀ ਕਵਿਤਾ ਦੇ ਮਾਧਿਅਮ ਦੁਆਰਾ ਅਭਿਵਿਅਕਤ ਕਰਕੇ ਚੈਨ ਅਨੁਭਵ ਕਰਦਾ ਹੈ।

ਸਿਖ-ਇਤਿਹਾਸ ਅਨੁਸਾਰ ਗੁਰੂ ਅਰਜਨ ਦੇਵ ਦਾ ਜੀਵਨ ਘਰੇਲੂ ਤੇ ਰਾਜਨੀਤਕ ਕਾਰਨਾਂ ਕਰਕੇ ਸੰਘਰਸ਼ ਪੂਰਨ ਸੀ। ਪਰੰਤੂ ਉਹਨਾਂ ਦੇ ਸੁਭਾਵ ਵਿਚ ਸੰਤਾਂ ਦਾ ਠਹਿਰਾਉ ਵੀ ਸੀ। ਇਸ ਤਰ੍ਹਾਂ ਗੁਰੂ ਜੀ ਨੇ ਦੂਹਰੇ ਜੀਵਨ ਦੀਆਂ ਮੰਜ਼ਲਾਂ ਉਲੰਘੀਆਂ। ਗੁਰੂ ਅਰਜਨ ਬਾਣੀ ਵਿਚ ਸਵੈ-ਪ੍ਰਗਟਾਵਾ ਵੀ ਦੋ ਪੱਧਰਾਂ ਤੇ ਹੋਇਆ।

(ੳ) ਨਿੱਜ-ਜੀਵਨ ਸਬੰਧੀ ਘਟਨਾਵਾਂ ਦਾ ਅਨੁਭਵ ਤੇ ਉਹਨਾਂ ਦਾ ਪ੍ਰਗਟਾ
(ਅ) ਪਰਮਾਤਮਾ ਨਾਲ ਇਕਸੁਰਤਾ ਦਾ ਅਨੁਭਵ ਤੇ ਉਹਦਾ ਪ੍ਰਗਟਾ

(ੳ) ਨਿੱਜ ਜੀਵਨ ਸਬੰਧੀ ਘਟਨਾਵਾਂ ਦਾ ਪ੍ਰਗਟਾ: ਸਿੱਖ-ਇਤਿਹਾਸ ਦੀ ਗਵਾਹੀ ਮੁਤਾਬਕ ਚੰਦੂ ਦੀ ਪ੍ਰੇਰਨਾ ਸਦਕਾ ਸੁਲਹੀਆਂ ਗੁਰੂ ਅਰਜਨ ਦੇਵ ਨੂੰ ਸੰਤਾਪ ਦੇਣ ਲਈ ਗਿਆ। ਸੁਲਹੀ ਖਾਂ ਦੀ ਆਮਦ ਬਾਰੇ ਗੁਰੂ ਜੀ ਦੇ ਸ਼ਰਧਾਲੂਆਂ ਨੂੰ ਪਤਾ ਲੱਗਣ ਤੇ ਉਹਨਾਂ ਨੇ ਸਖ਼ਤੀ ਨਾਲ ਨਿਪਟਣ ਲਈ ਗੁਰੂ ਜੀ ਅੱਗੇ ਕੁਝ ਤਜਵੀਜ਼ਾਂ ਰੱਖੀਆਂ। ਪਰੰਤੂ ਸੁਲਹੀ ਖਾਂ ਰਸਤੇ ਵਿਚ ਹੀ ਕਿਸੇ ਨਾ ਕਿਸੇ ਤਰ੍ਹਾਂ ਮਾਰਿਆ ਗਿਆ। ਇਸ ਗਲ ਦਾ ਪਤਾ ਲਗਣ ਤੇ ਗੁਰੂ ਅਰਜਨ ਦੇਵ ਜੀ ਦੇ ਮਨ ਵਿਚ ਜੋ ਅਨੁਭੂਤੀ ਪੈਦਾ ਹੋਈ ਉਸ ਨੂੰ ਉਹਨਾਂ ਨੇ ਇਸ ਤਰ੍ਹਾਂ ਅਭਿਵਿਅਕਤ ਕੀਤਾ।

ਪ੍ਰਥਮੇ ਮਤਾ ਜਿ ਪਤ੍ਰੀ ਚਲਾਵਉ।
ਦੁਤੀਏ ਮਤਾ ਦੁਏ ਮਾਨੁਖ ਪਹੁੰਚਾਵਉ।
ਤ੍ਰਿਤੀਏ ਮਤਾ ਕੁਛ ਕਰਉ ਉਪਾਇਆ।
ਮੈ ਸਭੁ ਕਿਛੁ ਛੋਡਿ ਪ੍ਰਭ ਤੁਹੀ ਧਿਆਇਆ।
ਮਹਾਂ ਅਨੰਦ ਅਚਿੰਤ ਸਹਜਾਇਆ।
ਦੁਸਮਨ ਦੂਤ ਮੁਏ ਸੁਖੁ ਪਾਇਆ।[1] (ਆਸਾ ਮਹੱਲਾ - 5)

1. ਗੁਰੂ ਗ੍ਰੰਥ ਸਾਹਿਬ, ਪੰਨਾ 371

ਪ੍ਰਿਥੀ ਦੀ ਈਰਖਾ ਵੇਖਕੇ ਗੁਰੂ ਜੀ ਨੇ ਗੁਰੂ ਚੱਕ ਤੋਂ ਬਾਹਰ ਜਾਣ ਦਾ ਮਨ ਬਣਾਇਆ। ਗੁਰੂ ਜੀ ਤਰਨਤਾਰਨ ਤੋਂ ਹੁੰਦੇ ਹੋਏ ਖਡੂਰ ਸਾਹਿਬ ਵਲ ਨਿਕਲ ਗਏ। ਹੇਮਾ ਖੁਬ ਤੇ ਕੱਖਾ ਦੀ ਝੁਗੀ ਜਾਂ ਛੰਨ ਪਾ ਕੇ ਉਥੇ ਰਹਿੰਦਾ ਸੀ। ਗੁਰੂ ਜੀ ਉਸ ਪਾਸ ਗਏ।[1] ਹੇਮੇ ਦੀ ਫ਼ਕਰੀ ਤੇ ਤਿਆਗ ਵੇਖ ਕੇ ਉਹਦੀ ਪਾਟੀ ਹੋਈ ਕੰਬਲੀ ਤੇ ਬਹਿ ਗਏ। ਉਸ ਵੇਲੇ ਗੁਰੂ ਜੀ ਦੇ ਮਨ ਵਿਚ ਜੋ ਜਜ਼ਬਾਤ ਉਠੇ ਉਹਨਾਂ ਦੀ ਅਭਿਵਿਅਕਤੀ ਉਨ੍ਹਾਂ ਨੇ ਇਸ ਤਰ੍ਹਾਂ ਕੀਤੀ।

ਭਲੀ ਸੁਹਾਵੀ ਛਾਪਰੀ ਜਾ ਮਹਿ ਗੁਨ ਗਾਏ।
ਕਿਤਹੀ ਕਾਮਿ ਨ ਧਉਲਹਰ ਜਿਤੁ ਹਰਿ ਬਿਸਰਾਏ।ਰਹਾਉ।
ਅਨਦੁ ਗਰੀਬੀ ਸਾਧ ਸੰਗਿ ਜਿਤੁ ਪ੍ਰਭ ਚਿਤਿ ਆਏ।
ਜਲਿ ਜਾਉ ਇਹੁ ਬਡਪਨਾ ਮਾਇਆ ਲਪਟਾਏ।
ਪੀਸਨੁ ਪੀਸਿ ਓਢਿ ਕਾਮਰੀ ਸੁਖੁ ਮਨੁ ਸੰਤੋਖਾਏ।
ਐਸੋ ਰਾਜੁ ਨ ਕਿਤੈ ਕਾਜਿ ਜਿਤੁ ਨਹ ਤ੍ਰਿਪਤਾਏ।
ਨਗਨ ਫਿਰਤ ਰੰਗਿ ਏਕ ਕੈ ਓਹੁ ਸੋਭਾ ਪਾਏ।
ਪਾਟ ਪਟੰਬਰ ਬਿਰਥਿਆ ਜਿਹ ਰਚਿ ਲੋਭਾਏ।
ਸਭੁ ਕਿਛੁ ਤੁਮਾਰੈ ਹਾਥਿ ਪ੍ਰਭ ਆਪਿ ਕਰੇ ਕਰਾਏ।
ਸਾਸਿ ਸਾਸਿ ਸਿਮਰਤ ਰਹਾ ਨਾਨਕ ਦਾਨੁ ਪਾਏ।[2]

(ਸੂਹੀ ਮਹੱਲਾ 5)

ਉਪਰੋਕਤ ਨਿਜ ਸਵੈ ਪ੍ਰਗਟਾਵੇ ਤੋਂ ਇਲਾਵਾ ਗੁਰੂ ਅਰਜਨ ਦੇਵ ਜੀ ਨੇ 'ਆਸਾ ਰਾਗ' ਤੇ 'ਭੈਰਉ ਰਾਗ' ਵਿਚ ਗੁਰੂ ਹਰਗੋਬਿੰਦ ਸਾਹਿਬ ਦੇ ਜਨਮ ਸਮੇਂ ਤੋਂ ਬਾਅਦ ਉਹਨਾਂ ਨੂੰ ਮਾਰਨ ਦੀਆਂ ਚਾਲਾਂ ਨਾਕਾਮ ਰਹਿਣ ਤੇ, ਤੇ ਹੋਰ ਕਈ ਨਿੱਜੀ ਘਟਨਾਵਾਂ ਨੂੰ ਅਭਿਵਿਅਕਤ ਕੀਤਾ ਹੈ।

1. ਮੈਕਾਲਿਫ, <u>ਸਿਖ ਇਤਿਹਾਸ</u>, ਭਾਗ ਦੂਜਾ, ਪੰਨਾ 242
2. <u>ਗੁਰੂ ਗ੍ਰੰਥ ਸਾਹਿਬ</u>, ਪੰਨਾ 745

(ਅ) ਪਰਮਾਤਮਾ ਨਾਲ ਇਕਸੁਰਤਾ ਦਾ ਪ੍ਰਗਟਾ। ਗੁਰੂ ਅਰਜਨ ਬਾਣੀ ਵਿਚ ਥਾਂ-ਪੁਰ-ਥਾਂ ਪਰਮਾਤਮਾ ਨਾਲ ਇਕਸੁਰਤਾ ਦਾ ਭਾਵ ਮਿਲਦਾ ਹੈ। ਉਹ ਪ੍ਰਭੂ-ਮਹਿਮਾ, ਪ੍ਰਭੂ-ਪ੍ਰੀਤ, ਪ੍ਰਭੂ-ਕ੍ਰਿਪਾ ਤੇ ਪ੍ਰਭੂ-ਮਿਲਾਪ ਆਦਿ ਦਾ ਵਰਨਣ ਕਰਦੇ ਥਕਦੇ ਨਹੀਂ। ਗੁਰੂ ਅਰਜਨ ਦੇਵ ਜਿਥੇ ਆਤਮ-ਅਨੁਭੂਤੀ ਰਾਹੀਂ ਨਾਮ-ਸਿਮਰਨ ਦੀ ਵਡਿਆਈ ਤੇ ਉਹਦਾ ਫਲ ਆਦਿ ਦਾ ਵਰਨਣ ਕਰਦੇ ਹਨ ਉਥੇ ਨਾਮ-ਵਿਹੂਣੇ ਮਨੁੱਖ ਦੀ ਹਾਲਤ ਦਾ ਵੀ ਚਿਤ੍ਰਣ ਕਰਦੇ ਹਨ। ਇਹ ਸਾਰਾ ਕੁਝ ਉਹਨਾਂ ਦੀ ਸਰੋਦੀ ਕਵਿਤਾ ਵਿਚ ਪਰਮਾਤਮਾ ਨਾਲ ਅਭੇਦਤਾ ਦੇ ਅਨੁਭਵ ਦੁਆਰਾ ਅਭਿਵਿਅਕਤ ਹੋਇਆ ਹੈ। ਇਹੋ ਕਾਰਨ ਹੈ ਕਿ ਗੁਰੂ ਜੀ ਕਰੋੜਾਂ ਅਪਰਾਧ ਭਰੇ ਅਪਰਾਧੀਆਂ ਨੂੰ ਵੀ ਬਖਸ਼ਣ ਲਈ ਪਰਮਾਤਮਾ ਅਗੇ ਅਰਦਾਸ ਕਰਦੇ ਹਨ

ਸੁਣਹੁ ਬੇਨੰਤੀਆ ਸੁਆਮੀ ਮੇਰੇ ਰਾਮ।
ਕੋਟਿ ਅਪ੍ਰਾਧ ਭਰੇ ਭੀ ਤੇਰੇ ਚੇਰੇ ਰਾਮ।
ਦੁਖ ਹਰਨ ਕਿਰਪਾ ਕਰਨ, ਮੋਹਨ ਕਲਿ ਕਲੇਸਹ ਭੰਜਨਾ।
ਸਰਨਿ ਤੇਰੀ ਰਖਿ ਲੇਹੁ ਮੇਰੀ, ਸਰਬ ਮੈ ਨਿਰੰਜਨਾ।
ਸੁਨਤ ਪੇਖਤ ਸੰਗਿ ਸਭ ਕੈ, ਪ੍ਰਭ ਨੇੜਹੂ ਤੇ ਨੇੜੇ।
ਅਰਦਾਸਿ ਨਾਨਕ ਸੁਨਿ ਸੁਆਮੀ, ਰਖਿ ਲੇਹੁ ਘਰ ਕੇ ਚੇਰੇ।[1]

(ਬਿਹਾਗੜਾ ਮਹੱਲਾ - 5 ਛੰਤ)

2. ਭਾਵ-ਇਕਾਗਰਤਾ। ਸਰੋਦੀ ਕਵਿਤਾ ਵਿਚ ਕੇਵਲ ਇਕ ਭਾਵਨਾ ਮੂਡ ਜਾਂ ਮਨੋਸਥਿਤੀ ਦਾ ਹੀ ਚਿਤ੍ਰਣ ਹੁੰਦਾ ਹੈ। ਇਹ ਚਿਤ੍ਰਣ ਕਿਸੇ ਸਮਾਂ-ਬਿੰਦੂ (Point of time) ਉਪਰ ਹੀ ਕੇਂਦਰਿਤ ਰਹਿੰਦਾ ਹੈ। ਇਸ ਦੀ ਸੰਰਚਨਾ ਭਾਵਨਾ ਦੇ ਪਰਿਵਰਤਿਤ ਹੋਣ ਨਾਲ ਹੀ ਖ਼ਤਮ ਹੋ ਜਾਂਦੀ ਹੈ। ਸਿੱਟੇ ਵਜੋਂ ਸਰੋਦੀ ਕਵਿਤਾ ਵਿਚ ਭਾਵ-ਇਕਾਗਰਤਾ ਬਣੀ ਰਹਿੰਦੀ ਹੈ।

ਗੁਰੂ ਅਰਜਨ ਦੇਵ ਜੀ ਦੀ ਸਰੋਦੀ-ਰਚਨਾਵਾਂ ਇਕੋ ਬਿੰਦੂ ਉਪਰ ਕੇਂਦਰਿਤ ਰਹਿੰਦੀਆਂ ਹਨ ਤੇ ਉਸੇ ਬਿੰਦੂ ਤੇ ਖਤਮ ਹੁੰਦੀਆਂ ਹਨ। ਗੁਰੂ ਅਰਜਨ ਕਾਵਿ ਵਿਚ ਕੁਝ ਕੁ ਰਚਨਾਵਾਂ ਅਜਿਹੀਆਂ

1. ਗੁਰੂ ਗ੍ਰੰਥ ਸਾਹਿਬ, ਪੰਨਾ 547

ਹਨ (ਸੁਖਮਨੀ, ਬਾਵਨ ਅੱਖਰੀ, ਥਿਤੀ ਆਦਿ) ਜਿਹਨਾਂ ਵਿਚ ਸਮਾਂ ਫੈਲ ਕੇ ਆਪਣਾ ਵਿਕਾਸ ਮਾਰਗ ਬਣਾਉਂਦਾ ਹੈ। ਪਰੰਤੂ ਇਹ ਵਿਕਾਸ-ਮਾਰਗ ਮੁੜ ਕੇ ਪਹਿਲੇ ਮੂਲ-ਭਾਵਾਰਥ ਦੇ ਸਮਅੰਬਿੰਦੂ ਦੇ ਕੇਂਦਰ ਤੇ ਆ ਮੁਕਦਾ ਹੈ।

ਗੁਰੂ ਅਰਜਨ ਬਾਣੀ ਵਿਚ ਭਾਵ-ਇਕਾਗਰਤਾ ਸਹਿਜੇ ਹੀ ਦ੍ਰਿਸ਼ਟੀਗੋਚਰ ਹੁੰਦੀ ਹੈ। ਕਾਵਿ-ਰਚਨਾ ਦੀ 'ਰਹਾਉ' ਦੀ ਤੁਕ ਵਿਚ ਭਾਵ-ਇਕਾਗਰਤਾ ਕਾਇਮ ਰਹਿੰਦੀ ਹੈ। ਇਸ ਦੀ ਪੁਸ਼ਟੀ ਵਜੋਂ ਭਾਵ ਕਿਸੇ ਭਿੰਨ-ਦ੍ਰਿਸ਼ਟੀ ਤੋਂ ਪ੍ਰਗਟ ਹੋ ਕੇ ਵੀ 'ਰਹਾਉ' ਦੀ ਭਾਵ-ਇਕਾਗਰਤਾ ਵਿਚ ਸਮਾ ਜਾਂਦੇ ਹਨ। ਭਾਵਨਾਵਾਂ ਦੇ ਅਨੁਕੂਲ ਸ਼ਬਦ-ਤਰਲਤਾ ਮੌਜੂਦ ਰਹਿੰਦੀ ਹੈ। ਗੁਰੂ ਅਰਜਨ ਬਾਣੀ ਵਿਚ ਭਾਵ-ਇਕਾਗਰਤਾ ਦੇ ਸੰਦਰਭ ਵਿਚ ਕੁਝ ਸ਼ਬਦਾਂ ਦਾ ਵਿਸ਼ਲੇਸ਼ਣ ਯਥਾ-ਯੁਕਤ ਹੋਵੇਗਾ।

ਅਰੜਾਵੈ ਬਿਲਲਾਵੈ ਨਿੰਦਕੁ।
ਪਾਰਬ੍ਰਹਮੁ ਪਰਮੇਸਰੁ ਬਿਸਰਿਆ ਅਪਣਾ ਕੀਤਾ ਪਾਵੈ ਨਿੰਦਕੁ। ਰਹਾਉ।
ਜੇ ਕੋਈ ਉਸ ਕਾ ਸੰਗੀ ਹੋਵੈ ਨਾਲੇ ਲਏ ਸਿਧਾਵੈ।
ਅਣਹੋਦਾ ਅਜਗਰੁ ਭਾਰੁ ਉਠਾਏ ਨਿੰਦਕੁ ਅਗਨੀ ਮਾਹਿ ਜਲਾਵੈ।
ਪਰਮੇਸਰ ਕੈ ਦੁਆਰੈ ਜਿ ਹੋਇ ਬਿਤੀਤੈ ਸੁ ਨਾਨਕੁ ਆਖਿ ਸੁਣਾਵੈ।
ਭਗਤ ਜਨਾ ਕਉ ਸਦਾ ਅਨੰਦੁ ਹੈ ਹਰਿ ਕੀਰਤਨੁ ਗਾਇ ਬਿਗਸਾਵੈ।[1]

(ਆਸਾ ਮਹੱਲਾ 5)

ਉਪਰੋਕਤ ਕਾਵਿ-ਰਚਨਾ ਵਿਚ 'ਰਹਾਉ' ਦੀ ਪੰਕਤੀ ਵਿਚ ਪਰਮਾਤਮਾ ਤੋਂ ਵਿਛੁੜੇ ਨਿੰਦਕ ਦੀ ਭੈੜੀ ਦਸ਼ਾ ਦਾ ਭਾਵ ਹੈ। ਗੁਰੂ ਜੀ ਨੇ ਇਸੇ ਭਾਵ ਨੂੰ ਅਗਲੀਆਂ ਪੰਕਤੀਆਂ ਵਿਚ ਸਮੇਂ ਦੀ ਤੇਜ਼ੀ ਨਾਲ ਫੈਲਾਇਆ ਹੈ ਕਿ ਨਿੰਦਕ ਸੰਗੀ ਸਾਥੀਆਂ ਨੂੰ ਵੀ ਲੈ ਡੁਬਦਾ ਹੈ। ਉਹਦੀ ਦਸ਼ਾ ਇਕ ਅਜਗਰ (ਇਕ ਬਹੁਤ ਵੱਡਾ ਸੱਪ ਜੋ ਮੁਸ਼ਕਲ ਨਾਲ ਹਿਲਜੁਲ ਸਕਦਾ ਹੈ) ਦੇ ਦ੍ਰਿਸ਼ਟਾਂਤ ਰਾਹੀਂ ਤੁਲਨਾਈ ਹੈ। ਨਿੰਦਕ ਨੂੰ ਅਗਨੀ ਵਿਚ ਸੜਦਾ ਵਿਖਾਇਆ ਹੈ। ਇਹ ਸਾਰੇ ਭਾਵ ਮੁਖ ਭਾਵ ਦੀ ਵਿਆਖਿਆ ਕਰਦੇ ਹੋਏ ਅਖੀਰ ਵਿਚ 'ਰਹਾਉ' ਵਿਚ ਹੀ ਸਮਾ ਜਾਂਦੇ ਹਨ।

1. ਬਾਣੀ ਗੁਰੂ ਅਰਜਨ ਦੇਵ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਪੰਨਾ 159

**ਹੋਰ ਉਦਾਹਰਣ**

ਸਭੁ ਕਰਤਾ ਸਭੁ ਭੁਗਤਾ। ਰਹਾਉ।
ਸੁਨਤੋ ਕਰਤਾ, ਪੇਖਤ ਕਰਤਾ। ਅਦ੍ਰਿਸਟੋ ਕਰਤਾ, ਦ੍ਰਿਸਟੋ ਕਰਤਾ।
ਓਪਤਿ ਕਰਤਾ ਪਰਲਉ ਕਰਤਾ। ਬਿਆਪਤ ਕਰਤਾ ਅਲਿਪਤੋ ਕਰਤਾ।
ਬਕਤੋ ਕਰਤਾ ਬੂਝਤ ਕਰਤਾ। ਆਵਤੁ ਕਰਤਾ ਜਾਤੁ ਭੀ ਕਰਤਾ।
ਨਿਰਗੁਨ ਕਰਤਾ ਸਰਗੁਨ ਕਰਤਾ। ਗੁਰਪ੍ਰਸਾਦਿ ਨਾਨਕ ਸਮਦ੍ਰਿਸਟਾ।[1]
(ਗੋਂਡ ਮਹੱਲਾ-5)

ਉਪਰੋਕਤ ਕਾਵਿ ਰਚਨਾ ਵਿਚ 'ਰਹਾਉ' ਦੀ ਪੰਗਤੀ ਵਿਚ ਇਹ ਭਾਵ ਹੈ ਕਿ ਪਰਮਾਤਮਾ ਸਭ ਕੁਝ ਕਰਨਹਾਰ ਹੈ ਤੇ ਉਹ ਸਭ ਸੰਸਾਰਕ ਵਸਤੂਆਂ ਦਾ ਭੋਗਨਹਾਰ ਹੈ। ਇਸੇ ਭਾਵ ਦੀ ਤੀਬਰ ਤੇ ਤੀਖਣ ਅਭਿਵਿਅਕਤੀ ਅਗਲੀਆਂ ਤੁਕਾਂ ਵਿਚ ਹੈ। ਪਰਮਾਤਮਾ ਸੁਨਣਹਾਰ ਹੈ ਤੇ ਪੇਖਣਹਾਰ ਹੈ। ਅਗਮ ਤੇ ਅਗੋਚਰ ਹੈ। ਜਗਤ ਦਾ ਸਿਰਜਨਹਾਰ ਤੇ ਇਸ ਦਾ ਮੇਟਣਹਾਰ ਹੈ। ਭਾਵ ਪਰਮਾਤਮਾ ਸਭ ਕੁਝ ਕਰਨਹਾਰ ਹੈ। ਇਹੀ ਭਾਵ 'ਰਹਾਉ' ਵਿਚ ਆਇਆ ਹੈ। ਗੁਰੂ ਜੀ 'ਰਹਾਉ' ਵਿਚਲੇ ਭਾਵ ਤੋਂ ਰਤਾ ਕੁ ਵੀ ਲਾਂਭੇ ਨਹੀਂ ਜਾਂਦੇ।

ਸਿੱਟੇ ਵਜੋਂ ਇਹ ਕਿਹਾ ਜਾ ਸਕਦਾ ਹੈ ਕਿ ਗੁਰੂ ਅਰਜਨ ਦੇਵ ਦੀ ਸਰੋਦੀ ਕਵਿਤਾ ਵਿਚ ਭਾਵ-ਇਕਾਗਰਤਾ ਹਰ ਸਤਰ ਤੇ ਬਣੀ ਰਹਿੰਦੀ ਹੈ।

3. ਸੰਖੇਪਤਾ। ਭਾਵ ਦੀ ਇਕਾਗਰਤਾ ਕਰਕੇ ਸਰੋਦੀ ਕਵਿਤਾ ਸੰਖੇਪਤਾ ਦੀ ਧਾਰਨੀ ਹੁੰਦੀ ਹੈ। ਪ੍ਰੇਰਕ-ਅਨੁਭੂਤੀ ਤੋਂ ਕਵੀ-ਮਨ ਵਿਚ ਇਕ ਪ੍ਰਤਿਕਿਰਿਆ ਪੈਦਾ ਹੁੰਦੀ ਹੈ। ਇਹ ਪ੍ਰਤਿਕਿਰਿਆ ਉਹਦੇ ਮਨ ਵਿਚ ਉਤਾਰ-ਚੜ੍ਹਾਅ ਪੈਦਾ ਕਰਦੀ ਹੈ। ਪਰੰਤੂ ਵਿਵਿਧਤਾ ਜਾਂ ਵਿਸਤਾਰ ਨਹੀਂ ਆਉਂਦਾ। ਇਸ ਤਰ੍ਹਾਂ ਸਰੋਦੀ ਕਵਿਤਾ ਵਿਚ ਇਕੋ ਹੀ ਖੰਡ-ਚਿਤ੍ਰ ਦਾ ਅੰਕਣ ਕੀਤਾ ਹੁੰਦਾ ਹੈ।

ਗੁਰੂ ਅਰਜਨ ਦੇਵ ਵਿਚ ਘੱਟ ਤੋਂ ਘੱਟ ਸ਼ਬਦਾਂ ਰਾਹੀਂ ਵੱਧ ਤੋਂ ਵੱਧ ਗਲ ਕਹਿਣ ਦੀ ਸਾਮਰਥਾ ਹੈ। ਉਹਨਾਂ ਦੀ ਸਰੋਦੀ ਕਵਿਤਾ ਦਾ ਥੀਮ 'ਰਹਾਉ' ਦੀ ਤੁਕ ਤੋਂ ਹੀ ਅੰਤਮ ਪ੍ਰਵਿਰਤੀ ਦੇ ਤੌਰ ਤੇ ਅਭਿਵਿਅਕਤ ਪ੍ਰਤੀਤ ਹੋਇਆ ਲਗਦਾ ਹੈ। 'ਰਹਾਉ' ਵਿਚਲੇ ਥੀਮ ਦੇ

---

1. ਬਾਣੀ ਗੁਰੂ ਅਰਜਨ ਦੇਵ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਪੰਨਾ 396

ਸੰਦਰਭ ਵਿਚ ਗੁਰੂ ਜੀ ਸਮਰੂਪ ਵਿਚਾਰਾਂ ਦੀ ਅਭਿਵਿਅਕਤੀ ਵੀ ਕਰਦੇ ਹਨ। ਸੰਖੇਪਤਾ ਦਾ ਗੁਣ ਉਹਨਾਂ ਦੀ ਬਾਣੀ ਵਿਚ ਸ਼ਲੋਕਾਂ ਤੋਂ ਵਧੇਰੇ ਨਿਖਰਦਾ ਪ੍ਰਤੀਤ ਹੁੰਦਾ ਹੈ। ਵਿਚਾਰਾਂ ਦੀ ਪੁਸ਼ਟੀ ਲਈ ਗੁਰੂ ਅਰਜਨ ਦੇਵ ਜੀ ਦੀ ਬਾਣੀ ਦੇ ਕੁਝ ਸ਼ਬਦਾਂ ਨੂੰ ਵਾਚਣਾ ਯੋਗ ਹੋਵੇਗਾ:

ਕੋਈ ਬੋਲੈ ਰਾਮ ਰਾਮ ਕੋਈ ਖੁਦਾਇ।
ਕੋਈ ਸੇਵੈ ਗੁਸਈਆ ਕੋਈ ਅਲਾਹਿ।
ਕੋਈ ਪੜੈ ਵੇਦ ਕੋਈ ਕਤੇਬ।
ਕੋਈ ਓਢੈ ਨੀਲ ਕੋਈ ਸੁਪੇਦ।
ਕੋਈ ਕਹੈ ਤੁਰਕ ਕੋਈ ਕਹੈ ਹਿੰਦੂ।
ਕੋਈ ਬਾਛੈ ਭਿਸਤੁ ਕੋਈ ਸੁਰਗਿੰਦੂ।
ਕਹੁ ਨਾਨਕ ਜਿਨਿ ਹੁਕਮ ਪਛਾਤਾ।
ਪ੍ਰਭ ਸਾਹਿਬ ਕਾ ਤਿਨਿ ਭੇਦ ਜਾਤਾ।[1]

(ਰਾਮਕਲੀ ਮਹੱਲਾ- 5)

ਉਪਰੋਕਤ ਕਾਵਿ-ਰਚਨਾ ਵਿਚ ਗੁਰੂ ਜੀ ਨੇ ਕੁਝ ਕੁ ਤੁਕਾਂ ਵਿਚ ਸਾਰੀ ਮਨੁਖਤਾ ਦੇ ਕਰਮਾਂ ਧਰਮਾਂ ਦਾ ਨਿਬੇੜਾ ਕਰ ਦਿਤਾ ਹੈ। ਕਰਮ ਧਰਮ ਤਾਂ ਬਾਹਰੀ ਭੇਖ ਹੈ। ਮਨੁੱਖ ਤਾਂ ਮਨੁੱਖ ਹੈ। ਭਾਵਾਂ ਦੀ ਤੀਖਣ ਵੇਦਨਾ ਤੇ ਆਤਮ ਨਿਵੇਦਨ ਦੀਆਂ ਇਹ ਪੰਕਤੀਆਂ ਸਾਰੀ ਮਨੁੱਖਤਾ ਨੂੰ ਇਕ ਸੂਤ੍ਰ ਵਿਚ ਇਕੱਠਾ ਕਰਨ ਦੀ ਸਮਰਥਾ ਰਖਦੀਆਂ ਹਨ।

ਹੇਠ ਲਿਖੀਆਂ ਕਾਵਿ-ਤੁਕਾਂ ਵਿਚ ਗੁਰੂ ਅਰਜਨ ਦੇਵ ਨੇ ਪ੍ਰਭੂ ਦੇ ਅਸੀਮ ਪਸਾਰੇ ਨੂੰ ਪੇੜ ਤੇ ਸਾਖ ਦੇ ਛੋਟੇ ਜਿਹੇ ਪ੍ਰਤੀਕ ਦੁਆਰਾ ਦ੍ਰਿਸ਼ਟੀਗੋਚਰ ਕਰ ਦਿਤਾ ਹੈ। ਪ੍ਰਭੂ-ਪਿਆਰ ਨੂੰ ਪਾਣੀ ਤੇ ਬੁਲਬਲੇ (ਬੁਲਬਲਾ ਪਾਣੀ ਵਿਚ ਹੀ ਸਮਾ ਜਾਂਦਾ ਹੈ) ਦੇ ਪ੍ਰਤੀਕ ਦੁਆਰਾ ਅਭਿਵਿਅਕਤ ਕੀਤਾ ਹੈ। ਚਾਰ ਕਾਵਿ-ਤੁਕਾਂ ਵਿਚ ਬਹੁਤ ਵੱਡੀ ਵਿਚਾਰਧਾਰਾ ਸਮੋ ਕੇ ਰੱਖ ਦਿੱਤੀ ਹੈ:

ਤੂੰ ਪੇਡੁ ਸਾਖ ਤੇਰੀ ਫੂਲੀ।
ਤੂੰ ਸੂਖਮੁ ਹੋਆ ਅਸਥੂਲੀ।

---

1. ਬਾਣੀ ਗੁਰੂ ਅਰਜਨ ਦੇਵ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਪੰਨਾ 407

ਤੂੰ ਜਲ ਨਿਧਿ ਤੂੰ ਫੇਨੁ ਬੁਦਬੁਦਾ
ਤੁਧੁ ਬਿਨੁ ਅਵਰੁ ਨਾ ਭਾਲੀਐ ਜੀਉ।[1]
(ਮਾਝ ਮਹੱਲਾ - 5)

ਉਪਰੋਕਤ ਵਿਚਾਰ ਦੇ ਆਧਾਰ ਤੇ ਜੇਕਰ ਗੁਰੂ ਅਰਜਨ ਬਾਣੀ ਦੇ ਸੰਖੇਪਤਾ ਦੇ ਗੁਣ ਬਾਰੇ ਗਾਗਰ ਵਿਚ ਸਾਗਰ ਭਰਨ ਦੀ ਗੱਲ ਕਹੀ ਜਾਵੇ ਤਾਂ ਅਤਿਕਥਨੀ ਨਹੀਂ ਹੋਵੇਗੀ।

4. <u>ਕਲਪਨਾ</u>: ਸਰੋਦੀ ਕਵਿਤਾ ਵਿਚ ਸੁਪਨ-ਮੰਡਲ ਬਣਾ ਕੇ ਜਜ਼ਬਾਤਾਂ ਤੇ ਅਨੁਭਵਾਂ ਦਾ ਵਰਨਣ ਕਰਨ ਦੀ ਪ੍ਰਵਿਰਤੀ ਜ਼ਿਆਦਾ ਹੈ। ਕਵੀ ਕਲਪਨਾ ਦੁਆਰਾ ਆਪਣੇ ਮਾਨਸਕ ਤਣਾਓ ਦਾ ਚਿਤ੍ਰਣ ਕਰਦਾ ਹੈ। ਪ੍ਰਭਾਵਸ਼ਾਲੀ ਕਵੀ ਕਿਸੇ ਕਲਪਨਾ ਦੇ ਅਨੇਕ ਨਾਲ ਪੁਰਾਣੀਆਂ ਘਟਨਾਵਾਂ ਅਤੇ ਕਿਸੇ ਵਸਤੂ ਨੂੰ ਅਲੌਕਿਕ ਸੁੰਦਰਤਾ ਨਾਲ ਕਲਾਤਮਕ ਰੂਪ ਵਿਚ ਸਜਾ ਕੇ ਪੇਸ਼ ਕਰਦਾ ਹੈ।[2] ਕਲਪਨਾ ਰਾਹੀਂ ਹੀ ਕਵੀ ਸ੍ਰੋਤਾ/ਪਾਠਕ ਨੂੰ ਸੀਮ ਤੋਂ ਅਸੀਮ, ਲੌਕਿਕ ਤੋਂ ਅਲੌਕਿਕ ਪੱਧਰ ਤਕ ਅਪੜਦਾ ਕਰਦਾ ਹੈ।

ਗੁਰੂ ਅਰਜਨ ਦੇਵ ਆਪਣੀ ਸਰੋਦੀ ਬਾਣੀ ਵਿਚ ਪਾਠਕ/ਸ੍ਰੋਤੇ ਨੂੰ ਕਲਪਨਾ ਦੁਆਰਾ ਅਧਿਆਤਮਕਤਾ ਦਾ ਗਿਆਨ ਕਰਾਉਂਦੇ ਜਾਪਦੇ ਹਨ। ਗੁਰੂ ਬਾਣੀ ਵਿਚ ਹਰਿ 'ਕਾਂਡਿਆਂ' ਦਰਸ਼ਕ ਨੂੰ ਕਲਪਨਾ ਰਾਹੀਂ ਪ੍ਰਭੂ ਦਰ (ਹਿਰਦੇ ਵਿਚ) ਤੇ ਲਿਆ ਖੜਾ ਕਰਦਾ ਹੈ। ਜਿਥੇ ਅਨਹਦ ਵਾਜੇ ਵਜ ਰਹੇ ਹਨ।

ਦਰ ਵਾਜਹਿ ਅਨਹਤ ਵਾਜੇ ਰਾਮ।
ਘਟਿ ਘਟਿ ਹਰਿ ਗੋਬਿੰਦੁ ਗਾਜੇ ਰਾਮ।
ਗੋਵਿਦ ਸਾਜੇ ਸਦਾ ਬਿਰਾਜੇ ਅਗਮ ਅਗੋਚਰੁ ਊਚਾ।
ਗੁਣ ਬੇਅੰਤ ਕਿਛੁ ਕਹਣੁ ਨ ਜਾਈ ਕੋਇ ਨ ਸਕੈ ਪਹੂਚਾ।
ਆਪਿ ਉਪਾਏ ਆਪਿ ਪ੍ਰਤਿਪਾਲੇ ਜੀਅ ਜੰਤ ਸਭਿ ਸਾਜੇ।

---

1. <u>ਗੁਰੂ ਗ੍ਰੰਥ ਸਾਹਿਬ</u>, ਪੰਨਾ 102
2. ਪ੍ਰੋ: ਆਸਾ ਨੰਦ ਵੋਹਰਾ, <u>ਕਾਵਿ ਸਿਰਜਣ-ਪ੍ਰਕਿਰਿਆ</u>, ਪੰਨਾ 167

ਬਿਨਵੰਤਿ ਨਾਨਕ ਸੁਖ ਨਾਮਿ ਭਗਤਿ ਦਰ ਵਜਹਿ ਅਨਹਦ ਵਾਜੇ।[1]

(ਵਡਹੰਸ ਮਹੱਲਾ - 5)

ਗੁਰੂ ਅਰਜਨ ਦੇਵ ਬਾਣੀ ਵਿਚ ਗੁਰੂ ਜੀ ਦਾ ਪ੍ਰਭੂ ਪ੍ਰਤਿ ਪਿਆਰ ਠਾਠਾਂ ਮਾਰਦਾ ਨਜ਼ਰ ਆਉਂਦਾ ਹੈ। ਪ੍ਰਭੂ-ਪਿਆਰ ਦੀ ਸਿੱਕ ਬਦਲੇ ਗੁਰੂ ਜੀ ਆਪੇ ਨੂੰ ਵੇਚ ਕੇ ਅਜਿਹੇ ਖੰਭ ਖਰੀਦਣ ਨੂੰ ਤਿਆਰ ਹਨ ਜਿਹਨਾਂ ਨੂੰ ਆਪਣੇ ਤਨ ਤੇ ਜੜ ਕੇ ਪਿਆਰੇ ਦੇ ਦੇਸ਼ ਪਹੁੰਚਿਆ ਜਾ ਸਕੇ। ਹੇਠ ਲਿਖੀਆਂ ਤੁਕਾਂ ਵਿਚ ਗੁਰੂ ਅਰਜਨ ਦੇਵ ਦੀ ਕਲਪਨਾ-ਉਡਾਰੀ ਪ੍ਰਭੂ-ਪਿਆਰੇ ਨੂੰ ਮਿਲਣ ਲਈ ਉਚੇ ਮੰਡਲਾਂ ਵਿਚ ਉਹਦੇ ਟਿਕਾਣੇ ਤੇ ਪਹੁੰਚਣ ਲਈ ਕੁਰਲਾਉਂਦੀ ਪ੍ਰਤੀਤ ਹੁੰਦੀ ਹੈ।

ਖੰਭ ਵਿਕਾਂਦੜੇ ਜੇ ਲਹਾਂ ਘਿੰਨਾ ਸਾਵੀ ਤੋਲ।
ਤੰਨ ਜੜਾਂਈ ਆਪਣੈ ਲਹਾਂ ਸੁ ਸਜਣ ਟੋਲ।[2]

(ਸਲੋਕ ਵਾਰਾਂ ਤੇ ਵਧੀਕ ਮਹੱਲਾ - 5)

ਗੁਰੂ ਅਰਜਨ ਦੇਵ ਦੀ ਕਲਪਨਾ ਵਿਚ ਜਲ ਦੀ ਕਲਪਨਾ ਦੇ ਸਮੇਂ ਮਛਲੀ, ਚਾਤ੍ਰਿਕ, ਤਰੰਗਾਂ, ਫੇਨ ਤੇ ਬੁਦਬਦਾ ਆਦਿ ਦੀ ਕਲਪਨਾ ਝਟ ਹੀ ਆ ਜਾਂਦੀ ਹੈ।

(ੳ) ਮੋਹਿ ਮਛੁਲੀ ਤੁਮ ਨੀਰ ਤੁਝ ਬਿਨੁ ਕਿਉ ਸਰੈ।
ਮੋਹਿ ਚਾਤ੍ਰਿਕ ਤੁਮ ਬੂੰਦ ਤ੍ਰਿਪਤਾਉ ਮੁਖਿ ਪਰੈ।[3]

(ਬਿਲਾਵਲ ਮਹੱਲਾ - 5 ਛੰਤ)

(ਅ) ਤੂੰ ਜਲ ਨਿਧਿ ਤੂੰ ਫੇਨੁ ਬੁਦਬੁਦਾ
ਤੁਧੁ ਬਿਨੁ ਅਵਰੁ ਨਾ ਭਾਲੀਐ ਜੀਉ।[4]

(ਮਾਝ ਮਹੱਲਾ 5)

1. ਗੁਰੂ ਗ੍ਰੰਥ ਸਾਹਿਬ, ਪੰਨਾ 578
2. ਬਾਣੀ ਗੁਰੂ ਅਰਜਨ ਦੇਵ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਪੰਨਾ 619
3. ਉਹੀ, ਪੰਨਾ 394
4. ਗੁਰੂ ਗ੍ਰੰਥ ਸਾਹਿਬ, ਪੰਨਾ 102

ਗੁਰੂ ਅਰਜਨ ਦੇਵ ਜੀ ਦੀ ਕਲਪਨਾ ਸ਼ਕਤੀ ਸ੍ਰੋਤੇ/ਪਾਠਕ ਨੂੰ ਤਿੰਨਾ ਪੁਰੀਆਂ ਦੀ ਸਥਿਰਤਾ ਪ੍ਰਤਿ ਵਿਡੰਬਨਾ ਤੋਂ ਜਾਣੂੰ ਕਰਾਉਂਦੀ ਹੈ।

> ਇੰਦ੍ਰ ਪੁਰੀ ਮਹਿ ਸਰਪਰ ਮਰਣਾ।
> ਬ੍ਰਹਮਪੁਰੀ ਨਿਹਚਲੁ ਨਹੀਂ ਰਹਣਾ।
> ਸਿਵ ਪੁਰੀ ਕਾ ਹੋਇਗਾ ਕਾਲਾ।
> ਤ੍ਰੈ ਗੁਣ ਮਾਇਆ ਬਿਨਸਿ ਬਿਤਾਲਾ।[1]
> (ਗਉੜੀ ਮਹੱਲਾ-5)

ਉਪਰੋਕਤ ਵਿਚਾਰ ਦੇ ਸਿੱਟੇ ਵਜੋਂ ਇਹ ਕਿਹਾ ਜਾ ਸਕਦਾ ਹੈ ਕਿ ਗੁਰੂ ਅਰਜਨ ਦੇਵ ਦੀ ਸਰੋਦੀ ਕਵਿਤਾ ਵਿਚ ਕਲਪਨਾ ਸ਼ਕਤੀ ਪਾਠਕ/ਸ੍ਰੋਤੇ ਨੂੰ ਉਚ ਆਤਮਕ ਮੰਡਲਾਂ ਦੀ ਸੈਰ ਕਰਾਉਂਦੀ ਹੈ।

5. <u>ਸੰਗੀਤਾਤਮਕਤਾ</u>: ਸੰਗੀਤ ਤੇ ਸਰੋਦੀ ਕਵਿਤਾ ਦਾ ਰਿਸ਼ਤਾ ਅਨਿੱਖੜ ਹੈ। ਗੁਰੂ ਅਰਜਨ ਦੇਵ ਜੀ ਨੇ ਆਪਣੀ ਬਾਣੀ ਵਿਚ ਜੋ ਸੰਗੀਤ ਪੈਟਰਨ ਅਪਣਾਇਆ ਹੈ, ਉਹਦੇ ਬਾਰੇ ਪਿਛੇ ਚਰਚਾ ਹੋ ਚੁਕੀ ਹੈ। ਫਿਰ ਵੀ ਗੁਰੂ ਜੀ ਦੀ ਬਾਣੀ ਦੇ ਇਸ ਪਹਿਲੂ ਤੇ ਸੰਖੇਪ ਜਿਹੀ ਚਰਚਾ ਕਰਨੀ ਮੁਨਾਸਬ ਹੋਵੇਗੀ।

ਸਰੋਦੀ ਕਵਿਤਾ ਸੰਗੀਤਮਈ ਨਹੀਂ ਬਲਕਿ ਸੰਗੀਤਾਤਮਕ ਹੁੰਦੀ ਹੈ।[2] ਗੁਰੂ ਅਰਜਨ ਦੇਵ ਉਚ ਕੋਟੀ ਦੇ ਸੰਗੀਤ ਪੰਡਤ ਮਾਲੂਮ ਹੁੰਦੇ ਹਨ। ਗੁਰੂ ਜੀ ਨੇ ਜਿਥੇ ਬਾਣੀ ਨੂੰ ਸੰਗੀਤ ਦੇ ਆਧਾਰ ਤੇ ਰਾਗਾਂ ਵਿਚ ਉਚਾਰਿਆ ਹੈ ਇਸ ਦੀ ਸੰਰਚਨਾ ਵਿਚ ਸੰਗੀਤਾਤਮਕ ਤੱਤ ਵੀ ਉਤਪੰਨ ਕੀਤਾ। ਡਾ. ਮਹਿੰਦਰ ਕੌਰ ਗਿੱਲ ਦੇ ਸ਼ਬਦਾਂ ਵਿਚ, "ਗੁਰੂ ਗ੍ਰੰਥ ਸਾਹਿਬ ਵਿਚ ਨਾ ਕੇਵਲ ਸਾਹਿਤਕ ਸ਼ੈਲੀਆਂ ਦਾ ਨਿਰੂਪਣ ਹੋਇਆ ਸਗੋਂ ਇਸ ਵਿਚ ਲੋਕ-ਰੂਪਾਂ ਨੂੰ ਮਹੱਤਵਪੂਰਨ ਸਥਾਨ ਪ੍ਰਾਪਤ ਹੈ।"[3] ਇਸ ਤੋਂ ਇਹ ਵੀ ਸਪਸ਼ਟ ਹੁੰਦਾ ਹੈ ਕਿ ਗੁਰੂ ਗ੍ਰੰਥ ਸਾਹਿਬ ਦੀ ਕਾਵਿ-ਪਰੰਪਰਾ ਲੋਕ-ਗੀਤਾਂ ਤੇ ਹੀ ਆਧਾਰਤ ਹੈ।

---

1. <u>ਗੁਰੂ ਗ੍ਰੰਥ ਸਾਹਿਬ</u>, ਪੰਨਾ 237
2. ਡਾ. ਸਚਿਦਾਨੰਦ ਤਿਵਾਰੀ, <u>ਆਧੁਨਿਕ ਹਿੰਦੀ ਕਵਿਤਾ ਮੇਂ ਗੀਤਿ ਤੱਤਵ</u>, ਪੰਨਾ 208
3. <u>ਆਦਿ ਗ੍ਰੰਥ ਲੋਕ ਰੂਪ</u>, ਪੰਨਾ 9-10 (ਭੂਮਿਕਾ)

✓ ਟੇਕ ਗੀਤ ਅਧਿਕ ਸੰਗੀਤਾਤਮਕ ਹੁੰਦੇ ਹਨ। ਉਹਨਾਂ ਦਾ ਅਧਾਰ ਲੰਮੀ ਟੇਕ ਹੁੰਦੀ ਹੈ। ਇਹਨਾਂ ਵਿਚ ਪਹਿਲੀ ਪੰਗਤੀ ਨੂੰ ਗੀਤ ਵਿਚ ਬਾਰ ਬਾਰ ਦੁਹਰਾ ਕੇ ਗਾਇਆ ਜਾਂਦਾ ਹੈ। ਗੁਰਬਾਣੀ ਵਿਚ ਇਹ ਪੰਗਤੀ 'ਰਹਾਉ' ਦੀ ਪੰਗਤੀ ਹੈ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ 'ਰਹਾਉ' ਦਾ ਅਰਥ ਹੈ "ਠਹਿਰਣ ਦਾ ਭਾਵ, ਸ਼ਬਦ, ਪਾਠ ਦੀ ਧਾਰਨਾ, ਟੇਕ ਸਥਾਈ, ਉਹ ਪਦ ਜੋ ਗਾਉਣ ਵੇਲੇ ਵਾਰ ਵਾਰ ਅੰਤਰੇ ਪਿਛੋਂ ਵਰਤਿਆ ਜਾਵੇ।" ਉਹਨਾਂ ਅਨੁਸਾਰ ਗੁਰੂ ਗ੍ਰੰਥ ਸਾਹਿਬ ਵਿਚ ਜੋ 'ਰਹਾਉ' ਸ਼ਬਦ ਆਉਂਦਾ ਹੈ ਉਸ ਦਾ ਇਹੋ ਭਾਵ ਹੈ।

ਸਾਰੀ ਵਿਚਾਰ ਦਾ ਸਿੱਟਾ ਇਹ ਨਿਕਲਦਾ ਹੈ ਕਿ ਗੁਰਬਾਣੀ ਵਿਚ 'ਰਹਾਉ' ਪ੍ਰਬੰਧ ਟੇਕ-ਗੀਤਾਂ ਦੀ ਪਰੰਪਰਾ ਦਾ ਪ੍ਰਤੀਕ ਹੈ। ਇਹ ਗੁਰਬਾਣੀ ਵਿਚ ਸੰਗੀਤਾਤਮਕਤਾ ਨੂੰ ਜਨਮ ਦੇਂਦਾ ਹੈ।

6. ਸੌਹਜਾਤਮਕਤਾ: ਗੁਰੂ ਅਰਜਨ ਬਾਣੀ ਸੌਹਜਾਤਮਕ ਅਰਥਾਤ ਸੁੰਦਰ ਭਾਵ ਵਾਲੀ ਹੀ ਨਹੀਂ ਬਲਕਿ ਇਸ ਵਿਚ ਸੁੰਦਰ ਵਿਚਾਰ, ਕੋਮਲ ਤੇ ਮਿੱਠੀ ਸ਼ਬਦਾਵਲੀ ਤੇ ਸੁੰਦਰ ਕਲਾ ਦੀ ਅਭਿਵਿਅਕਤੀ ਹੋਈ ਹੈ। ਸੌਹਜਾਤਮਕ ਗੁਣ ਕਾਰਨ ਹੀ ਗੁਰੂ ਅਰਜਨ ਬਾਣੀ ਮਨ ਦੀ ਡੂੰਘਾਈਆਂ ਵਿਚ ਉਤਰ ਜਾਣ ਦੀ ਸਮਰਥਾ ਰਖਦੀ ਹੈ। ਸ਼ਾਂਤ ਰਸ ਉਹਨਾਂ ਦੀ ਬਾਣੀ ਵਿਚ ਅੰਮ੍ਰਿਤ-ਬੂੰਦ ਵਾਂਗੂੰ ਟਪਕਦਾ ਰਹਿੰਦਾ ਹੈ।

ਝਿੰਮ ਝਿੰਮ ਅੰਮ੍ਰਿਤ ਵਰਸਦਾ। ਬੋਲਾਇਆ ਬੋਲੀ ਖਸਮ ਦਾ।
ਬਹੁ ਮਾਣੁ ਕਿਆ ਤੁਧ ਉਪਰੇ ਤੂੰ ਆਪੇ ਪਾਇਹਿ ਪਾਰਿ ਜੀਉ।[1]

(ਸਿਰੀ ਰਾਗ ਮਹੱਲਾ - 5)

ਉਪਰੋਕਤ ਕਾਵਿ ਤੁਕਾਂ ਵਿਚ ਸ਼ਾਂਤ ਰਸ ਤੋਂ ਇਲਾਵਾ ਸ਼ਬਦਾਂ ਦੀ ਕੋਮਲਤਾ ਤੇ ਮਧੁਰਤਾ ਪਾਠਕ/ਸ੍ਰੋਤੇ ਨੂੰ ਕੀਲਣ ਦੀ ਸਮਰੱਥਾ ਰਖਦੀ ਹੈ। ਸਾਵਣ ਦੇ ਮੌਸਮ ਵਿਚ ਬਰਸਾਤ ਦੀ ਸੁਹਾਵਣੀ ਫੁਹਾਰ ਦਾ ਸੁਹਾਵਣਾ ਦ੍ਰਿਸ਼ ਅੱਖਾਂ ਮੋਹਰੇ ਹੋ ਜਾਂਦਾ ਹੈ।

ਗੁਰੂ ਅਰਜਨ ਬਾਣੀ ਵਿਚ ਇਹ ਗੁਣ ਇਕਸਾਰ ਚਲਦਾ ਰਹਿੰਦਾ ਹੈ। ਇਸ ਦੀ ਚਾਲ ਕਿਤੇ ਵੀ ਨਾ ਮੱਠੀ ਪੈਂਦੀ ਹੈ ਨਾ ਰੁਕਦੀ ਹੈ। ਇਹ ਗੁਣ ਗੁਰੂ ਅਰਜਨ ਬਾਣੀ ਵਿਚ ਛੰਤਾਂ ਵਿਚ

---

1. ਗੁਰੂ ਗ੍ਰੰਥ ਸਾਹਿਬ, ਪੰਨਾ 74

ਵਧੇਰੇ ਮਾਤਰਾ ਵਿਚ ਪਾਇਆ ਜਾਂਦਾ ਹੈ:

ਅਨਦੋ ਅਨਦ ਘਣਾ ਮੈ ਸੋ ਪ੍ਰਭ ਡੀਠਾ ਰਾਮ
ਚਾਖਿਅੜਾ ਚਾਖਿਅੜਾ ਮੈ ਹਰਿ ਰਸੁ ਮੀਠਾ ਰਾਮ।[1]

(ਰਾਗ ਆਸਾ ਛੰਤ ਮਹੱਲਾ - 5 ਘਰ - 1)

ਸੁਹਜਾਤਮਕ ਗੁਣ, ਗੁਰੂ ਅਰਜਨ ਬਾਣੀ ਵਿਚ ਹਰ ਪੱਧਰ ਤੇ ਮੌਜੂਦ ਰਹਿੰਦਾ ਹੈ। ਇਹ ਉਹਨਾਂ ਦੀ ਗੁਰਬਾਣੀ ਨੂੰ ਗ੍ਰਹਿਣ-ਯੋਗ ਬਣਾਉਂਦਾ ਹੈ।

ਉਪਰੋਕਤ ਵਿਚਾਰ ਦਾ ਇਹ ਸਿੱਟਾ ਨਹੀਂ ਨਿਕਲਦਾ ਕਿ ਇਹ ਗੁਣ ਉਹਨਾਂ ਦੀ ਬਾਣੀ ਵਿਚ ਅਲਗ ਅਲਗ ਥਾਵਾਂ ਤੇ ਪਾਏ ਜਾਂਦੇ ਹਨ। ਬਲਕਿ ਇਹ ਸਾਰੇ ਗੁਣ ਉਹਨਾਂ ਦੀ ਬਾਣੀ ਵਿਚ ਇਕੱਠੇ ਇਕ-ਸੁਰਤਾ ਵਿਚ ਪਰੋਏ ਹੋਏ ਹਨ। ਇਹਨਾਂ ਗੁਣਾਂ ਦੀ ਵਧੇਰੇ ਸਪਸ਼ਟਤਾ ਲਈ ਤੇ ਇਹਨਾਂ ਦੀ ਅੰਤਰੀਵ-ਅਰਥਾਂ ਤਕ ਪਹੁੰਚਣ ਲਈ ਸ੍ਰੋਤੇ/ਪਾਠਕ ਨੂੰ ਆਪਣਾ ਸਮੁੱਚਾ-ਜੀਵਨ ਗੁਰਬਾਣੀ ਦੇ ਆਦਰਸ਼ ਨਾਲ ਇਕਸੁਰ ਕਰਨਾ ਜ਼ਰੂਰੀ ਹੈ। ਇਹ ਇਕਸੁਰਤਾ ਹੌਲੀ ਹੌਲੀ ਪੱਕੀ ਹੁੰਦੀ ਹੈ। ਗੁਰੂ ਜੀ ਫ਼ਰਮਾਉਂਦੇ ਹਨ:

ਮਨ ਤੇ ਭੈ ਭਉ ਦੂਰ ਪਰਾਇਓ।
ਲਾਲ ਦਇਆਲ ਗੁਲਾਲ ਲਾਡਿਲੇ ਸਹਜਿ ਸਹਜਿ ਗੁਨ ਗਾਇਓ।[2]

(ਸਾਰੰਗ ਮਹੱਲਾ - 5)

---

1. <u>ਗੁਰੂ ਗ੍ਰੰਥ ਸਾਹਿਬ</u>, ਪੰਨਾ 452
2. <u>ਬਾਣੀ ਗੁਰੂ ਅਰਜਨ ਦੇਵ</u>, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, ਪੰਨਾ 547

## ਅਧਿਆਇ ਚੌਥਾ

### ਵਿਸ਼ੇ ਦੇ ਨਿਭਾ ਮੁਤਾਬਕ ਸਰੋਦੀ ਅੰਸ਼ ਦੀ ਉਤਪਤੀ

(1) ਜੀਵਨੀ ਸਬੰਧਿਤ ਕਾਵਿ ਵਿਚ ਸਰੋਦ ਤੇ ਉਸ ਦਾ ਨਿਭਾ

(2) ਕਰਮ ਫਿਲਾਸਫ਼ੀ ਸਬੰਧਿਤ ਕਾਵਿ ਵਿਚ ਸਰੋਦ ਤੇ ਉਸ ਦਾ ਨਿਭਾ

(3) ਪਰਮਾਤਮਾ ਦੇ ਵਰਨਣ ਨਾਲ ਸਬੰਧਿਤ ਕਾਵਿ ਵਿਚ ਸਰੋਦ ਤੇ ਉਸ ਦਾ ਨਿਭਾ

(4) ਮਾਇਆ ਦੇ ਸਰੂਪ ਵਰਨਣ ਨਾਲ ਸਬੰਧਿਤ ਕਾਵਿ ਵਿਚ ਸਰੋਦ ਤੇ ਉਸ ਦਾ ਨਿਭਾ

(5) ਉਪਦੇਸ਼ ਨਾਲ ਸਬੰਧਿਤ ਕਾਵਿ ਵਿਚ ਸਰੋਦ ਤੇ ਉਸਦਾ ਨਿਭਾ

(6) ਗੁਰੂ ਵਰਨਣ ਨਾਲ ਸਬੰਧਿਤ ਕਾਵਿ ਵਿਚ ਸਰੋਦ ਤੇ ਉਸ ਦਾ ਨਿਭਾ

   (ੳ) ਗੁਰੂ ਦਾ ਪਰਮਾਤਮਾ ਰੂਪ

   (ਅ) ਗੁਰੂ ਦਾ ਮਨੁੱਖੀ ਰੂਪ

(7) ਸਾਧੂ, ਸੰਤ ਤੇ ਬ੍ਰਹਮ ਗਿਆਨੀ ਵਰਨਣ ਨਾਲ ਸਬੰਧਿਤ ਕਾਵਿ ਵਿਚ ਸਰੋਦ ਤੇ ਉਸਦਾ ਨਿਭਾ

(8) ਬੇਨਤੀ ਨਾਲ ਸਬੰਧਿਤ ਕਾਵਿ ਵਿਚ ਸਰੋਦ ਤੇ ਉਸ ਦਾ ਨਿਭਾ

(9) ਆਸੁਰੀਗੁਣ ਵਰਨਣ ਨਾਲ ਸਬੰਧਿਤ ਕਾਵਿ ਵਿਚ ਸਰੋਦ ਤੇ ਉਸ ਦਾ ਨਿਭਾ

(10) ਹੁਕਮ ਵਿਧਾਨ ਨਾਲ ਸਬੰਧਿਤ ਕਾਵਿ ਵਿਚ ਸਰੋਦ ਤੇ ਉਸ ਦਾ ਨਿਭਾ

(11) ਸ੍ਰਿਸ਼ਟੀ ਰਚਨਾ ਨਾਲ ਸਬੰਧਿਤ ਕਾਵਿ ਵਿਚ ਸਰੋਦ ਤੇ ਉਸ ਦਾ ਨਿਭਾ

## ਵਿਸ਼ੇ ਦੇ ਨਿਭਾਅ ਮੁਤਾਬਕ ਸਰੋਦੀ ਅੰਸ਼ ਦੀ ਉਤਪਤੀ

ਸਰੋਦੀ ਕਵਿਤਾ ਵਿਚ ਕਵੀ ਮਨੋ-ਕਲਪਨਾ ਦੀ ਆਤਮ-ਅਭਿਵਿਅਕਤੀ ਸੂਚਕ ਸ਼ਬਦਾਂ ਨਾਲ ਸ਼ਿੰਗਾਰ ਕੇ ਪੇਸ਼ ਕਰਦਾ ਹੈ। ਉਹ ਸ਼ਬਦਾਂ ਨੂੰ ਚੁਣਦਾ ਹੈ, ਤੋਲਦਾ ਹੈ, ਛਿਲਦਾ ਹੈ ਤਰਾਸ਼ਦਾ ਹੈ, ਲਿਸ਼ਕਾਂਦਾ ਤੇ ਛੁਟਿਆਂਦਾ ਹੈ ਤਾਂ ਜੋ ਵਿਸ਼ੇ ਵਸਤੂ ਨਾਲ ਉਸਦੀ ਬਣਤਰ ਮੇਲ ਖਾ ਜਾਵੇ।

ਗੁਰੂ ਅਰਜਨ ਦੇਵ ਕਾਵਿ-ਕਲਾ ਦੀ ਚਮਤਕਾਰੀ ਜਿਥੇ ਰਚਨਾਂ ਵਿਚ ਵਿਭਿੰਨ ਵਿਸ਼ਿਆਂ ਦਾ ਨਿਭਾਅ ਹੈ ਉਥੇ ਉਸ ਦੀ ਸੂਚਕ ਸਮੱਗਰੀ ਵਿਸ਼ੇ-ਵਸਤੂ ਨਾਲ ਪੂਰਨ ਤੌਰ ਤੇ ਸੁਮੇਲ ਖਾਂਦੀ ਹੈ। ਸਿਟੇ ਵਜੋਂ ਰਚਨਾ ਵਿਚ ਸੋਹਜਾਤਮਕ ਪ੍ਰਭਾਵ ਬੱਝਦਾ ਹੈ। ਇਹਨਾਂ ਕਲਾਤਮਕ ਵਿਸ਼ੇਸ਼ਤਾਵਾਂ ਸਦਕਾ ਹੀ ਗੁਰੂ ਅਰਜਨ ਦੇਵ ਜੀ ਨੇ ਆਪਣੀ ਬਾਣੀ ਵਿਚ ਸਰੋਦ ਪੈਦਾ ਕੀਤਾ ਹੈ। ਗੁਰੂ ਜੀ ਨੇ ਮਨੁੱਖ ਦੀਆਂ ਮਾਨਸਿਕ ਪਰਿਸਥਿਤੀਆਂ ਨੂੰ ਭੌਤਿਕਤਾ ਵਲੋਂ ਮੋੜ ਕੇ ਪਰਾਭੌਤਿਕਤਾ ਵਲ ਪਲਟਾਉਣ ਲਈ ਅੰਤਰੀਵੀ ਕ੍ਰਾਂਤੀਕਾਰ ਰਚਨਾ ਪੈਦਾ ਕੀਤੀ।

ਗੁਰੂ ਅਰਜਨ ਬਾਣੀ ਵਿਚਲੇ ਵਿਸ਼ੇ ਦੇ ਨਿਭਾਅ ਤੇ ਸਰੋਦੀ ਅੰਸ਼ ਦੀ ਉਤਪਤੀ ਨੂੰ ਵਿਚਾਰਨ ਤੋਂ ਪਹਿਲਾਂ ਇਕ ਗੱਲ ਫਿਰ ਸਪਸ਼ਟ ਕਰਨੀ ਮੁਨਾਸਬ ਹੋਵੇਗੀ ਕਿ ਸਰੋਦੀ ਅੰਸ਼, ਕਲਪਨਾ, ਭਾਵਨਾ, ਸੰਗੀਤਾਤਮਕਤਾ ਤੇ ਸੋਹਜਾਤਮਕਤਾ ਆਦਿ ਕਾਵਿਕ-ਤੱਤਾਂ ਦੁਆਰਾ ਪੈਦਾ ਹੁੰਦਾ ਹੈ। ਸਰੋਦੀ ਅੰਸ਼ ਕਵਿਤਾ ਦੇ ਸਮੁਚ ਵਿਚੋਂ ਅਭਿਵਿਅਕਤ ਹੁੰਦਾ ਹੈ। ਭਾਵ-ਪੂਰਨ ਤੇ ਅਰਥ ਭਰਪੂਰ ਸ਼ਬਦਾਂ ਦੀ ਵਿਅੰਜਨਾ ਸ਼ਕਤੀ ਕਵਿਤਾ ਵਿਚ ਸਰੋਦੀ ਅੰਸ਼ ਪੈਦਾ ਕਰਦੀ ਹੈ। ਇਸ ਤਰ੍ਹਾਂ ਸਰੋਦੀ ਅੰਸ਼ ਇਉਂ ਨਹੀਂ ਵਿਚਰਦਾ ਕਿ ਉਸ ਨੂੰ ਕਵਿਤਾ ਨਾਲੋਂ ਤੋੜ ਕੇ ਉਸ ਦੀ ਅਖੰਡਤਾ ਬਰਕਾਰ ਰੱਖੀ ਜਾ ਸਕੇ। ਭਾਵ-ਪੂਰਨ ਸ਼ਬਦਾਂ ਦੇ ਬਦਲ ਨਾਲ, ਭਾਵੇਂ ਕਵਿਤਾ ਵਿਚ ਕਹੀ ਗੱਲ ਵਿਚ ਫ਼ਰਕ ਨਾ ਪਵੇ ਪਰੰਤੂ ਸਰੋਦੀ ਕਵਿਤਾ ਦੀ ਸੋਹਜਾਤਮਕਤਾ ਤੇ ਜ਼ਰੂਰ ਫ਼ਰਕ ਪੈ ਜਾਵੇਗਾ।

ਕਵਿਤਾ ਦੇ ਅੰਤਰਗਤ ਸਰੋਦੀ ਅੰਸ਼ ਦੀ ਕਾਰਜਸ਼ੀਲਤਾ ਦੇ ਇਕ ਹੋਰ ਪਾਸਾਰ ਵਲ ਵੀ ਧਿਆਨ ਦੁਆਉਣਾ ਮੁਨਾਸਬ ਹੋਵੇਗਾ। ਇਹ ਪੱਖ ਹੈ ਸ਼ਬਦਾਂ ਦੇ ਭਿੰਨ ਭਿੰਨ ਕਾਵਿਕ-ਪ੍ਰਭਾਵ ਮੰਡਲ ਦੇ ਟਾਕਰੇ ਉਸ ਕਵਿਤਾ ਦੇ ਸਾਰੇ ਸ਼ਬਦਾਂ, ਬਿੰਬਾਂ ਜਾਂ ਪ੍ਰਤੀਕਾਂ ਦੀ ਇਕ ਦੂਜੇ ਨਾਲ ਜੋੜ

ਵਿਚੋਂ ਉਭਰਣ ਵਾਲਾ ਸਮੁਚ ਕਾਵਿਕ ਪ੍ਰਭਾਵ-ਮੰਡਲ ਜਿਸ ਵਿਚੋਂ ਸਰੋਦੀ ਅੰਸ਼ ਉਤਪੰਨ ਹੁੰਦਾ ਹੈ। ਕਹਿਣ ਤੋਂ ਭਾਵ ਹੈ ਕਿ ਸਰੋਦੀ ਅੰਸ਼ ਕਿਸੇ ਕਵਿਤਾ ਦੇ ਭਿੰਨ ਭਿੰਨ ਅੰਗਾਂ ਦੇ ਜੋੜ ਵਿਚ ਨਹੀਂ ਹੁੰਦਾ ਸਗੋਂ ਉਸ ਇਕਾਗਰਕਾਰੀ ਪ੍ਰਕਿਰਿਆ ਵਿਚ ਹੁੰਦਾ ਹੈ ਜਿਸ ਦੁਆਰਾ ਇਹ ਸਾਰੇ ਅੰਗ ਇਕ ਦੂਜੇ ਨਾਲ ਅਲੌਕਿਕ ਸਬੰਧ ਵਿਚ ਜੁੜਦੇ ਹਨ। ਇਹਨਾਂ ਵਿਚਾਰਾਂ ਦੇ ਸੰਦਰਭ ਵਿਚ ਹੀ ਗੁਰੂ ਅਰਜਨ ਬਾਣੀ ਵਿਚਲੇ ਵਿਸ਼ੇ ਤੇ ਸਰੋਦੀ ਅੰਸ਼ ਦੇ ਨਿਭਾਅ ਨੂੰ ਵਿਚਾਰਨਾ ਹੈ।

ਗੁਰੂ ਅਰਜਨ ਦੇਵ ਜੀ ਦੀ ਕਲਪਨਾ ਵਿਚ ਹੇਠ ਲਿਖੇ ਵਿਸ਼ਿਆਂ ਦੀ ਕਸਵੀਂ ਪਕੜ ਹੈ: 1. ਜੀਵਨ ਸੰਬੰਧਿਤ ਕਾਵਿ, 2. ਕਰਮ ਫ਼ਿਲਾਸਫ਼ੀ, 3. ਪਰਮਾਤਮਾ, 4. ਮਾਇਆ, 5. ਉਪਦੇਸ਼, 6. ਗੁਰੂ, 7. ਸਾਧੂ-ਸੰਤ ਤੇ ਬ੍ਰਹਮ ਗਿਆਨੀ, 8. ਬੇਨਤੀ, 9. ਅਸੁਰਗੁਣ, 10. ਹੁਕਮ ਵਿਧਾਨ, 11. ਸ੍ਰਿਸ਼ਟੀ-ਰਚਨਾ।

ਉਪਰੋਕਤ ਵੰਡ-ਵਿਸ਼ੇ ਨੂੰ ਸਰੋਦੀ ਕਵਿਤਾ ਦੇ ਲੱਛਣਾਂ ਮੁਤਾਬਕ ਵਾਚਣਾ ਹਥਲੇ ਸੋਧ-ਪ੍ਰਬੰਧ ਦਾ ਕਾਰਜ ਖੇਤਰ ਹੈ ਜਿਸ ਨੂੰ ਅਗੇ ਪ੍ਰਸਤੁਤ ਕੀਤਾ ਜਾਵੇਗਾ।

### 1. ਜੀਵਨੀ ਸਬੰਧਿਤ ਕਾਵਿ ਵਿਚ ਸਰੋਦ ਤੇ ਉਸ ਦਾ ਨਿਭਾਅ

ਉਂਝ ਤਾਂ ਕਿਸੇ ਕਵੀ ਦੀ ਸਾਰੀ ਕਾਵਿ-ਰਚਨਾ ਉਦੇਸ਼ਾਤਮਕ ਹੁੰਦੀ ਹੈ। ਪਰੰਤੂ ਕਈ ਵਾਰੀ ਕਵੀ ਕਿਸੇ ਖ਼ਾਸ ਉਦੇਸ਼ ਨਾਲ ਮੌਕਾ-ਮੇਲ ਕਾਵਿ ਰਚਨਾ ਦੀ ਸਿਰਜਣਾ ਵੀ ਕਰਦਾ ਹੈ। ਇਹਨਾਂ ਦੋਹਾਂ ਪ੍ਰਕਾਰ ਦੀ ਕਵਿਤਾ ਵਿਚ ਵੰਡ-ਰੇਖਾ ਖਿਚਣੀ ਤਾਂ ਭਾਵੇਂ ਔਖੀ ਹੈ। ਪਰੰਤੂ ਕਿਸੇ ਕਵੀ ਦੇ ਜੀਵਨ ਇਤਿਹਾਸ ਨੂੰ ਉਸ ਦੀ ਕਾਵਿ-ਰਚਨਾ ਨਾਲ ਮੇਲ ਕੇ ਵਾਚਿਆਂ ਦੋਹਾਂ ਪ੍ਰਕਾਰ ਦੀ ਕਾਵਿ-ਰਚਨਾ ਵਿਚ ਕੁਝ ਫ਼ਰਕ ਜ਼ਰੂਰ ਨਜ਼ਰ ਆ ਜਾਂਦਾ ਹੈ। ਸੀ.ਡੀ. ਲੇਵਿਸ[1] ਇਸ ਦੂਜੀ ਪ੍ਰਕਾਰ ਦੀ ਕਵਿਤਾ ਨੂੰ "ਮੌਕਾ-ਮੇਲ ਕਵਿਤਾ ਜਿਸਦਾ ਮਤਲਬ ਹੈ ਕਿ ਕਵਿਤਾ ਕਿਸੇ ਖ਼ਾਸ ਮੌਕੇ ਲਈ ਲਿਖੀ ਗਈ" ਕਹਿੰਦਾ ਹੈ। ਗੁਰੂ ਅਰਜਨ ਦੇਵ ਜੀ ਦੇ ਜੀਵਨ ਇਤਿਹਾਸ ਦੇ ਵਰਕੇ ਫਰੋਲਦਿਆਂ ਸਾਨੂੰ ਇਸ ਪ੍ਰਕਾਰ ਦੀ ਕੁਝ ਕਾਵਿ-ਰਚਨਾ ਦੇ ਦਰਸ਼ਨ ਹੁੰਦੇ ਹਨ। ਹਰ ਕਾਵਿ-ਕ੍ਰਿਤ

1. "Another kind of poetry-with-a-purpose is called occasional poetry, which means poetry written for some special occasion."

<u>Poetry for You</u>, p. 87

ਕਵੀ ਦੇ ਨਿੱਜੀ ਅਨੁਭਵ ਤੋਂ ਹੀ ਪੈਦਾ ਹੁੰਦੀ ਹੈ। ਗੁਰੂ ਅਰਜਨ ਦੇਵ ਨੇ ਜੀਵਨ ਵਿਚ ਪੰਜਾਬ ਦੇ ਕੈਠ ਸੁਹੰਣੇ ਤੇ ਸੁਹਾਵਣੇ ਮੌਸਮਾਂ ਦਾ ਰੰਗ ਮਾਣਿਆ। ਸਿੱਟੇ ਵਜੋਂ ਉਹਨਾਂ ਦੇ ਇਸ ਅਨੁਭਵ ਨੇ, ਭਿੰਨੀ ਰੈਣੜੀਏ, ਚਮਕਨ ਤਾਰੇ, ਝਿਮ ਝਿਮ ਅੰਮ੍ਰਿਤ ਵਰਸਦਾ, ਸਾਵਣ ਸਰਸੀ ਕਾਮਣੀ, ਮੌਘੜੀਆਂ ਸੁਹਾਵੀਆਂ ਆਦਿ ਕਾਵਿ-ਤੁਕਾਂ ਦੀ ਸਿਰਜਣਾ ਕਰਵਾਈ। ਪਰੰਤੂ ਅਜਿਹਾ ਅਨੁਭਵ ਕਵੀ ਦੇ ਜੀਵਨ ਇਤਿਹਾਸ ਦੇ ਕਿਸੇ ਖਾਸ ਸਮੇਂ ਨਾਲ ਸਬੰਧਤ ਕਰਨਾ ਕਠਿਨ ਜਾਪਦਾ ਹੈ। ਗੁਰੂ ਅਰਜਨ ਦੇਵ ਜੀ ਦੀਆਂ ਕੁਝ ਰਚਨਾਵਾਂ ਇਹੋ ਜੇਹੀਆਂ ਹਨ ਜਿਹਨਾਂ ਨੂੰ ਸਪਸ਼ਟ ਤੌਰ ਤੇ ਉਹਨਾਂ ਦੀਆਂ ਜੀਵਨ ਘਟਨਾਵਾਂ ਨਾਲ ਜੋੜਿਆ ਜਾ ਸਕਦਾ ਹੈ।

ਗੁਰੂ ਅਰਜਨ ਦੇਵ ਨੇ ਨਿੱਜ-ਜੀਵਨ ਜੀਂਦਿਆਂ, ਸਮਾਜਕ ਭਲਾਈ ਲਈ ਅਣਗਿਣਤ ਕੰਮ ਕਰਦਿਆਂ ਇਤਨਾ ਸੁੰਦਰ ਕਾਵਿ ਰਚਿਆ ਜਿਸਦੀ ਮਿਸਾਲ ਔਖੀ ਹੀ ਮਿਲੇਗੀ। ਉਹਨਾਂ ਦਾ ਜੀਵਨ ਆਦਿ ਤੋਂ ਅੰਤ ਤਕ ਸੰਘਰਸ਼-ਭਰਪੂਰ ਸੀ। ਪਰੰਤੂ ਪਰੰਪਰਾ ਕਾਰਨ ਸੁਭਾਓ ਵਿਚ ਅੰਤਾਂ ਦਾ ਠਰੰਮਾ ਸੀ। ਸੰਘਰਸ਼-ਭਰਪੂਰ ਜੀਵਨ ਤੇ ਅੰਦਰੂਨੀ ਸ਼ਾਂਤੀ ਦਾ ਸੰਤੁਲਨ ਉਹਨਾਂ ਦੀ ਕਵਿਤਾ ਦੇ ਭਾਵਕ ਅਤੇ ਚਿਤ੍ਰਾਤਮਕ ਵਿਕਾਸ ਨਾਲ ਸਬੰਧਿਤ ਹੈ। ਨਿੱਜ ਜੀਵਨ ਸਬੰਧੀ ਘਟਨਾਵਾਂ ਦਾ ਪ੍ਰਗਟਾ ਉਹਨਾਂ ਦੀ ਬਾਣੀ ਵਿਚੋਂ ਲਭਿਆ ਜਾ ਸਕਦਾ ਹੈ। ਇਹਨਾਂ ਵਿਚੋਂ ਕੁਝ ਕੁ ਤੇ ਵਿਚਾਰ ਕਰਕੇ ਸਾਡਾ ਮੰਤਵ ਇਹ ਵੇਖਣਾ ਹੈ ਕਿ ਗੁਰੂ ਜੀ ਨੇ ਇਹਨਾਂ ਘਟਨਾਵਾਂ ਨੂੰ ਜੋੜ ਵਾਂ ਕੱਥ ਕੇ ਇਹਨਾਂ ਵਿਚਲੇ ਵਿਸ਼ੇ ਨੂੰ ਸਰੋਦੀ ਰੰਗ ਵਿਚ ਰੰਗ ਕੇ ਕਿਵੇਂ ਪ੍ਰਗਟਾਇਆ।

ਸਿਖ ਇਤਿਹਾਸ[1] ਅਨੁਸਾਰ ਗੁਰੂ ਅਰਜਨ ਦੇਵ ਆਪਣੇ ਗੁਰੂ-ਪਿਤਾ ਰਾਮਦਾਸ ਜੀ ਦੀ ਆਗਿਆ ਦਾ ਪਾਲਨ ਕਰਦੇ ਹੋਏ ਲਹੌਰ ਆਪਣੇ ਤਾਏ ਦੇ ਲੜਕੇ ਦੇ ਵਿਆਹ ਤੇ ਗਏ। ਉਥੇ ਰਹਿੰਦਿਆਂ ਗੁਰ-ਵਿਯੋਗ ਵਿਚ ਵਿਆਕੁਲ ਕਾਵਿ-ਸ਼ੈਲੀ ਵਿਚ ਮੋਹ ਭਿੱਜੇ ਤੇ ਵੈਰਾਗਮਈ ਪੱਤਰ ਲਿਖੇ। ਦੋ ਪੱਤਰ ਪ੍ਰਿਥੀ ਚੰਦ ਦੇ ਹੱਥ ਲਗ ਗਏ। ਤੀਜੀ ਚਿੱਠੀ ਗੁਰੂ ਰਾਮਦਾਸ ਦੀ ਹਜ਼ੂਰੀ ਵਿਚ ਪਹੁੰਚੀ। ਪੱਤਰ ਦਾ ਚੌਥਾ ਪਦ ਗੁਰੂ ਰਾਮ ਦਾਸ ਦੇ ਕਹਿਣ ਮੁਤਾਬਕ ਪੂਰਾ ਕੀਤਾ। ਗੁਰੂ ਅਰਜਨ ਦੇਵ ਜੀ ਨੇ ਇਸ ਕਾਵਿ-ਪੱਤਰ ਵਿਚ ਵਿਛੋੜੇ ਦੀਆਂ ਕਸਕਾਂ ਤੇ ਮਿਲਾਪ ਦੀ ਖ਼ੁਸ਼ੀ ਨੂੰ ਸਰੋਦਕ-ਤੁਕਾਂ ਰਾਹੀਂ ਅਭਿਵਿਅਕਤ ਕੀਤਾ। ਜਜ਼ਬੇ ਦੀ ਬਹੁਲਤਾ ਕਾਰਨ ਕਵੀ ਮਨ ਵਿਚੋਂ ਡੂੰਘੀ ਹੂਕ ਉਠਦੀ ਹੈ।

1. ਮੈਕਾਲਿਫ, *ਸਿੱਖ ਇਤਿਹਾਸ ਭਾਗ ਦੂਜਾ*, ਪੰਨਾ 204
ਪ੍ਰਕਾਸ਼ਕ: ਫੁਲਵਾੜੀ ਏਜੰਸੀ, ਅੰਮ੍ਰਿਤਸਰ, 1929

ਮੇਰਾ ਮਨੁ ਲੋਚੈ ਗੁਰ ਦਰਸਨ ਤਾਈ।
ਬਿਲਪ ਕਰੇ ਚਾਤ੍ਰਿਕ ਕੀ ਨਿਆਈ।
ਤ੍ਰਿਖਾ ਨ ਉਤਰੈ ਸਾਂਤਿ ਨ ਆਵੈ
ਬਿਨੁ ਦਰਸਨ ਸੰਤ ਪਿਆਰੇ ਜੀਉ। 1।
ਹਉ ਘੋਲੀ ਜੀਉ ਘੋਲਿ ਘੁਮਾਈ
ਗੁਰ ਦਰਸਨ ਸੰਤ ਪਿਆਰੇ ਜੀਉ।ਰਹਾਉ।

ਤੇਰਾ ਮੁਖੁ ਸੁਹਾਵਾ ਜੀਉ ਸਹਜ ਧੁਨਿ ਬਾਣੀ।
ਚਿਰੁ ਹੋਆ ਦੇਖੇ ਸਾਰਿੰਗਪਾਣੀ।
ਧੰਨੁ ਸੁ ਦੇਸੁ ਜਹਾ ਤੂੰ ਵਸਿਆ ਮੇਰੇ ਸਜਣ
ਮੀਤ ਮੁਰਾਰੇ ਜੀਉ।2।

... ... ...

ਇਕ ਘੜੀ ਨ ਮਿਲਤੇ ਤਾ ਕਲਿਜੁਗੁ ਹੋਤਾ।
ਹੁਣਿ ਕਦਿ ਮਿਲੀਐ ਪ੍ਰਿਅ ਤੁਧੁ ਭਗਵੰਤਾ।
ਮੋਹਿ ਰੈਣਿ ਨ ਵਿਹਾਵੈ ਨੀਦ ਨ ਆਵੈ
ਬਿਨੁ ਦੇਖੇ ਗੁਰ ਦਰਬਾਰੇ ਜੀਉ।3।

... ... ...

ਭਾਗੁ ਹੋਆ ਗੁਰਿ ਸੰਤੁ ਮਿਲਾਇਆ।
ਪ੍ਰਭੁ ਅਬਿਨਾਸੀ ਘਰ ਮਹਿ ਪਾਇਆ।
ਸੇਵ ਕਰੀ ਪਲੁ ਚਸਾ ਨ ਵਿਛੁੜਾ
ਜਨ ਨਾਨਕ ਦਾਸ ਤੁਮਾਰੇ ਜੀਉ।4।
ਹਉ ਘੋਲੀ ਜੀਉ ਘੋਲਿ ਘੁਮਾਈ
ਜਨ ਨਾਨਕ ਦਾਸ ਤੁਮਾਰੇ ਜੀਉ।ਰਹਾਉ।[1]
(ਮਾਝ ਮਹੱਲਾ-5)

ਗੁਰਬਾਣੀ ਵਿਚ ਜੇਕਰ ਅਸੀਂ 'ਮਹੱਲਾ' ਸ਼ਬਦ ਨੂੰ ਪਰੱਖ ਕਰਕੇ ਵਾਚੀਏ ਤਾਂ ਕਾਵਿ-ਰਚਨਾ ਦੀ ਨਿੱਜਤਾ ਦੀ ਸਮੱਸਿਆ ਖੜ੍ਹੀ ਹੋ ਜਾਂਦੀ ਹੈ। ਸਰੋਦੀ ਕਵਿਤਾ ਦੀ ਇਹ ਕੋਟਰੀ

1. <u>ਗੁਰੂ ਗ੍ਰੰਥ ਸਾਹਿਬ</u>, ਪੰਨਾ 96-97

ਸਮਾਜਿਆ ਹੈ। ਸਰੋਦੀ ਕਵਿਤਾ ਵਿਚ ਕਵੀ ਆਪਣੇ ਅਨੁਭਵ ਨੂੰ ਉਤਮ ਪੁਰਖ ਅਰਥਾਤ 'ਕਾਵਿ-ਮੈਂ' ਦੁਆਰਾ ਸਿਰਜਣ-ਪ੍ਰਕ੍ਰਿਆ ਵਿਚ ਲਿਆਉਂਦਾ ਹੈ। ਇਹ 'ਕਾਵਿ-ਮੈਂ' ਕੌਣ ਹੈ ਤੇ ਇਹ ਕਿਸ ਤਸਵੀਰ ਦੇ ਮਾਧਿਅਮ ਦੁਆਰਾ ਅਨੁਭਵ ਨੂੰ ਅਭਿਵਿਅਕਤ ਕਰਦੀ ਹੈ? ਗੁਰਬਾਣੀ ਵਿਚ ਇਹ ਇਕ ਕੇਂਦਰੀ ਨੁਕਤਾ ਹੈ ਜਿਸ ਨੂੰ ਵਿਚਾਰਨਾ ਮੁਨਾਸਬ ਹੋਵੇਗਾ।

ਇਸ 'ਕਾਵਿ-ਮੈਂ' ਨੂੰ ਰਹੱਸਵਾਦੀ-ਗੀਤ ਦਾ ਜਾਂ ਸਰੋਦੀ ਕਵਿਤਾ ਦਾ ਹੀਰੋ ਕਿਹਾ ਜਾ ਸਕਦਾ ਹੈ। ਗੁਰਬਾਣੀ ਵਿਚ ਨਾਇਕ ਦਾ ਨਾਂ ਪਦੇ ਜਾਂ ਸ਼ਬਦ ਦੀ ਅਖ਼ੀਰਲੀ ਨਿਰਣਾਤਮਕ ਤੁਕ ਵਿਚ ਲਭਿਆ ਜਾ ਸਕਦਾ ਹੈ। ਇਹ ਨਿੱਜ-ਵਿਅਕਤਤਵ ਦੇ ਬੰਨ੍ਹ ਦੀ ਤਾਕਤ ਨੂੰ ਸਿਧ ਕਰਦਾ ਹੈ। ਉਪਰੋਕਤ ਕਾਵਿ-ਕ੍ਰਿਤ ਵਿਚ ਕਵੀ 'ਨਾਨਕ ਪਦ' ਥਲੇ ਆਪਣੀ ਰਚਨਾ ਕਰਦਾ ਹੈ। ਇਹ ਨਾਂ ਨਿੱਜ ਵਿਅਕਤਤਵ ਨਾਂ ਨੂੰ ਤਾਂ ਬਿਆਨ ਨਹੀਂ ਕਰਦਾ। ਪਰੰਤੂ ਉਹਨਾਂ ਦੇ ਆਤਮਕ ਅਨੁਭਵ ਦੀ ਅਭਿਵਿਅਕਤੀ ਜ਼ਰੂਰ ਕਰਦਾ ਹੈ।

ਇਸ ਕਾਵਿ-ਕ੍ਰਿਤ ਵਿਚ ਵਿਛੋੜੇ ਭਾਵ ਦੀ ਅਭਿਵਿਅਕਤੀ ਹੈ। ਕਵੀ ਨੇ ਨਿੱਜ-ਵਿਛੋੜੇ ਦੀਆਂ ਕਸਕਾਂ ਨੂੰ 'ਕਾਵਿ-ਮੈਂ' ਰਾਹੀਂ ਅਭਿਵਿਅਕਤ ਕੀਤਾ ਹੈ। ਸਰੋਦੀ ਕਵਿਤਾ ਦੇ ਲੱਛਣ ਮੁਤਾਬਕ ਇਹ ਕਾਵਿ-ਰਚਨਾ ਸਰੋਦੀ ਸਿਧ ਹੁੰਦੀ ਹੈ।

ਇਸ ਰਚਨਾ ਦੇ ਚਾਰ ਬੰਦ ਹਨ। ਇਸ ਦੀ ਪਿਠ-ਭੂਮੀ ਪਿਛੇ ਕਲਪਨਾ ਸ਼ਕਤੀ ਕੰਮ ਕਰਦੀ ਹੈ। ਰਚਨਾ ਤੋਂ ਪਹਿਲਾਂ ਦਾ ਸੁਖਾਤਮਕ ਮੇਲ, ਫਿਰ ਵਿਛੋੜਾ ਤੇ ਉਸ ਤੋਂ ਬਾਅਦ ਫਿਰ ਮਿਲਾਪ। ਪਹਿਲੇ ਬੰਦ ਵਿਚ ਗੁਰੂ ਜੀ ਦੀ ਕਲਪਨਾ ਵਿਚ ਬੂੰਦ ਵਿਹੂਣਾ ਚਾਤ੍ਰਿਕ ਆਉਂਦਾ ਹੈ। ਇਸ ਪ੍ਰਤੀਕ ਦੁਆਰਾ ਕਵੀ ਆਪਣੇ ਵਿਛੋੜੇ ਨੂੰ ਅਭਿਵਿਅਕਤ ਕਰਦਾ ਹੈ। ਦੂਜੇ ਬੰਦ ਵਿਚ ਗੁਰੂ-ਕਵੀ ਆਪਣੇ ਗੁਰੂ-ਪਿਤਾ ਨੂੰ ਸਾਰਿੰਗਪਾਣੀ (ਪਰਮਾਤਮਾ ਦਾ ਪ੍ਰਤੀਕ) ਦੇ ਪ੍ਰਤੀਕ ਦੁਆਰਾ ਕਲਪਨਾ ਵਿਚ ਲਿਆਉਂਦੇ ਹਨ। ਤੀਜੇ ਬੰਦ ਵਿਚ 'ਘੜੀ ਨਾ ਮਿਲਤੇ' 'ਕਲਿਜੁਗ ਹੋਤਾ' 'ਨੀਦ ਨਾ ਆਵੈ' ਆਦਿ ਸ਼ਬਦ ਵਿਛੋੜਾ-ਤੜਪ ਨੂੰ ਸਾਕਾਰ ਕਰਦੇ ਹਨ। ਚੌਥੇ ਬੰਦ ਵਿਚ ਵਿਛੋੜਾ ਮਿਲਾਪ ਦੀਆਂ ਘੜੀਆਂ ਵਿਚ ਬਦਲ ਜਾਂਦਾ ਹੈ। 'ਭਾਗ ਹੋਆ', ਸੰਤ ਮਿਲਾਇਆ, ਹਮ ਨਾ ਵਿਛੁੜਾ ਆਦਿ ਸ਼ਬਦ ਮਿਲਾਪ ਵਿਚ ਸੁਖ ਅਵਸਥਾ ਨੂੰ ਸਾਕਾਰ ਕਰਦੇ ਹਨ।

ਇਸ ਰਚਨਾ ਦੇ ਪਹਿਲੇ ਬੰਦ ਵਿਚ ਤਾਈ,ਨਿਆਈ, ਆਵੈ, ਜੀਉ ਆਦਿ ਤੁਕਾਂਤਕ ਸ਼ਬਦਾਂ ਵਿਚ ਦੀਰਘ ਸ੍ਵਰਾਂ ਦੀ ਸਹਾਇਤਾ ਨਾਲ ਸੰਗੀਤਕ ਲੈਅ ਪੈਦਾ ਕੀਤੀ ਹੈ। ਦੂਜੇ ਬੰਦ ਵਿਚ 'ਬਾਣੀ' ਤੇ 'ਸਾਰਿੰਗਪਾਣੀ' ਤੁਕਾਂਤਕ ਸ਼ਬਦ ਸੰਗੀਤ ਦੇ ਨਾਲ ਨਾਲ ਅਰਥ ਲੈਅ ਵੀ ਪੈਦਾ ਕਰਦੇ ਹਨ।

ਇਸ ਰਚਨਾ ਦੀ ਤੀਜੀ ਵਿਲੱਖਣਤਾ ਸੰਖੇਪਤਾ ਹੈ। ਕਵੀ ਨੇ ਚਾਤ੍ਰਿਕ, ਸਾਰਿੰਗਪਾਣੀ ਤੇ ਕਲਿਜੁਗ ਆਦਿ ਪ੍ਰਤੀਕਾਂ ਦੁਆਰਾ ਵਿਛੋੜੇ ਦੀ ਪੀੜ ਨੂੰ ਸੰਖੇਪ (ਪਰੰਤੂ ਜੋ ਵਿਸ਼ਾਲ ਅਰਥਾਂ ਦੇ ਧਾਰਨੀ ਪ੍ਰਤੀਕਾਂ) ਵਿਚ ਅਭਿਵਿਅਕਤ ਕੀਤਾ ਹੈ।

ਇਸ ਤਰ੍ਹਾਂ ਇਸ ਰਚਨਾ ਵਿਚ 'ਰਾਗਣੀ' ਨੇ ਵਿਸ਼ੇ-ਵਸਤੂ ਮੁਤਾਬਕ ਸੰਗੀਤਾਤਮਕ ਸੰਖੇਪ ਸੂਚਕ ਸਮੱਗਰੀ ਦੁਆਰਾ ਤੇ ਵਿਛੋੜੇ ਵਿਚ ਤੜਪ ਦੀ ਭਾਵਨਾ ਦੁਆਰਾ ਸਰੋਦੀ ਰੰਗ ਪੈਦਾ ਕੀਤਾ ਹੈ।

ਸਿਖ ਇਤਿਹਾਸ[1] ਮੁਤਾਬਕ (ਗੁਰੂ) ਹਰਿਗੋਬਿੰਦ ਸਾਹਿਬ ਦੇ ਪ੍ਰਗਟ ਹੋਣ ਸਮੇਂ ਗੁਰੂ ਅਰਜਨ ਦੇਵ ਨੇ ਅਕਾਲ-ਪੁਰਖ ਦਾ ਧੰਨਵਾਦ ਕਰਦਿਆਂ ਹੇਠਲਾ ਸ਼ਬਦ ਉਚਾਰਿਆ ਸੀ।

ਸਗਲ ਅਨੰਦੁ ਕੀਆ ਪਰਮੇਸਰ ਅਪਣਾ ਬਿਰਦੁ ਸਮ੍ਹਾਰਿਆ।
ਸਾਧ ਜਨਾ ਹੋਏ ਕਿਰਪਾਲਾ ਬਿਗਸੇ ਸਭਿ ਪਰਵਾਰਿਆ।
ਕਾਰਜ ਸਤਿਗੁਰ ਆਪਿ ਸਵਾਰਿਆ।
ਬਡੀ ਆਰਜਾ ਹਰਿ ਗੋਬਿੰਦ ਕੀ ਸੂਖ ਮੰਗਲ ਕਲਿਆਣ ਬੀਚਾਰਿਆ।
ਵਣ ਤ੍ਰਿਣ ਤ੍ਰਿਭਵਣ ਹਰਿਆ ਹੋਏ ਸਗਲੇ ਜੀਅ ਸਾਧਾਰਿਆ।
ਮਨ ਇਛੇ ਨਾਨਕ ਫਲ ਪਾਏ ਪੂਰਨ ਇਛ ਪੁਜਾਰਿਆ।[2]

(ਬਿਲਾਵਲ ਮਹੱਲਾ 5)

ਉਪਰੋਕਤ ਕਾਵਿ-ਕ੍ਰਿਤ ਵਿਚ ਬੱਚੇ ਦੇ ਜਨਮ ਉਪਰੰਤ ਪ੍ਰਭੂ ਦੇ ਸ਼ੁਕਰਾਨੇ ਵਜੋਂ ਪ੍ਰਸੰਨਤਾ ਭਰਪੂਰ ਸ਼ਬਦ ਹਨ। ਇਸ ਕਵਿਤਾ ਦੇ ਦੋ ਬੰਦ ਹਨ। ਪਹਿਲੇ ਵਿਚ ਪਰਮੇਸ਼ੁਰ ਦਾ ਸ਼ੁਕਰਾਨਾ ਤੇ ਦੂਜਾ, ਜਨਮ ਤੋਂ ਬਾਅਦ ਖੁਸ਼ੀ-ਭਰਪੂਰ ਵਾਤਾਵਰਣ ਉਸਾਰਦਾ ਹੈ। ਸਾਰੀ ਬਨਸਪਤੀ ਦਾ ਹਰੀ ਹੋਣਾ ਪ੍ਰਤੀਕ ਵਾਤਾਵਰਣ ਨੂੰ ਅਨੰਦਾਤਮਕ ਬਣਾ ਦੇਂਦਾ ਹੈ।

ਇਸ ਸਰੋਦੀ ਰਚਨਾ ਵਿਚ ਜੀਵਨ ਦੇ ਦੋ ਪੱਖਾਂ ਦਾ ਚਿਤ੍ਰਣ ਹੈ। ਇਸ ਦੇ ਪਰੋਖ ਵਿਚ ਚਿੰਤਾ ਸੀ। ਪਰੰਤੂ ਇਹ ਚਿੰਤਾ ਖੁਸ਼ੀ ਵਿਚ ਬਦਲ ਗਈ ਹੈ। ਸਰੋਦੀ ਕਵਿਤਾ ਵਿਚ ਕੋਈ ਗੱਲ

---

1. ਮੈਕਾਲਿਫ, ਸਿਖ ਇਤਿਹਾਸ, ਭਾਗ ਦੂਜਾ, ਪੰਨਾ 258
2. ਗੁਰੂ ਗ੍ਰੰਥ ਸਾਹਿਬ, ਪੰਨਾ 806

ਪ੍ਰਤਖ ਰੂਪ ਵਿਚ ਨਹੀਂ ਕਹੀ ਜਾਂਦੀ ਸਗੋਂ ਪਰੋਖ ਰੂਪ ਵਿਚ ਸੁਣਾਈ ਜਾਂਦੀ ਹੈ। ਇਸ ਰਚਨਾ ਵਿਚ ਕੋਈ ਵੀ ਪੰਕਤੀ ਪ੍ਰਤੱਖ ਸੰਬੋਧਨ ਨਹੀਂ ਦਰਸਾਉਂਦੀ। ਸੰਬੋਧਨ-ਬਿਰਤੀ ਅਨੁਸਾਰ ਇਸ ਕਵਿਤਾ ਦਾ ਰੂਪਾਕਾਰ ਸਰੋਦੀ-ਕਾਵਿ ਵਾਲਾ ਸਿਧ ਹੁੰਦਾ ਹੈ।

ਸੰਖੇਪਤਾ ਇਸ ਸਰੋਦੀ ਕਵਿਤਾ ਦਾ ਇਕ ਹੋਰ ਗੁਣ ਹੈ। ਗੁਰੂ ਅਰਜਨ ਦੇਵ ਨੇ ਕੇਵਲ ਦੋ ਬੰਦਾਂ ਵਿਚ ਵਡੇਰੀ ਗੱਲ ਨੂੰ ਸਮੋਇਆ ਹੈ। ਬੱਚੇ ਦੀ ਪੈਦਾਇਸ਼ ਤੋਂ ਪਹਿਲੀ ਚਿੰਤਾ ਜੋ "ਕਾਰਜ ਸਤਿਗੁਰੁ ਆਪ ਸਵਾਰਿਆ" ਵਿਚੋਂ ਝਲਕਦੀ ਹੈ, ਪੈਦਾਇਸ਼ ਤੋਂ ਉਪਰੰਤ ਖੁਸ਼ੀਆਂ ਭਰੇ ਮਾਹੌਲ ਵਿਚ ਲੋਪ ਹੋ ਜਾਂਦੀ ਹੈ। ਇਹ ਸਾਰਾ ਕਾਰਜ ਭਾਵ-ਇਕਾਗਰਤਾ ਦੁਆਰਾ ਨੇਪਰੇ ਚੜ੍ਹਦਾ ਹੈ। ਇਸ ਦੇ ਇਕਾਗਰਕਾਰੀ ਸੁਭਾਉ ਦੀ ਸਮੁਚੀ ਤਲਾਸ਼ ਮਨੋਵਿਗਿਆਨਕ ਮਹੱਤਤਾ ਦੀ ਹੈ, ਕਿਉਂਕਿ ਇਸ ਦਾ ਉਦੇਸ਼ ਅੰਤਰਿਕ ਸੰਤੁਲਨ, ਮਾਨਸਿਕ ਸ਼ਾਂਤੀ ਦੀ ਪ੍ਰਾਪਤੀ ਅਤੇ ਸਹਿਜ ਅਵਸਥਾ ਵਿਚ ਸਥਿਤ ਹੋਣਾ ਹੋ ਨਿਬੜਦਾ ਹੈ।

ਇਸ ਕਵਿਤਾ ਵਿਚ, ਸਮਹਾਰਿਆ, ਪਰਵਾਰਿਆ, ਸਵਾਰਿਆ, ਬੀਚਾਰਿਆ, ਸਾਧਾਰਿਆ ਅਤੇ ਪੁਜਾਰਿਆ ਆਦਿ ਸ਼ਬਦ ਕੇਵਲ ਤੁਕਾਂਤ ਪੈਦਾ ਕਰਨ ਲਈ ਨਹੀਂ ਸਗੋਂ ਅਰਥ-ਲੈਅ ਵੀ ਪੈਦਾ ਕਰਦੇ ਹਨ।

ਉਪਰੋਕਤ ਚਰਚਾ ਦਾ ਨਚੋੜ ਇਹ ਨਿਕਲਦਾ ਹੈ ਕਿ ਗੁਰੂ ਅਰਜਨ ਦੇਵ ਜੀ ਦੀ ਇਸ ਰਚਨਾ ਵਿਚ ਸਰੋਦਮਕਤਾ ਪ੍ਰਤਿਬਿੰਬਤ ਵਿਸ਼ਾ ਉਘਾੜਨ ਵਿਚ ਪੂਰਨ ਤੌਰ ਤੇ ਸਹਾਇਕ ਸਿਧ ਹੁੰਦਾ ਹੈ। 'ਸਗਲ ਅਨੰਦ ਕੀਆ ਪਰਮੇਸਰ' ਤੁਕ ਵਿਚ ਏਕਿਕਤਾ ਤੇ ਕਾਵਿਕਤਾ ਇਕ ਦੂਜੇ ਵਿਚ ਸਮਾਏ ਹੋਏ ਹਨ। ਕਾਵਿਕਤਾ-ਸਿਧਾਂਤ ਕਾਵਿਕਤਾ-ਖੁਸ਼ੀ ਪ੍ਰਦਾਨ ਕਰਾਉਂਦਾ ਹੈ। ਇਹ ਖੁਸ਼ੀ-ਭਰਪੂਰ ਵਾਤਾਵਰਣ ਇਸ ਸਰੋਦੀ ਕਵਿਤਾ ਦਾ ਵਿਸ਼ਾ ਹੈ।

ਬਦਲੇ ਦੀ ਭਾਵਨਾ ਨਾਲ ਪ੍ਰਿਥੀ ਚੰਦ ਨੇ ਲਾਹੌਰ ਦੇ ਅਧਿਕਾਰ ਸੁਲਹੀ ਖਾਂ ਨਾਲ ਗੁਪਤਗੂ ਕਰਕੇ ਗੁਰੂ ਅਰਜਨ ਦੇਵ ਨੂੰ ਨਜ਼ਰਬੰਦ ਕਰਨਾ ਜਾਂ ਮੁਕਾ ਦੇਣ ਲਈ ਤਿਆਰ ਕੀਤਾ।[1] ਸੰਗਤ ਨੂੰ ਇਸ ਗੱਲ ਦਾ ਪਤਾ ਲਗਿਆ ਤੇ ਗੁਰੂ ਅਰਜਨ ਦੇਵ ਨੂੰ ਕੁਝ ਤਜਵੀਜ਼ਾਂ ਦਿੱਤੀਆਂ। ਪਰੰਤੂ ਗੁਰੂ ਜੀ ਪਰਮਾਤਮਾ ਦੇ ਅਨਿੰਨ ਭਗਤ ਸਨ। ਉਹਨਾਂ ਨੇ ਸਭ ਕੁਝ ਪ੍ਰਭੂ ਦੀ ਮਰਜ਼ੀ ਤੇ

1. ਮੈਕਾਲਿਫ, ਸਿਖ ਇਤਿਹਾਸ, ਭਾਗ ਦੂਜਾ, ਪੰਨਾ 319

ਛਡ ਦਿੱਤਾ।[1] ਸੁਲਹੀ ਖਾਂ ਆ ਰਿਹਾ ਸੀ। ਲਾਹੌਰ ਦੇ ਕੋਲ ਪਿੰਡ ਹੇਹਰ ਵਿਚ ਜਦੋਂ ਭੱਠਾ ਵੇਖਣ ਗਿਆ ਤਾਂ ਉਸ ਦਾ ਘੋੜਾ ਭੁੜਕਿਆ ਤੇ ਭਠੇ ਵਿਚ ਜਾ ਪਿਆ। ਸੁਲਹੀ ਖਾਂ ਝੁਲਸ ਕੇ ਮਰ ਗਿਆ। ਹੇਠ ਲਿਖੀ ਕਵਿਤਾ ਇਸ ਇਤਿਹਾਸਕ ਘਟਨਾ ਤੇ ਅਧਾਰਤ ਹੈ।

ਸੁਲਹੀ ਤੇ ਨਰਾਇਣ ਰਾਖੁ।
ਸੁਲਹੀ ਕਾ ਹਾਥੁ ਕਹੀ ਨ ਪਹੁਚੈ ਸੁਲਹੀ ਹੋਇ ਮੂਆ ਨਾਪਾਕੁ। ਰਹਾਉ।
ਕਾਢਿ ਕੁਠਾਰੁ ਖਸਮਿ ਸਿਰੁ ਕਾਟਿਆ ਖਿਨ ਮਹਿ ਹੋਇ ਗਇਆ ਹੈ ਖਾਕੁ।
ਮੰਦਾ ਚਿਤਵਤ ਚਿਤਵਤ ਪਚਿਆ ਜਿਨਿ ਰਚਿਆ ਤਿਨਿ ਦੀਨਾ ਧਾਕੁ।
ਪੁਤ੍ਰ ਮੀਤ ਧਨੁ ਕਿਛੂ ਨ ਰਹਿਓਸੁ ਛੋਡਿ ਗਇਆ ਸਭ ਭਾਈ ਸਾਕੁ।
ਕਹੁ ਨਾਨਕ ਤਿਸੁ ਪ੍ਰਭ ਬਲਿਹਾਰੀ ਜਿਨਿ ਜਨ ਕਾ ਕੀਨੋ ਪੂਰਨ ਵਾਕ।[2]

(ਬਿਲਾਵਲ ਮਹੱਲਾ 5)

ਉਪਰੋਕਤ ਕਵਿਤਾ ਵਿਚ ਵਕਤਾ ਦੇ ਬੋਲ ਸਰੋਤਾ ਦੁਆਰਾ ਪਰੋਖ ਰੂਪ ਵਿਚ ਸੁਣੇ ਜਾ ਰਹੇ ਹਨ। ਇਸ ਕਰਕੇ ਸੰਬੋਧਨ-ਬਿਰਤੀ ਅਨੁਸਾਰ ਇਹ ਕਵਿਤਾ ਸਰੋਦੀ ਹੈ।

ਇਸ ਕਵਿਤਾ ਵਿਚ ਆਤਮਕ-ਜਗਤ ਦਾ ਇਹ ਵਿਚਾਰ ਪ੍ਰਗਟਾਇਆ ਗਿਆ ਹੈ ਕਿ ਜੇ ਕੋਈ ਕਿਸੇ ਦਾ ਮੰਦਾ ਚਿਤਵਦਾ ਹੈ ਉਹ ਖੁਦ ਉਸ ਮੰਦੇ ਦਾ ਸ਼ਿਕਾਰ ਹੁੰਦਾ ਹੈ। ਇਸ ਵਿਚਲਾ ਪਾਤਰ ਸੁਲਹੀ (ਖਾਂ) ਗੁਰੂ ਜੀ ਬਾਰੇ ਮਾੜੀ ਧਾਰਨਾ ਧਰਕੇ ਤੁਰਦਾ ਹੈ। ਪਰੰਤੂ ਪ੍ਰਭੂ ਦੀ ਕਰਨੀ ਦੁਆਰਾ ਉਹ ਖੁਦ ਹੀ ਇਸ ਮਾੜੀ ਧਾਰਨਾ ਦਾ ਸ਼ਿਕਾਰ ਹੁੰਦਾ ਹੈ। ਸੁਲਹੀ ਖਾਂ ਸਭ ਕੁਝ ਇਥੇ ਹੀ ਛਡ ਅਗਲੀ ਦੁਨੀਆਂ ਵਿਚ ਪਹੁੰਚ ਜਾਂਦਾ ਹੈ।

ਜਿਥੋਂ ਤਕ ਇਸ ਰਚਨਾ ਦੀ ਸੰਰਚਨਾ ਦਾ ਸਬੰਧ ਹੈ ਇਸਵਿਚ ਬਦੀ ਤੇ ਨੇਕੀ ਦੇ ਦੋ ਵਿਰੋਧੀ ਪੱਖਾਂ ਦਾ ਚਿਤ੍ਰਣ ਹੈ। ਬਦੀ ਦਾ ਸੰਕਲਪ ਇਸ ਕਵਿਤਾ ਦੀ ਪਿੱਠ-ਭੂਮੀ ਵਿਚੋਂ ਉਜਾਗਰ ਹੁੰਦਾ ਹੈ। ਇਹ ਸੰਕਲਪ ਅਖ਼ੀਰ ਵਿਚ ਨਕਾਰਾ ਜਾ ਕੇ ਵੀ ਰਚਨਾ ਦੀ ਬਣਤਰ ਵਿਚ ਮਹੱਤਵ-

---

1. ਆਸਾ ਮਹੱਲਾ 5, ਗੁਰੂ ਗ੍ਰੰਥ ਸਾਹਿਬ, ਪੰਨਾ 371
2. ਗੁਰੂ ਗ੍ਰੰਥ ਸਾਹਿਬ, ਪੰਨਾ 396
   ਮੈਕਾਲਿਫ, ਸਿੱਖ ਇਤਿਹਾਸ, ਭਾਗ ਦੂਜਾ, ਪੰਨਾ 321

ਪੂਰਨ ਰੋਲ ਅਦਾ ਕਰਦਾ ਹੈ। ਕਿਉਂਕਿ ਇਸ ਵਿਚ ਇਕ ਪ੍ਰਵਿਰਤ (ਬਦੀ) ਨੂੰ ਦੂਜੀ ਪ੍ਰਵਿਰਤ (ਨੇਕੀ) ਦੇ ਵਿਰੋਧ ਵਿਚ ਰੱਖ ਕੇ ਤਨਾਉ ਸਿਰਜਿਆ ਗਿਆ ਹੈ। 'ਚੋਰਿ ਮੂਆ ਨਾਪਾਕ' ਤੁਕ, ਇਸ ਕਵਿਤਾ ਦੇ ਤਨਾਉ ਤੋਂ ਮੁਕਤ ਮਾਨਸਿਕਤਾ ਤਕ ਪਹੁੰਚਦੀ ਹੈ। ਇਸ ਤਰ੍ਹਾਂ ਇਸ ਦਾ ਸਫ਼ਰ 'ਤਨਾਉ' ਤੋਂ ਮੁਕਤੀ ਵਲ ਸ਼ੁਰੂ ਹੁੰਦਾ ਹੈ।

ਇਸ ਕਵਿਤਾ ਵਿਚ ਬਦੀ ਦੇ ਅਨੁਭਵ ਨੂੰ ਮੂਆ, ਨਾਪਾਕ, ਮੰਦਾ, ਖਾਕੂ ਆਦਿ ਭਿੰਨ ਭਿੰਨ ਪੜਾਵਾਂ ਵਿਚੋਂ ਗੁਜ਼ਾਰਿਆ ਗਿਆ ਹੈ। ਇਹੀ ਪੜਾਅ ਕਵਿਤਾ ਨੂੰ ਇਕ ਸੰਗਠਤੀ ਵਿਚ ਰੇਲਣ ਦੇਂਦੇ ਹਨ। ਪਰੰਤੂ ਇਹ ਸੰਗਠਤੀ ਆਦਿ-ਬਿੰਦੂ ਤੋਂ ਅੰਤ-ਬਿੰਦੂ ਤਕ ਇਕੋ ਹੀ ਦਸ਼ਾ ਵਿਚ ਰੇਲਦੀ ਹੈ ਤੇ ਇਸ ਦੀ ਇਕਾਗਰਤਾ ਨੂੰ ਭੰਗ ਨਹੀਂ ਹੋਣ ਦਿੰਦੀ। ਇਕਾਗਰਤਾ ਸਰੋਦੀ ਕਵਿਤਾ ਦਾ ਮੁੱਖ ਲੱਛਣ ਹੁੰਦਾ ਹੈ। ਇਹ ਇਕਾਗਰਤਕਾਰੀ ਫੈਲਾਉ ਇਸ ਕਵਿਤਾ ਦੀ ਆਤਰਿਕ-ਪ੍ਰਕਿਰਤੀ ਦਾ ਚਿਤ੍ਰਣ ਕਰਕੇ ਵਿਸ਼ੇ ਨੂੰ ਸਾਕਾਰ ਕਰਨ ਵਿਚ ਸਹਾਈ ਹੁੰਦਾ ਹੈ।

ਉਪਰੋਕਤ ਸਾਰੀ ਵਿਚਾਰਧਾਰਾ ਦੇ ਆਧਾਰ ਤੇ ਕਿਹਾ ਜਾ ਸਕਦਾ ਹੈ ਕਿ ਗੁਰੂ ਅਰਜਨ ਦੇਵ ਜੀ ਦੀ ਕਵਿਤਾ ਸ੍ਵਾਭਾਵਿਕਤਾ ਦੇ ਭਿੰਨ ਭਿੰਨ ਪੜਾਵਾਂ ਵਿਚ ਗੁਜ਼ਰਦੀ ਹੋਈ ਸਰੋਦੀ ਕਵਿਤਾ ਦੀ ਇਕਾਗਰ ਪ੍ਰਵਿਰਤੀ ਨੂੰ ਕਾਇਮ ਰਖਦੀ ਹੈ ਤੇ ਕਵਿਤਾ ਵਿਚਲੇ ਵਿਸ਼ੇ ਨੂੰ ਪੂਰਨ-ਰੂਪ ਵਿਚ ਪ੍ਰਤਿਬਿੰਬਤ ਕਰਨ ਵਿਚ ਸਹਾਈ ਹੁੰਦੀ ਹੈ।

## 2. ਕਰਮ ਫਿਲਾਸਫ਼ੀ ਸਬੰਧਿਤ ਕਾਵਿ ਵਿਚ ਸਰੋਦ ਤੇ ਉਸ ਦਾ ਨਿਭਾ

ਮਨੁੱਖੀ ਕਰਮ ਉਹਨਾਂ ਦੇ ਉਤਮ-ਨੀਚ ਸਤਰ, ਕਰਮਾਂ ਦੇ ਫਲ ਅਥਵਾ ਫਲ ਅਨੁਸਾਰ ਆਵਾਗਵਨ ਦੇ ਚੱਕਰ ਆਦਿ ਬਾਰੇ ਗੁਰੂ ਅਰਜਨ ਦੇਵ ਜੀ ਨੇ ਵਿਚਾਰ ਅਭਿਵਿਅਕਤ ਕੀਤੇ ਹਨ। ਗੁਰੂ ਜੀ ਦੇ ਇਹਨਾਂ ਵਿਚਾਰਾਂ ਨਾਲ ਸਬੰਧਿਤ ਕਾਵਿ ਬਹੁਤ ਥੋੜ੍ਹੀ ਮਾਤਰਾ ਵਿਚ ਹੈ। ਇਹ ਵਿਚਾਰ ਉਹਨਾਂ ਦੀ ਬਾਣੀ ਵਿਚ ਥਾਂ ਥਾਂ ਖਿਲਰੇ ਪਏ ਹਨ। ਪਰੰਤੂ ਇਹ ਵਿਚਾਰ ਗੁਰੂ ਅਰਜਨ ਦੇਵ ਜੀ ਦੀ ਕਰਮ ਫਿਲਾਸਫ਼ੀ ਦੀ ਪੂਰੀ ਟੋਹ ਦੇਂਦੇ ਹਨ। ਕਿਉਂਕਿ ਏਥੇ ਗੁਰੂ ਜੀ ਦੇ ਵਿਚਾਰਾਂ ਦੀ ਭਾਵਨਾਤਮਕ ਅਭਿਵਿਅਕਤੀ ਨੂੰ ਸਮਝਣ ਦੀ ਹੈ। ਉਹਨਾਂ ਨੇ ਕਰਮਯੋਗ ਦੀ ਭਾਵਨਾ ਜਾਂ ਨੇਮ-ਯੁਕਤ ਕਰਮ ਦੀ ਭਾਵਨਾਨੂੰ ਪ੍ਰਗਟਾਉਂਦਿਆਂ ਮਨੁੱਖ ਨੂੰ ਉਪਦੇਸ਼ਿਆ ਹੈ ਕਿ ਕਰਮ ਉਹ ਕਰਨੇ

ਚਾਹੀਦੇ ਹਨ ਜੋ ਕਿਸੇ ਗਰਜ਼ ਤੋਂ ਬਿਨਾਂ ਹੋਣ।[1] ਕਿਉਂਕਿ ਜਦੋਂ ਮਨੁੱਖ ਇਸ ਧਰਤੀ ਨਾਲ ਕਰਮ-ਖੇਤਰ ਵਿਚੋਂ ਵਿਕਸਦਾ ਹੈ ਤਾਂ ਉਸਦਾ ਵਾਜਬ ਫਲ ਉਸ ਨੂੰ ਪ੍ਰਾਪਤ ਹੁੰਦਾ ਹੈ।[2] ਮਨੁੱਖ ਦੀ ਕਿਰਤ ਉਸਨੂੰ ਮੋੜਵਾਂ ਉਜਰਤ ਦੇਂਦੀ ਹੈ।[3]

ਉਪਰੋਕਤ ਵਿਚਾਰਾਂ ਦੇ ਸੰਦਰਭ ਵਿਚ ਗੁਰੂ ਅਰਜਨ ਦੇਵ ਜੀ ਦੇ ਕਰਮ-ਫਿਲਾਸਫੀ ਸਬੰਧੀ ਵਿਚਾਰਾਂ ਦੇ ਤਾਤ੍ਵਿਕ ਮੂਲ ਦਾ ਵਿਸ਼ਲੇਸ਼ਣ ਉਹਨਾਂ ਦੀ ਬਾਣੀ ਵਿਚੋਂ ਕੁਝ ਤੁਕਾਂ ਦੇ ਆਧਾਰ ਤੇ ਕਰਦੇ ਹਾਂ।

ਗੁਰੂ ਅਰਜਨ ਦੇਵ ਅਨੁਸਾਰ ਮਨੁੱਖ ਦੇ ਹਰ ਕੀਤੇ ਚੰਗੇ ਮੰਦੇ ਕਰਮ ਦਾ ਫਲ ਉਸਨੂੰ ਮਿਲਦਾ ਹੈ। ਇਹ ਕੀਤੇ ਕਰਮ ਇਸ ਜੀਵਨਕਾਲ ਵਿਚ ਹੀ ਖ਼ਤਮ ਨਹੀਂ ਹੁੰਦੇ ਸਗੋਂ ਮਰਨ ਉਪਰੰਤ ਵੀ ਨਾਲ ਜਾਂਦੇ ਹਨ। ਇਹਨਾਂ ਕਰਮਾਂ ਸਦਕਾ ਹੀ ਮਨੁੱਖ 'ਆਵਾਗਵਨ' ਦੇ ਚੱਕਰ 'ਚ ਪਿਆ ਰਹਿੰਦਾ ਹੈ।

ਦੋਸ਼ ਨ ਦੀਜੈ ਕਾਹੂ ਲੋਗ। ਜੋ ਕਮਾਵਨ ਸੋਈ ਭੋਗ।
ਆਪਨ ਕਰਮ ਆਪੇ ਹੀ ਬੰਧ। ਆਵਨੁ ਜਾਵਨੁ ਮਾਇਆ ਧੰਧ।[4]

(ਰਾਮਕਲੀ ਮਹੱਲਾ - 5)

ਉਪਰੋਕਤ ਕਾਵਿ-ਤੁਕਾਂ ਧਰਮ ਦੀ ਧਿਰਤੀ ਦੀ ਧਾਰਨੀ ਹਨ। ਜਿਸ ਤਾਨ ਵਿਚ ਇਹ ਕਾਵਿ-ਤੁਕਾਂ ਪੇਸ਼ ਹੋਈਆਂ ਹਨ ਉਹ ਪਰੋਖ-ਰੂਪੀ ਤਾਨ ਹੈ ਜਿਸ ਦੁਆਰਾ ਇਹ ਕਾਵਿ-ਸ੍ਰੋਤਾ/ਪਾਠਕ

---

1. ਕਾਹੂ ਫਲ ਕੀ ਇਛਾ ਨਹੀ ਬਾਛੈ
   ਕੇਵਲ ਭਗਤਿ ਕੀਰਤਨ ਸੰਗਿ ਰਾਚੈ

   (ਗਉੜੀ ਸੁਖਮਨੀ ਮਹੱਲਾ - 5)
2. ਜੇਹਾ ਬੀਜੈ ਸੋ ਲੁਣੈ ਕਰਮਾਂ ਸੰਦੜਾ ਖੇਤੁ।
   (ਬਾਰਾਮਾਹ ਮਾਝ ਮਹੱਲਾ - 5, ਪੰਨਾ 134)
3. ਦਿਨ ਰੈਣਿ ਆਪਣਾ ਕੀਆ ਪਾਈ। ਕਿਸੁ ਦੋਸੁ ਨ ਦਿਜੈ ਕਿਰਤੁ ਭਵਾਈ।
   (ਸੂਹੀ ਮਹੱਲਾ 5)
4. ਗੁਰੂ ਗ੍ਰੰਥ ਸਾਹਿਬ, ਪੰਨਾ 888

ਮਨ ਵਿਚ ਲੋਕ-ਪਰਲੋਕ ਦੋਹਾਂ ਨੂੰ ਸੁਮੇਲਦੇ ਹੋਏ ਸੰਤੋਖ ਭਾਵ ਉਪਜਾਂਦੀ ਹੈ। ਲੋਕ-ਪਰਲੋਕ ਦੀ ਸੂਝ ਦਾ ਵਿਧਾਨ ਕਰਮਾਤਮਕ ਫਿਲਾਸਫ਼ੀ ਹੈ। ਇਹਨਾਂ ਤੁਕਾਂ ਵਿਚ ਸ਼ਬਦ, 'ਕਮਾਵਨ' ਤੇ 'ਕਰਮ' ਵਿਧੀ ਨੂੰ ਸਾਕਾਰ ਕਰਦੇ ਹਨ। ਲੋਕ, ਭੋਗ, ਧੀਰ ਤੇ ਧੰਧ ਸ਼ਬਦ ਕੇਵਲ ਤੁਕਾਂਤ ਪੈਦਾ ਕਰਨ ਲਈ ਨਹੀਂ ਵਰਤੇ ਗਏ ਸਗੋਂ ਸਹਿ-ਸਬੰਧੀ ਅਰਥ-ਲੋਅ ਵੀ ਪੈਦਾ ਕਰਦੇ ਹਨ। ਇਹ ਅਰਥ-ਲੋਅ ਇਹਨਾਂ ਤੁਕਾਂ ਵਿਚ ਸੰਗੀਤਾਤਮਕਤਾ ਪੈਦਾ ਕਰਦੀ ਹੈ ਜੋ ਸਰੋਦੀ ਕਵਿਤਾ ਦਾ ਇਕ ਮੁੱਖ ਲੱਛਣ ਹੈ।

ਗੁਰੂ ਅਰਜਨ ਦੇਵ ਦੇ ਕਾਵਿ-ਜਗਤ ਵਿਚ ਉਹਨਾਂ ਦੀ ਕਰਮ ਫਿਲਾਸਫ਼ੀ ਦੇ ਪ੍ਰਤਿਬਿੰਬਤ ਸਦਕਾ ਅਸੀਂ ਆਤਮਕ ਤੇ ਭੌਤਿਕ, ਪਰਮਾਰਥਕ ਤੇ ਵਿਹਾਰਕ ਦੀ ਅਸਲੀਅਤ ਨੂੰ ਸਮਝਣਯੋਗ ਹੁੰਦੇ ਹਾਂ। ਅੰਡਜ ਜੇਰਜ ਸੇਤਜ ਤੇ ਉਤਭੁਜ ਦੀਆਂ ਕ੍ਰਿਰਿਆਵਾਂ ਪ੍ਰਭੂ ਦੀ ਹੀ ਕਿਰਤ ਹੈ। ਮਨੁੱਖ ਵੀ ਕਰਮਾਂ ਸਦਕਾ ਇਹਨਾਂ ਕਿਰਿਆਵਾਂ ਤੋਂ ਬਚ ਸਕਦਾ ਹੈ ਅਥਵਾ ਉਹ ਮਨਇੱਛਤ ਸਾਰੇ ਫਲ ਪ੍ਰਾਪਤ ਕਰ ਸਕਦਾ ਹੈ:

ਅੰਡਜ ਜੇਰਜ ਸੇਤਜ ਉਤਭੁਜਾ ਪ੍ਰਭ ਦੀ ਇਹ ਕਿਰਤੀ
ਕਿਰਤ ਕਮਾਵਨ ਸਰਬ ਫਲ ਰਵੀਐ ਹਰਿ ਨਿਰਤਿ।[1]

(ਬਿਲਾਵਲ ਮਹੱਲਾ - 5)

ਉਪਰੋਕਤ ਕਾਵਿ-ਟੁਕਾਂ ਦਾ ਸੰਬੋਧਨ ਆਧਾਰ ਪ੍ਰੇਮ-ਰੂਪ ਹੈ। ਇਹਨਾਂ ਦੀ ਸਮਾਪਤੀ ਸਮੁੱਚੇ ਜੀਵਨ ਦੇ ਉਜਲੇ ਭਵਿਖ ਦੇ ਵਿਸ਼ਵਾਸ਼ ਵਲ ਸੰਕੇਤ ਕਰਦੀ ਹੈ। ਇਸ ਸੰਕੇਤ ਨੂੰ ਕਾਵਿ-ਸ੍ਰੋਤਾ ਪਰੋਖ ਰੂਪ ਵਿਚ ਗ੍ਰਹਿਣ ਕਰਦਾ ਹੈ।

ਇਹਨਾਂ ਤੁਕਾਂ ਦੀ ਵਿਲੱਖਣਤਾ ਇਸ ਗੱਲ ਵਿਚ ਹੈ ਕਿ ਇਹਨਾਂ ਵਿਚਲੇ ਚਾਰ ਸ਼ਬਦਾਂ ਅੰਡਜ, ਜੇਰਜ, ਸੇਤਜ ਤੇ ਉਤਭੁਜ ਦੁਆਰਾ ਸਾਰੀ ਪ੍ਰਕਿਰਤੀ ਦੇ ਜੀਵਾਂ ਦੀ ਵਿਸ਼ਾਲਤਾ ਨੂੰ ਸੰਖੇਪਤਾ ਵਿਚ ਪ੍ਰਤਿਬਿੰਬਤ ਕੀਤਾ ਹੈ। ਕਵੀ ਦੀ ਕਲਪਨਾ ਵਿਚ ਸਾਰੀ ਪ੍ਰਕਿਰਤੀ ਦੇ ਜੀਵ, ਜੋ ਪ੍ਰਭੂ ਦੀ ਕਿਰਤ ਹਨ, ਆਉਂਦੇ ਹਨ ਜਿਹਨਾਂ ਨੂੰ ਉਹ ਉਪਰੋਕਤ ਚਾਰ ਸ਼ਬਦਾਂ, ਜਿਹਨਾਂ ਦੀਆਂ ਪਰਤਾਂ ਵਿਚ ਵਿਸ਼ਾਲ ਅਰਥ ਸਮਾਏ ਹੋਏ ਹਨ, ਦੁਆਰਾ ਦ੍ਰਿਸ਼ਟੀਗੋਚਰ ਕਰਦਾ ਹੈ। ਇਹਨਾਂ ਪਿਛੇ

1. <u>ਗੁਰੂ ਗ੍ਰੰਥ ਸਾਹਿਬ</u>, ਪੰਨਾ 816

ਪ੍ਰਭੂ ਦੀ ਮਹਾਨਤਾ ਤੇ ਮਨੁੱਖੀ ਕਰਮ-ਫਿਲਾਸਫ਼ੀ ਦੀ ਭਾਵਨਾ ਪੇਸ਼ ਕਰ ਰਹੀ ਹੈ। ਦੂਜੀ ਤੁਕ ਵਿਚ ਵੀ ਸ਼ਬਦ 'ਕਿਰਤ ਕਮਾਵਨ ਸਰਬ ਫਲ' ਕਰਮ-ਫਿਲਾਸਫ਼ੀ ਦੀ ਸਮੁੱਚੀ ਵਿਚਾਰਧਾਰਾ ਨੂੰ ਪੇਸ਼ ਕਰਦੇ ਹਨ। ਫਲ, ਰਵੀਐ ਤੇ ਹਰਿ ਆਦਿ ਸ਼ਬਦਾਂ ਦੁਆਰਾ ਵੀ ਭਗਤੀ ਭਾਵਨਾ ਨੂੰ ਸਾਕਾਰ ਕੀਤਾ ਹੈ। ਤੁਕਾਂਤਕ ਸ਼ਬਦ 'ਕਿਰਤਿ' ਤੇ ਤੁਕਾਂਤਕ ਸ਼ਬਦ 'ਨਿਰਤਿ' ਦਾ ਉਚਾਰਣ ਆਪਸ ਵਿਚ ਟਕਰਾ ਕੇ ਸੰਗੀਤਾਤਮਕਤਾ ਪੈਦਾ ਕਰਦਾ ਹੈ।

3. <u>ਪਰਮਾਤਮਾ ਦੇ ਵਰਨਣ ਨਾਲ ਸਬੰਧਿਤ ਕਾਵਿ ਵਿਚ ਸਰੋਦ ਤੇ ਉਸ ਦਾ ਨਿਭਾ</u>

ਗੁਰੂ ਅਰਜਨ ਦੇਵ ਜੀ ਦੇ ਪਰਮਾਤਮਾ ਸਬੰਧੀ ਸੰਕਲਪ ਤੇ ਇਸ ਵਿਸ਼ੇ-ਵਸਤੂ ਸਬੰਧੀ ਕਾਰਜਸ਼ੀਲ ਨੇਮਾਂ ਜਾਂ ਤੱਤਾਂ ਦੀ ਪਛਾਣ ਕਰਕੇ ਪਰਮਾਤਮਾ ਸਬੰਧੀ ਵਿਸ਼ੇ ਦੇ ਨਿਭਾ ਵਿਚ ਸਰੋਦੀ ਅੰਸ਼ ਨੂੰ ਵਿਚਾਰਨਾ ਹੈ। ਗੁਰਬਾਣੀ ਵਿਚ ਪਰਮਾਤਮਾ ਨੂੰ ਅਕਾਲ ਪੁਰਖ, ਈਸ਼ਵਰ, ਪਾਰਬ੍ਰਹਮ, ਪਰਮੇਸ਼ਰ, ਪ੍ਰਭੂ, ਸਤਿਗੁਰੂ, ਠਾਕੁਰ ਆਦਿ ਅਨੇਕਾਂ ਨਾਵਾਂ ਨਾਲ ਵਰਨਣ ਕੀਤਾ ਗਿਆ ਹੈ। ਗੁਰੂ ਅਰਜਨ ਦੇਵ ਜੀ ਨੇ ਪਰਮਾਤਮਾ ਦੀ ਮਹਿਮਾ ਬਾਰੇ ਆਪਣੀ ਬਾਣੀ ਵਿਚ ਬਾਰ ਬਾਰ ਵਿਚਾਰ ਅਭਿਵਿਅਕਤ ਕੀਤੇ ਹਨ। ਵਾਹਿਗੁਰੂ ਦੇ ਪਿਆਰ ਵਿਚ ਰੰਗੇ ਜਿਥੇ ਉਸ ਤੇ ਮਾਣ ਕਰਦੇ ਹਨ ਉਥੇ ਮਿਲਾਪ ਦੀਆਂ ਘੜੀਆਂ ਦਾ ਵਰਨਣ ਵੀ ਕਾਵਿ-ਸ਼ੈਲੀ ਵਿਚ ਅਭਿਵਿਅਕਤ ਕਰਦੇ ਹਨ। ਇਹ ਵਰਨਣ ਉਹਨਾਂ ਦੀ ਅਧਿਆਤਮਕ ਉਚਤਾ ਦੀ ਸ਼ਾਹਦੀ ਭਰਦਾ ਹੈ।

ਗੁਰਬਾਣੀ ਦਾ ਕੇਂਦਰ ਬ੍ਰਹਮ ਹੈ। ਗੁਰੂ ਅਰਜਨ ਦੇਵ ਜੀ ਇਸ ਬ੍ਰਹਮ ਦੀ ਮਹਿਮਾ ਦਾ ਗਾਇਨ ਕਰਦੇ ਥੱਕਦੇ ਨਹੀਂ। ਉਹ ਪਰਮਾਤਮਾ ਦੇ ਕਈ ਨਾਵਾਂ ਦੁਆਰਾ ਉਸਦੀ ਅਸੀਮਤਾ ਨੂੰ ਸਥਾਪਿਤ ਕਰਦੇ ਹੋਏ ਪਾਠਕ/ਸ੍ਰੋਤਾ ਨਾਲ ਭਾਵਕ-ਸਾਂਝ ਪੈਦਾ ਕਰਦੇ ਹਨ:

ਪਾਰਬ੍ਰਹਮ ਅਪਰੰਪਰ ਦੇਵਾ। ਅਗਮ ਅਗੋਚਰ ਅਲਖ ਅਭੇਵਾ।
ਦੀਨ ਦਇਆਲ ਗੋਪਾਲ ਗੋਬਿੰਦਾ। ਹਰਿ ਧਿਆਵਹੁ ਗੁਰਮੁਖਿ ਗਾਤੀ ਜੀਉ।

ਗੁਰਮੁਖਿ ਮਧੁਸੂਦਨੁ ਨਿਸਤਾਰੇ। ਗੁਰਮੁਖਿ ਸੰਗੀ ਕ੍ਰਿਸਨ ਮੁਰਾਰੇ।
ਦਇਆਲ ਦਮੋਦਰੁ ਗੁਰਮੁਖਿ ਪਾਈਐ ਹੋਰਤੁ ਕਿਤੈ ਨ ਭਾਤੀ ਜੀਉ।

ਨਿਰਹਾਰੀ ਕੇਸਵ ਨਿਰਵੈਰਾ। ਕੋਟਿ ਜਨਾ ਜਾ ਕੇ ਪੂਜਹਿ ਪੈਰਾ।
ਗੁਰਮੁਖਿ ਹਿਰਦੈ ਜਾ ਕੈ ਹਰਿ ਹਰਿ ਸੋਈ ਭਗਤੁ ਇਕਾਤੀ ਜੀਉ।

ਅਮੋਘ ਦਰਸਨ ਬੇਅੰਤ ਅਪਾਰਾ। ਵਡ ਸਮਰਥੁ ਸਦਾ ਦਾਤਾਰਾ।
ਗੁਰਮੁਖਿ ਨਾਮ ਜਪੀਐ ਤਿਤੁ ਤਰੀਐ ਗਤਿ ਨਾਨਕ ਵਿਰਲੀ ਜਾਤੀ ਜੀਉ।[1]

(ਮਾਝ ਮਹੱਲਾ - 5)

ਸਰੋਦੀ ਕਵਿਤਾ ਵਿਚ ਭੇਦ ਪਰੋਖ ਰੂਪ ਵਿਚ ਸੁਣਿਆ ਜਾਂਦਾ ਹੈ। ਉਪਰੋਕਤ ਕਵਿਤਾ ਵਿਚ ਪਰਮਾਤਮਾ ਦੀ ਮਹਿਮਾ ਦੀ ਪੇਸ਼ਕਾਰੀ ਪਰੋਖ ਰੂਪ ਵਿਚ ਹੋਈ ਹੈ।

ਇਸ ਕਵਿਤਾ ਵਿਚ ਭਾਵੇਂ ਹਰ ਇਕ ਪੰਗਤੀ ਸੁਤੰਤਰਤਾ ਦੀ ਧਾਰਨੀ ਹੈ। ਪਰੰਤੂ ਭਾਵ ਇਕ ਪੰਗਤੀ ਤੋਂ ਦੂਜੀ, ਦੂਜੀ ਤੋਂ ਤੀਜੀ ਤੇ ਅਖ਼ੀਰ ਤਕ ਇਕੋ ਸਥਿਤੀ ਜਾਂ ਦਸ਼ਾ ਵਲ ਵਧਦਾ ਹੋਇਆ ਪਰਮਾਤਮਾ ਦੀ ਮਹਿਮਾ ਦੀ ਪੇਸ਼ਕਾਰੀ ਕਰਦਾ ਹੈ। ਇਸ ਪੇਸ਼ਕਾਰੀ ਦੀ ਵਿਲੱਖਣਤਾ ਇਸ ਵਿਚਲੇ ਭਾਵ ਦੀ ਇਕਾਗਰਤਾ ਹੈ। ਭਾਵ-ਇਕਾਗਰਤਾ ਸਰੋਦੀ ਕਵਿਤਾ ਦਾ ਜ਼ਰੂਰੀ ਲਛਣ ਹੈ।

ਪਰਮਾਤਮਾ ਸਬੰਧੀ ਅਨੁਭਵ ਨੂੰ ਸਹਿ-ਸਬੰਧੀ ਸ਼ਬਦਾਂ ਦੀ ਇਕ ਸੰਗਲੀ ਦੁਆਰਾ ਪੇਸ਼ ਕੀਤਾ ਹੈ। ਪਾਰਬ੍ਰਹਮ, ਅਪਰੰਪਰ, ਦੇਵਾ, ਅਗਮ ਅਗੋਚਰ, ਅਲਖ, ਅਭੇਵਾ, ਦੀਨ ਦਇਆਲ, ਗੋਪਾਲ, ਗੁਰਮੁਖ, ਮਧੁਸੂਦਨੁ, ਕ੍ਰਿਸ਼ਨ, ਮੁਰਾਰੇ, ਦਮੋਦਰ, ਨਿਰਹਾਰੀ ਆਦਿ ਸ਼ਬਦ ਪਰਮਾਤਮਾ ਦੇ ਸਮੁਚੇ ਸੰਦਰਭ ਵਿਚ ਪੇਸ਼ ਹੋ ਕੇ ਉਸ ਦੇ ਸਰੂਪ ਨੂੰ ਸਮਝਣ ਵਿਚ ਸਹਾਈ ਹੁੰਦੇ ਹਨ। ਇਸ ਕਵਿਤਾ ਵਿਚ ਗੋਪਾਲ, ਕ੍ਰਿਸ਼ਨ, ਦਮੋਦਰ, ਕੇਸ਼ਵ ਆਦਿ ਸ਼ਬਦਾਂ ਦੀ ਰੂਪਕੀ ਸੰਗਲੀ ਪਰਮਾਤਮਾ ਦੇ ਸੰਦਰਭ ਵਿਚ ਹੀ ਪੇਸ਼ ਹੋਈ ਹੈ। ਇਹ ਸ਼ਬਦ ਦੈਵੀ-ਮੂਲ ਦੇ ਸਿਧਾਂਤ ਵਲ ਹੀ ਸੰਕੇਤ ਕਰ ਰਹੇ ਹਨ। ਕਿਉਂਕਿ ਇਸ ਕਵਿਤਾ ਦੇ ਮੁਢ ਵਿਚ ਪਾਰਬ੍ਰਹਮ ਅਗਮ ਅਗੋਚਰ ਕਹਿ ਰਹੇ ਹਨ। ਫਿਰ ਉਸ ਨੂੰ 'ਨਿਰਵੈਰ' ਦਸ ਰਹੇ ਹਨ। ਇਹ ਸਾਰੇ ਵਰਤੇ 'ਪਦ' ਵਾਹਿਗੁਰੂ ਦਾ ਭਾਵ ਹੀ ਪ੍ਰਤਿਬਿੰਬਤ ਕਰਦੇ ਹਨ। ਪ੍ਰਭੂ ਦੇ ਪਛਾਣ-ਸਿਸਟਮ ਦਾ ਪ੍ਰਬੰਧ ਜਤਨ ਹਨ ਤੇ ਭਾਵ ਨੂੰ ਇਕ ਸਥਿਤੀ ਵਿਚ ਬੰਨ੍ਹ ਕੇ ਸਰੋਦੀ ਕਵਿਤਾ ਦੇ ਲਛਣ ਨੂੰ ਕਾਇਮ ਰੱਖਦੇ ਹਨ।

ਗੁਰੂ ਜੀ ਦੀ ਕਲਪਨਾ ਵਿਚ ਪਰਮਾਤਮਾ ਸਬੰਧੀ ਵਿਚਾਰ ਉਗਮਦੇ ਹਨ ਜਿਹਨਾਂ ਨੂੰ ਉਹ ਸ਼ਾਬਦਕ ਜਾਮਾ ਪਹਿਨਾ ਕੇ ਪੇਸ਼ ਕਰਦੇ ਹਨ। ਪ੍ਰਭੂ-ਭਗਤੀ ਵਿਚ ਲੀਨ ਗੁਰੂ-ਕਵੀ ਦੀ ਕਲਪਨਾ

1. ਗੁਰੂ ਗ੍ਰੰਥ ਸਾਹਿਬ, ਪੰਨਾ 98

ਵਿਚ ਵੱਧ ਤੋਂ ਵੱਧ ਸ਼ਬਦ ਉਗਮਦੇ ਜਾਂਦੇ ਹਨ। ਇਹ ਸ਼ਬਦ ਭਾਵ ਨੂੰ ਉਘਾੜਦੇ ਹਨ। ਤੁਕਾਂਤ ਮੇਲ ਲਈ ਵੀ ਸ਼ਬਦ ਵਿਸ਼ੇ ਮੁਤਾਬਕ ਲਏ ਹਨ। ਜਿਵੇਂ: ਏਕ-ਅਕੇਲਾ, ਨਿਸਤਾਰੇ-ਮੁਰਾਰੇ, ਨਿਰਵੈਰਾ - ਪੈਰਾ, ਆਧਾਰਾ - ਦਾਤਾਰਾ ਆਦਿ ਤੁਕਾਂਤਕ ਸ਼ਬਦ। ਇਹ ਸ਼ਬਦ ਨਿਰਾ ਸੰਗੀਤਾਤਮਕਤਾ ਨੂੰ ਹੀ ਪੈਦਾ ਨਹੀਂ ਕਰਦੇ ਸਗੋਂ ਅਰਥ-ਬੋਧ ਵੀ ਪ੍ਰਦਾਨ ਕਰਾਉਂਦੇ ਹਨ।

ਇਸ ਰਚਨਾ ਵਿਚ ਭਗਤੀ-ਭਾਵਨਾ ਕੰਮ ਕਰਦੀ ਹੈ ਜਿਸ ਦਾ ਰੂਪ ਰੱਬ ਦੀ ਵੰਨ-ਸੁਵੰਨੇ ਸ਼ਬਦਾਂ ਦੁਆਰਾ ਉਘਾੜਿਆ ਹੈ। ਕਵੀ ਦੁਆਰਾ ਵਰਤੇ ਪਰਮਾਤਮਾ-ਵਾਚਕ ਸ਼ਬਦ ਸਾਨੂੰ ਭਰਪੂਰ ਸੋਹਜ-ਰਸ ਪ੍ਰਦਾਨ ਕਰਾਉਂਦੇ ਹਨ। ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਕਵੀ ਪਰਮਾਤਮਾ ਸਬੰਧੀ ਵਿਸ਼ੇ ਅਨੁਸਾਰ ਸ਼ਬਦਾਂ ਦੀ ਕਲਾਤਮਕ ਵਰਤੋਂ ਸਦਕਾ ਕਵਿਤਾ ਵਿਚ ਸਰੋਦੀ ਅੰਸ਼ ਪੈਦਾ ਕਰਦਾ ਹੈ।

ਗੁਰੂ ਅਰਜਨ ਦੇਵ ਜੀ ਨੇ ਪਰਮਾਤਮਾ ਦੀ ਸ਼ਕਤੀ ਤੇ ਪਰਮਾਤਮਾ ਦੀ ਸਰਗੁਣ ਅਵਸਥਾ ਬਾਰੇ ਵੀ ਵਿਚਾਰ ਅਭਿਵਿਅਕਤ ਕੀਤੇ ਹਨ। ਉਹਨਾਂ ਅਨੁਸਾਰ ਪਰਮਾਤਮਾ ਦੀ ਕ੍ਰਿਪਾ-ਦ੍ਰਿਸ਼ਟੀ ਸਦਕਾ ਹੀ ਉਸਦੀ ਸ਼ਕਤੀ ਨੂੰ ਪਾਇਆ ਜਾ ਸਕਦਾ ਹੈ।

ਤੂੰ ਜਾਣਾਇਹਿ ਤਾ ਕੋਈ ਜਾਣੈ।
ਤੇਰਾ ਦੀਆ ਨਾਮੁ ਵਖਾਣੈ।
ਤੂੰ ਅਚਰਜੁ ਕੁਦਰਤਿ ਤੇਰੀ ਬਿਸਮਾ।ਰਹਾਉ।
ਤੁਧੁ ਆਪੇ ਕਾਰਣੁ ਆਪੇ ਕਰਣਾ।
ਹੁਕਮੇ ਜੰਮਣ ਹੁਕਮੇ ਮਰਣਾ।
ਨਾਮੁ ਤੇਰਾ ਮਨ ਤਨ ਆਧਾਰੀ।
ਨਾਨਕ ਦਾਸੁ ਬਖਸੀਸ ਤੁਮਾਰੀ।[1]

(ਵਡਹੰਸ ਮਹੱਲਾ - 5)

ਉਪਰੋਕਤ ਸ਼ਬਦ ਵਿਚ ਪਰਮਾਤਮਾ ਦੀ ਸ਼ਕਤੀ ਦੀ ਮਹਿਮਾ ਦਾ ਗਾਇਨ ਹੈ। ਕਾਵਿ-ਵਕਤਾ ਪਰਮਾਤਮਾ ਨੂੰ ਪ੍ਰਤਖ ਜਾਣ ਕੇ ਸੰਬੋਧਨ ਕਰ ਰਿਹਾ ਹੈ ਜਿਸ ਨੂੰ ਕਾਵਿ-ਸ੍ਰੋਤਾ/ਪਾਠਕ ਪਰੋਖ ਰੂਪ ਵਿਚ ਸੁਣਦਾ ਹੈ।

1. ਗੁਰੂ ਗ੍ਰੰਥ ਸਾਹਿਬ, ਪੰਨਾ 563

ਇਸ ਕਵਿਤਾ ਵਿਚ ਕਾਵਿਸ਼ਾਸਤ੍ਰਿਕ ਬੁਨਿਆਦੀ ਗੁਣ-ਆਧਾਰ ਵਿਦਮਾਨ ਹੈ। ਇਸ ਵਿਚਲੇ ਕਾਵਿ-ਗੁਣਾਂ ਦੀ ਕਲਪਨਾ-ਉਡਾਰੀ ਦਾ ਮੂਲ ਅਧਾਰ ਰਸ ਹੈ। ਇਹ ਉਡਾਰੀ ਪਰਮਾਤਮਾ ਦੀ ਅਸੀਮਤਾ ਦਾ ਵਰਣਨ ਰੋਚਕਤਾ ਰਸ ਮੂਲ ਕਰਕੇ ਕਰਦੀ ਹੈ। ਪਰਮਾਤਮਾ ਚੇਤਨ ਸ਼ਕਤ ਵਾਲੀ ਸੁਰਤੀ ਹੈ ਤੇ ਉਸ ਦੀ ਹਰ ਕ੍ਰਿਤੀ ਵੀ ਚੇਤਨ ਸ਼ਕਤ ਵਾਲੀ ਹੈ। ਇਸ ਤਰ੍ਹਾਂ ਇਹ ਪਰਮਾਤਮਾ ਦੀ ਸਰਬ-ਵਿਆਪਕ ਸ਼ਕਤੀ ਦਾ ਜ਼ਿਕਰ ਕਰਦੀ ਹੈ। 'ਪੂਰਨ ਪੂਰਿ ਰਹਿਓ' ਤੁਕ ਪਰਮਾਤਮਾ ਦੀ ਸ਼ਕਤੀ ਸੰਬੰਧੀ ਸਰਬ-ਵਿਆਪਕਤਾ ਨੂੰ ਆਪਣੀ ਰਚਨਾ ਵਿਚ ਸਮਾਹਿਤ ਜਿਹ ਹੁੰਦੀ ਹੈ। ਇਹ ਤੁਕ ਪਰਮਾਤਮਾ ਦੀ ਅਸੀਮ ਸ਼ਕਤੀ ਨੂੰ ਸੰਖੇਪਤਾ ਵਿਚ ਸਮੋ ਕੇ ਜ਼ਿਕਰ ਕਰਦੀ ਹੈ।

ਸੰਗੀਤਾਤਮਕਤਾ ਇਸ ਕਵਿਤਾ ਦੀ ਇਕ ਹੋਰ ਵਿਸ਼ੇਸ਼ਤਾ ਹੈ। ਬਾਣੀ ਦੀ ਪੇਸ਼ਕਾਰੀ ਦੀ ਕਮਾਲ ਇਸ ਗੱਲ ਵਿਚ ਹੈ ਕਿ ਤੁਕਾਂਤ ਵਿਚ ਆਏ, ਜਾਏ, ਧਾਏ, ਕਰਣਾ, ਮਰਣਾ ਆਦਿ ਸ਼ਬਦਾਂ ਵਿਚ 'ਣ' ਵਿਅੰਜਨ ਦਾ ਉਚਾਰਨ ਖੁਲ੍ਹਾ-ਡੁੱਲ੍ਹਾ ਉਚਾਰਣ-ਸੰਗੀਤ ਤੇ ਧੁਨੀ-ਸੰਗੀਤ ਪੈਦਾ ਕਰਦਾ ਹੈ। ਇਸ ਤਰ੍ਹਾਂ ਇਹ ਸੰਗੀਤਾਤਮਕਤਾ ਪਰਮਾਤਮਾ ਸੰਬੰਧੀ ਵਿਚਾਰਾਂ ਨੂੰ ਪਾਠਕ/ਸ੍ਰੋਤੇ ਦੇ ਦਿਲ ਵਿਚ ਸੁਹਜਾਤਮਕ ਢੰਗ ਦੁਆਰਾ ਗ੍ਰਹਿਣ ਕਰਾਉਣ ਦਾ ਗੁਣ ਹੈ।

ਸਗਲ ਬਨਸਪਤਿ ਮਹਿ ਬੈਸੰਤਰੁ ਸਗਲ ਦੂਧ ਮਹਿ ਘੀਆ।
ਊਚ ਨੀਚ ਮਹਿ ਜੋਤਿ ਸਮਾਣੀ ਘਟਿ ਘਟਿ ਮਾਧਉ ਜੀਆ।
ਸੰਤਹੁ ਘਟਿ ਘਟਿ ਰਹਿਆ ਸਮਾਹਿਓ।
ਪੂਰਨ ਪੂਰਿ ਰਹਿਓ ਸਰਬ ਮਹਿ ਜਲਿ ਥਲਿ ਰਮਈਆ ਆਹਿਓ। ਰਹਾਉ।
ਗੁਣ ਨਿਧਾਨ ਨਾਨਕੁ ਜਸੁ ਗਾਵੈ ਸਤਿਗੁਰਿ ਭਰਮੁ ਚੁਕਾਇਓ।
ਸਰਬ ਨਿਵਾਸੀ ਸਦਾ ਅਲੇਪਾ ਸਭ ਮਹਿ ਰਹਿਆ ਸਮਾਇਓ।[1]

(ਸੋਰਠਿ ਮਹਲਾ - 5)

ਉਪਰੋਕਤ ਸ਼ਬਦ ਵਿਚ ਪਰਮਾਤਮਾ ਦੀ ਸਰਬ ਵਿਆਪਕਤਾ ਸੰਬੰਧੀ ਵਿਚਾਰਾਂ ਦਾ ਪ੍ਰਗਟਾਵਾ ਜਿਥੇ ਸੰਖੇਪ ਜਿਹੇ ਹੋ ਕੇ, ਪ੍ਰਤੀਕ ਰੂਪ ਵਿਚ ਪੇਸ਼ ਕੀਤਾ ਗਿਆ ਹੈ। ਇਸ ਵਿਚ ਪਰਮਾਤਮਾ ਦੀ ਨਿਰਗੁਣਤਾ ਤੇ ਸਰਬ-ਵਿਆਪਕਤਾ ਨੂੰ ਉਦਾਹਰਣਾਂ ਸਹਿਤ ਭਾਵਨਾਮਈ ਸ਼ੈਲੀ ਵਿਚ

1. ਗੁਰੂ ਗ੍ਰੰਥ ਸਾਹਿਬ, ਪੰਨਾ 617

ਪੇਸ਼ ਕੀਤਾ ਹੈ। ਜਿਵੇਂ ਸਾਰੀ ਬਨਸਪਤੀ ਵਿਚ ਅੱਗ ਤੇ ਸਭ ਪ੍ਰਕਾਰ ਦੇ ਦੁਧ ਵਿਚ ਮੱਖਣ ਗੁਪਤ ਰੂਪ ਵਿਚ ਮੌਜੂਦ ਹੈ, ਇਸੇ ਤਰ੍ਹਾਂ ਪ੍ਰਕਿਰਤੀ ਦੇ ਜ਼ਰੇ ਜ਼ਰੇ ਵਿਚ ਪਰਮਾਤਮਾ ਮੌਜੂਦ ਹੈ। ਬਨਸਪਤੀ ਵਿਚ ਅੱਗ ਤੇ ਦੁਧ ਵਿਚ ਘੀ ਦੇ ਉਪਮਾਨ-ਪ੍ਰਬੰਧ ਦੁਆਰਾ ਪ੍ਰਕਿਰਤੀ ਵਿਚ ਪਰਮਾਤਮਾ ਦੇ ਵਾਸੇ ਨੂੰ ਦ੍ਰਿਸ਼ਟਾਇਆ ਹੈ। ਇਹ ਉਪਮਾਨ ਪ੍ਰਬੰਧ ਕਵਿਤਾ ਦੇ ਸਮੁਚੇ ਸੰਦਰਭ ਨੂੰ ਉਜਾਗਰ ਕਰਦੇ ਹਨ।

ਇਸ ਰਚਨਾ ਵਿਚ ਸਗਲ ਬਨਸਪਤੀ, ਸਗਲ ਰੂਪ, ਉਤ-ਪੋਤ, ਘਟ-ਘਟਿ, ਪੂਰਨ ਪੂਰਿ, ਜਲ ਥਲ, ਆਦਿ ਸਰਬ-ਸਬੰਧੀ ਸ਼ਬਦ ਪਰਮਾਤਮਾ ਦੀ ਸਰਬ ਵਿਆਪਕਤਾ ਦਾ ਨਿਰੂਪਣ ਕਰਦੇ ਹਨ। ਇਹ ਉਪਮਾਨ ਸ਼ੁਧ ਹਨ ਜੋ ਇਕੋ ਅਰਥ ਨੂੰ ਪ੍ਰਗਟਾਉਂਦੇ ਹਨ। ਇਸ ਤਰ੍ਹਾਂ ਇਹ ਸ਼ਬਦ ਇਸ ਕਵਿਤਾ ਦੇ ਚੌਖਟੇ ਵਿਚ ਬੈਠ ਕੇ ਕਵਿਤਾ ਦੇ ਅੰਤਰਿਕ ਭਾਵ ਨੂੰ ਖਿਖਰਨ ਤੋਂ ਬਚਾਉਂਦੇ ਹਨ। ਅੰਤਲੀ ਤੁਕ 'ਸਭ ਮਹਿ ਰਹਿਆ ਸਮਾਇਓ' ਕਵਿਤਾ ਦੀ ਵਿਚਾਰਧਾਰਾ ਨੂੰ ਸੰਖੇਪਤਾ ਵਿਚ ਪ੍ਰਗਟ ਕਰਦੀ ਹੈ। ਇਸ ਰਚਨਾ ਦੇ ਇਹ ਗੁਣ ਸਰੋਦੀ ਕਵਿਤਾ ਦੇ ਸਿਰਜਕ ਹਨ।

## 4. ਮਾਇਆ ਦੇ ਸਰੂਪ ਵਰਨਣ ਨਾਲ ਸਬੰਧਿਤ ਕਾਵਿ ਵਿਚ ਸਰੋਦ ਤੇ ਉਸ ਦਾ ਨਿਭਾ

ਗੁਰਬਾਣੀ ਦੇ ਖੇਤਰ ਵਿਚ ਮਾਇਆ ਸਬੰਧੀ ਵਿਚਾਰਧਾਰਾ ਪ੍ਰਮੁਖ ਵਿਸ਼ੇਸ਼ਤਾ ਰੱਖਦੀ ਹੈ। ਗੁਰੂ ਅਰਜਨ ਬਾਣੀ ਵਿਚ ਮਾਇਆ ਦੀ ਚਰਚਾ ਬਹੁਤ ਥਾਂਈਂ ਹੋਈ ਹੈ। ਗੁਰੂ ਜੀ ਅਨੁਸਾਰ ਮਾਇਆ ਸੁਤੰਤਰ ਨਹੀਂ। ਪਰਮਾਤਮਾ ਦੇ ਅਧੀਨ ਹੈ। ਕਿਉਂਕਿ ਇਸ ਦੀ ਸਿਰਜਨਾ ਉਸ ਦੇ ਹੁਕਮ ਅਨੁਸਾਰ ਹੋਈ।

(ੳ) ਪ੍ਰਭ ਕੀ ਭੇਜੀ ਆਈ ਆਮਰਿ।[1]

(ਆਸਾ ਮਹੱਲਾ - 5)

(ਅ) ਐਸੀ ਇਸਤ੍ਰੀ ਇਕ ਰਾਮ ਉਪਾਈ।[2]

(ਆਸਾ ਮਹੱਲਾ - 5)

---

1. ਗੁਰੂ ਗ੍ਰੰਥ ਸਾਹਿਬ, ਪੰਨਾ 371
2. ਉਹੀ, ਪੰਨਾ 394

ਮਾਇਆ ਦਾ ਸਰੂਪ ਮਨਮੋਹਕ ਹੈ। ਕਿਉਂਕਿ ਸੰਸਾਰੀ ਮਨੁੱਖ ਇਸ ਦੇ ਭਿੰਨ ਭਿੰਨ ਰੂਪਾਂ ਦੇ ਪ੍ਰਭਾਵ ਥਲੇ ਆ ਜਾਂਦਾ ਹੈ। ਉਹ ਆਪਣੇ ਮੂਲ ਨੂੰ ਵਿਸਾਰ ਦੇਂਦਾ ਹੈ। ਮਨੁੱਖ ਮਾਇਆ ਰੂਪੀ ਸੁੰਦਰ ਇਸਤ੍ਰੀ, ਜੋ ਬਾਟ-ਘਾਟ ਤੇ ਹਰੇਕ ਘਰ ਵਿਚ ਬਣੀ ਸੰਵਰੀ ਵਿਖਾਈ ਦੇਂਦੀ ਹੈ। ਮਨ ਤੇ ਤਨ ਨੂੰ ਮਿਠੀ ਤੇ ਅਤਿ ਪਿਆਰੀ ਲਗਦੀ ਹੈ, ਦੇ ਜਾਲ ਵਿਚ ਫਸ ਜਾਂਦਾ ਹੈ।

ਐਸੀ ਸੁੰਦਰਿ ਮਨ ਕਉ ਮੋਹੈ। ਬਾਟਿ-ਘਾਟਿ ਗ੍ਰਿਹਿ ਬਨਿ ਬਨਿ ਜੋਹੈ।
ਮਨਿ ਤਨਿ ਲਾਗੈ ਹੋਇ ਕੈ ਮੀਠੀ। ਗੁਰਪ੍ਰਸਾਦਿ ਮੈ ਖੋਟੀ ਡੀਠੀ।
ਅਗਰਕ ਉਸਕੇ ਵਡੇ ਠਗਾਊ। ਛੋਡਹਿ ਨਾਹੀ ਬਾਪ ਨ ਮਾਊ।
ਮੇਲੀ ਅਪਨੇ ਉਨਿ ਲੇ ਬਾਂਧੇ। ਗੁਰ ਕਿਰਪਾ ਤੇ ਮੈ ਸਗਲੇ ਸਾਧੇ।[1]

(ਆਸਾ ਮਹੱਲਾ 5)

ਉਪਰੋਕਤ ਕਾਵਿ-ਟੁਕੜੀਆਂ ਮਨੋਗਤ ਸਰੋਦੀ ਕਵਿਤਾ ਦੀ ਧਾਰਨੀ ਹਨ। ਕਵਿਤਾ ਵਿਚ 'ਮੈਂ' ਆਪਣੇ ਅੰਤਰਿਕ ਵਿਚ ਲਹਿ ਕੇ ਮਾਇਆ ਦੇ ਸਰੂਪ ਸੰਬੰਧੀ ਆਪੇ ਨਾਲ ਗੱਲਾਂ ਕਰ ਰਿਹਾ ਹੈ। ਸਰੋਤਾ ਕਵਿਤਾ ਵਿਚ ਕੋਈ ਨਹੀਂ। ਪਰੰਤੂ ਸਰੋਤਾ ਇਸ ਨੂੰ ਦੂਰ ਅਦ੍ਰਿਸ਼ਟ ਖੜ੍ਹਿਆਂ ਸੁਣ ਰਿਹਾ ਹੈ। ਪ੍ਰਮਾਣਿਕ ਸਰੋਦੀ ਕਵਿਤਾ ਦਾ ਇਹੋ ਗੁਣ ਹੈ।

ਇਹਨਾਂ ਕਾਵਿ-ਟੁਕੜੀਆਂ ਵਿਚ ਪ੍ਰੇਰਕ ਭਾਵ ਮਾਇਆ ਹੈ। ਮਾਇਆ ਦੇ ਸਰੂਪ ਨੂੰ ਇਕ ਸੁੰਦਰ ਨਾਰੀ ਦੇ ਰੂਪਕ ਰਾਹੀਂ ਕਲਪਦੇ ਹਨ। ਇਸ ਵਿਚ ਸਹਿ-ਸਬੰਧੀ ਸ਼ਬਦ, ਸੁੰਦਰ, ਮੋਹੈ, ਬਨਿ ਬਨਿ ਜੋਹੈ, ਮਨਿ ਤਨਿ ਲਾਗੈ ਮਿਠੀ, ਆਦਿ ਮਾਇਆ ਦੇ ਸਰੂਪ ਨੂੰ ਸਾਕਾਰ ਕਰਨ ਵਿਚ ਸਹਾਈ ਹੁੰਦੇ ਹਨ। ਇਹਨਾਂ ਸ਼ਬਦਾਂ ਦੀ ਵਿਅੰਜਨਾ ਸ਼ਕਤੀ ਦੁਆਰਾ ਪਾਠਕ/ਸ੍ਰੋਤਾ ਮਾਇਆ ਦੇ ਸੰਕਲਪ ਨੂੰ ਪਰੋਖ ਰੂਪ ਵਿਚ ਗ੍ਰਹਿਣ ਕਰਦਾ ਹੈ। ਇਹ ਸ਼ਬਦ ਮਾਇਆ ਦੇ ਸਰੂਪ ਸਬੰਧੀ ਕਲਪਨਾ ਨੂੰ ਇਕ ਸਥਿਤੀ ਵਿਚ ਬੰਨ੍ਹ ਕੇ ਮਾਇਆ ਦੇ ਸੁੰਦਰ ਸਰੂਪ ਸਬੰਧੀ ਭਾਵ ਨੂੰ ਖਿੰਡਰਨ ਤੋਂ ਬਚਾਉਂਦੇ ਹੋਏ ਸਰੋਦੀ ਕਵਿਤਾ ਦੇ ਭਾਵ-ਇਕਾਗਰਤਾ ਵਾਲੇ ਗੁਣ ਨੂੰ ਕਾਇਮ ਰਖਦੇ ਹਨ।

ਇਹਨਾਂ ਕਾਵਿ-ਟੁਕੜੀਆਂ ਵਿਚ ਮਾਇਆ ਦੇ ਸੁੰਦਰ ਸਰੂਪ ਨੂੰ ਗਾਇਕ-ਕਰਤਾ, ਸੁੰਦਰ ਹੋਣ ਦੇ ਬਾਵਜੂਦ ਵਿਨਾਸਕਾਰੀ ਦਸਦਾ ਹੈ। ਪ੍ਰੇਰਕ ਭਾਵ ਮਾਇਆ ਦਾ ਸਰੂਪ ਹੀ ਹੈ। ਮਾਇਆ ਦੇ

1. ਗੁਰੂ ਗ੍ਰੰਥ ਸਾਹਿਬ, ਪੰਨਾ 392

ਵਿਨਾਸਕਾਰੀ ਰੂਪ ਨੂੰ ਖੋਟੀ, ਠਗਾਉ, ਛੋਰਹਿ ਨਾਰੀ, ਬਾਂਧੇ ਆਦਿ ਸ਼ਬਦ ਪ੍ਰਤਿਬਿੰਬਤ ਕਰਦੇ ਹਨ। ਮਾਇਆ ਮਨਮੋਹਕ ਭੇਸ ਕਰਕੇ ਆਪਣੇ ਉਪਾਸਕਾਂ ਤੇ ਮੋਹੀਆਂ ਨੂੰ ਆਪਣੇ ਕਲਾਵੇ ਵਿਚ ਲੈ ਲੈਂਦੀ ਹੈ। ਇਸ ਤਰ੍ਹਾਂ ਮਨੁੱਖ ਦੇ ਪਤਨ ਦਾ ਕਾਰਣ ਬਣਦੀ ਹੈ। ਪਰੰਤੂ ਇਸ ਦੀ ਸੋਝੀ ਗੁਰੂ ਦੀ ਕ੍ਰਿਪਾ ਦੁਆਰਾ ਹੀ ਹੁੰਦੀ ਹੈ।

ਉਪਰੋਕਤ ਕਾਵਿ-ਰਚਨਾ ਵਿਚ ਮਾਇਆ ਦੇ ਦੋ ਰੂਪਾਂ ਦਾ ਵਰਨਣ ਕੀਤਾ ਹੈ। ਮਾਇਆ ਸੁੰਦਰ ਮਨਮੋਹਕ ਹੈ। ਪਰੰਤੂ ਇਸਦੀ ਇਹ ਸੁੰਦਰਤਾ ਮਨੁੱਖ ਦੀ ਸੰਘਾਰਕ ਹੈ। ਗੁਰੂ ਜੀ ਸ਼ਬਦ-ਜੁਗਤਾਂ ਸਦਕਾ ਮਾਇਆ ਦੇ ਸਰੂਪ ਸਬੰਧੀ ਦੋਹਾਂ ਹਾਲਤਾਂ ਵਿਚ ਭਾਵ-ਇਕਾਗਰਤਾ ਨੂੰ ਬਿਖਰਨ ਨਹੀਂ ਦੇਂਦੇ।

ਇਹਨਾਂ ਕਾਵਿ-ਤੁਕਾਂ ਵਿਚ ਗੁਰੂ ਜੀ ਨੇ ਤੁਕਾਂਤ ਮੇਲ ਵਿਚ ਅਜਿਹੇ ਸ਼ਬਦ ਵਰਤੇ ਹਨ ਜਿਹਨਾਂ ਦੇ ਉਚਾਰਣ ਵੇਲੇ ਮੂੰਹ ਚੋਂ ਲੈਅਾਤਮਕ ਆਵਾਜ਼ ਨਿਕਲਦੀ ਹੈ। ਮੋਹੇ-ਜੋਹੇ, ਮੀਠੀ-ਡੀਠੀ, ਠਗਾਉ-ਮਾਉ, ਬਾਂਧੇ-ਸਾਧੇ ਸ਼ਬਦਾਂ ਦੇ ਉਚਾਰਣ ਵੇਲੇ ਮੂੰਹ ਚੋਂ ਵਹਾਓਆਤਮਕ ਆਵਾਜ਼ ਨਿਕਲਦੀ ਹੈ। ਇਹ ਵਹਾਓਆਤਮਕ ਆਵਾਜ਼ ਹੀ ਇਹਨਾਂ ਕਾਵਿ-ਤੁਕਾਂ ਨੂੰ ਸੰਗੀਤਾਤਮਕ ਉਚਾਰਣ ਪ੍ਰਦਾਨ ਕਰਦੀ ਹੋਈ ਸਰੋਦੀ ਕਵਿਤਾ ਦੇ ਗੁਣ ਨੂੰ ਸਮੋਈ ਰਖਦੀ ਹੈ।

ਹੇਠ ਲਿਖੀ ਰਚਨਾ ਵਿਚ ਗੁਰੂ ਅਰਜਨ ਦੇਵ ਜੀ ਮਾਇਆ ਦੇ ਪਸਾਰੇ ਨੂੰ ਬਹੁਤ ਹੀ ਸੁਹਜਮਈ ਢੰਗ ਦੁਆਰਾ ਸੰਖੇਪ ਸ਼ਬਦਾਂ ਵਿਚ ਬਿਆਨ ਕਰਦੇ ਹਨ।

ਮਾਇਆ ਬਿਆਪਤ ਬਹੁ ਪਰਕਾਰੀ। ਸੰਤ ਜੀਵਹਿ ਪ੍ਰਭ ਓਟ ਤੁਮਾਰੀ।ਰਹਾਉ।
ਬਿਆਪਤ ਅਹੰਬੁਧਿ ਕਾ ਮਾਤਾ। ਬਿਆਪਤ ਪੁਤ੍ਰ ਕਲਤ੍ਰ ਸੰਗਿ ਰਾਤਾ।
ਬਿਆਪਤ ਹਸਤਿ ਘੋੜੇ ਅਰੁ ਬਸਤਾ। ਬਿਆਪਤ ਰੂਪ ਜੋਬਨ ਮਦ ਮਸਤਾ।
ਬਿਆਪਤ ਭੂਮਿ ਰੰਕ ਅਰੁ ਰੰਗਾ। ਬਿਆਪਤ ਗੀਤ ਨਾਦ ਸੁਣਿ ਸੰਗਾ।
ਬਿਆਪਤ ਸੇਜ ਮਹਲ ਸੀਗਾਰ। ਪੰਚ ਦੂਤ ਬਿਆਪਤ ਅੰਧਿਆਰ।
ਬਿਆਪਤ ਕਰਮ ਕਰੈ ਹਉ ਫਾਸਾ। ਬਿਆਪਤ ਗਿਰਸਤ ਬਿਆਪਤ ਉਦਾਸਾ।
ਆਚਾਰ ਬਿਉਹਾਰ ਬਿਆਪਤ ਇਹ ਜਾਤਿ। ਸਭ ਕਿਛੁ ਬਿਆਪਤ ਬਿਨੁ
ਹਰਿ ਰੰਗ ਰਾਤ।[1]

(ਗਉੜੀ ਗੁਆਰੇਰੀ ਮਹੱਲਾ - 5)

1. ਗੁਰੂ ਗ੍ਰੰਥ ਸਾਹਿਬ, ਪੰਨਾ 182

ਉਪਰੋਕਤ ਕਾਵਿ-ਰਚਨਾ ਵਿਚ ਮਾਇਆ ਦੇ ਪਸਾਰ-ਰੂਪ ਨੂੰ ਦ੍ਰਿਸ਼ਟੀਗੋਚਰ ਕੀਤਾ ਹੈ। ਸੰਸਾਰੀ ਰਿਸ਼ਤੇ ਮਾਇਆ ਦੇ ਪਸਾਰੇ ਕਰਕੇ ਬੰਨ੍ਹੇ ਹੋਏ ਹਨ। ਹਾਥੀ ਘੋੜੇ ਅਤੇ ਸਭ ਸੁੰਦਰ ਵਸਤੂਆਂ ਵਿਚ ਮਾਇਆ ਦਾ ਸਾਮਰਾਜ ਹੈ। ਰੂਪ ਅਤੇ ਜੋਬਨ, ਅਮੀਰ-ਗਰੀਬ, ਵਿਚ ਮਾਇਆ ਹੀ ਮਾਇਆ ਵਿਆਪ ਰਹੀ ਹੈ। ਮਾਇਆ ਦਾ ਪਸਾਰਾ ਪੰਜ ਦੂਤ (ਕਾਮ, ਕ੍ਰੋਧ, ਲੋਭ, ਮੋਹ, ਹੰਕਾਰ) ਗ੍ਰਿਹਸਤੀਆਂ, ਉਦਾਸੀਆਂ, ਰਹਿਣੀ-ਬਹਿਣੀ, ਜਾਤ-ਪਾਤ ਆਦਿ ਵਿਚ ਕਾਰਜਸ਼ੀਲ ਹੈ।

ਇਸ ਕਾਵਿ-ਰਚਨਾ ਵਿਚ ਮਾਇਆ ਦੇ ਪਸਾਰੇ ਸਬੰਧੀ ਉਚਾਰਣ ਨੂੰ ਸਰੋਤਾ ਕਵਿਤਾ ਦੇ ਵਾਤਾਵਰਣ ਤੋਂ ਅਲਗ ਖਲੋ ਕੇ ਪਰੋਖ ਰੂਪ ਵਿਚ ਸੁਣਦਾ ਹੈ। ਰੂਪਾਕਾਰ ਵਜੋਂ ਇਹ ਰਚਨਾ ਸਰੋਦੀ ਸਿਧ ਹੁੰਦੀ ਹੈ।

ਕਵਿਤਾ ਦਾ ਥੀਮ ਮੁਢ ਵਿਚ ਹੀ ਪ੍ਰਤਿਬਿੰਬਤ ਹੈ। "ਮਾਇਆ ਬਿਆਪਤ ਬਹੁ ਪਰਕਾਰ" ਤੁਕ ਇਸ ਥੀਮ ਦਾ ਆਦਿ-ਬਿੰਦੂ ਦੇ ਨਾਲ ਨਾਲ ਕੇਂਦਰ-ਬਿੰਦੂ ਵੀ ਹੈ। ਇਸ ਆਦਿ-ਬਿੰਦੂ ਦਾ ਭਾਵ-ਪ੍ਰਬੰਧ ਅਗਲੀਆਂ ਤੁਕਾਂ ਵਿਚ ਕਾਰਜ-ਪ੍ਰਬੰਧ ਵਿਚ ਫੈਲ ਜਾਂਦਾ ਹੈ। ਕਾਰਜ-ਪ੍ਰਬੰਧ ਦਾ ਤਨਾਓ 'ਬਿਆਪਤ' ਸ਼ਬਦ ਉਭਾਲੇ ਹੈ। ਕਵਿਤਾ ਵਿਚ ਇਸ ਸ਼ਬਦ ਨੂੰ ਬਾਰ ਬਾਰ ਦੁਹਰਾਇਆ ਗਿਆ ਹੈ ਪਰੰਤੂ ਰਚਨਾ ਵਿਚ ਇਸ ਦੀ ਕਾਰਜਸ਼ੀਲਤਾ ਇਸ ਦੀ ਬਹੁਲਤਾ ਦਾ ਅਹਿਸਾਸ ਨਹੀਂ ਹੋਣ ਦਿੰਦੀ। ਸਥਿਤੀ ਵਿਕਾਸ ਕਰਦੀ ਹੈ ਪਰੰਤੂ ਇਕ ਦਿਸ਼ਾ ਵੱਲ ਰਹਿੰਦੀ ਹੋਈ ਭਾਵ-ਇਕਾਗਰਤਾ ਨੂੰ ਸਥਾਪਤ ਰਖਦੀ ਹੈ।

ਕਵਿਤਾ ਵਿਚ ਮਾਇਆ ਦੇ ਪਸਾਰੇ ਸਬੰਧੀ ਕਲਪਨਾ, ਵਿਕਾਸ-ਖੇਤਰ ਵਿਚ ਵਿਚਰਦੀ ਹੈ। ਪਰੰਤੂ ਤੁਕ, "ਬਿਆਪਤ ਬਿਨ ਹਰਿ ਰੰਗ ਰਾਤ" ਵਿਕਾਸ ਖੇਤਰ ਨੂੰ ਸਮੇਟ ਲੈਂਦੀ ਹੈ। ਮਾਇਆ ਦੇ ਪਸਾਰੇ ਨੂੰ ਸੰਖੇਪਤਾ ਵਿਚ ਸਮੋ ਲੈਂਦੀ ਹੈ। ਇਸ ਤਰ੍ਹਾਂ ਇਹ ਕਵਿਤਾ ਆਪਣੀ ਉਮਰ ਇਕ ਸਥਿਤੀ ਵਿਚ ਹੰਢਾਉਂਦੀ ਹੈ। ਇਸ ਸਥਿਤੀ ਵਿਚ ਭਾਵ-ਇਕਾਗਰਤਾ ਤੇ ਸੰਖੇਪਤਾ ਵਰਗੇ ਸਰੋਦੀ ਗੁਣ ਕਾਇਮ ਰਹਿੰਦੇ ਹਨ।

ਗੁਰੂ ਅਰਜਨ ਦੇਵ ਨੇ ਮਾਇਆ ਰਚਨਾ ਦੇ ਵਿਨਾਸ਼ਕਾਰੀ ਸੰਕਲਪ ਨੂੰ ਚਿਤਰਿਆ ਹੈ। ਮਾਇਆ ਦਾ ਰੂਪ, ਰਸ ਸੁਗੰਧ ਆਦਿ ਸਭ ਨਾਸ਼ਮਾਨ ਹਨ। ਮਾਇਆ ਦੇ ਸਭ ਸਵਾਦ, ਕਨਿਕ ਕਾਮਿਨੀ ਸਭ ਛਲਾਤਮਕ ਹਨ। ਮਾਇਆ ਬ੍ਰਿਖ ਦੀ ਛਾਇਆ ਵਾਂਗੂੰ ਹੈ। ਮਾਇਆ ਦੇ ਇਸ ਸਾਰੇ ਸਰੂਪ ਨੂੰ ਗੁਰੂ ਅਰਜਨ ਦੇਵ ਨੇ ਇਉਂ ਕਲਪਿਆ ਹੈ:

ਰੂਪ ਰੰਗ ਸੁਗੰਧ ਭੋਗ ਤਿਆਗਿ ਚਲੇ ਮਾਇਆ ਛਲੇ ਕਨਿਕ ਕਾਮਿਨੀ।ਰਹਾਉ।
ਭੰਡਾਰ ਦਰਬ ਅਰਬ ਖਰਬ ਪੇਖਿ ਲੀਲਾ ਮਨੁ ਸਧਾਰੇ ਨਹ ਸੰਗਿ ਗਾਮਨੀ।
ਸੁਤ ਕਲਤ੍ਰ ਭ੍ਰਾਤ ਮੀਤ ਉਰਝਿ ਪਰਿਉ ਭਰਮਿ ਮੋਹਿਉ ਇਹ ਬਿਰਖ ਛਾਮਨੀ।

(ਰਾਮਕਲੀ ਮਹੱਲਾ - 5)

ਉਪਰੋਕਤ ਕਾਵਿ-ਰਚਨਾ ਦਾ ਵਕਤਾ-ਸਰੋਤਾ-ਸੰਬੰਧ ਇਕਾਗਰ ਹੈ। ਆਦਿ ਤੋਂ ਅੰਤ ਤਕ ਉਚਾਰਣ 'ਕਾਵਿ-ਮੈਂ' ਦੇ ਮੂੰਹਿ ਹੈ ਅਤੇ 'ਕਾਵਿ-ਮੈਂ' ਨਾਲ ਸਬੰਧਿਤ ਹੈ।

ਇਸ ਕਵਿਤਾ ਦੇ 'ਰਹਾਉ' ਪ੍ਰਬੰਧ ਵਿਚ ਵਿਚਾਰ ਵਸਤੂ ਮਾਇਆ ਦਾ ਛਲਾਤਮਕ ਰੂਪ ਹੈ। ਮਾਇਆ ਦੇ ਇਸ ਰੂਪ ਵਿਚੋਂ ਵਿਚਾਰ ਉਗਮਦਾ ਹੈ ਕਿ ਮਾਇਆ ਦੇ ਰੂਪ ਰੰਗ, ਸੁਗੰਧ, ਭੋਗ ਆਦਿ ਇਕ ਸੁੰਦਰ ਇਸਤ੍ਰੀ (ਕਾਮਿਨੀ) ਦੀ ਤਰ੍ਹਾਂ ਛਲਦੇ ਹਨ।

ਦੂਜੇ ਅੰਗ ਵਿਚ ਉਪਰੋਕਤ ਵਿਚਾਰ, ਭਾਵ-ਦਿਸ਼ਾ ਵਲ ਵਧਦਾ ਹੈ। ਮਾਇਆ ਦੇ ਭੰਡਾਰਾਂ ਨੂੰ ਵੇਖ ਕੇ ਮੂਰਖ ਮਨ ਖੁਸ਼ ਹੁੰਦਾ ਹੈ। ਪਰੰਤੂ ਇਹ ਭੰਡਾਰ ਅੰਤ ਵੇਲੇ ਸਾਥ ਨਹੀਂ ਦੇਂਦੇ। ਅੰਤਲੀ ਤੁਕ ਵਿਚ ਮਾਇਆ ਰੂਪ ਨੂੰ, ਬਿਰਖ-ਛਾਂ ਦਾ ਰੂਪਕ, ਭਾਵ-ਦਿਸ਼ਾ ਨੂੰ ਭਾਵ-ਰਹਾਉ ਦਿਸ਼ਾ ਵਲ ਮੋੜਦਾ ਹੈ। ਇਸ ਤਰ੍ਹਾਂ ਭਾਵ-ਪ੍ਰਬੰਧ ਸਰੋਦੀ ਕਵਿਤਾ ਦੀ ਇਕਾਗਰਕਾਰੀ ਪ੍ਰਵਿਰਤੀ ਵਿਚ ਵਿਚਰਦਾ ਹੈ।

ਇਸ ਕਾਵਿ-ਰਚਨਾ ਦਾ ਤਣਾਉ ਇਸ ਦੀ ਰੂਪਕ ਬਿਰਤੀ ਵਿਚ ਹੁੰਦਾ ਹੈ। 'ਕਨਿਕ ਕਾਮਿਨੀ' ਦੇ ਰੂਪਕ ਦੇ ਆਧਾਰ ਤੇ ਮਾਇਆ ਦੇ ਛਲ ਦਾ ਤਣਾਉ ਉਸਰਦਾ ਹੈ। ਬਿਰਖ-ਛਾਮਨੀ ਦਾ ਰੂਪਕ ਇਸ ਤਣਾਉ ਨੂੰ ਮੁਕਤ ਕਰ ਦਿੰਦਾ ਹੈ। ਇਹ ਸਾਰਾ ਕਾਰਜ ਕਲਪਨਾਤਮਕ ਵਿਧੀ ਦੁਆਰਾ ਨੇਪਰੇ ਚੜ੍ਹਦਾ ਹੈ।

ਇਹਨਾਂ ਕਾਵਿ-ਤੁਕਾਂ ਵਿਚ ਸ਼ਬਦ ਰੂਪ, ਰੰਗ, ਸੁਗੰਧ, ਕਨਿਕ ਕਾਮਿਨੀ ਮਾਇਆ ਦੇ ਸੁੰਦਰ ਪਰੰਤੂ ਛਲਾਤਮਕ ਰੂਪ ਨੂੰ ਸਾਕਾਰ ਕਰਦੇ ਹਨ। ਇਹ ਸ਼ਬਦ ਕਵਿਤਾ ਵਿਚ ਪ੍ਰਭਾਵਸ਼ਾਲੀ ਸੰਰਚਨਾ ਉਸਾਰ ਲੈਂਦੇ ਹਨ। 'ਕਾਮਿਨੀ', 'ਗਾਮਨੀ' ਤੇ 'ਛਾਮਨੀ' ਸ਼ਬਦ ਕੇਵਲ ਤੁਕਾਂਤ ਪੈਦਾ ਕਰਨ ਲਈ ਨਾ ਹੋ ਕੇ ਸਹਿ ਸਬੰਧੀ ਅਰਥ-ਲੈਅ ਵੀ ਪੈਦਾ ਕਰਦੇ ਹਨ। ਇਹਨਾਂ ਸ਼ਬਦਾਂ ਵਿਚ ਤਰਲ ਧੁਨੀਆਂ 'ਮ' ਤੇ 'ਨ' ਕਵਿਤਾ ਨੂੰ ਹੋਰ ਵੀ ਸੰਗੀਤਮਈ ਬਣਾਉਂਦੀਆਂ ਹਨ।

---

1. ਗੁਰੂ ਗ੍ਰੰਥ ਸਾਹਿਬ, ਪੰਨਾ 901

ਸੰਗੀਤਾਤਮਕਤਾ ਸਰੋਦੀ ਕਵਿਤਾ ਦਾ ਮੁਖ ਲੱਛਣ ਹੈ।

ਉਪਰੋਕਤ ਸਾਰੀ ਵਿਚਾਰ ਦਾ ਸਿੱਟਾ ਇਹ ਨਿਕਲਦਾ ਹੈ ਕਿ ਗੁਰੂ ਅਰਜਨ ਦੇਵ ਜੀ ਨੇ ਆਪਣੀ ਬਾਣੀ ਵਿਚ ਸ਼ਬਦ-ਜੁਗਤਾਂ ਤੇ ਰੂਪਕ ਜੁਗਤਾਂ ਆਦਿ ਦੁਆਰਾ ਮਾਇਆ ਦੇ ਸਰੂਪ ਨੂੰ ਚਿਤਰਿਆ ਹੈ। ਸ਼ਬਦ-ਜੁਗਤਾਂ ਦੁਆਰਾ, ਮਾਇਆ ਸਬੰਧੀ ਵਿਸ਼ੇ ਨੂੰ, ਕਵਿਤਾ ਵਿਚ ਸਰੋਦਾਤਮਕ ਢੰਗ ਦੁਆਰਾ ਪ੍ਰਤਿਬਿੰਬਤ ਕੀਤਾ ਹੈ।

## 5. ਉਪਦੇਸ਼ ਨਾਲ ਸਬੰਧਿਤ ਕਾਵਿ ਵਿਚ ਸਰੋਦ ਤੇ ਉਸ ਦਾ ਨਿਭਾ

ਗੁਰੂ ਅਰਜਨ ਦੇਵ ਜੀ ਦਾ ਆਦਰਸ਼ ਇਕ ਸੰਪੂਰਨ ਮਨੁੱਖ ਦੀ ਸਿਰਜਨਾ ਸੀ। ਇਸ ਕਾਰਜ ਨੂੰ ਨੇਪਰੇ ਚਾੜ੍ਹਨ ਲਈ ਉਹਨਾਂ ਨੇ ਉਪਦੇਸ਼ਾਤਮਕ ਕਾਵਿ ਦੀ ਸਿਰਜਨਾ ਕੀਤੀ। ਉਹਨਾਂ ਦੀ ਬਾਣੀ ਵਿਚ ਉਪਦੇਸ਼ਾਤਮਕ ਅੰਸ਼ ਅਧਿਕ ਤੋਂ ਅਧਿਕ ਮਾਤਰਾ ਵਿਚ ਪਾਇਆ ਜਾਂਦਾ ਹੈ। ਉਪਦੇਸ਼ਾਤਮਕ ਕਵਿਤਾ ਉਹਨਾਂ ਦੇ ਅਧਿਆਤਮਕ ਤੇ ਸ਼ੁਧਵਾਦੀ ਸਿਧਾਂਤ ਦਾ ਪ੍ਰਚਾਰ ਕਰਦੀ ਹੈ। ਉਹਨਾਂ ਦੀ ਕਵਿਤਾ ਵਿਚ ਉਪਦੇਸ਼ ਇਕ ਨੁਕਤੇ ਤੋਂ ਪੇਸ਼ ਹੁੰਦਾ ਹੈ। ਸ਼ੁਧ ਗੁਣਾਂ ਦਾ ਗ੍ਰਹਿਣ ਕਰਨਾ ਤੇ ਬੁਰਿਆਈਆਂ ਦਾ ਤਿਆਗ। ਪ੍ਰਭੂ-ਨਾਮ ਜਪਣ ਨਾਲ ਸਰਬ-ਸੁਖਾਂ ਦੀ ਪ੍ਰਾਪਤੀ ਹੁੰਦੀ ਹੈ। ਉਪਦੇਸ਼ ਵਿਚ ਰੱਬ ਨਾਲ ਮਿਲਣ ਦਾ ਰਸਤਾ ਦਸਿਆ ਗਿਆ ਹੈ।

ਗੁਰੂ ਅਰਜਨ ਦੇਵ ਜੀ ਅਨੁਸਾਰ ਰਿਸ਼ਤੇ ਨਾਤੇ ਉਤਨੀ ਦੇਰ ਹੀ ਹਨ ਜਿਤਨੀ ਦੇਰ ਮਨੁੱਖ ਸੁਖੀ ਹੈ। ਜ਼ਰਾ ਦੁਖ ਆਉਣ ਤੇ ਮਨੁੱਖੀ ਰਿਸ਼ਤੇ ਮੂੰਹ ਮੋੜ ਲੈਂਦੇ ਹਨ। ਮਾਇਆ ਵੀ ਕਿਸੇ ਕੰਮ ਨਹੀਂ। ਮਨੁੱਖ ਨੂੰ ਇਸੇ ਕਰਕੇ ਵਾਹਿਗੁਰੂ ਦਾ ਨਾਮ ਸਿਮਰਨ ਦੀ ਪ੍ਰੇਰਨਾ ਕਰਦੇ ਹਨ। ਗੁਰੂ ਜੀ ਦੀ ਚੋਣ ਲਿਖੀ ਰਚਨਾ ਵਿਚ ਉਪਰੋਕਤ ਉਪਦੇਸ਼ ਨੂੰ ਪ੍ਰਧਾਨਤਾ ਮਿਲੀ ਹੈ। ਜਿਸ ਨੂੰ ਦ੍ਰਿਸ਼ਟਾਂਤਾਂ ਦੀ ਮਦਦ ਨਾਲ ਪੇਸ਼ ਕੀਤਾ ਗਿਆ ਹੈ।

ਜੀਵਤ ਛਾਡਿ ਜਾਹਿ ਦੇਵਾਨੇ।
ਮੁਇਆ ਉਨ ਤੇ ਕੋ ਵਰਸਾਨੇ।
ਸਿਮਰਿ ਗੋਬਿੰਦੁ ਮਨਿ ਤਨਿ ਧੁਰਿ ਲਿਖਿਆ।
ਕਾਹੂ ਕਾਜ ਨ ਆਵਤ ਬਿਖਿਆ। ਰਹਾਉ।
ਬਿਖੈ ਠਗਉਰੀ ਜਿਨਿ ਜਿਨਿ ਖਾਈ।

ਤਾਕੀ ਤ੍ਰਿਸਨਾ ਕਬਹੂੰ ਨ ਜਾਈ।
ਦਾਰਨ ਦੁਖ ਦੁਤਰ ਸੰਸਾਰੁ।
ਰਾਮ ਨਾਮ ਬਿਨੁ ਕੈਸੇ ਉਤਰਸਿ ਪਾਰਿ।
ਸਾਧ ਸੰਗਿ ਮਿਲਿ ਦੁਇ ਕੁਲ ਸਾਧਿ।
ਰਾਮ ਨਾਮ ਨਾਨਕ ਆਰਾਧਿ।

(ਗਉੜੀ ਮਹੱਲਾ - 5)

ਉਪਰੋਕਤ ਕਾਵਿ-ਰਚਨਾ ਦੀ ਸੰਬੋਧਨ ਪ੍ਰਣਾਲੀ ਬਾਰੇ ਸ਼ੰਕਾ ਹੁੰਦੀ ਹੈ ਕਿ ਇਹ ਸਾਹਮਣੇ ਬੈਠੇ 'ਦੀਵਾਨੇ' (ਬਉਰੇ) ਜਾਂ ਕਿਸੇ ਕਾਵਿ-ਸ੍ਰੋਤਾ ਨੂੰ ਹੈ। ਪਰੰਤੂ ਇਹ ਸ਼ਬਦ ਲਗਦਾ ਹੈ ਤੁਕਾਂਤ ਮਿਲਾਉਣ ਲਈ ਨਿਜ ਮਨ ਲਈ ਵਰਤਿਆ ਹੈ। ਕਾਵਿ-ਸ੍ਰੋਤਾ ਕਵਿਤਾ ਅੰਦਰ ਮਾਲੂਮ ਨਹੀਂ ਹੁੰਦਾ। ਸਰੋਤਾ ਕਾਵਿ-ਰਚਨਾ ਦੀ ਪਿਠਭੂਮੀ ਪਿਛੇ ਸਭ ਕੁਝ ਸੁਣਦਾ ਹੈ। ਸੰਬੋਧਨ-ਬਿਰਤੀ ਤੋਂ ਰਚਨਾ ਸਰੋਦੀ ਹੈ।

ਇਸ ਰਚਨਾ ਵਿਚ ਵਸਤੂ ਵਿਚਾਰ ਬਹੁਮੁਖੀ ਹੈ। ਅਰਥਾਤ ਮਨੁੱਖੀ-ਰਿਸਤੇ, ਮਾਇਆ, ਦੁਖੀ-ਸੰਸਾਰ ਤੇ ਸਾਧ-ਸੰਗਿ ਆਦਿ। ਵਿਚਾਰ ਨੂੰ ਇਹਨਾਂ ਵਸਤੂਆਂ ਵਿਚੋਂ ਨਿਚੋੜ ਕੇ ਇਹ ਉਪਦੇਸ਼ ਦਿਤਾ ਗਿਆ ਹੈ ਕਿ ਮਨੁੱਖੀ ਰਿਸ਼ਤੇ ਝੂਠੇ ਹਨ। ਮਾਇਆ ਝੂਠੀ ਹੈ। ਸੰਸਾਰ ਦੁਖਾਂ ਦਾ ਘਰ ਹੈ। ਇਸ ਸਭ ਦਾ ਇਲਾਜ ਪ੍ਰਭੂ ਨਾਮ ਹੈ ਜੋ ਸਾਧ ਸੰਗਤ ਨਾਲ ਮਿਲਦਾ ਹੈ। ਇਹਨਾਂ ਕਾਵਿ-ਤੁਕਾਂ ਵਿਚ ਸ਼ਾਬਦਿਕ ਜੁਗਤਾਂ ਵਸਤਾਂ ਦੇ ਸਮੂਰਤਨ ਵਲ ਰੁਚਿਤ ਨਹੀਂ ਸਗੋਂ ਵਿਚਾਰ-ਪੇਸ਼ਗੀ ਵਲ ਰੁਚਿਤ ਹਨ। ਵਿਚਾਰ-ਪੇਸ਼ਗੀ ਦੇ ਪ੍ਰਬੰਧ ਦੁਆਰਾ ਉਪਦੇਸ਼ਾਤਮਕ ਬੀਜ ਨੂੰ ਪੈਦਾ ਕੀਤਾ ਹੈ। ਭਾਸ਼ਾ-ਬਣਤਰੀ ਉਹਨਾਂ ਵਸਤਾਂ ਨੂੰ ਉਨ੍ਹਾਂ ਦੀ ਸਮੁਚ ਵਿਚ ਪੇਸ਼ ਕਰਨ ਦੀ ਬਜਾਏ ਉਹਨਾਂ ਵਿਚੋਂ ਵਿਚਾਰ-ਬੀਜ ਨੂੰ ਨਿਰਖਣੀ ਹੋਈ ਭਾਵ-ਵਿਆਕਰਤਾ ਵਲ ਰੁਚਿਤ ਹੈ। ਜੀਵਤ, ਮੁਇਆ, ਕਾਹੂ-ਕਾਜ, ਬਿਖਿਆ, ਨਰਾਉਰੀ-ਖਾਣੀ, ਤ੍ਰਿਸਨਾ ਨ ਜਾਈ, ਦੁਖ ਦੁਤਰ ਆਦਿ ਸਹਿ-ਸੰਬੰਧੀ ਸ਼ਬਦਾਂ ਦੀ ਜੁਗਤੀ ਕਵਿਤਾ ਵਿਚਲੇ ਵਿਚਾਰਾਂ ਤੇ ਭਾਵਾਂ ਨੂੰ ਸੰਗਠਿਤ ਕਰਕੇ ਅਗੇ ਵਧਾਉਂਦੀ ਹੈ।

1. ਗੁਰੂ ਗ੍ਰੰਥ ਸਾਹਿਬ, ਪੰਨਾ 199

ਇਸ ਕਾਵਿ-ਰਚਨਾ ਦੀ ਇਕ ਵਿਲੱਖਣਤਾ ਇਹ ਹੈ ਕਿ ਇਸ ਦੇ ਹਰ ਬੰਦ ਵਿਚੋਂ ਨਵੀਂ ਸੰਭਾਵਨਾ ਉਜਾਗਰ ਹੁੰਦੀ ਹੈ। ਪਰੰਤੂ ਇਹ ਸੰਭਾਵਨਾਵਾਂ ਇਕ ਸਮੁੱਚ ਹੋ ਕੇ ਇਕ ਮੁਖ ਭਾਵ ਨੂੰ ਉਜਾਗਰ ਕਰਦੀਆਂ ਹਨ। ਕਿ ਹਰੀ ਦੇ ਨਾਮ ਤੋਂ ਬਿਨਾਂ ਬਾਕੀ ਸਭ ਕੂੜ ਹੈ। ਇਸ ਤਰ੍ਹਾਂ ਭਾਵ-ਇਕਾਗਰਤਾ ਬਣੀ ਰਹਿੰਦੀ ਹੈ।

ਇਸ ਰਚਨਾ ਵਿਚ ਤੁਕਾਂਤਕ ਸ਼ਬਦ ਕੇਵਲ ਤੁਕਾਂਤ ਮੇਲ ਨਵੀ ਹੀ ਨਹੀਂ ਸਗੋਂ ਇਹ ਇਕ ਅਰਥ-ਲੈਅ ਵੀ ਪੈਦਾ ਕਰਦੇ ਹਨ। ਦੇਵਾਨੇ, ਬਰਸਾਨੇ, ਲਿਖਿਆ-ਬਿਖਿਆ, ਖਾਈ-ਜਾਈ, ਸੰਸਾਰੁ-ਪਾਰਿ, ਸਾਧਿ-ਅਰਾਧਿ ਆਦਿ ਸ਼ਬਦ ਇਕ ਸਹਿ-ਸਬੰਧੀ ਲੈਅ ਨਿਰਮਤ ਕਰਦੇ ਹਨ ਜੋ ਅਰਥ-ਸੰਚਾਰ ਦੇ ਸੰਦਰਭ ਨੂੰ ਵੀ ਪੂਰਿਆਂ ਕਰਦੀ ਹੈ। ਇਸ ਰਚਨਾ ਦੇ ਤੁਕਾਂਤ ਸਵਰਾਂ ਨਾਲ ਲੈਸ ਹਨ। ਦੇਵਾਨੇ-ਬਰਸਾਨੇ, ਸਾਧਿ-ਅਰਾਧਿ ਵਿਚ 'ਨ' ਤੇ 'ਧ' ਤੋਂ ਪਹਿਲਾ 'ਆ' ਸਵਰ ਦੀ ਵਰਤੋਂ ਹੈ। ਇਹਨਾਂ ਦੇ ਉਚਾਰਣ ਵੇਲੇ ਮੂੰਹ ਖੁਲ੍ਹਦਾ ਹੈ। ਸਵਰ-ਧੁਨੀਆਂ ਜ਼ਿਆਦਾ ਸੰਗੀਤਕ ਹੁੰਦੀਆਂ ਹਨ। ਸੰਗੀਤਾਤਮਕਤਾ ਪ੍ਰਮਾਣਕ ਸਰੋਦੀ ਕਵਿਤਾ ਦਾ ਇਕ ਗੁਣ ਹੈ।

ਹੇਠ ਲਿਖੀ ਕਾਵਿ-ਰਚਨਾ ਵਿਚ ਗੁਰੂ ਅਰਜਨ ਦੇਵ ਨੇ ਦ੍ਰਿਸ਼ਟਮਾਨ ਜਗਤ ਦੇ ਵਿਭਿੰਨ ਦ੍ਰਿਸ਼ਟਾਂਤਾਂ ਦਾ ਨਿਰੂਪਣ ਕਰਕੇ ਮਨੁੱਖ ਨੂੰ ਉਪਦੇਸ਼ ਕੀਤਾ ਹੈ ਕਿ ਜਿਵੇਂ ਸ਼ਿੰਗਾਰੀ ਹੋਈ ਘੋੜੀ ਉਤੇ ਮਨ-ਅਸਵਾਰ ਚੜ੍ਹ ਨਹੀਂ ਸਕਦਾ, ਖੁਸਰਾ ਇਸਤ੍ਰੀ ਨੂੰ ਪਿਆਰ ਕਰਦਾ ਹੈ ਪਰ ਰਸ ਨਹੀਂ ਪ੍ਰਾਪਤ ਕਰ ਸਕਦਾ, ਗਊ ਤੇ ਚੜ੍ਹ ਕੇ ਸ਼ੇਰ ਨਹੀਂ ਭਜ ਸਕਦਾ, ਭੇਡ ਨੂੰ ਕਾਮਧੇਨ ਮੰਨ ਕੇ ਕਾਮਨਾ ਪੂਰੀ ਨਹੀਂ ਕਰ ਸਕਦਾ, ਬਿਨਾ ਪੈਸੇ ਜਾਂ ਪੂੰਜੀ ਦੇ ਸੌਦਾ ਨਹੀਂ ਖਰੀਦ ਸਕਦਾ ਤਿਵੇਂ ਮਾਇਆ ਪ੍ਰੇਮੀ ਮਨੁੱਖ, ਹਰੀ ਦੇ ਭਗਤ ਦਾ ਸੰਗ ਪ੍ਰਾਪਤ ਨਹੀਂ ਕਰ ਸਕਦਾ।

ਹਰਿ ਕੇ ਦਾਸ ਸਿਉ ਸਾਕਤ ਨਹੀਂ ਸੰਗੁ।
ਓਹੁ ਬਿਖਈ ਓਸੁ ਰਾਮ ਕੋ ਰੰਗੁ। ਰਹਾਉ।
ਮਨ ਅਸਵਾਰ ਜੈਸੇ ਤੁਰੀ ਸੀਗਾਰੀ।
ਜਿਉ ਕਾਪੁਰਖੁ ਪੁਚਾਰੈ ਨਾਰੀ।
ਬੈਲ ਕਉ ਨੇਤ੍ਰਾ ਪਾਇ ਦੁਹਾਵੈ।
ਗਊ ਚਰ ਸਿੰਘ ਪਾਛੈ ਪਾਵੈ।
ਗਾਡਰ ਲੇ ਕਾਮਧੇਨੁ ਕਰ ਪੂਜੀ।
ਸਉਦੇ ਕਉ ਧਾਵੈ ਬਿਨੁ ਪੂੰਜੀ।

ਨਾਨਕ ਰਾਮ ਨਾਮੁ ਜਪਿ ਚੀਤ।
ਸਿਮਰਿ ਸੁਆਮੀ ਹਰਿ ਸਾ ਮੀਤ।[1]
(ਗਉੜੀ ਮਹੱਲਾ - 5)

ਉਪਰੋਕਤ ਕਾਵਿ ਰਚਨਾ ਦਾ ਕਾਵਿ-ਵਕਤਾ ਤੇ ਕਾਵਿ-ਸਰੋਤਾ ਸਬੰਧ ਇਕਾਗਰ ਹੈ। ਕਾਵਿ-ਸਰੋਤਾ ਕਵਿਤਾ ਤੋਂ ਬਾਹਰ ਹੈ। ਉਹ ਸਭ ਕੁਝ ਪਰੋਖ ਰੂਪ ਵਿਚ ਗ੍ਰਹਿਣ ਕਰਦਾ ਹੈ। ਇਸ ਕਰਕੇ ਕਵਿਤਾ ਸਰੋਦੀ ਬ੍ਰਿਤੀ ਦੀ ਧਾਰਨੀ ਹੈ। ਕਵੀ ਦੀ ਕਲਪਨਾ ਵਿਚ, ਘੋੜ-ਸਵਾਰ, ਬੈਲ-ਟੇਂਦੂਆ, ਗਊ-ਸ਼ੇਰ, ਭੇਡ (ਗਾਡਰ)-ਕਾਮਧੇਨ, ਕਾਪੁਰਖ (ਖੁਸਰਾ) - ਇਸਤ੍ਰੀ ਆਦਿ ਵਿਚਾਰਕ ਵਸਤੂਆਂ ਹਨ ਜਿਹਨਾਂ ਦੇ ਮਾਧਿਅਮ ਦੁਆਰਾ ਉਹ ਜੀਵ ਨੂੰ ਉਪਦੇਸ਼ਦੇ ਹਨ।

ਉਪਰੋਕਤ ਕਾਵਿ-ਰਚਨਾ ਵਿਚ ਵਿਚਾਰ ਅਧਿਆਤਮਕ ਚਿੰਤਨ ਨਾਲ ਸਬੰਧਿਤ ਹੋਣ ਕਾਰਨ, ਇਹਨਾਂ ਸਾਰੇ ਉਪਦੇਸ਼ਾਂ ਵਿਚ ਏਕਤਾ ਹੈ। ਇਸ ਵਿਚ ਸ਼ਬਦ-ਅਰਥ, ਸ਼ਬਦ-ਕੋਸ਼ਗਤ ਅਰਥਾਂ ਤੋਂ ਵੱਖਰ ਬਾਪ ਲੈਂਦੇ ਹਨ। ਇਹ ਵੱਖਰ ਕਵਿਤਾ ਦੇ ਮਕਾਨਕੀ-ਪ੍ਰਬੰਧ ਨਾਲ ਹੈ। ਇਸ ਕਵਿਤਾ ਵਿਚ ਮਨ-ਅਸਵਾਰ-ਘੋੜੀ, ਕਾਪੁਰਖ-ਨਾਰੀ, ਬੈਲ-ਦੁਹਾਵੈ, ਗਊ-ਸਿੰਘ, ਗਾਡਰ-ਕਾਮਧੇਨ, ਸਉਦਾ-ਪੂੰਜੀ ਆਦਿ ਉਪਮਾਨ-ਜੁੱਟ ਹਨ। ਇਹ ਇਕੋ ਹੀ ਵਿਚਾਰ-ਅਰਥ ਨੂੰ ਪ੍ਰਗਟਾਉਂਦੇ ਹਨ। ਅਰਥਾਤ ਕਾਵਿ-ਤੁਕਾਂ ਭਿੰਨ ਭਿੰਨ ਉਪਮਾਨਾਂ ਰਾਹੀਂ ਇਕੋ ਅਰਥ ਪੇਸ਼ ਕਰਦੀਆਂ ਹਨ। ਇਹ ਇਕਾਗਰਕਾਰੀ-ਬਿਰਤੀ ਸਰੋਦੀ ਕਵਿਤਾ ਦਾ ਪ੍ਰਮਾਣਕ ਗੁਣ-ਲੱਛਣ ਹੈ।

ਇਸ ਕਵਿਤਾ ਦੀ ਇਕ ਵਿਲੱਖਣਤਾ ਇਸ ਦੀ ਸੰਖਿਪਤਾ ਹੈ। ਉਪਰੋਕਤ ਪੰਕਤੀਆਂ ਵਿਚ ਦੱਸੇ ਉਪਮਾਨ-ਜੁੱਟ, ਵਿਸ਼ਾਲ ਵਿਚਾਰਾਂ ਨੂੰ ਸੰਖਿਪਤ ਰੂਪ ਚਿਤ੍ਰਿਤ ਹਨ। 'ਸਉਦਾ ਕਉ ਧਾਵੈ ਬਿਨੁ ਪੂੰਜੀ' ਤੁਕ ਇਕ ਵਿਸ਼ਾਲ ਅਰਥ ਨੂੰ ਆਪਣੇ ਅੰਦਰ ਸਮੋਈ ਬੈਠੀ ਹੈ। ਜਿਵੇਂ ਪੈਸੇ ਤੋਂ ਬਿਨਾਂ ਵਸਤੂਆਂ ਨਹੀਂ ਖਰੀਦੀਆਂ ਜਾ ਸਕਦੀਆਂ ਤਿਵੇਂ ਹੀ ਨਾਮ (ਪ੍ਰਭੂ) ਤੋਂ ਬਿਨਾਂ ਪਰਮਾਤਮਾ ਨੂੰ ਨਹੀਂ ਪਾਇਆ ਜਾ ਸਕਦਾ। ਗੁਰੂ ਜੀ ਨੇ ਸ਼ਬਦਾਂ ਦੀ ਮਕਾਨਕੀ ਵਰਤੋਂ ਕਰਕੇ ਕਵਿਤਾ ਵਿਚ ਸੰਖਿਪਤਾ ਲਿਆਂਦੀ ਹੈ ਜੋ ਸਰੋਦੀ ਕਵਿਤਾ ਦੇ ਗੁਣਾਂ ਦੀ ਧਾਰਨੀ ਹੈ।

ਇਸ ਕਵਿਤਾ ਵਿਚ ਤੁਕਾਂਤ ਸੰਗੀਤਾਤਮਕਤਾ ਵਲ ਰੁਚਿਤ ਹੈ। ਤੁਕਾਂਤਕ ਸ਼ਬਦ ਸੰਗੁ-ਰੰਗੁ, ਸੀਗਾਰੀ-ਨਾਰੀ, ਦੁਹਾਵੈ-ਪਾਵੈ, ਚੀਤ-ਮੀਤ ਆਦਿ ਨਿਰਾ ਲੈਅ ਹੀ ਪੈਦਾ ਨਹੀਂ ਕਰਦੇ

1. ਗੁਰੂ ਗ੍ਰੰਥ ਸਾਹਿਬ, ਪੰਨਾ 198

ਸਗੋਂ ਕਵਿਤਾ ਨੂੰ ਅਰਥ-ਲੈਅ ਨਾਲ ਪ੍ਰਤਿਬਿੰਬਤ ਕਰਦੇ ਹਨ।

ਕਵਿਤਾ ਦਾ ਥੀਮ ਮੁਢਲੀਆਂ ਦੋ ਤੁਕਾਂ ਵਿਚ ਪੇਸ਼ ਕੀਤਾ ਗਿਆ ਹੈ। ਹਰਿ ਕੇ ਦਾਸ - ਸਾਕਤ, ਬਿਖਈ - ਰਾਮ ਕੋ ਰੰਗੁ ਇਕ ਦੂਜੇ ਦੇ ਵਿਰੋਧ ਵਿਚ ਖੜ੍ਹੇ ਹਨ। ਇਸ ਵਿਰੋਧੀ ਟਕਰਾਓ ਵਿਚੋਂ ਅਗਲੀਆਂ ਤੁਕਾਂ ਵਿਚ ਥੀਮ ਦਾ ਵਿਕਾਸ ਇਕੋ ਸਥਿਤੀ ਵਿਚ ਹੁੰਦਾ ਹੈ। ਅਰਥਾਤ ਪਰਸਪਰ ਦੇ ਵਿਰੋਧੀ ਉਪਮਾਨਾਂ ਰਾਹੀਂ ਹੁੰਦਾ ਹੋਇਆ, ਅੰਤਲੀਆਂ ਤੁਕਾਂ, ਵਿਚਾਰ ਪ੍ਰਤਿ-ਭਾਵੁਕ ਅਨੁਕਿਰਿਆ ਪੇਸ਼ ਕਰਕੇ ਮੁੜ ਥੀਮ ਵਲ ਮੁੜਦੀਆਂ ਹਨ। ਇਥੇ ਇਹ ਥੀਮ ਸਰੋਦ ਦੀ ਅੰਤਮ ਪ੍ਰਵਿਰਤੀ ਦੇ ਤੌਰ ਤੇ ਅਭਿਵਿਅਕਤ ਹੋਇਆ ਹੈ।

ਹੇਠ ਲਿਖੀ ਕਾਵਿ-ਰਚਨਾ ਵਿਚ ਗੁਰੂ ਅਰਜਨ ਦੇਵ ਜੀ ਕਾਵਿ-ਸ੍ਰੋਤੇ ਨੂੰ ਇਕ ਪਰਮਾਤਮਾ ਬਾਰੇ ਦਸ ਕੇ ਉਸਨੂੰ ਪਾਉਣ ਦਾ ਢੰਗ ਦਸਦੇ ਹਨ:

ਏਕੈ ਰੇ ਹਰਿ ਏਕੈ ਜਾਨ।
ਏਕੈ ਰੇ ਗੁਰਮੁਖਿ ਜਾਨ। ਰਹਾਉ।
ਕਾਹੇ ਭ੍ਰਮਤ ਹਉ ਤੁਮ ਭ੍ਰਮਹੁ ਨ ਭਾਈ ਰਵਿਆ ਰੇ ਰਵਿਆ ਸ੍ਰਬ ਥਾਨ।
ਜਿਉ ਬੈਸੰਤਰ ਕਾਸਟ ਮਝਾਰਿ। ਬਿਨੁ ਸੰਜਮ ਨਹੀਂ ਕਾਰਜ ਸਾਰਿ।
ਬਿਨ ਗੁਰ ਨ ਪਾਵੈਗੋ ਹਰਿ ਜੀ ਕੋ ਦੁਆਰ।
ਮਿਲਿ ਸੰਗਤਿ ਤਜਿ ਅਭਿਮਾਨ। ਕਹੁ ਨਾਨਕ ਪਾਏ ਹੈ ਪਰਮ ਨਿਧਾਨ।[1]

(ਦੇਵ ਗੰਧਾਰੀ ਮਹੱਲਾ - 5)

ਉਪਰੋਕਤ ਕਾਵਿ-ਰਚਨਾ ਦੀ ਹਰ ਇਕ ਪੰਗਤੀ ਇਕ ਵਖਰੇ ਸਰੋਦੀ-ਅੰਸ਼ ਦੀ ਮਾਲਕ ਹੈ। ਪਰੰਤੂ ਇਹਨਾਂ ਨੂੰ 'ਰਹਾਉ' ਦੀ ਪੰਗਤੀ ਵਿਚਲਾ ਕੇਂਦਰੀ ਖਿਆਲ ਆਪਸ ਵਿਚ ਸਬੰਧਿਤ ਕਰਦਾ ਹੈ। ਵਿਚਾਰਾਂ ਦੀ ਸਮਾਨਤਾ ਸਰੋਦੀ ਕਵਿਤਾ ਦਾ ਲਛਣ ਹੈ। ਇਸ ਕਵਿਤਾ ਵਿਚ ਖਿਆਲ ਮੁਢਲੀ ਪੰਗਤੀ ਵਿਚ ਪ੍ਰਗਟ ਹੋ ਗਿਆ ਹੈ:

ਏਕੈ ਰੇ ਹਰਿ ਏਕੈ ਜਾਨ।

---

1. ਗੁਰੂ ਗ੍ਰੰਥ ਸਾਹਿਬ, ਪੰਨਾ 535

ਰਚਨਾ ਦੀ ਪ੍ਰੇਰਕ ਵਸਤੂ 'ਪ੍ਰਭੂ' ਹੈ। ਵਕਤਾ ਆਪਣੇ ਅਨੁਭਵ ਨੂੰ ਜਾਂ ਮਨੋ-ਸਮੱਸਿਆ ਨੂੰ ਨਿੱਜਤਾ ਤੋਂ ਅੱਡ ਕਰਕੇ ਵਿਆਪਕਤਾ ਨਾਲ ਜੋੜਦਾ ਹੈ। ਪਰੰਤੂ ਫੈਸਲਾ ਦੇਣ ਦੀ ਪ੍ਰਵਿਰਤੀ ਮੌਜੂਦ ਹੈ। ਇਸ ਫੈਸਲੇ ਦਾ ਸ੍ਰੋਤਾ, ਵਕਤਾ ਖ਼ੁਦ ਹੈ। ਵਕਤਾ-ਫੈਸਲੇ ਨੂੰ ਪਾਠਕ/ਸ੍ਰੋਤਾ ਪਰੋਖ ਰੂਪ ਵਿਚ ਗ੍ਰਹਿਣ ਕਰਦਾ ਹੈ। ਰਚਨਾ ਵਿਚ ਅਰਜ਼ੀ ਬਿਰਤੀ ਤੇ ਬਲ ਦਿਤਾ ਗਿਆ ਹੈ ਪਰੰਤੂ ਉਪਦੇਸ਼ ਦਾ ਸਬੰਧ ਲੋਕਯਾਨ ਨਾਲ ਹੈ। ਇਹ ਸਾਰਾ ਕਾਰਜ ਵਕਤਾ ਦੀ 'ਸ੍ਵੈ' ਜਾਂ 'ਕਵਿਤਾ-ਮੈਂ' ਦੁਆਰਾ ਪੇਸ਼ ਹੁੰਦਾ ਹੈ।

ਇਸ ਰਚਨਾ ਵਿਚ ਵਸਤੂ ਤੋਂ ਵਧੀਕ ਉਪਦੇਸ਼ ਨੂੰ ਪ੍ਰਧਾਨਤਾ ਮਿਲੀ ਹੈ। ਉਪਦੇਸ਼ ਇਕ ਸੁੰਦਰ ਦ੍ਰਿਸ਼ਟਾਂਤ ਦੀ ਮਦਦ ਨਾਲ ਪੇਸ਼ ਕੀਤਾ ਗਿਆ ਹੈ। ਜਿਵੇਂ ਹਰੇਕ ਲੱਕੜ ਵਿਚ ਅੱਗ ਵਸਦੀ ਹੈ ਪਰੰਤੂ ਜੁਗਤ ਤੋਂ ਬਗੈਰ ਉਸ ਅੱਗ ਨੂੰ ਹਾਸਲ ਨਹੀਂ ਕੀਤਾ ਜਾ ਸਕਦਾ ਇਸੇ ਤਰ੍ਹਾਂ ਕਵਿਤਾ-ਵਸਤੂ ਪ੍ਰਭੂ ਨੂੰ ਵੀ ਜੁਗਤ ਤੋਂ ਬਿਨਾਂ ਪ੍ਰਾਪਤ ਨਹੀਂ ਕੀਤਾ ਜਾ ਸਕਦਾ। ਇਹ ਜੁਗਤ 'ਗੁਰੂ' ਹੈ। ਗੁਰੂ ਹੀ ਸੰਗਤ ਨਾਲ ਮਿਲ ਅਭਿਮਾਨ ਛੱਡਣ ਦੀ ਜੁਗਤ ਦਸਦਾ ਹੈ। ਇਸ ਤਰ੍ਹਾਂ ਵਿਚਾਰ ਅਖ਼ੀਰ ਵਿਚ ਬੌਧਿਕ ਨਿਰਣੇ ਤੇ ਪੁਜਣ ਦਾ ਮੁਥਾਜ ਹੈ। ਪਰੰਤੂ ਵਿਚਾਰ ਜਾਂ ਭਾਵ ਇਕ ਸਥਿਤੀ ਅੰਦਰ ਹੀ ਟਿਕੇ ਰਹਿੰਦੇ ਹਨ। ਇਹ ਸਥਿਤੀ ਕਵਿਤਾ ਵਿਚ ਇਕ ਅੰਤਰਧਾਰਾ ਦੇ ਰੂਪ ਵਿਚ ਮੌਜੂਦ ਹੈ। ਇਸ ਅੰਤਰਧਾਰਾ ਦੀ ਭਾਵਨਾ ਉਪਦੇਸ਼ਾਤਮਕ ਹੈ ਜਿਸ ਦਾ ਵਹਾਉ ਬੜਾ ਪ੍ਰਬਲ ਤੇ ਆਪ-ਮੁਹਾਰਾ ਹੈ। ਕਵਿਤਾ ਦੀ ਇਹ ਬਿਰਤੀ ਸਰੋਦੀ-ਕਵਿਤਾ ਦੀ ਧਾਰਨੀ ਹੈ।

ਇਸ ਸਰੋਦੀ ਕਵਿਤਾ ਦੀ ਵਿਲੱਖਣਤਾ ਸੰਬੰਧਨੀ ਸ਼ਬਦ 'ਰੇ' ਹੈ। ਇਹ ਕੋਮਲ ਧੁਨੀ ਸੰਗੀਤਕ ਲੈਅ ਪ੍ਰਦਾਨ ਕਰਾਉਂਦੀ ਹੈ। ਇਸ ਵਿਚ ਦੂਜੀ ਤਰਲ ਤੇ ਕੋਮਲ ਧੁਨੀ 'ਨ' ਹੈ ਜੋ ਤੁਕਾਂਤ ਵਿਚ ਬੋਲਣ ਨਾ ਹੋ ਕੇ ਸੰਗੀਤਮਈ ਰਹਿੰਦੀ ਹੈ। ਇਸ ਲੈਅ ਵਿਚੋਂ ਹੀ ਸਰੋਦ ਦੀ ਧੁਨੀ ਤੇ ਅਰਥਾਂ ਦੀ ਏਕਤਾ ਦਾ ਜਨਮ ਹੁੰਦਾ ਹੈ। ਇਸ ਵਿਚ ਤੁਕਾਂਤਕ ਸ਼ਬਦਾਂ, 'ਜਾਨ', 'ਬਾਨ', 'ਅਭਿਮਾਨ' ਤੇ 'ਨਿਧਾਨ' ਵਿਚ 'ਆਨ' ਸ਼ਬਦ ਤੇ ਬਲ ਦਿੱਤਾ ਜਾਂਦਾ ਹੈ। ਕਵਿਤਾ ਵਿਚ ਸ਼ਬਦ-ਲੈਅ ਤੇ ਜਿਤਨਾ ਵੱਧ ਦਬਾ ਜਾਂ ਬਲ ਦਿੱਤਾ ਜਾਂਦਾ ਹੈ ਉਹ ਉਤਨੀ ਹੀ ਸਰੋਦ ਦੇ ਲੈਆਤਮਕ ਆਧਾਰ ਦੇ ਨੇੜੇ ਹੋ ਜਾਂਦੀ ਹੈ। ਇਹ ਸੰਗੀਤ ਜਾਂ ਸ਼ਬਦ-ਲੈਅ ਕਵਿਤਾ-ਵਿਚਲੇ ਉਪਦੇਸ਼ ਦੇ ਪ੍ਰਭਾਵ ਨੂੰ ਗੂੜ੍ਹਾ ਕਰਕੇ ਪ੍ਰਗਟ ਕਰਦੀ ਹੈ।

ਇਸ ਕਵਿਤਾ ਵਿਚ ਸ਼ਾਬਦਿਕ ਜੁਗਤਾਂ ਵਿਚਾਰ ਨੂੰ ਸੰਖੇਪਤਾ ਵਿਚ ਪ੍ਰਗਟਾਉਣ ਲਈ ਸਹਾਈ ਹਨ। ਪ੍ਰਭੂ ਦੀ ਏਕਤਾ ਨੂੰ ਦਰਸਾਉਣ ਲਈ ਸਰੋਦੀ ਕਵਿਤਾ ਦੇ ਮੂਡ ਅਨੁਸਾਰ ਸ਼ਬਦਾਂ

ਦੀ ਸਿਰਜਣਾ ਕੀਤੀ ਗਈ ਹੈ। ਜਿਵੇਂ ਏਕੋ ਜਾਨ, ਸੁਖ-ਬਾਨ, ਬੈਸੰਤਰ-ਕਾਸ਼ਟ ਮਝਾਰ, ਪਰਮ ਨਿਧਾਨ ਆਦਿ। ਇਹ ਸ਼ਬਦ ਕਵਿਤਾ ਨੂੰ ਸੰਖੇਪ ਸ਼ੈਲੀ ਪਰੰਤੂ ਸੰਪੂਰਣਤਾ ਨਾਲ ਅਭਿਵਿਅਕਤ ਕਰਦੇ ਹਨ।

ਉਪਰੋਕਤ ਵਿਚਾਰ ਤੋਂ ਬਾਅਦ ਇਹ ਕਿਹਾ ਜਾ ਸਕਦਾ ਹੈ ਕਿ ਗੁਰੂ ਅਰਜਨ ਦੇਵ ਨੇ ਸਰੋਦੀ ਕਵਿਤਾ ਵਿਚ ਭਾਵਨਾਵਾਂ ਦੇ ਅਨੁਕੂਲ ਸ਼ਬਦ-ਸਿਰਜਣਾ ਤੇ ਭਾਸ਼ਾ-ਤਰਲਤਾ ਦੁਆਰਾ ਕਾਵਿ-ਸ੍ਰੋਤਾ/ਪਾਠਕ ਪ੍ਰਵਿਰਤੀ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਉਪਦੇਸ਼ ਗ੍ਰਹਿਣ ਕਰਨ ਵਲ ਰੁਚਿਤ ਕੀਤਾ ਹੈ। ਕਵੀ ਕਲਪਨਾਤਮਕ ਵਸਤੂਆਂ ਦੇ ਮਾਧਿਅਮ ਦੁਆਰਾ ਵਿਚਾਰਾਂ ਨੂੰ ਸੰਖੇਪ ਤੇ ਸੰਗੀਤਮਈ ਸ਼ਬਦਾਵਲੀ ਵਿਚ ਗੁੰਦ ਕੇ ਸੋਹਜ-ਰਸ ਪੈਦਾ ਕਰਦੇ ਹਨ। ਇਹ ਤੱਤ ਕਵਿਤਾ ਵਿਚ ਸਰੋਦੀ ਅੰਸ਼ ਨੂੰ ਬਣਾਈ ਰਖਦੇ ਹਨ।

## 6. ਗੁਰੂ ਵਰਨਣ ਨਾਲ ਸਬੰਧਿਤ ਕਾਵਿ ਵਿਚ ਸਰੋਦ ਤੇ ਉਸਦਾ ਨਿਭਾ

ਗੁਰੂ ਅਰਜਨ ਦੇਵ ਜੀ ਪ੍ਰਮੁੱਖ ਰੂਪ ਵਿਚ ਵਾਹਿਗੁਰੂ ਦੇ ਅਨਿੰਨ ਭਗਤ ਤੇ ਪੂਰਣ ਸਾਧਕ ਸਨ। ਉਹਨਾਂ ਨੇ ਆਪਣੀ ਕਾਵਿ ਰਚਨਾ ਵਿਚ ਜਿਥੇ ਗੁਰੂ ਦੇ ਰੂਪ ਨੂੰ ਚਿਤਰਿਆ ਹੈ ਉਥੇ ਗੁਰੂ ਦੀ ਮਹਿਮਾ, ਗੁਰੂ ਦੀ ਸੇਵਾ ਤੇ ਸੇਵਾ ਦਾ ਫਲ, ਗੁਰੂ-ਪਿਆਰ ਤੇ ਗੁਰੂ-ਕ੍ਰਿਪਾ ਆਦਿ ਬਾਰੇ ਵੀ ਆਪਣੇ ਵਿਚਾਰ ਪ੍ਰਗਟ ਕੀਤੇ ਹਨ। ਗੁਰੂ ਅਰਜਨ ਬਾਣੀ ਵਿਵੇਚਨ ਤੋਂ ਗੁਰੂ ਦੇ ਦੋ ਰੂਪ ਉਭਰ ਕੇ ਦ੍ਰਿਸ਼ਟੀਗੋਚਰ ਹੁੰਦੇ ਹਨ:

(ੳ) ਗੁਰੂ ਦਾ ਪਰਮਾਤਮਾ ਰੂਪ
(ਅ) ਗੁਰੂ ਦਾ ਮਨੁੱਖੀ ਰੂਪ

ਉਪਰੋਕਤ ਦੋਵੇਂ ਪ੍ਰਕਾਰ ਦੇ ਗੁਰੂ ਰੂਪਾਂ ਦੇ ਸੰਦਰਭ ਵਿਚ ਗੁਰੂ ਅਰਜਨ ਦੇਵ ਬਾਣੀ ਵਿਚ ਗੁਰੂ ਸਬੰਧੀ ਵਿਸ਼ੇ ਦੇ ਨਿਭਾ ਨੂੰ ਵਿਚਾਰਨਾ ਹੈ।

(ੳ) ਗੁਰੂ ਦਾ ਪਰਮਾਤਮਾ ਰੂਪ: ਗੁਰਬਾਣੀ ਵਿਚ ਗੁਰੂ ਦਾ ਸਥਾਨ ਬਹੁਤ ਮਹੱਤਵਪੂਰਨ ਹੈ। ਗੁਰੂ ਅਰਜਨ ਦੇਵ ਜੀ ਪਾਰਬ੍ਰਹਮ ਪਰਮੇਸਰ ਨੂੰ ਗੁਰੂ ਦੇ ਰੂਪ ਵਿਚ ਪੇਸ਼ ਕਰਦੇ ਹਨ। ਇਸ ਦੀ

ਪੁਸ਼ਟੀ ਹੇਠ ਲਿਖੀਆਂ ਤੁਕਾਂ ਤੋਂ ਭਲੀ ਪ੍ਰਕਾਰ ਹੋ ਜਾਂਦੀ ਹੈ।

(ੳ) ਹਮ ਚਾਕਰ ਗੋਬਿੰਦ ਕੇ ਠਾਕੁਰ ਮੇਰਾ ਭਾਰਾ।
ਕਰਨ ਕਰਾਵਨ ਸਗਲ ਬਿਧ ਸੋ ਸਤਿਗੁਰੂ ਹਮਾਰਾ।[1]

(ਆਸਾ ਮਹੱਲਾ - 5)

(ਅ) ਪਾਰਬ੍ਰਹਮ ਪਰਮੇਸਰ ਸਤਿਗੁਰ ਆਪੇ ਕਰਣੈਹਾਰਾ।[2]

(ਸੂਹੀ ਮਹੱਲਾ - 5)

(ੲ) ਸਫਲ ਮੂਰਤਿ ਗੁਰਦੇਵ ਸੁਆਮੀ ਸਰਬ ਕਲਾ ਭਰਪੂਰੇ।
ਨਾਨਕ ਗੁਰ ਪਾਰਬ੍ਰਹਮ ਪਰਮੇਸਰ ਸਦਾ ਸਦਾ ਹਜੂਰੇ।[3]

(ਬਿਲਾਵਲ ਮਹੱਲਾ - 5)

ਉਪਰੋਕਤ ਕਾਵਿ-ਤੁਕਾਂ ਤੋਂ ਗੁਰੂ ਦੇ ਪਰਮਾਤਮਾ ਰੂਪ ਬਾਰੇ ਕੋਈ ਭੁਲੇਖਾ ਨਹੀਂ ਰਹਿ ਜਾਂਦਾ। ਜਿਸ ਗੁਰੂ ਵਲ ਗੁਰੂ ਅਰਜਨ ਦੇਵ ਜੀ ਇਸ਼ਾਰਾ ਕਰ ਰਹੇ ਹਨ ਉਹ ਦੇਹਧਾਰੀ ਗੁਰੂ ਨਹੀਂ ਬਲਕਿ ਪ੍ਰਭੂ ਆਪ ਹੀ ਹੈ ਕਿਉਂਕਿ ਦੇਹਧਾਰੀ ਗੁਰੂ ਅਰਥਾਤ ਮਨੁੱਖ, ਗੁਰ ਪਰਮੇਸਰ, ਗੁਰ ਕਰਤਾ, ਗੁਰ ਕਰਣਹਾਰ ਨਹੀਂ ਹੋ ਸਕਦਾ। ਉਪਰੋਕਤ ਵਿਚਾਰਾਂ ਦੇ ਸੰਦਰਭ ਵਿਚ ਗੁਰੂ ਅਰਜਨ ਸਾਹਿਬ ਦੀ ਹੇਠ ਲਿਖੀ ਕਾਵਿ-ਰਚਨਾ ਨੂੰ ਵਿਚਾਰਦੇ ਹਾਂ।

ਗੁਰ ਪਰਮੇਸਰੁ ਪੂਜੀਐ ਮਨਿ ਤਨਿ ਲਾਇ ਪਿਆਰੁ॥
ਸਤਿਗੁਰੁ ਦਾਤਾ ਜੀਅ ਕਾ ਸਭਸੈ ਦੇਇ ਅਧਾਰੁ॥
ਸਤਿਗੁਰੁ ਬਚਨ ਕਮਾਵਣੇ ਸਚਾ ਇਹੁ ਵੀਚਾਰੁ॥
ਬਿਨੁ ਸਾਧੂ ਸੰਗਤਿ ਰਤਿਆ ਮਾਇਆ ਮੋਹੁ ਸਭ ਛਾਰ॥1॥
ਮੇਰੇ ਸਾਜਨ ਹਰਿ ਹਰਿ ਨਾਮੁ ਸਮਾਲ।
ਸਾਧੂ ਸੰਗਤਿ ਮਨਿ ਵਸੈ ਪੂਰਨ ਹੋਵੈ ਘਾਲ॥ ਰਹਾਉ॥
ਗੁਰੁ ਸਮਰਥੁ ਅਪਾਰੁ ਗੁਰੁ ਵਡਭਾਗੀ ਦਰਸਨੁ ਹੋਇ॥
ਗੁਰੁ ਅਗੋਚਰੁ ਨਿਰਮਲਾ ਗੁਰ ਜੇਵਡੁ ਅਵਰੁ ਨ ਕੋਇ॥

---

1. ਗੁਰੂ ਗ੍ਰੰਥ ਸਾਹਿਬ, ਪੰਨਾ 339
2. ਉਹੀ, ਪੰਨਾ 749
3. ਉਹੀ, ਪੰਨਾ 802

ਗੁਰੁ ਕਰਤਾ ਗੁਰੁ ਕਰਣਹਾਰੁ ਗੁਰਮੁਖਿ ਸਚੀ ਸੋਇ॥
ਗੁਰ ਤੇ ਬਾਹਰ ਕਿਛੁ ਨਹੀਂ ਗੁਰ ਕੀਤਾ ਲੋੜੇ ਸੁ ਹੋਇ॥2॥
ਗੁਰੁ ਤੀਰਥੁ ਗੁਰੁ ਪਾਰਜਾਤੁ ਗੁਰੁ ਮਨਸਾ ਪੂਰਣਹਾਰੁ॥
ਗੁਰੁ ਦਾਤਾ ਹਰਿ ਨਾਮੁ ਦੇਇ ਉਧਰੈ ਸਭੁ ਸੰਸਾਰੁ॥
ਗੁਰੁ ਸਮਰਥੁ ਗੁਰੁ ਨਿਰੰਕਾਰੁ ਗੁਰੁ ਊਚਾ ਅਗਮ ਅਪਾਰੁ॥
ਗੁਰੁ ਕੀ ਮਹਿਮਾ ਅਗਮ ਹੈ ਕਿਆ ਕਥੇ ਕਥਨਹਾਰੁ॥3॥
ਜਿਤੜੇ ਫਲ ਮਨਿ ਬਾਛੀਅਹਿ ਤਿਤੜੇ ਸਤਿਗੁਰ ਪਾਸਿ॥
ਪੂਰਬ ਲਿਖੇ ਪਾਵਣੇ ਸਾਚੁ ਨਾਮੁ ਦੇ ਰਾਸਿ॥
ਸਤਿਗੁਰ ਸਰਣੀ ਆਇਆਂ ਬਾਹੁੜਿ ਨਹੀ ਬਿਨਾਸੁ॥
ਹਰਿ ਨਾਨਕ ਕਦੇ ਨ ਬਿਸਰਉ ਏਹੁ ਜੀਉ ਪਿੰਡੁ ਤੇਰਾ ਸਾਸੁ॥4॥[1]

(ਸਿਰੀ ਰਾਗ ਮਹੱਲਾ - 5)

ਉਪਰੋਕਤ ਕਾਵਿ-ਰਚਨਾ ਵਿਚਲੇ 'ਕਾਵਿ-ਮੈਂ' ਦਾ ਗੁਰੂ ਸਬੰਧੀ ਵਰਨਣ ਪਰੋਖ ਰੂਪ ਵਿਚ ਸੁਣਾਈ ਦੇਂਦਾ ਹੈ। ਸੰਬੋਧਨ ਦ੍ਰਿਸ਼ਟੀ ਤੋਂ ਇਹ ਕਵਿਤਾ ਸਰੋਦੀ ਸਿਧ ਹੁੰਦੀ ਹੈ।

ਇਸ ਕਵਿਤਾ ਵਿਚਲੀ 'ਰਹਾਉ' ਦੀ ਪੰਗਤੀ ਵਿਚ ਹਰੀ ਦੇ ਨਾਮ ਦੀ ਸੰਭਾਲ ਤੋਂ ਗੁਰੂ ਦੇ ਪਰਮਾਤਮਾ ਸਰੂਪ ਦੀ ਪੁਸ਼ਟੀ ਹੁੰਦੀ ਹੈ। ਸਰੋਦੀ ਕਵਿਤਾ ਦੀ ਇਹ ਵਿਸ਼ੇਸ਼ਤਾ ਹੈ ਕਿ ਇਸ ਵਿਚ ਮੁੱਖ ਭਾਵ ਇਕ ਕਾਵਿ-ਬੰਦ ਵਿਚ ਵਖਰੇ ਸਰੋਦੀ ਬੀਜ ਦਾ ਮਾਲਕ ਹੁੰਦਾ ਹੈ। ਇਥੇ 'ਰਹਾਉ' ਦੀ ਤੁਕ ਵਿਚ ਹਰਿ ਹਰਿ (ਪੂਰਨ ਗੁਰੂ) ਨਾਮ ਦੇ ਸਿਮਰਨ ਤੇ ਜ਼ੋਰ ਦਿੱਤਾ ਗਿਆ ਹੈ। ਇਹੀ ਭਾਵ ਇਸ ਰਚਨਾ ਦੇ ਚੌਹਾਂ ਬੰਦਾਂ ਨੂੰ ਇਕ ਕੇਂਦਰੀ ਧਿਆਨ, ਭਾਵ ਗੁਰ ਪਰਮੇਸੁਰੁ, ਸਤਿਗੁਰੁ ਦਾਤਾ, ਗੁਰੂ ਸਮਰਥੁ, ਗੁਰੂ ਅਗੋਚਰੁ, ਗੁਰ ਕਰਤਾ, ਸਤਿਗੁਰ ਆਦਿ ਸ਼ਬਦਾਂ ਰਾਹੀਂ ਜੋੜਦਾ ਹੈ। ਚੌਥੇ ਬੰਦ ਦੀ ਆਖਰੀ ਤੁਕ ਵਿਚ ਕਵੀ ਮਨ ਆਪਣੀ ਅੰਤਮ ਪ੍ਰਵਿਰਤੀ ਪ੍ਰਗਟਾਉਂਦਾ ਹੋਇਆ ਇਹ ਫੈਸਲਾ ਸੁਣਾਉਂਦਾ ਹੈ ਕਿ ਪਰਮਾਤਮਾ (ਗੁਰੂ) ਦਾ ਨਾਮ ਕਦੇ ਨ ਵਿਸਾਰੇ।

ਇਸ ਰਚਨਾ ਵਿਚ ਮਹਿਮਾਬੋਧੀ ਸ਼ਬਦਾਂ ਦੀ ਇਕ ਲੜੀ ਚਲਦੀ ਹੈ। ਜਿਵੇਂ ਪਰਮੇਸੁਰੁ, ਦਾਤਾ, ਸਮਰਥੁ, ਕਰਤਾ, ਕਰਣਹਾਰੁ, ਤੀਰਥੁ, ਪਾਰਜਾਤੁ, ਮਨਸਾ ਪੂਰਣਹਾਰੁ, ਨਿਰੰਕਾਰੁ,

---

1. ਗੁਰੂ ਗ੍ਰੰਥ ਸਾਹਿਬ, ਪੰਨਾ 52

ਉਚਾ ਅਗਮ ਅਪਾਰੁ, ਆਦਿ। ਇਹ ਸਾਰੇ ਸਬੰਧੀ ਸ਼ਬਦ ਗੁਰੂ ਦੇ ਪਰਮੇਸਰ ਰੂਪ ਨੂੰ ਸਾਕਾਰ ਕਰਨ ਵਿਚ ਸਹਾਈ ਹੁੰਦੇ ਹਨ। ਅਜਿਹੇ ਗੁਰ ਪਰਮੇਸਰ ਦੀ ਪੂਰਨ ਹਸਤੀ ਦੀ ਝਲਕ ਮਨੁੱਖੀ ਮਨ ਨੂੰ ਅਲੌਕਿਕ ਅਨੰਦ ਦੀ ਅਵਸਥਾ ਵਿਚ ਲੈ ਜਾਂਦੀ ਹੈ। ਇਹ ਸ਼ਬਦ ਗੁਰੂ ਦੀ ਅਸੀਮ ਸ਼ਕਤੀ ਦੀ ਸਰਬ ਵਿਆਪਕਤਾ ਬਾਰੇ ਮਨੁੱਖੀ ਮਨ ਵਿਚ ਦ੍ਰਿੜਤਾ ਪੈਦਾ ਕਰਦੇ ਹਨ। ਇਹ ਸ਼ਬਦਾਵਲੀ ਗੁਰੂ ਦੇ ਪਰਮਾਤਮਾ ਸਰੂਪ ਸਬੰਧੀ ਖਿਆਲ ਨੂੰ ਭਿੰਨ ਭਿੰਨ ਵਾਤਾਵਰਣ ਦੇ ਸੰਦਰਭ ਵਿਚ ਭਿੰਨ ਭਿੰਨ ਸ਼ਬਦਕ ਜੁਗਤਾਂ ਰਾਹੀਂ ਅਭਿਵਿਅਕਤ ਕਰਦੀ ਹੈ।

ਕਵੀ ਦੀ ਕਲਪਨਾ ਵਿਚ ਵਿਚਾਰਕ ਵਸਤੂ 'ਗੁਰੂ' ਹੈ। ਇਸ ਸ਼ਬਦ ਨੂੰ ਕਵਿਤਾ ਵਿਚ ਬਾਰ ਬਾਰ ਦੁਹਰਾਇਆ ਹੈ। ਇਸ ਸ਼ਬਦ ਦਾ ਉਚਾਰਣ ਤੁਕਾਂਤ ਤੇ ਗੁਰੁ ਹੋ ਕੇ ਤੁਕਾਂਤਕ ਸ਼ਬਦ ਹੋਇ, ਕੋਇ, ਸੋਇ, ਹੋਇ, ਪੂਰਣਹਾਰੁ, ਸੰਸਾਰੁ, ਅਪਾਰੁ, ਕਥਨਹਾਰੁ ਆਦਿ ਸ਼ਬਦਾਂ ਨਾਲ ਟਕਰਾਉਂਦਾ ਹੋਇਆ ਸੰਗੀਤਾਤਮਕ ਲਹਿਰ ਪੈਦਾ ਕਰਦਾ ਹੈ। ਸਮਰਥੁ, ਅਗੋਚਰੁ, ਕਰਣਹਾਰੁ, ਤੀਰਥੁ, ਪਾਰਜਾਤੁ, ਮਨਸਾ-ਪੂਰਨਹਾਰੁ, ਅਗਮ-ਅਗੋਚਰੁ ਆਦਿ ਸ਼ਬਦ ਵਿਸ਼ਾਲ ਅਰਥਾਂ ਨੂੰ ਸੰਖੇਪਤਾ ਵਿਚ ਸਮੋ ਕੇ ਅਭਿਵਿਅਕਤ ਕਰਦੇ ਹਨ। ਇਹ ਸਾਰਾ ਚਮਤਕਾਰ ਕਵੀ ਦੀ ਮਾਨਸਕ ਸੂਝ ਹੈ। ਗੁਰੂ ਜੀ ਨੇ ਕਲਪਨਾ ਵਿਚੋਂ ਵਿਚਾਰ-ਵਸਤੂ ਨੂੰ ਕਲਾਤਮਕ ਸ਼ਬਦਾਵਲੀ ਦੁਆਰਾ ਅਭਿਵਿਅਕਤ ਕਰਕੇ ਸਰੋਦੀ ਕਵਿਤਾ ਦੇ ਤੱਤਾਂ ਨੂੰ ਇਹਨਾਂ ਕਾਵਿ-ਤੁਕਾਂ ਵਿਚ ਬੰਨ੍ਹਿਆ ਹੈ।

(ਖ) <u>ਗੁਰੂ ਦਾ ਮਨੁੱਖੀ ਰੂਪ</u>: ਗੁਰੂ ਅਰਜਨ ਬਾਣੀ ਵਿਚ ਦੇਹਧਾਰੀ ਗੁਰੂ ਦੇ ਵਿਅਕਤਤਵ ਦੇ ਸੰਕੇਤ ਮਿਲਦੇ ਹਨ। ਪਰੰਤੂ ਉਹਨਾਂ ਦੇ ਗੁਰੂ ਸਰੂਪ ਦੀ ਵੀ ਇਹ ਇਕ ਪ੍ਰਮੁੱਖ ਵਿਸ਼ੇਸ਼ਤਾ ਹੈ ਕਿ ਗੁਰੂ ਪਰਮਾਤਮਾ ਨਾਲ ਅਭੇਦ ਹਸਤੀ ਹੈ। ਹੇਠ ਲਿਖੀ ਕਾਵਿ-ਤੁਕਾਂ ਵਿਚ ਗੁਰੂ ਦੇ ਮਨੁੱਖੀ ਸਰੀਰ ਦੇ ਦਰਸ਼ਨ, ਉਸ ਦੇ ਉਪਦੇਸ਼ਾਂ ਤੋਂ ਆਤਮਿਕ ਸ਼ਾਂਤੀ, ਗੁਰਸੇਵਕ ਮਨੁੱਖ ਦਾ ਨਰਕਾਂ 'ਚ ਨ ਜਾਣਾ, ਭਵਜਲ ਤੋਂ ਡੁਬਦੇ ਨੂੰ ਕਢਣਾ, ਗੁਰੂ-ਕ੍ਰਿਪਾ ਦੁਆਰਾ ਨਾਮ ਲੈਣਾ, ਪ੍ਰਭੂ-ਪ੍ਰਾਪਤੀ ਲਈ ਵਿਚੋਲੇ ਦੇ ਰੂਪ ਵਿਚ ਸਹਾਈ ਹੋਣਾ ਆਦਿ ਭਾਵਾਂ ਦਾ ਪ੍ਰਦਰਸ਼ਨ ਵਿਅਕਤੀਗਤ ਗੁਰੂ ਪ੍ਰਤਿ ਸ਼ਰਧਾ ਦਾ ਹੀ ਨਿਰੂਪਣ ਕਰਦਾ ਹੈ।

(ੳ) ਦਰਸਨ ਪੇਖਤ ਮੈ ਜੀਉ। ਸੁਨਕਰ ਬਚਨ ਤੁਮਾਰੇ
ਸਤਿਗੁਰ ਮਨ ਤਨ ਮੇਰਾ ਠਾਰ ਥੀਉ।[1]
(ਆਸਾ ਮਹੱਲਾ - 5)

1. <u>ਗੁਰੂ ਗ੍ਰੰਥ ਸਾਹਿਬ</u>, ਪੰਨਾ 382

(ਅ) ਗੁਰ ਕਾ ਸੇਵਕ ਨਰਕਿ ਨ ਜਾਏ।

ਗੁਰ ਕਾ ਸੇਵਕ ਪਾਰਬ੍ਰਹਮ ਧਿਆਏ।[1]

(ਸੋਲਹੇ ਮਾਰੂ ਮਹੱਲਾ - 5)

(ੲ) ਭਵਜਲਿ ਡੂਬਤ ਸਤਿਗੁਰੁ ਕਾਢੈ।

ਜਨਮ ਜਨਮ ਕਾ ਟੂਟਾ ਗਾਢੈ।[2]

(ਸੂਹੀ ਮਹੱਲਾ - 5)

(ਸ) ਗੁਰਦੇਵ ਦਾਤਾ ਹਰਿ ਨਾਮੁ ਉਪਦੇਸੈ ਗੁਰਦੇਵ ਮੰਤੁ ਨਿਰੋਧਰਾ।

ਗੁਰਦੇਵ ਸਾਂਤਿ ਸਤਿ ਬੁਧਿ ਮੂਰਤਿ ਗੁਰਦੇਵ ਪਾਰਸ ਪਰਸਪਰਾ।[3]

(ਗਉੜੀ ਬਾਵਨ ਅਖਰੀ ਮਹੱਲਾ - 5)

ਉਪਰੋਕਤ ਵਿਚਾਰਾਂ ਦੇ ਸੰਦਰਭ ਵਿਚ ਗੁਰੂ ਅਰਜਨ ਸਾਹਿਬ ਦੀ ਹੇਠ ਲਿਖੀ ਕਾਵਿ-ਰਚਨਾ ਨੂੰ ਵਿਚਾਰਦੇ ਹਾਂ, ਜਿਸ ਵਿਚ ਉਹ ਗੁਰੂ ਦੀ ਮਹਿਮਾ ਦਾ ਵਰਣਨ ਕਰਦੇ ਹੋਏ ਗੁਰੂ ਨੂੰ ਪਰਮਾਤਮਾ ਨਾਲ ਤੁਲਨਾਉਂਦੇ ਹਨ ਤੇ ਦੋਹਾਂ ਨੂੰ ਅਭੇਦ ਸਮਝਦੇ ਹਨ।

ਗੁਰੁ ਗੁਰੁ ਗੁਰੁ ਕਰਿ ਮਨ ਮੋਰ। ਗੁਰੂ ਬਿਨਾ ਮੈਂ ਨਾਹੀ ਹੋਰ।

ਗੁਰ ਕੀ ਟੇਕ ਰਹਹੁ ਦਿਨੁ ਰਾਤਿ। ਜਾਕਿ ਕੋਇ ਨ ਮੇਟੈ ਦਾਤਿ।

ਗੁਰ ਪਰਮੇਸਰ ਇਕੋ ਜਾਣੁ। ਜੋ ਤਿਸੁ ਭਾਵੈ ਸੋ ਪਰਵਾਣੁ।ਰਹਾਉ।

ਗੁਰ ਚਰਣੀ ਜਾਕਾ ਮਨੁ ਲਾਗੈ। ਦੂਖੁ ਦਰਦੁ ਭ੍ਰਮੁ ਤਾਕਾ ਭਾਗੈ।

ਗੁਰ ਕੀ ਸੇਵਾ ਪਾਏ ਮਾਨੁ। ਗੁਰ ਊਪਰਿ ਸਦਾ ਕੁਰਬਾਨੁ।

ਗੁਰ ਕਾ ਦਰਸਨੁ ਦੇਖਿ ਨਿਹਾਲ। ਗੁਰ ਕੇ ਸੇਵਕ ਕੀ ਪੂਰਨ ਘਾਲ।

ਗੁਰ ਕੇ ਸੇਵਕ ਕਉ ਦੁਖੁ ਨ ਬਿਆਪੈ। ਗੁਰ ਕਾ ਸੇਵਕ ਦਹਦਿਸਿ ਜਾਪੈ।

ਗੁਰ ਕੀ ਮਹਿਮਾ ਕਥਨੁ ਨ ਜਾਇ। ਪਾਰਬ੍ਰਹਮੁ ਗੁਰੁ ਰਹਿਆ ਸਮਾਇ।

---

1. ਗੁਰੂ ਗ੍ਰੰਥ ਸਾਹਿਬ, ਪੰਨਾ 382
2. ਉਹੀ, ਪੰਨਾ 1075
3. ਉਹੀ, ਪੰਨਾ 741

ਕਹੁ ਨਾਨਕ ਜਾ ਕੇ ਪੂਰੇ ਭਾਗ। ਗੁਰ ਚਰਣੀ ਤਾ ਕਾ ਮਨੁ ਲਾਗ।[1]

(ਗੋਂਡ ਮਹੱਲਾ - 5)

ਉਪਰੋਕਤ ਕਾਵਿ-ਟੁਕੜੀ ਵਿਚ ਕਵੀ ਮਨ ਖੁਦ ਨੂੰ ਮੁਖਾਤਬ ਹੋ ਕੇ ਸੰਬੋਧਨ ਕਰ ਰਿਹਾ ਹੈ। ਸ੍ਰੋਤਾ/ਪਾਠਕ ਇਸੇ ਸੰਬੋਧਨ ਨੂੰ ਪਰੋਖ ਰੂਪ ਵਿਚ ਸੁਣਦਾ ਹੈ। ਸੰਬੋਧਨ-ਵਿਧੀ ਤੋਂ ਇਹ ਰਚਨਾ ਸਰੋਦੀ ਸਿਧ ਹੁੰਦੀ ਹੈ।

ਇਸ ਰਚਨਾ ਦਾ ਮੁੱਖ ਭਾਵ 'ਰਹਾਉ' ਦੀ ਪੰਗਤੀ ਵਿਚ ਇਹ ਦ੍ਰਿੜਾਇਆ ਗਿਆ ਹੈ ਕਿ ਗੁਰੂ ਤੇ ਪਰਮੇਸਰ ਇਕ ਰੂਪ ਹਨ। ਜੋ ਉਹਨੂੰ ਭਾਉਂਦਾ ਹੈ ਉਹੀ ਹੁੰਦਾ ਹੈ। ਇਸ ਸਾਰੀ ਰਚਨਾ ਦਾ ਤਾਣਾ ਇਸੇ ਭਾਵ ਉਪਰ ਆਪਣੀ ਵਿਕਾਸ ਰੇਖਾ ਵਾਹੁੰਦਾ ਹੈ। ਇਹ ਵਿਕਾਸ ਰੇਖਾ ਇਸ ਰਚਨਾ ਦੀ ਅਖ਼ੀਰਲੀ ਪੰਗਤੀ 'ਚ ਆਪਣਾ ਵਿਕਾਸ ਪੂਰਾ ਕਰਕੇ ਮੁੜ ਇਥੇ ਹੀ ਸਮਾ ਜਾਂਦੀ ਹੈ।

ਇਸ ਸਰੋਦੀ ਰਚਨਾ ਦੀ ਸੰਰਚਨਾ ਦਾ ਇਕ ਹੋਰ ਵਿਲੱਖਣ ਤੱਤ ਇਸ ਦੇ ਕਾਵਿ ਖੰਡਾਂ ਦਾ ਵਿਲੱਖਣ ਸੁਭਾਉ ਹੈ। ਇਸ ਦੀਆਂ ਹਰ ਦੋ ਪੰਗਤੀਆਂ ਇਕ ਵੱਖਰਾ ਬੰਦ ਅਤੇ ਆਪਣੇ ਆਪ ਵਿਚ ਸੰਪੂਰਣ ਹੋਣ ਦਾ ਭਾਉਲਾ ਪੈਦਾ ਕਰਦੀਆਂ ਹਨ। ਪਰ ਅਸਲ ਵਿਚ ਇਸ ਸਰੋਦੀ ਕਵਿਤਾ ਦਾ ਕੇਂਦਰ 'ਰਹਾਉ' ਤੋਂ ਪਹਿਲੇ ਬੰਦ ਫਿਰ ਦੂਜੇ ਤੀਜੇ ਅਤੇ ਚੌਥੇ ਵਿਚ ਫੈਲਦਾ ਤੇ ਵਧਦਾ ਜਾਂਦਾ ਹੈ। ਅਖ਼ੀਰਲੀ ਤੁਕ ਵਿਚ ਕਵੀ ਵਕਤਾ ਆਪਣੀ ਮਨੋ ਸਮੱਸਿਆ ਨੂੰ ਨਿਜਤਾ ਤੋਂ ਤੋੜ ਕਰਕੇ ਵਿਆਪਕਤਾ ਨਾਲ ਜੋੜਦਾ ਹੈ।

ਇਸ ਸਰੋਦੀ ਰਚਨਾ ਵਿਚ ਗੁਰ ਕੀ ਟੇਕ, ਗੁਰ ਚਰਣੀ , ਗੁਰ ਕੀ ਸੇਵਾ, ਗੁਰ ਦਰਸ਼ਨ, ਗੁਰ ਕੀ ਮਹਿਮਾ, ਪਾਰਬ੍ਰਹਮ ਗੁਰ ਆਦਿ ਸਹਿ-ਸਬੰਧੀ ਸ਼ਬਦ ਗੁਰੂ ਦੇ ਸਰੂਪ ਸਬੰਧੀ ਵਿਸ਼ੇ ਨੂੰ ਸਾਕਾਰ ਕਰਦੇ ਹਨ। ਕਵੀ ਦੇ ਗੁਰੂ ਸਰੂਪ ਵਿਸ਼ੇ ਸਬੰਧੀ ਫੈਸਲੇ ਨੂੰ ਪਾਠਕ/ਸ੍ਰੋਤਾ ਪਰੋਖ ਰੂਪ ਵਿਚ ਗ੍ਰਹਿਣ ਕਰਦੇ ਹਨ।

ਕਵੀ ਦੀ ਕਲਪਨਾ ਵਿਚ ਵਿਚਾਰਕ ਵਸਤੂ ਗੁਰੂ ਦਾ, ਪਰਮਾਤਮਾ ਨਾਲ ਅਭੇਦ ਰੂਪ ਹੈ। ਇਸ ਵਿਚਾਰ ਨੂੰ ਗੁਰੂ ਜੀ, ਗੁਰ ਕੀ ਟੇਕ, ਗੁਰ ਪਰਮੇਸਰ, ਗੁਰਚਰਣੀ, ਗੁਰ ਕੀ ਸੇਵਾ, ਗੁਰ ਕਾ ਦਰਸ਼ਨ, ਗੁਰ ਕੇ ਸੇਵਕ, ਗੁਰ ਕੀ ਮਹਿਮਾ ਆਦਿ ਸ਼ਬਦਾਂ ਰਾਹੀਂ ਅਭਿਵਿਅਕਤ ਕਰਦੇ

---

1. ਗੁਰੂ ਗ੍ਰੰਥ ਸਾਹਿਬ, ਪੰਨਾ 864

ਹਨ। ਇਹ ਸ਼ਬਦ ਗੁਰੂ ਦੇ ਵਿਸ਼ਾਲ-ਰੂਪ ਨੂੰ ਸੰਖੇਪਣ ਵਲ ਵੀ ਰੁਚਿਤ ਹਨ। ਇਸ ਵਿਚ ਗੁਰੂ ਸਬੰਧੀ ਮਹਿਮਾ ਤੇ ਭਗਤੀ ਭਾਵਨਾ ਕੰਮ ਕਰਦੀ ਹੈ। ਗੁਰੂ ਤੇ ਰੱਬ ਨੂੰ ਇਕਮਿਕ ਕਰਕੇ ਇਕ ਅਸੂਲ ਦ੍ਰਿੜਾਇਆ ਹੈ। ਕਵੀ ਦੀ ਸੂਝ ਦੀ ਵਿਲੱਖਣਤਾ ਦਾ ਚਮਤਕਾਰ ਇਸ ਗੱਲ ਵਿਚ ਹੈ ਕਿ 'ਗੁਰ' ਸ਼ਬਦ ਦੀ ਦੁਹਰਤਾ ਦਾ ਟਕਰਾਓ ਤੁਕਾਂਤਕ ਸ਼ਬਦ ਮੋਰ-ਹੋਰ, ਹਾਤਿ-ਦਾਤਿ, ਨਾਰੇ-ਭਾਰੇ, ਮਾਨੁ-ਕੁਰਬਾਨੁ ਆਦਿ ਸ਼ਬਦਾਂ ਨਾਲ ਮੇਲ ਕੇ ਸੰਗੀਤ ਪੈਦਾ ਕੀਤਾ ਹੈ।

ਸਿੱਟੇ ਵਜੋਂ ਕਹਿਆ ਜਾ ਸਕਦਾ ਹੈ ਕਿ ਗੁਰੂ ਅਰਜਨ ਦੇਵ ਨੇ ਗੁਰੂ ਵਰਨਣ ਕਾਵਿ-ਰਚਨਾ ਵਿਚ ਵਿਸ਼ੇ ਦੀ ਗਹਿਨਤਾ ਨੂੰ ਢੁਕਵੀਂ ਸ਼ਬਦਾਵਲੀ ਦੀ ਵਰਤੋਂ ਕਰਕੇ ਸਰੋਦੀ ਰੰਗ ਵਿਚ ਪੇਸ਼ ਕੀਤਾ ਹੈ।

## 7. ਸਾਧੂ, ਸੰਤ ਤੇ ਬ੍ਰਹਮ ਗਿਆਨੀ ਵਰਨਣ ਨਾਲ ਸੰਬੰਧਿਤ ਕਾਵਿ ਵਿਚ ਸਰੋਦ ਤੇ ਉਸ ਦਾ ਨਿਭਾ

ਗੁਰੂ ਅਰਜਨ ਬਾਣੀ ਸਰਬੋਤਮ ਮਨੁੱਖ ਦੀ ਸਿਰਜਣਾ ਵਲ ਰੁਚਿਤ ਹੈ। ਗੁਰੂ ਬਾਣੀ ਵਿਚ ਸਾਧ, ਸੰਤ ਤੇ ਬ੍ਰਹਮ ਗਿਆਨੀ ਆਦਿ ਸ਼ਬਦ ਸੰਪੂਰਨ ਮਨੁੱਖ ਦਾ ਵਰਨਣ ਕਰਦੇ ਹਨ। ਅਜਿਹੇ ਮਨੁੱਖਾਂ ਦੀ ਧਾਰਨਾ ਇਕ ਪਰਮਾਤਮਾ ਤੇ ਟਿਕੀ ਹੁੰਦੀ ਹੈ।[1] ਗੁਰੂ ਅਰਜਨ ਦੇਵ ਜੀ ਨੇ ਇਹਨਾਂ ਦੈਵੀਗੁਣ ਧਾਰਨੀ ਮਰਦ ਅਗੰਮੜਿਆਂ ਦੇ ਸੰਦਰਭ ਨੂੰ ਆਪਣੀ ਕਾਵਿ ਰਚਨਾ ਵਿਚ ਬੜੇ ਸਚਿਤਰ ਵਿਸਥਾਰ ਅਤੇ ਤੀਬਰ ਸੰਵੇਦਨਸ਼ੀਲਤਾ ਦੁਆਰਾ ਪੇਸ਼ ਕੀਤਾ ਹੈ। ਅਸਲ ਵਿਚ ਸਾਧ, ਸੰਤ ਤੇ ਬ੍ਰਹਮ ਗਿਆਨੀ ਇਕੋ ਪੈਟਰਨ ਦੇ ਪਰਮ ਮਨੁੱਖ ਹਨ ਜਿਹਨਾਂ ਨੂੰ ਅਲਗ ਅਲਗ ਸ਼ਬਦਾਂ ਦੁਆਰਾ ਪੇਸ਼ ਕੀਤਾ ਹੈ।

<u>ਸਾਧ:</u> ਸਾਧ ਸ਼ੁਧ ਨਿਰਮਲ ਕਰਮਾਂ ਦਾ ਕਰਤਾ ਹੈ। ਉਹ ਹਮੇਸ਼ਾਂ ਪ੍ਰਭੂ ਨਾਮ ਸੁਣਦੇ ਹਨ ਤੇ ਪ੍ਰਭੂ-ਨਾਮ ਸਿਮਰਦੇ ਹਨ। ਗੁਰੂ ਅਰਜਨ ਦੇਵ ਨੇ ਸਾਧ ਦੇ ਸਰੂਪ ਤੇ ਲੱਛਣਾਂ ਨੂੰ ਇਸ ਤਰ੍ਹਾਂ ਦਸਿਆ ਹੈ।

---

1. ਬ੍ਰਹਮ ਗਿਆਨੀ ਕੈ ਧੀਰਜ ਏਕ॥
   (ਗਉੜੀ ਸੁਖਮਨੀ ਮਹੱਲਾ - 5)

(ੳ) ਦੂਖ ਰੋਗ ਬਿਨਸੇ ਭੈ ਭਰਮ।
ਸਾਧ ਨਾਮ ਨਿਰਮਲ ਤਾ ਕੇ ਕਰਮ।[1]

(ਗਉੜੀ ਸੁਖਮਨੀ ਮਹੱਲਾ - 5)

(ਅ) ਸ੍ਰਵਣੀ ਕੀਰਤਨੁ ਸਿਮਰਨ ਸੁਆਮੀ।
ਇਹ ਸਾਧੂ ਕੋ ਅਚਾਰ।
ਚਰਨ ਕਮਲ ਅਸਥਿਤਿ ਰਿਦ ਅੰਤਰ।
ਪੂਜਾ ਪ੍ਰਾਨ ਕੋ ਆਧਾਰੁ।[2]

(ਸਾਰੰਗ ਮਹੱਲਾ - 5)

(ੲ) ਇਹ ਨਿਸਾਣੀ ਸਾਧ ਕੀ ਜਿਸੁ ਭੇਟਤ ਤਰੀਐ।
ਜਮ ਕੰਕਰ ਨੇੜਿ ਨ ਆਵਈ ਫਿਰ ਬਹੁੜਿ ਨ ਮਰੀਐ।[3]

(ਗਉੜੀ ਦੀ ਵਾਰ ਮਹੱਲਾ - 5)

ਗੁਰੂ ਅਰਜਨ ਬਾਣੀ ਵਿਚ ਸਾਧ ਬਾਰੇ ਥਾਂ ਥਾਂ ਵਿਚਾਰ ਆਏ ਹਨ। ਪਰੰਤੂ ਸਾਧ ਦੇ ਲਛਣ ਤੇ ਸਾਧ ਦੀ ਮਹਿਮਾ, ਜੋ ਸ਼ਬਦਾਂ ਦੇ ਕਲਾਵੇ ਤੋਂ ਬਾਹਰ ਹੈ, ਸੁਖਮਨੀ ਸਾਹਿਬ ਦੀ ਸੱਤਵੀਂ ਅਸ਼ਟਪਦੀ ਵਿਚ ਦ੍ਰਿਸ਼ਟੀਮਾਨ ਹੁੰਦੀ ਹੈ। ਸੁਖਮਨੀ ਦਾ ਇਕ ਆਦਰਸ਼ ਪੂਰਨ ਪੁਰਖ ਸਾਧੂ ਹੈ। ਗੁਰੂ ਜੀ ਨੇ ਜਗਿਆਸੂ ਨੂੰ ਸਾਧ-ਜਨਾਂ ਦੀ ਵਿਸਮਾਦ ਭਰੀ ਕਥਾ ਸ੍ਰਵਣ ਕਰਾਈ ਹੈ। ਸੁਖਮਨੀ ਅਨੁਸਾਰ ਸਾਧ ਉਚੇ ਥਾਂ ਦਾ ਵਾਸੀ ਹੈ। ਜੋ ਕੁਝ ਉਹਨੂੰ ਸੁਖਾਂਦਾ ਹੈ ਉਸਤੇ ਦ੍ਰਿੜ ਰਹਿੰਦਾ ਹੈ। ਨਾਮ ਨਿਧਾਨ ਉਸਦੀ ਦੌਲਤ ਹੈ। ਸਾਧ ਤੇ ਪ੍ਰਭੂ ਅਭੇਦ ਹਨ।

ਸਾਧ ਕੀ ਮਹਿਮਾ ਬੇਦ ਨ ਜਾਨਹਿ।
ਜੇਤਾ ਸੁਨਹਿ ਤੇਤਾ ਬਖਿਆਨਹਿ।

---

1. ਗੁਰੂ ਗ੍ਰੰਥ ਸਾਹਿਬ, ਪੰਨਾ 296
2. ਉਹੀ, ਪੰਨਾ 1222
3. ਉਹੀ, ਪੰਨਾ 320

ਸਾਧ ਕੀ ਉਪਮਾ ਤਿਹੁ ਗੁਣ ਤੇ ਦੂਰਿ।
ਸਾਧ ਕੀ ਉਪਮਾ ਰਹੀ ਭਰਪੂਰਿ।
ਸਾਧ ਕੀ ਸੋਭਾ ਕਾ ਨਾਹੀ ਅੰਤੁ।
ਸਾਧ ਕੀ ਸੋਭਾ ਸਦਾ ਬੇਅੰਤ।
ਸਾਧ ਕੀ ਸੋਭਾ ਊਚ ਤੇ ਊਚੀ।
ਸਾਧ ਕੀ ਸੋਭਾ ਮੂਚ ਤੇ ਮੂਚੀ।
ਸਾਧ ਕੀ ਸੋਭਾ ਸਾਧ ਬਨਿਆਈ।
ਨਾਨਕ ਸਾਧ ਪ੍ਰਭ ਭੇਦੁ ਨ ਭਾਈ।[1]

(ਗਉੜੀ ਸੁਖਮਨੀ ਮਹੱਲਾ - 5)

ਉਪਰੋਕਤ ਕਾਵਿ-ਤੁਕਾਂ ਵਿਚ ਸਾਧ ਦੀ ਮਹਿਮਾ ਦਾ ਗਾਇਨ ਹੈ। ਕਾਵਿ-ਵਕਤਾ ਆਵਾਜ਼ ਨੂੰ ਕੋਈ ਹੋਰ (ਕਾਵਿ-ਸ੍ਰੋਤਾ) ਪਰੋਖ ਰੂਪ ਵਿਚ ਸੁਣ ਰਿਹਾ ਹੈ। ਕਵਿਤਾ ਦਾ ਸੰਬੋਧਨ-ਪ੍ਰਬੰਧ ਇਕਾਗਰ ਭਾਵ ਦਾ ਹੈ। ਸਾਧ ਗੁਣਾਂ ਦੇ ਸੁਹਜ ਵਰਣਨ ਦਾ ਪ੍ਰਭਾਵ ਪਾਠਕ/ਸ੍ਰੋਤਾ ਤੇ ਕੀ ਪੈਂਦਾ ਹੈ। ਕਵੀ ਇਸ ਪਾਸੇ ਰੁਚਿਤ ਨਹੀਂ। ਇਸ ਪ੍ਰਭਾਵ ਨੂੰ ਪਾਠਕ/ਸ੍ਰੋਤਾ ਆਪ ਹੀ ਪਰੋਖ ਰੂਪ ਵਿਚ ਗ੍ਰਹਿਣ ਕਰਦਾ ਹੈ। ਸੰਬੋਧਨ ਬਿਰਤੀ ਅਨੁਸਾਰ ਕਾਵਿ-ਰਚਨਾ ਸਰੋਦੀ ਹੈ।

ਇਸ ਰਚਨਾ ਵਿਚ ਭਾਵ-ਪ੍ਰਬੰਧ ਗਤੀਸ਼ੀਲ ਹੈ। ਹਰ ਕਾਵਿ-ਤੁਕ ਸੁਤੰਤਰ ਰੂਪ ਵਿਚ ਸਾਧ ਦੀ ਮਹਿਮਾ ਦਾ ਗਾਇਨ ਕਰ ਰਹੀ ਹੈ। ਭਾਵ-ਪ੍ਰਬੰਧ ਇਕੋ ਦਿਸ਼ਾ ਵਲ ਫੈਲਦਾ ਹੈ। ਪਰੰਤੂ 'ਸਾਧ ਪ੍ਰਭ ਭੇਦੁ ਨਾ ਭਾਈ' ਤੁਕ ਇਸ ਭਾਵ-ਪ੍ਰਬੰਧ ਨੂੰ ਇਕਾਗਰਤਾ ਵਿਚ ਬੰਨ੍ਹ ਦੇਂਦੀ ਹੈ। ਭਾਵ-ਇਕਾਗਰਤਾ ਸਰੋਦੀ ਕਵਿਤਾ ਦਾ ਇਕ ਲੱਛਣ ਹੈ।

ਇਸ ਰਚਨਾ ਵਿਚ 'ਸਾਧ' ਤੇ 'ਸੋਭਾ' ਸ਼ਬਦਾਂ ਦਾ ਸੰਘਣਾ ਦੁਹਰਾਓ ਅਤੇ ਫੈਲਾਉ ਹੈ। ਪਰੰਤੂ ਇਹ ਦੁਹਰਾਓ ਕਵਿਤਾ ਵਿਚ ਬੋਝਲ ਮਹਿਸੂਸ ਨਹੀਂ ਹੁੰਦਾ। ਸਗੋਂ ਇਹਨਾਂ ਸ਼ਬਦਾਂ ਦੀ ਜੁਗਤ ਸਦਕਾ ਸੁਹਜੀਲਾ ਪ੍ਰਭਾਵ ਪੈਦਾ ਹੁੰਦਾ ਹੈ। ਸ਼ਬਦਾਂ ਦਾ ਬਾਰ ਬਾਰ ਉਚਾਰਣ ਕਵਿਤਾ ਵਿਚ ਸੰਗੀਤਾਤਮਕਤਾ ਪੈਦਾ ਕਰਦਾ ਹੈ। ਸੰਗੀਤਮਈ ਸ਼ਬਦ ਸਰੋਦੀ ਕਵਿਤਾ ਦੇ ਚੌਖਟੇ ਵਿਚ ਠੀਕ ਬੈਠਦੇ ਹਨ। ਇਹਨਾਂ ਸ਼ਾਬਦਿਕ ਜੁਗਤਾਂ ਦੇ ਜ਼ਰੀਏ ਪਾਠਕ/ਸ੍ਰੋਤਾ ਦਿਲ ਵਿਚ ਸਰੋਦਕਤਾ ਭਰਪੂਰ ਅਗੰਮੀ ਵਿਸਮਾਦ ਉਗਮਦਾ ਹੈ।

---

1. ਗੁਰੂ ਗ੍ਰੰਥ ਸਾਹਿਬ, ਪੰਨਾ 272

ਉਪਰੋਕਤ ਵਿਚਾਰਾਂ ਦੇ ਸੰਦਰਭ ਵਿਚ ਇਹ ਕਿਹਾ ਜਾ ਸਕਦਾ ਹੈ ਕਿ ਇਹ ਸਰੋਦੀ ਰਚਨਾ ਮਾਨਵਵਾਦੀ ਅਰਥਾਤ ਸਾਧ ਦੀ ਸੋਭਾ ਦੀ ਮਹਿਮਾ ਦੇ ਉਚ ਭਾਵਾਂ ਦਾ ਬੋਧ ਕਰਾਉਂਦੀ ਹੈ।

ਸੰਤ: ਗੁਰੂ ਅਰਜਨ ਦੇਵ ਨੇ 'ਸੰਤ' ਪਦ ਦੀ ਵਰਤੋਂ ਦੁਆਰਾ ਸੰਤ ਦੇ ਲਛਣ ਤੇ ਸੰਤ ਦੀ ਮਹਿਮਾ ਦਾ ਭਰਪੂਰ ਗਾਇਨ ਕੀਤਾ ਹੈ। ਖਾਸ ਕਰਕੇ ਸੁਖਮਨੀ ਦੀ ਅਠਵੀਂ ਅਸ਼ਟਪਦੀ ਵਿਚ ਤਾਂ ਸੰਤ ਦੀ ਮਹਿਮਾ ਸ਼ਾਬਦਿਕ ਕਲਾਵੇ ਵਿਚ ਵੀ ਸਾਂਭੀ ਨਹੀਂ ਜਾਂਦੀ। 'ਸੰਤ' ਸ਼ਬਦ ਦੁਆਰਾ ਗੁਰੂ ਜੀ ਕਿਰਕਰ ਵਾਸਤਵਿਕ ਸੱਚ ਨੂੰ ਰੂਪਾਂਤਰਣ ਕਰਦੇ ਹਨ। ਗੁਰੂ ਅਰਜਨ ਦੇਵ ਜੀ ਸੰਤ ਦੇ ਲੱਛਣ ਇਸ ਤਰ੍ਹਾਂ ਦਸਦੇ ਹਨ:

ਜਿਨਾ ਸਾਸਿ ਗਿਰਾਸਿ ਨ ਵਿਸਰੈ ਹਰਿ ਨਾਮਾਂ ਮਨਿ ਮੰਤੁ।
ਧੰਨੁ ਸਿ ਸੇਈ ਨਾਨਕਾ ਪੂਰਨੁ ਸੋਈ ਸੰਤੁ।[1]

(ਵਾਰ ਗਉੜੀ ਮਹੱਲਾ -5)

ਸੰਤ ਨੂੰ ਹਰ ਵੇਲੇ ਪ੍ਰਭੂ ਯਾਦ ਰਹਿੰਦਾ ਹੈ ਜਿਸ ਕਰਕੇ ਉਹ ਅਟੱਲ, ਅਡੋਲ ਤੇ ਸਦਾ ਸੌਖਾ ਰਹਿੰਦਾ ਹੈ। ਸੰਤਾਂ ਦੀ ਚਰਨ ਧੂੜ ਨਾਲ ਪਾਪਾਂ ਦਾ ਨਾਸ਼ ਹੁੰਦਾ ਹੈ। ਆਵਾਗਵਣ ਦਾ ਚੱਕਰ ਮੁਕ ਜਾਂਦਾ ਹੈ। ਸੰਤ ਦੀ ਕ੍ਰਿਪਾ ਸਦਕਾ ਨਾਮ ਦੀ ਪ੍ਰਾਪਤੀ ਹੁੰਦੀ ਹੈ ਜਿਸ ਨਾਲ ਰੱਬ ਦੀ ਦਰਗਾਹ ਵਿਚ ਸੋਭ ਥਾਂ ਪ੍ਰਾਪਤ ਹੁੰਦੀ ਹੈ।

ਉਪਰੋਕਤ ਵਿਚਾਰਾਂ ਦੇ ਸੰਦਰਭ ਵਿਚ ਗੁਰੂ ਅਰਜਨ ਦੇਵ ਜੀ ਦੇ ਹੇਠ ਲਿਖੇ ਵਾਕ ਪੇਸ਼ ਕੀਤੇ ਜਾ ਸਕਦੇ ਹਨ:

(ੳ) ਜਿਸ ਕਉ ਹਰਿ ਪ੍ਰਭ ਮਨ ਚਿਤਿ ਆਵੈ।
ਸੋ ਸੰਤੁ ਸੁਹੇਲਾ ਨਹੀ ਡੁਲਾਵੈ।[2]

(ਗਉੜੀ ਸੁਖਮਨੀ ਮਹੱਲਾ - 5)

1. ਗੁਰੂ ਗ੍ਰੰਥ ਸਾਹਿਬ, ਪੰਨਾ 319
2. ਉਹੀ, ਪੰਨਾ 282

(ਘ) ਸੰਤ ਕੀ ਧੂਰਿ ਮਿਟੇ ਅਘ ਕੋਟ। ਸੰਤ ਪ੍ਰਸਾਦਿ ਜਨਮ ਮਰਣ ਤੇ ਛੋਟ।
ਸੰਤ ਕਾ ਦਰਸੁ ਪੂਰਨ ਇਸਨਾਨੁ। ਸੰਤ ਕ੍ਰਿਪਾ ਤੇ ਜਪੀਐ ਨਾਮੁ।[1]

(ਗਉੜੀ ਮਹੱਲਾ 5)

'ਸੰਤ' ਸ਼ਬਦ ਦੇ ਸੰਦਰਭ ਵਿਚ ਗੁਰੂ ਅਰਜਨ ਦੇਵ ਜੀ ਦੇ ਕੁਝ ਸ਼ਬਦਾਂ ਦਾ ਵਿਸ਼ਲੇਸ਼ਣ ਇਸ ਵਿਚਲੇ ਸਰੋਦ ਦੇ ਨਿਯਮਾਂ ਨੂੰ ਰੂਪਾਂਤਰਣ ਕਰਨ ਵਿਚ ਸਹਾਈ ਸਿਧ ਹੋਵੇਗਾ।

ਸੰਤ ਕੀ ਧੂਰਿ ਮਿਟੇ ਅਘ ਕੋਟ॥
ਸੰਤ ਪ੍ਰਸਾਦਿ ਜਨਮ ਮਰਣ ਤੇ ਛੋਟ॥1॥
ਸੰਤ ਕਾ ਦਰਸੁ ਪੂਰਨ ਇਸਨਾਨੁ।
ਸੰਤ ਕ੍ਰਿਪਾ ਤੇ ਜਪੀਐ ਨਾਮੁ। ਰਹਾਉ॥
ਸੰਤ ਕੈ ਸੰਗਿ ਮਿਟਿਆ ਅਹੰਕਾਰੁ।
ਦ੍ਰਿਸਟਿ ਆਵੈ ਸਭੁ ਏਕੰਕਾਰੁ॥2॥
ਸੰਤ ਸੁ ਪ੍ਰਸੰਨ ਆਏ ਵਸਿ ਪੰਚਾ॥
ਅੰਮ੍ਰਿਤੁ ਨਾਮੁ ਰਿਦੈ ਲੈ ਸੰਚਾ॥3॥
ਕਹੁ ਨਾਨਕ ਜਾਕਾ ਪੂਰਾ ਕਰਮ॥
ਤਿਸੁ ਭੇਟੇ ਸਾਧੂ ਕੇ ਚਰਨ॥4॥[2]

(ਗਉੜੀ ਮਹੱਲਾ - 5)

ਉਪਰੋਕਤ ਕਵਿਤਾ ਆਪਣੇ ਸਰੋਤੇ ਵਲ ਪ੍ਰਤੱਖ ਰੂਪ ਵਿਚ ਸੰਬੋਧਿਤ ਨਹੀਂ। ਸਰੋਤਾ ਇਸ ਨੂੰ ਕਵਿਤਾ ਦੇ ਵਾਤਾਵਰਣ ਤੋਂ ਅਲਗ ਖਲੋ ਕੇ ਪਰੋਖ ਰੂਪ ਵਿਚ ਸੁਣ ਰਿਹਾ ਮਾਲੂਮ ਹੁੰਦਾ ਹੈ। ਰੂਪਾਕਾਰ ਵਜੋਂ ਇਹ ਸਰੋਦੀ ਕਵਿਤਾ ਹੈ।

ਇਸ ਕਵਿਤਾ ਵਿਚ ਰਹਾਉ ਤੁਕਾਂ ਨੂੰ ਛਡ ਕੇ ਕਵਿਤਾ ਚਾਰ ਬੰਦਾਂ ਵਿਚ ਪੇਸ਼ ਹੋਈ ਹੈ। ਪਰੰਤੂ ਇਹ ਚਾਰੇ ਬੰਦ ਇਕ ਭਾਵ-ਸੂਤਰ ਵਿਚ ਬੱਝੇ ਹੋਏ ਹਨ। ਰਹਾਉ ਤੁਕ ਵਿਚ ਸੰਤ ਦੇ ਦਰਸ਼ਨ

1. ਗੁਰੂ ਗ੍ਰੰਥ ਸਾਹਿਬ, ਪੰਨਾ 189
2. ਉਹੀ, ਪੰਨਾ 189

ਨੂੰ ਸਭ ਤੀਰਥਾਂ ਦੇ ਇਸ਼ਨਾਨ ਬਰਾਬਰ ਕਿਹਾ ਹੈ ਤੇ ਸੰਤ ਦੀ ਕ੍ਰਿਪਾ ਨਾਲ ਨਾਮ ਜਪੀਦਾ ਹੈ ਜਿਸ ਨਾਲ ਸਰੀਰ ਤੇ ਮਨ ਸ਼ੁਧ ਹੁੰਦੇ ਹਨ। ਇਹ ਭਾਵ ਪਹਿਲੇ ਬੰਦਾਂ ਵਿਚ ਫੈਲਦਾ ਹੈ ਪਰੰਤੂ ਇਹ ਭਾਵ ਇਕੋ ਸਥਿਤੀ ਬਾਰੇ ਦਸਦਾ ਹੈ। ਸੰਤ ਸੰਗ ਨਾਲ ਅੰਧਕਾਰੁ ਮਿਟਦਾ ਹੈ, ਪੰਜੇ ਦੂਤ (ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ) ਵਸ ਵਿਚ ਆਉਂਦੇ ਹਨ। ਇਹ ਸਾਰੇ ਭਾਵ ਸੰਤ ਦੀ ਮਹਿਮਾ ਸਬੰਧਿਤ ਹਨ। ਇਸ ਤਰ੍ਹਾਂ ਇਸ ਵਿਚ ਭਾਵ ਇਕਾਗਰਤਾ ਕਾਇਮ ਰਹਿੰਦੀ ਹੈ ਜੋ ਪ੍ਰਮਾਣਕ ਸਰੋਦੀ ਕਵਿਤਾ ਦਾ ਲੱਛਣ ਹੈ।

ਇਸ ਕਵਿਤਾ ਵਿਚ ਸਹਿ-ਸਬੰਧੀ ਸੁਭਾਵਿਕ ਤੁਕਾਂ ਦੀ ਸੀਤਲ ਫੁਹਾਰ ਸੰਤ ਦੇ ਸ੍ਰੇਸ਼ਟ ਗੁਣਾਂ ਤੇ ਅਲੌਕਿਕ ਰੂਪਾਂ ਨੂੰ ਉਜਾਗਰ ਕਰਨ ਵਿਚ ਸਹਾਈ ਹੁੰਦੀ ਹੈ। ਇਸ ਰਚਨਾ ਦੀ ਸੰਰਚਨਾ ਕੇਂਦਰੀ ਸ਼ਬਦ 'ਸੰਤ' ਦੇ ਆਧਾਰ ਤੇ ਉਸਰੀ ਹੈ। ਕਵਿਤਾ ਦਾ ਵਿਚਾਰ ਵਸਤੂ ਵੀ 'ਸੰਤ' ਸ਼ਬਦ ਹੈ। ਸੰਤ ਸਬੰਧੀ ਕਥ ਇਕ ਤੋਂ ਦੂਜੇ ਤੇ ਦੂਜੇ ਤੋਂ ਤੀਜੇ ਫਿਰ ਚੌਥੇ ਅੰਗ ਵਿਚ ਫੈਲਦਾ ਤੇ ਵਧਦਾ ਜਾਂਦਾ ਹੈ। ਪਰੰਤੂ ਇਹ ਸੰਯੁਕਤ ਹੋ ਕੇ ਪੂਰਨ ਸੰਰਚਨਾ ਦਾ ਅੰਗ ਬਣਦੇ ਹਨ। ਇਹੀ ਇਸ ਸਰੋਦੀ ਕਾਵਿ-ਕਿਰਤ ਦੀ ਸੰਰਚਨਾਤਮਕ ਵਿਸ਼ੇਸ਼ਤਾ ਹੈ।

ਹੇਠ ਲਿਖੀ ਕਵਿਤਾ ਵਿਚ ਗੁਰੂ ਅਰਜਨ ਦੇਵ ਸੰਤ-ਮੰਡਲ ਦੀ ਮਹਿਮਾ ਦਾ ਅਨੁਭਵ ਗਾਇਨ ਸੰਘਣੀ ਵਾਸਤਵਿਕਤਾ ਵਿਚ ਪੇਸ਼ ਕਰਦੇ ਹਨ।

ਸੰਤ ਮੰਡਲ ਮਹਿ ਹਰਿ ਮਨਿ ਬਸੈ। ਸੰਤ ਮੰਡਲ ਮਹਿ ਦੁਰਤੁ ਸਭੁ ਨਸੈ।
ਸੰਤ ਮੰਡਲ ਮਹਿ ਨਿਰਮਲ ਰੀਤਿ। ਸੰਤ ਸੰਗਿ ਹੋਇ ਇਕ ਪਰੀਤਿ।
ਸੰਤ ਮੰਡਲੁ ਤਹਾ ਕਾ ਨਾਉ। ਪਾਰਬ੍ਰਹਮ ਕੇਵਲ ਗੁਣ ਗਾਉ।ਰਹਾਉ।
ਸੰਤ ਮੰਡਲ ਮਹਿ ਜਨਮ ਮਰਣੁ ਰਹੈ। ਸੰਤ ਮੰਡਲ ਮਹਿ ਜਮੁ ਕਿਛੂ ਨ ਕਹੈ।
ਸੰਤ ਸੰਗਿ ਹੋਇ ਨਿਰਮਲ ਬਾਣੀ। ਸੰਤ ਮੰਡਲ ਮਹਿ ਨਾਮੁ ਵਖਾਣੀ।
ਸੰਤ ਮੰਡਲ ਕਾ ਨਿਹਚਲ ਆਸਨੁ। ਸੰਤ ਮੰਡਲ ਮਹਿ ਪਾਪ ਬਿਨਾਸਨੁ।
ਸੰਤ ਮੰਡਲ ਕਾ ਨਹੀ ਬਿਨਾਸੁ। ਸੰਤ ਮੰਡਲ ਮਹਿ ਹਰਿ ਗੁਣ ਤਾਸੁ।
ਸੰਤ ਮੰਡਲ ਠਾਕੁਰ ਬਿਸ੍ਰਾਮ। ਨਾਨਕ ਓਤਿ ਪੋਤਿ ਭਗਵਾਨੁ।[1]

(ਭੈਰਉ ਮਹੱਲਾ - 5)

1. ਗੁਰੂ ਗ੍ਰੰਥ ਸਾਹਿਬ, ਪੰਨਾ 1146

ਉਪਰੋਕਤ ਕਵਿਤਾ ਜਿਸ ਨੁਕਤੇ ਤੋਂ ਬੋਲ ਉਚਾਰਦੀ ਹੈ ਉਹ ਸੰਪੂਰਨ ਸੰਤ ਮੰਡਲ ਦਾ ਨੁਕਤਾ ਹੈ। ਕਵਿਤਾ ਵਿਚਲੀ ਗਲਬਾਤ ਸਿਧੇ ਰੂਪ ਵਿਚ ਕਾਵਿ-ਸਰੋਤਾ ਨੂੰ ਸੰਬੋਧਿਤ ਨਹੀਂ ਕਾਵਿ-ਸਰੋਤਾ/ਪਾਠਕ ਰਚਨਾ ਵਿਚਲੀ ਗੱਲਬਾਤ ਨੂੰ ਪਰੋਖ ਰੂਪ ਵਿਚ ਸੁਣਦਾ ਹੈ। ਇਸ ਲਈ ਇਹ ਕਾਵਿ-ਕ੍ਰਿਤ ਸਰੋਦਕ-ਬਿਰਤੀ ਵਾਲੀ ਹੈ।

ਇਸ ਕਵਿਤਾ ਵਿਚ ਵਿਚਾਰ ਨੂੰ ਸ਼ਬਦ 'ਸੰਤ-ਮੰਡਲ' ਦੀ ਸਹਾਇਤਾ ਨਾਲ ਸਮੂਰਤ ਕੀਤਾ ਗਿਆ ਹੈ। ਕਵਿਤਾ ਦਾ ਵਿਕਾਸ: ਸੰਤ-ਮੰਡਲੀ ਦੁਆਰਾ ਜਿਸ ਦਾ ਕੇਂਦਰ ਕੇਵਲ ਪਰਮਾਤਮਾ ਦੇ ਗੁਣ ਗਾਉਣਾ ਹੈ, ਤੋਂ ਹੁੰਦਾ ਹੈ। ਇਸ ਵਿਕਾਸ ਰੇਖਾ ਦਾ ਅਰੰਭ ਕਵਿਤਾ ਅਤੇ ਦੈਵਿਕਤਾ ਦੀ ਸੰਜੁਗਤੀ ਵਿਚੋਂ ਹੋਇਆ ਹੈ। ਸੰਤ-ਮੰਡਲੀ ਜਾਂ ਸੰਤ ਸੰਗ ਦਾ ਸਬੰਧ ਕਾਵਿ-ਕਾਰਣ ਜਾਂ ਕਾਵਿ-ਮੀਂ ਨਾਲ ਹੈ। 'ਸੰਤ-ਮੰਡਲੀ' ਹਰ ਛਿਨ ਆਪਣੇ ਵਿਚੋਂ ਨਵੀਨ-ਰੰਗ ਪੈਦਾ ਕਰਕੇ ਆਪਣਾ ਸਬੰਧ ਕਾਵਿ-ਪ੍ਰਕਿਰਤੀ ਨਾਲ ਸਥਾਪਤ ਕਰਦੀ ਹੈ। ਸਾਰੇ ਨਵੀਨ ਰੰਗਾਂ ਦਾ ਸਬੰਧ ਇਕ ਨਿਸ਼ਚਿਤ ਇਕਾਗਰ ਮੁਹਾਵਰੇ ਨਾਲ ਸਬੰਧਿਤ ਹੈ। ਇਹ ਇਕਾਗਰ-ਸਬੰਧ ਹੀ ਇਸ ਸਰੋਦੀ ਕਵਿਤਾ ਦੀ ਸੰਪੂਰਣਤਾ ਨੂੰ ਪੇਸ਼ ਕਰਦਾ ਹੈ।

ਇਸ ਰਚਨਾ ਦਾ ਪ੍ਰਭਾਵ, ਸੰਤ-ਮੰਡਲੀ ਦੇ ਪ੍ਰਭਾਵ ਤੋਂ ਪੈਦਾ ਹੁੰਦਾ ਹੈ। ਪ੍ਰਭਾਵ ਪੈਦਾ ਕਰਨ ਦੀ ਜੁਗਤੀ ਦਾ ਸਬੰਧ ਕਵਿਤਾ ਦੀ ਸੰਗੀਤਾਤਮਕਤਾ ਨਾਲ ਹੈ। ਇਸ ਕਵਿਤਾ ਵਿਚ ਸ਼ਬਦ 'ਸੰਤ-ਮੰਡਲ' ਦੇ ਦੁਹਰਾਉ ਤੋਂ ਪੈਦਾ ਹੋ ਕੇ ਤੁਕਾਂਤ-ਨੇਮ ਨਾਲ ਟਕਰਾਉਂਦਾ ਹੈ। ਇਸ ਟਕਰਾਓ ਵਿਚੋਂ ਸੰਗੀਤ ਜਨਮ ਲੈਂਦਾ ਹੈ ਜੋ ਸਰੋਦੀ ਕਵਿਤਾ ਦਾ ਇਕ ਲੱਛਣ ਹੈ।

ਇਸ ਕਵਿਤਾ ਦਾ ਅੰਧਾਤਮਕ ਸੰਚ "ਸੰਤ ਮੰਡਲੀ" ਦੇ ਸਿਸਟਮ ਦੇ ਇਕ ਸਮ-ਬਿੰਦੂ ਉਪਰ ਵਿਸ਼ੇਸ਼ ਜ਼ੋਰ ਕਰਕੇ ਅਤੀਤ ਦੇ ਬੀਜ ਸਾਂਭੀ ਬੈਠਾ ਹੈ। ਭਾਵ ਜਾਂ ਖਿਆਲ ਇਸ ਸਮ-ਬਿੰਦੂ ਤੋਂ 'ਸੰਤ-ਮੰਡਲੀ' ਦੁਆਰਾ ਫਾਸਲਾ ਤਹਿ ਕਰਕੇ ਮੁੜ 'ਸੰਤ-ਮੰਡਲ' ਵਿਚ ਬਿਸ਼ਰਾਮ ਕਰਦੇ ਹੋਏ ਇਸੇ ਵਿਚ ਓਤਿਪੋਤਿ ਹੋ ਜਾਂਦੇ ਹਨ। ਇਹ ਸਾਰਾ ਕਾਰਜ ਕਵਿਤਾ ਵਿਚਲੀ ਸ਼ਾਬਦਿਕ ਜੁਗਤਾਂ ਅਰਥਾਤ 'ਸੰਤ-ਮੰਡਲ' ਦੁਆਰਾ ਨੇਪਰੇ ਚੜ੍ਹਦਾ ਹੈ। ਭਾਵ ਜਾਂ ਖਿਆਲ ਨੂੰ ਕਵਿਤਾ ਦੀਆਂ ਸਤਰਾਂ ਵਿਚ ਤਰੋੜਿਆ ਨਹੀਂ ਸਗੋਂ ਕਈ ਸਤਰਾਂ ਵਿਚ ਫੈਲਾ ਕੇ ਮੁੜ ਸਮ-ਬਿੰਦੂ ਤੇ ਮੋੜ ਲਿਆਂਦਾ ਹੈ। ਇਹ ਇਕਾਗਰਤਾ ਹੀ ਸਰੋਦੀ ਕਵਿਤਾ ਦਾ ਮੁੱਖ ਲੱਛਣ ਹੈ। ਭਾਵ-ਇਕਾਗਰਤਾ ਹੀ ਇਸ ਕਵਿਤਾ ਦੇ ਵਿਸ਼ੇ ਅਰਥਾਤ ਸੰਤ ਦੀ ਦੈਵਿਕਤਾ ਨੂੰ ਪੂਰਨ ਤੌਰ ਤੇ ਉਜਾਗਰ ਕਰਦੀ ਹੈ। ਸ਼ਬਦ

'ਸੰਤ ਮੰਡਲ' ਦੀ ਕਲਾਤਮਕ ਵਰਤੋਂ ਸਦਕਾ ਹੀ ਕਵਿਤਾ ਵਿਚ ਸੰਖੇਪਤਾ ਆਈ ਹੈ।

ਉਪਰੋਕਤ ਸਮੀਖਿਆ ਤੋਂ ਬਾਅਦ ਕਿਹਾ ਜਾ ਸਕਦਾ ਹੈ ਕਿ ਗੁਰੂ ਜੀ ਨੇ ਸ਼ਬਦਾਂ ਤੇ ਭਾਵੁਕ ਜੁਗਤਾਂ ਸਦਕਾ ਕਵਿਤਾ ਵਿਚ ਸੰਗੀਤਾਮਕਤਾ ਤੇ ਭਾਵ-ਇਕਾਗਰਤਾ ਨੂੰ ਕਾਇਮ ਰੱਖਕੇ ਵਿਸ਼ੇ ਵਸਤੂ ਨੂੰ ਨਿਰੋਲ ਕੇ ਵਿਚਾਰਾਂ ਨੂੰ ਪੇਸ਼ ਕੀਤਾ ਹੈ।

ਬ੍ਰਹਮ-ਗਿਆਨੀ: ਗੁਰੂ ਅਰਜਨ ਦੇਵ ਨੇ ਬ੍ਰਹਮ ਗਿਆਨੀ ਦਾ ਚਿਤ੍ਰਣ ਸੁਖਮਨੀ ਸਾਹਿਬ ਵਿਚ ਕੀਤਾ ਹੈ। ਗੁਰੂ ਜੀ ਅਨੁਸਾਰ ਜਿਸ ਵਿਅਕਤੀ ਦੇ ਮਨ ਤੇ ਮੁਖ ਵਿਚ ਸਦਾ ਸੱਚ ਦਾ ਵਾਸਾ ਹੈ ਤੇ ਪਰਮ ਸੱਚ ਤੋਂ ਬਿਨਾਂ ਜਿਸ ਨੂੰ ਹੋਰ ਕੋਈ ਨਜ਼ਰ ਨਹੀਂ ਆਉਂਦਾ ਉਹੋ ਸੱਚਾ ਬ੍ਰਹਮ ਗਿਆਨੀ ਹੈ ਤੇ ਉਹੋ ਸੰਪੂਰਨ ਮਨੁੱਖ ਹੈ। ਗੁਰੂ ਜੀ ਫੁਰਮਾਉਂਦੇ ਹਨ:

ਮਨਿ ਸਾਚਾ ਮੁਖ ਸਾਚਾ ਸੋਇ।
ਅਵਰੁ ਨ ਪੇਖੈ ਇਕਸੁ ਬਿਨੁ ਕੋਇ।
ਨਾਨਕ ਇਹ ਲਛਣ ਬ੍ਰਹਮ ਗਿਆਨੀ ਹੋਇ।[1]

(ਗਉੜੀ ਸੁਖਮਨੀ ਮਹੱਲਾ - 5)

ਅਜਿਹੇ ਤਤਵੇਤਾ ਬ੍ਰਹਮ ਗਿਆਨੀ ਮਨੁੱਖ ਦੀ ਵਿਸ਼ੇਸ਼ਤਾ ਇਹ ਹੈ ਕਿ ਉਹ ਸਦਾ ਨਿਰਲੇਪ, ਨਿਰਦੋਖ, ਸਮਦ੍ਰਿਸ਼ਟਾ ਤੇ ਅਤਿਅੰਤ ਧੀਰਜਵਾਨ ਹੋ ਕੇ ਵਿਚਰਦਾ ਹੈ:

ਬ੍ਰਹਮ ਗਿਆਨੀ ਸਦਾ ਨਿਰਲੇਪ। ਜੈਸੇ ਜਲ ਮਹਿ ਕਮਲ ਅਲੇਪ।
ਬ੍ਰਹਮ ਗਿਆਨੀ ਸਦਾ ਨਿਰਦੋਖ। ਜੈਸੇ ਸੂਰੁ ਸਰਬ ਕਉ ਸੋਖ।
ਬ੍ਰਹਮ ਗਿਆਨੀ ਕੈ ਦ੍ਰਿਸਟਿ ਸਮਾਨਿ ਜੈਸੇ ਰਾਜ ਰੰਕ ਕਉ ਲਾਗੈ ਤੁਲਿ ਪਵਾਨ।
ਬ੍ਰਹਮ ਗਿਆਨੀ ਕੈ ਧੀਰਜੁ ਏਕ। ਜਿਉ ਬਸੁਧਾ ਕੋਊ ਖੋਦੈ ਕੋਊ ਚੰਦਨ ਲੇਪ।
ਬ੍ਰਹਮ ਗਿਆਨੀ ਕਾ ਇਹੈ ਗੁਨਾਉ। ਨਾਨਕ ਜਿਉ ਪਾਵਕ ਕਾ ਸਹਜ ਸੁਭਾਉ।[2]

(ਗਉੜੀ ਸੁਖਮਨੀ ਮਹੱਲਾ - 5)

1. ਗੁਰੂ ਗ੍ਰੰਥ ਸਾਹਿਬ, ਪੰਨਾ 272
2. ਉਹੀ, ਪੰਨਾ 272

ਇਹਨਾਂ ਕਾਵਿ-ਤੁਕਾਂ ਦੀ ਵਿਲੱਖਣਤਾ ਇਹ ਹੈ ਕਿ ਇਹ ਆਪ ਕਿਸੇ ਨੂੰ ਸੰਬੋਧਨ ਨਹੀਂ। ਪ੍ਰਮਾਣਿਕ ਸਰੋਦੀ ਕਵਿਤਾ ਦਾ ਇਹੋ ਗੁਣ ਹੈ।

ਉਪਰੋਕਤ ਕਾਵਿ-ਤੁਕਾਂ ਵਿਚ ਵਸਤੂ 'ਬ੍ਰਹਮ ਗਿਆਨੀ' ਹੈ। ਗੁਰੂ ਜੀ ਨੇ ਇਸ ਸ਼ਬਦ ਨੂੰ ਮਾਲਾ ਦੇ ਮੋਤੀ ਵਾਂਗੂੰ ਇਸ ਕਵਿਤਾ ਵਿਚ ਪਰੋਇਆ ਹੈ। ਹਰ ਤੁਕ ਵਿਚ ਇਹ ਸੁੱਚਾ ਮੋਤੀ ਆਪਣੀ ਵੈਵਿਕਤਾ ਕਾਰਨ ਸੁਤੰਤਰਤਾ ਦਾ ਧਾਰਨੀ ਹੈ। ਭਾਵ ਇਸ ਕਵਿਤਾ ਦੀ ਹਰ ਤੁਕ ਸੰਪੂਰਨਤਾ ਦੀ ਧਾਰਨੀ ਹੈ। ਪਰੰਤੂ ਇਸਦੇ ਅੰਗ ਇਕ ਦੂਜੇ ਨਾਲ ਸਾਰਥਕ ਰੂਪ ਵਿਚ ਅੰਤਰ-ਸੰਬੰਧਿਤ ਹਨ ਅਤੇ ਸਮੂੰਹ ਦੇ ਰੂਪ ਵਿਚ ਇਕ ਸਥਿਤੀ ਵਿਚ ਇਕ ਸਾਰਥਕ ਪ੍ਰਯੋਜਨ ਹੁੰਦਾ ਹੈ। ਇਹ ਸਮੂੰਹ ਹੀ ਭਾਵ-ਇਕਾਗਰਤਾ ਨੂੰ ਪੇਸ਼ ਕਰਦਾ ਹੈ।

ਇਸ ਕਵਿਤਾ ਵਿਚ ਵਸਤੂ ਵਿਚਾਰ ਦ੍ਰਿੜਾਉਣ ਲਈ ਪੇਸ਼ ਹੈ। ਬ੍ਰਹਮ-ਗਿਆਨੀ, ਸ਼ੁਧ ਵੈਵਿਕਤਾ, ਸ਼ੁਧ ਅਧਿਆਤਮਕਤਾ ਦਾ ਜਗਤ ਹੈ। ਇਸ ਵਿਚ ਵਿਚਾਰ ਨੂੰ ਸੰਖੇਪਣ ਲਈ ਦੋ ਵਸਤੂਆਂ ਨੂੰ ਇਕੋ ਜਿਹੇ ਪ੍ਰਬੰਧ ਵਿਚ ਪੇਸ਼ ਕੀਤਾ ਗਿਆ ਹੈ। ਨਿਰਲੇਪ-ਕਮਲ, ਨਿਰਦੋਖ-ਸੂਰ (ਸੂਰਜ) ਦ੍ਰਿਸ਼ਟਿ ਸਮਾਨਿ-ਪਵਾਨ (ਹਵਾ) ਆਦਿ ਸ਼ਬਦਾਂ ਦੁਆਰਾਬ੍ਰਹਮ ਗਿਆਨੀ ਦੇ ਲੱਛਣਾਂ ਨੂੰ ਤੇ ਵੈਵਿਕਤਾ-ਧਿਰਤੀ ਨੂੰ ਅਰਸ਼ੀ ਧਿਰਤੀ ਨਾਲ ਜੋੜਿਆ ਹੈ। ਇਹ ਅਲੌਕਿਕ ਸ਼ਬਦ ਬ੍ਰਹਮ ਗਿਆਨੀ ਦੇ ਸੰਦਰਭ ਨੂੰ ਉਜਾਗਰ ਕਰਦੇ ਹਨ।

ਕਵਿਤਾ ਦੇ ਮੂਲ ਰੂਪਾਕਾਰ ਦਾ ਅਧਾਰ 'ਬ੍ਰਹਮ ਗਿਆਨੀ' ਹੈ। ਇਸ ਸ਼ਬਦ ਦੀ ਬਹੁਤ ਵਾਰ ਵਰਤੋਂ ਹੋਈ ਹੈ। ਪਰੰਤੂ ਹਰ ਵਾਰੀ ਇਹ ਇਕ ਨਵੇਂ ਰੰਗ ਨੂੰ ਜਨਮ ਦੇਂਦਾ ਹੈ ਜਿਸ ਕਰਕੇ ਇਸ ਦੀ ਬਹੁਲਤਾ ਖੁਟਕਦੀ ਨਹੀਂ। ਸਗੋਂ ਇਹ ਸ਼ਬਦ ਤੁਕਾਂਤ ਨਾਲ ਟਕਰਾ ਕੇ ਸੰਗੀਤਮਈ ਬਣ ਜਾਂਦਾ ਹੈ। ਇਹ ਸੰਗੀਤ ਆਤਮਕ ਅਨੰਦ ਅੰਦਰ, ਸੁਰੀਆਂ ਪੀਂਗਾਂ ਵਿਚੋਂ ਲੰਘ ਕੇ ਦੈਵੀ ਗੁਣਾਂ ਦਾ ਰੂਪਾਂਤਰਣ ਕਰਦਾ ਹੈ। ਫਲ ਵਜੋਂ ਸਰੋਦ ਇਕ ਸਫ਼ਲ ਸੰਰਚਨਾ ਨਿਰਮਿਤ ਕਰ ਸਕਿਆ ਹੈ।

ਉਪਰੋਕਤ ਸਾਰੀ ਵਿਚਾਰ ਦਾ ਸਿੱਟਾ ਇਹ ਨਿਕਲਦਾ ਹੈ ਕਿ ਗੁਰੂ ਅਰਜਨ ਦੇਵ ਨੇ ਆਪਣੀ ਕਵਿਤਾ ਵਿਚ ਸਾਧ ਸੰਗ ਤੇ ਬ੍ਰਹਮ ਗਿਆਨੀ ਸਬੰਧੀ ਵਰਨਣ ਬਹੁਤ ਹੀ ਸਚਿਤਰ ਢੰਗ ਨਾਲ ਕੀਤਾ ਹੈ। ਗੁਰੂ ਜੀ ਸ਼ਬਦਾਂ ਨਾਲ ਖੇਡਣਾ ਜਾਣਦੇ ਹਨ। ਸ਼ਾਬਦਿਕ ਜੁਗਤਾਂ ਤੇ ਭਾਸ਼ਕ ਜੁਗਤਾਂ ਦੀ ਕਲਾਤਮਕ ਵਰਤੋਂ ਕਰਕੇ ਕਵਿਤਾ ਵਿਚ ਸਰੋਦ ਨੂੰ ਚੇਤੰਨ ਭਾਂਤ ਨਿਭਾਉਂਦੇ ਹਨ।

ਉਪਰੋਕਤ ਵਿਸ਼ਿਆਂ ਤੋਂ ਇਲਾਵਾ ਗੁਰੂ ਅਰਜਨ ਦੇਵ ਜੀ ਨੇ ਆਪਣੀ ਰਚਨਾ ਵਿਚ ਬੇਨਤੀ, ਆਸੁਰੀਗੁਣ, ਹੁਕਮ-ਵਿਧਾਨ ਤੇ ਸ੍ਰਿਸ਼ਟੀ ਰਚਨਾ ਆਦਿ ਵਿਸ਼ਿਆਂ ਨੂੰ ਵੀ ਛੋਹਿਆ ਹੈ ਤੇ ਸਰੋਦੀ ਅੰਸ਼ ਦੀ ਉਤਪਤੀ ਨੂੰ ਵਿਸ਼ੇ ਅਨੁਕੂਲ ਨਿਭਾਇਆ ਹੈ। ਵਿਸਤਾਰ ਦੀ ਗੁੰਜਾਇਸ਼ ਨਹੀਂ। ਇਹਨਾਂ ਵਿਸ਼ਿਆਂ ਸਬੰਧੀ ਕੁਝ ਉਦਾਹਰਣਾਂ ਰਾਹੀਂ ਇਹਨਾਂ ਨੂੰ ਵਿਚਾਰਿਆ ਜਾਵੇਗਾ।

ੳ. <u>ਬੇਨਤੀ ਨਾਲ ਸਬੰਧਿਤ ਕਾਵਿ ਵਿਚ ਸਰੋਦ ਤੇ ਉਸਦਾ ਨਿਭਾ</u>

ਤ੍ਰਿਸ਼ਨਾ ਚਲਤ ਬਹੁ ਪਰਕਾਰਿ।
ਪੂਰਨ ਹੋਤ ਨ ਕਤਹੁ ਬਾਤਹਿ ਅੰਤਿ ਪਰਤੀ ਹਾਰਿ।
ਸਾਂਤਿ ਸੂਖ ਨ ਸਹਜੁ ਉਪਜੈ ਇਹੈ ਇਸੁ ਬਿਉਹਾਰਿ।
ਆਪ ਪਰ ਕਾ ਕਛੁ ਨ ਜਾਨੈ ਕਾਮ ਕ੍ਰੋਧਹਿ ਜਾਰਿ।
ਸੰਸਾਰ ਸਾਗਰ ਦੁਖਿ ਬਿਆਪਿਓ ਦਾਸ ਲੇਵਹੁ ਤਾਰਿ।
ਚਰਨ ਕਮਲ ਸਰਣਾਇ ਨਾਨਕ ਸਦਾ ਸਦਾ ਬਲਿਹਾਰਿ।[1]

(ਸਾਰਗ ਮਹੱਲਾ - 5)

ਗੁਰੂ ਅਰਜਨ ਦੇਵ ਉਪਰੋਕਤ ਕਾਵਿ-ਰਚਨਾ ਵਿਚ ਕਾਵਿ-ਮੈਂ ਦੇ ਮਾਧਿਅਮ ਦੁਆਰਾ ਪਾਠਕ/ਸ੍ਰੋਤੇ ਨੂੰ ਸਰੋਦਕਤਾ ਭਰਪੂਰ ਵਾਤਾਵਰਣ ਵਿਚ ਲੈ ਖੜਦੇ ਹਨ। ਮਾਤਲੋਕੀ ਪਾਤਰ ਤ੍ਰਿਸ਼ਨਾਵਾਂ ਦਾ ਸਤਾਇਆ, ਜੋ ਪੂਰੀਆਂ ਨਹੀਂ ਹੁੰਦੀਆਂ ਆਪਣੇ ਅਨੁਭਵ ਦੀ ਅਭਿਵਿਅਕਤੀ ਕਰਦਾ ਹੈ। ਪਰੰਤੂ ਅਭਿਵਿਅਕਤੀ ਦਾ ਪੱਧਰ ਦੈਵੀ ਸ਼ਕਤੀ ਅਰਥਾਤ ਪ੍ਰਭੂ ਨਾਲ ਸਬੰਧਿਤ ਹੈ।

ਗੁਰੂ ਜੀ ਦੀ ਕਲਪਨਾ ਵਿਚ ਤ੍ਰਿਸ਼ਨਾ ਵਿਚ ਸੜ ਰਹੇ ਜੀਵ ਦੀ ਅਵਸਥਾ ਸਾਕਾਰ ਹੁੰਦੀ ਹੈ। ਇਸ ਕਲਪਨਾ ਨੂੰ ਕਵੀ 'ਪੂਰਨ ਹੋਤ ਨ' 'ਅੰਤਿ ਪਰਤੀ ਹਾਰਿ' ਸ਼ਾਂਤ ਤੇ ਸੁਖ ਦਾ ਨਾਂ ਉਪਜਣਾ ਆਦਿ ਸ਼ਬਦਾਂ ਦੁਆਰਾ ਦ੍ਰਿਸ਼ਟੀਗੋਚਰ ਕਰਦਾ ਹੈ। ਪਰੰਤੂ ਦੂਜੇ ਹੀ ਪਲ ਕਵੀ "ਸੰਸਾਰ ਸਾਗਰ ਦੁਖ ਬਿਆਪਿਓ ਦਾਸ ਲੇਵਹੁ ਤਾਰਿ" ਆਦਿ ਸ਼ਬਦਾਂ ਦੁਆਰਾ ਤ੍ਰਿਸ਼ਨਾ ਗ੍ਰਸੇ ਜੀਵ ਨੂੰ ਬਚਾਉਣ ਲਈ ਨਿਮਰਤਾ-ਭਾਵ ਵਿਚ ਅਰਦਾਸ ਕਰ ਰਹੇ ਹਨ। ਇਹਨਾਂ ਕਾਵਿ-ਤੁਕਾਂ ਦੀ

1. <u>ਗੁਰੂ ਗ੍ਰੰਥ ਸਾਹਿਬ</u>, ਪੰਨਾ 1225

ਅਜਿਹੀ ਕਲਾਤਮਕ ਵਰਤੋਂ ਕੀਤੀ ਹੈ ਕਿ ਕਵਿਤਾ ਵਿਚੋਂ ਉਭਰਦਾ ਭੋਲਾ ਨਿਮਰਤਾ-ਭਾਵ ਦਾ ਹੀ ਪੈਦਾ ਹੈ। ਤ੍ਰਿਸ਼ਨਾ ਰ ਸਜ ਰਿਹਾ ਜੀਵ ਕਲਪਨਾ ਤੋਂ ਜੂਹਾਂ ਕੁ ਲਾਂਭੇ ਹੀ ਰਹਿੰਦਾ ਹੈ।

ਕਵੀ ਨੇ ਪਰਕਾਰਿ, ਹਾਰਿ, ਜਾਰਿ, ਤਾਰਿ ਆਦਿ ਤੁਕਾਂਤਕ ਸ਼ਬਦਾਂ ਤੋਂ ਦੂਹਰਾ ਕੰਮ ਲਿਆ ਹੈ। ਇਕ ਪਾਸੇ ਇਹ ਸ਼ਬਦ ਤੁਕਾਂਤਕ ਲੈਅ ਪੈਦਾ ਕਰਦੇ ਹਨ ਦੂਜੇ ਪਾਸੇ ਵਿਸ਼ੇ ਨੂੰ ਸਾਕਾਰ ਕਰਦੇ ਹੋਏ ਸੰਵੇਦਨ-ਭਾਵ ਮੰਡਲ ਬੰਨ੍ਹਦੇ ਹਨ।

ਇਸ ਕਵਿਤਾ ਵਿਚ ਮਨੁੱਖ ਦੀ ਦੁਖਾਂਤ ਹੋਣੀ ਸਵੀਕਾਰ ਕਰਨ ਦਾ ਪ੍ਰਭਾਵ-ਮੰਡਲ ਬਣਦਾ ਹੈ। ਪਰੰਤੂ ਇਸ ਦੁਖਾਂਤ ਨੂੰ ਸੁਖਾਂਤ ਵਿਚ ਬਦਲਣ ਲਈ ਪ੍ਰਭੂ ਅੱਗੇ ਅਤਿ ਸੰਜਮਮਈ ਤੇ ਧੀਮੇ ਧੀਮੇ ਬੋਲਾਂ ਰਾਹੀਂ ਅਰਦਾਸ ਕੀਤੀ ਗਈ ਹੈ। ਪਾਠਕ/ਸ੍ਰੋਤਾ ਅਜਿਹੇ ਧੀਮੇ ਭਾਵ ਦੀ ਗ੍ਰਹਿਣ ਕਰਦਾ ਹੈ ਜਿਹਨਾਂ ਭਾਵਾਂ ਦੀ ਸੰਵੇਦਨਤਾ ਭਰਪੂਰ ਰੂਪ ਉਹਦੇ ਹਿਰਦੇ ਦੀਆਂ ਡੂੰਘਾਈਆਂ ਤਕ ਉਤਰ ਜਾਂਦੀਆਂ ਹਨ। ਸੰਜਮਮਈ ਤੇ ਸ਼ਾਂਤ ਵੇਗ ਕਾਰਨ ਇਸ ਰਚਨਾ ਵਿਚ ਸੰਵੇਦਨਤਾ ਦੀ ਕਲਾ ਦਾ ਪੂਰਨ ਪ੍ਰਭਾਵ ਪੈਦਾ ਹੈ।

## ੯. ਆਸੁਰੀ ਰੂਪ ਵਰਣਨ ਨਾਲ ਸਬੰਧਿਤ ਕਾਵਿ ਵਿਚ ਸੰਵੇਦ ਤੇ ਉਸ ਦਾ ਨਿਭਾ

ਗੁਰੂ ਅਰਜਨ ਬਾਣੀ ਵਿਚ ਆਸੁਰੀਰੂਪ ਸਬੰਧਿਤ ਕਾਵਿ ਦੀ ਮਾਤਰਾ ਬਹੁਤ ਘੱਟ ਹੈ। ਪਰੰਤੂ ਗੁਰੂ ਜੀ ਨੇ ਕਈ ਥਾਵਾਂ ਤੇ ਮਨਮੁਖ, ਸਾਕਤ, ਨਿੰਦਕ ਅਤੇ ਕ੍ਰਿਤਘਣ ਆਦਿ ਸ਼ਬਦਾਂ ਦੀ ਕਾਵਿ-ਜੁਗਤਾਂ ਦੁਆਰਾ ਆਸੁਰੀਰੂਪ ਵਿਅਕਤੀ ਦੇ ਸੰਦਰਭ ਨੂੰ ਪੇਸ਼ ਕੀਤਾ ਹੈ। ਆਸੁਰੀਰੂਪ ਯੁਕਤ ਵਿਅਕਤੀ ਨੂੰ ਗੁਰੂ ਜੀ ਸਮਾਜਕ ਵਿਸ਼ਲੇਸ਼ਣ ਦੁਆਰਾ ਨਿਖੇਧ ਕੇ ਪੇਸ਼ ਕਰਦੇ ਹਨ।

ਬਿਨੁ ਸਿਮਰਨ ਜੈਸੇ ਸਰਪ ਆਰਜਾਰੀ। ਤਿਉ ਜੀਵਹਿ ਸਾਕਤ ਨਾਮੁ ਬਿਸਾਰੀ।
ਏਕ ਨਿਮਖ ਜੋ ਸਿਮਰਨ ਮਹਿ ਜੀਆ।
ਕੋਟਿ ਦਿਨਸ ਲਾਖ ਸਦਾ ਥਿਰੁ ਥੀਆ। ਰਹਾਉ।
ਬਿਨੁ ਸਿਮਰਨ ਧ੍ਰਿਗੁ ਕਰਮ ਕਰਾਸ। ਕਾਗ ਬਤਨ ਬਿਸਟਾ ਮਹਿ ਵਾਸ।
ਬਿਨੁ ਸਿਮਰਨ ਭਏ ਕੂਕਰ ਕਾਮ। ਸਾਕਤ ਬੇਸੁਆ ਪੂਤ ਨਿਨਾਮ।
ਬਿਨੁ ਸਿਮਰਨ ਜੈਸੇ ਸੀਙ ਛਤਾਰਾ। ਬੋਲਹਿ ਕੂਰੁ ਸਾਕਤ ਮੁਖੁ ਕਾਰਾ।
ਬਿਨ ਸਿਮਰਨ ਗਰਧਭ ਕੀ ਨਿਆਈ। ਸਾਕਤ ਥਾਨ ਭਰਿਸਟ ਫਿਰਾਹੀ।

ਬਿਨੁ ਸਿਮਰਨ ਕੂਕਰ ਹਰਕਾਇਆ। ਸਾਕਤ ਲੋਭੀ ਬੰਧੁ ਨ ਪਾਇਆ।
ਬਿਨੁ ਸਿਮਰਨ ਹੈ ਆਤਮ ਘਾਤੀ। ਸਾਕਤ ਨੀਚ ਤਿਸੁ ਕੁਲੁ ਨਹੀ ਜਾਤੀ।
ਜਿਸ ਭਇਆ ਕ੍ਰਿਪਾਲੁ ਤਿਸੁ ਸਤਸੰਗਿ ਮਿਲਾਇਆ।
ਕਹੁ ਨਾਨਕ ਗੁਰਿ ਜਗਤੁ ਤਰਾਇਆ।[1]

(ਗਉੜੀ ਮਹੱਲਾ - 5)

ਸੰਬੋਧਨ ਬਿਰਤੀ ਤੋਂ ਉਪਰੋਕਤ ਰਚਨਾ ਸਰੋਦੀ ਸਿਧ ਹੁੰਦੀ ਹੈ ਕਿਉਂਕਿ ਸਰੋਤਾ ਇਸ ਕਾਵਿ-ਰਚਨਾ ਦੀ ਪਿਠ ਪਿਛੇ ਪਰੋਖ ਰੂਪ ਵਿਚ ਹੀ ਹੈ। ਇਸ ਦੀ ਸੰਬੋਧਨ ਬਿਰਤੀ ਸ੍ਰੋਤੇ ਨੂੰ ਮੁਖਾਤਬ ਨਹੀਂ ਬਲਕਿ, ਕਾਵਿ-ਤੂੰ ਨੂੰ ਹੀ ਹੈ। ਇਹੀ ਸਰੋਦੀ ਕਵਿਤਾ ਦੀ ਮੁਖ ਪਛਾਣ ਹੈ।

ਪ੍ਰਭੂ ਤੋਂ ਬੇਮੁਖ ਵਿਅਕਤੀ ਅਰਥਾਤ ਸਾਕਤ ਦੇ ਜੀਵਨ ਦੇ ਸੁਭਾਉ ਦਾ ਚਿਤ੍ਰਣ ਗੁਰੂ ਜੀ ਨੇ, ਕੁਤੇ, ਵੇਸਵਾ ਦੇ ਪੁਤ, ਬਾਂ ਦੀ ਪੂੰਛ, ਬੇਤੇ, ਆਤਮਘਾਤੀ ਆਦਿ ਪ੍ਰਤੀਕਾਂ ਦੁਆਰਾ ਕੀਤਾ ਹੈ। ਇਹਨਾਂ ਪ੍ਰਤੀਕਾਂ ਦਾ ਅਰਥ ਇਕ ਪਾਸੇ ਸਾਕਤ ਦੇ ਮੂਲ ਨੂੰ ਸਥਾਪਤ ਕਰਦੇ ਹਨ ਦੂਜੇ ਪਾਸੇ ਇਸ ਦੀ ਕਾਵਿਕ-ਪਛਾਣ। ਇਉਂ ਅਸੀਂ ਵੇਖਦੇ ਹਾਂ ਕਿ ਇਸ ਰਚਨਾ ਦੇ ਅਧਿਆਤਮਕ ਪ੍ਰਯੋਜਨ, ਜੋ 'ਰਹਾਉ' ਦੀਆਂ ਤੁਕਾਂ ਤੋਂ ਸਪਸ਼ਟ ਹੁੰਦਾ ਹੈ, ਕਾਵਿਕ-ਕਾਰਜ ਮੂਲ ਦੇ ਧੀਮੀ ਸੁਰ ਤੋਂ ਫੁਟਦੇ ਤੇ ਅਰਥਵਾਨ ਬਣਦੇ ਹਨ। ਇਹ ਪ੍ਰਤੀਕ ਇਸ ਕਾਵਿ-ਰਚਨਾ ਨੂੰ ਜਿਥੇ ਸੁਹਜਾਤਮਕਤਾ ਪ੍ਰਦਾਨ ਕਰਦੇ ਹਨ ਉਥੇ ਇਸ ਨੂੰ ਸੰਖਿਪਤਾ ਵੀ ਬਖਸ਼ਦੇ ਹਨ। ਇਹ ਦੋਵੇਂ ਗੁਣ ਸਰੋਦੀ ਕਵਿਤਾ ਦੀ ਵਿਲੱਖਣਤਾ ਦੇ ਧਾਰਨੀ ਹਨ।

ਇਸ ਕਵਿਤਾ ਵਿਚ ਤੁਕਾਂਤ ਸਿਰਜਨਾ ਤੇ ਧੁਨਕ ਅਨੁਭੂਤੀ ਦੋਵੇਂ, ਸ਼ਬਦਾਂ ਉਪਰ ਨਿਰਭਰ ਕਰਦੇ ਹਨ। ਇਸ ਵਿਚਲੇ ਸ਼ਬਦ, ਸਰਪ ਆਰਜਾਰੀ, ਨਾਮੁ ਬਿਸਾਰੀ, ਕਰਮ ਕਰਾਸ, ਕੂਕਰ ਕਾਮ, ਪੂਤ ਨਿਨਾਮ, ਸੀਂਗ ਛਤਾਰਾ, ਮੁਖੁ ਕਾਰਾ ਤੇ ਕੂਕਰ ਹਰਕਾਇਆ ਆਦਿ, ਸ਼ਬਦ ਜੋੜ ਕੇਵਲ ਤੁਕਾਂਤ ਪੈਦਾ ਕਰਨ ਲਈ ਨਹੀਂ ਸਗੋਂ ਸਹਿ ਸਬੰਧੀ ਅਰਥ ਜੋੜ ਅਤੇ ਅਰਥ ਸੰਚਾਰ ਦੇ ਧਰਮ ਨੂੰ ਵੀ ਪੂਰਾ ਕਰਦੇ ਹਨ। ਇਹੀ ਸ਼ਬਦਕ ਜੋੜ ਤੇ ਸ਼ਬਦਾਂ ਦੇ ਅਰਥਾਂ ਦੀ ਏਕਤਾ ਸਰੋਦੀ ਕਵਿਤਾ ਦੀ ਪ੍ਰਮੁੱਖ ਵਿਸ਼ੇਸ਼ਤਾ ਹੈ। ਇਸ ਵਿਚਲੇ ਸ਼ਬਦਾਂ ਦੇ ਅਰਥਾਂ ਦੀ ਏਕਤਾ ਹੀ ਇਸ ਕਵਿਤਾ ਦੇ ਵਿਸ਼ੇ ਨੂੰ ਉਜਾਗਰ ਕਰਦੀ ਹੈ।

---

1. ਗੁਰੂ ਗ੍ਰੰਥ ਸਾਹਿਬ, ਪੰਨਾ 239

## 10. ਹੁਕਮ ਵਿਧਾਨ ਨਾਲ ਸੰਬੰਧਿਤ ਕਾਵਿ ਵਿਚ ਸਰੋਦ ਤੇ ਉਸਦਾ ਨਿਭਾਅ

ਵਾਹਿਗੁਰੂ ਦੀ ਮਰਜ਼ੀ ਅਨੁਸਾਰ ਕਰਮ ਕਰਨਾ ਅਤੇ ਹੋਏ ਨੂੰ ਵੀ ਉਸ ਦਾ ਭਾਣਾ ਮੰਨਣਾ ਇਕ ਅਜਿਹਾ ਸਾਧਨ ਹੈ ਜੋ ਜੀਵ ਅਤੇ ਪਰਮਾਤਮਾ ਵਿਚਲੀ ਹਉਮੈ ਦੀ ਦੀਵਾਰ ਢਾਹ ਸਕਦਾ ਹੈ। ਜਦੋਂ ਮਨੁੱਖ ਕਰਮ ਫਰਜ਼ ਸਮਝ ਕੇ ਕਰਦਾ ਹੈ ਤਾਂ ਪ੍ਰਭੂ ਉਸ ਤੇ ਪ੍ਰਸੰਨ ਹੁੰਦਾ ਹੈ ਕਿਉਂਕਿ ਉਹ ਭਾਣੇ ਅੰਦਰ ਰਹਿੰਦਾ ਹੈ। ਕਈ ਵਾਰ ਮਨੁੱਖ ਜ਼ਰਾ ਜਿੰਨਾ ਕਸ਼ਟ ਆਉਣ ਤੇ ਮਾਨਸਕ-ਕਲੇਸ਼ 'ਚ ਫਸ ਜਾਂਦਾ ਹੈ। ਭਾਣਾ ਮੰਨਣ ਵਾਲੇ ਤਾਂ ਵਾਹਿਗੁਰੂ ਦੇ ਅਨਿੰਨ ਭਗਤ ਹਨ। ਉਹ ਵਾਹਿਗੁਰੂ ਦੀ ਰਜ਼ਾ ਨੂੰ ਖਿੜੇ ਮੱਥੇ ਸਹਾਰਦੇ ਹਨ ਤੇ ਉਸ ਦੇ ਹੁਕਮ ਅੱਗੇ ਸਿਰ ਝੁਕਾਉਂਦੇ ਹਨ।

ਕਹਿਆ ਕਰਣਾ ਦਿਤਾ ਲੈਣਾ। ਗਰੀਬਾ ਅਨਾਥਾ ਤੇਰਾ ਮਾਣਾ।
ਸਭ ਕਿਛੁ ਤੂੰ ਹੈ ਤੂੰ ਹੈ ਮੇਰੇ ਪਿਆਰੇ ਤੇਰੀ ਕੁਦਰਤਿ ਕਉ ਬਲਿ ਜਾਈ ਜੀਉ।
ਭਾਣੈ ਉਝੜ ਭਾਣੈ ਰਾਹਾ। ਭਾਣੈ ਹਰਿ ਗੁਣ ਗੁਰਮੁਖਿ ਗਾਵਾਹਾ।
ਭਾਣੈ ਭਰਮਿ ਭਵੈ ਬਹੁ ਜੂਨੀ ਸਭ ਕਿਛੁ ਤਿਸੈ ਰਜਾਈ ਜੀਉ।
ਨਾ ਕੋ ਮੂਰਖੁ ਨਾ ਕੋ ਸਿਆਣਾ। ਵਰਤੈ ਸਭ ਕਿਛੁ ਤੇਰਾ ਭਾਣਾ।
ਅਗਮ ਅਗੋਚਰ ਬੇਅੰਤ ਅਥਾਹਾ ਤੇਰੀ ਕੀਮਤਿ ਕਹਣੁ ਨ ਜਾਈ ਜੀਉ।
ਖਾਕੁ ਸੰਤਨ ਕੀ ਦੇਹੁ ਪਿਆਰੇ। ਆਇ ਪਇਆ ਹਰਿ ਤੇਰੈ ਦੁਆਰੈ।
ਦਰਸਨੁ ਪੇਖਤ ਮਨੁ ਆਘਾਵੈ ਨਾਨਕ ਮਿਲਣੁ ਸੁਭਾਈ ਜੀਉ। [1]

(ਮਾਝ ਮਹੱਲਾ - 5)

ਸੰਬੋਧਨ ਦ੍ਰਿਸ਼ਟੀ ਤੋਂ ਇਹ ਕਵਿਤਾ ਪ੍ਰਭੂ ਨੂੰ ਹੀ ਮੁਖਾਤਬ ਹੋ ਕੇ ਉਚਾਰੀ ਗਈ ਹੈ। ਹੁਕਮ ਸਬੰਧੀ ਵਿਚਾਰਧਾਰਾ ਇਸ ਕਵਿਤਾ ਵਿਚ ਇਕ ਅੰਤਰਧਾਰਾ ਦੇ ਰੂਪ ਵਿਚ ਮੌਜੂਦ ਹੈ ਜਿਸ ਨੂੰ ਪਾਠਕ/ਸ੍ਰੋਤਾ ਪਰੋਖ ਰੂਪ ਵਿਚ ਸੁਣਦਾ ਹੈ। ਸੰਬੋਧਨ-ਦ੍ਰਿਸ਼ਟੀ ਤੋਂ ਇਹ ਸਰੋਦੀ ਸਾਰਥਕ ਹੁੰਦੀ ਹੈ।

ਇਸ ਸਰੋਦੀ ਕਵਿਤਾ ਦੇ ਚਾਰ ਬੰਦ ਹਨ। ਇਹਨਾਂ ਚੌਹਾਂ ਬੰਦਾਂ ਨੂੰ ਹੁਕਮ ਸਬੰਧੀ ਇਕ ਕੇਂਦਰੀ ਵਿਸ਼ੇਸ਼ਆਤਮਕ ਖਿਆਲ ਆਪਸ ਵਿਚ ਜੋੜਦਾ ਹੈ। ਇਸ ਦੇ ਸੋਚ ਦਾ ਨਿਰਧਾਰਣ ਕਵੀ ਦੇ

1. ਗੁਰੂ ਗ੍ਰੰਥ ਸਾਹਿਬ, ਪੰਨਾ 98

ਨਿੱਜੀ ਅਨੁਭਵ ਦੀ ਸ੍ਰੇਸ਼ਟਤਾ ਤੇ ਸਾਰਥਿਕਤਾ ਦੇ ਸਵੀਕਾਰ ਤੋਂ ਹੁੰਦਾ ਹੈ। ਕਵਿਤਾ ਦਾ ਸਾਰਾ ਭਵਨ ਹੁਕਮ ਦੇ ਰਾਜ ਅੰਦਰ ਵਿਚਰ ਰਿਹਾ ਮਲੂਮ ਹੁੰਦਾ ਹੈ। ਇਸ ਵਿਚਲਾ ਹੁਕਮ ਨਿੱਜੀ ਅਨੁਭਵ ਦੁਆਰਾ ਪਛਾਣਿਆ ਹੁਕਮ ਹੈ। ਜਿਸ ਦਾ ਸਿਧਾਂਤ ਵਿਅਕਤੀ ਦਾ ਆਪਣੀ ਲੌਕਿਕ ਹੋਂਦ ਨੂੰ ਪਛਾਨਣਾ ਤੇ ਫਿਰ ਕਿਸੇ ਹੋਰ ਆਪਣੇ ਤੋਂ ਵਡੇਰੀ ਹੋਂਦ ਦੇ ਹੁਕਮ ਥੱਲੇ ਵਿਚਰਨਾ ਹੈ।

ਇਸ ਕਵਿਤਾ ਦੇ ਦੂਜੇ ਬੰਦ ਵਿਚ ਸੰਕੇਤਾਤਮਕ ਲੈਅ 'ਣ' ਵਰਣ ਦੀ ਖੂਬਸੂਰਤ ਵਰਤੋਂ ਸਦਕਾ ਉਘੜਦੀ ਹੈ। ਇਥੇ ਪਰਿਸਥਿਤੀ ਦਾ ਵਿਸ਼ਲੇਸ਼ਣ ਹੈ। ਇਸ ਅੰਸ਼ ਨੂੰ ਸਰੋਦਕਤਾ ਦਾ ਬੌਧਿਕ ਭਾਗ ਕਿਹਾ ਜਾ ਸਕਦਾ ਹੈ। ਕਿਉਂਕਿ ਇਥੇ ਫੈਸਲਾ ਦੇਣ ਦੀ ਪ੍ਰਵਿਰਤੀ ਮੌਜੂਦ ਹੈ। ਜਿਸ ਤੋਂ ਇਸ ਸਰੋਦੀ ਕਵਿਤਾ ਦੇ ਵਿਸ਼ੇ ਦਾ ਨਿਭਾ ਸਿਰੇ ਚੜ੍ਹਦਾ ਹੈ।

## 11. ਸ੍ਰਿਸ਼ਟੀ ਰਚਨਾ ਨਾਲ ਸਬੰਧਿਤ ਕਾਵਿ ਵਿਚ ਸਰੋਦ ਤੇ ਉਸਦਾ ਨਿਭਾ

ਗੁਰੂ ਅਰਜਨ ਦੇਵ ਜੀ ਨੇ ਸ੍ਰਿਸ਼ਟੀ ਰਚਨਾ ਸਬੰਧੀ ਵਿਸ਼ੇ ਨੂੰ ਵੀ ਕਲਾਤਮਕ ਛੋਹ ਬਖਸ਼ੀ ਹੈ। ਸ੍ਰਿਸ਼ਟੀ ਰਚਨਾ ਦੇ ਸੰਦਰਭ ਵਿਚ ਗੁਰੂ ਜੀ ਦੇ ਵਿਚਾਰ ਹਨ ਕਿ ਓਅੰਕਾਰ ਨੇ, ਜਦੋਂ ਉਸ ਤੋਂ ਬਿਨਾਂ ਹੋਰ ਕੁਝ ਵੀ ਨਹੀਂ ਸੀ, ਇਸ ਜਗਤ ਦੀ ਰਚਨਾ ਕੀਤੀ। ਦਿਨ ਰਾਤ ਬਣਾਏ। ਜੀਵ, ਜੰਤੂ, ਤ੍ਰਿਭਵਨ, ਬਨਸਪਤੀ ਤੇ ਜਲ ਆਦਿ ਉਤਪੰਨ ਕੀਤੇ ਸਭ ਧਰਮਾਂ ਦੇ ਗ੍ਰੰਥਾਂ ਦੀ ਰਚਨਾ ਹੋਈ। ਖੰਡ ਦੀਪ ਤੇ ਸਭ ਦ੍ਰਿਸ਼ਟੀਮਾਨ ਸੰਸਾਰ ਇਕੋ ਵਾਕ ਨਾਲ ਉਤਪੰਨ ਹੋਏ। ਗੁਰੂ ਜੀ ਨੇ ਇਸ ਵਿਸ਼ੇ ਨੂੰ ਕੁਝ ਕੁ ਪੰਗਤੀਆਂ ਵਿਚ ਇਉਂ ਪੇਸ਼ ਕੀਤਾ ਹੈ।

ਓਅੰਕਾਰ ਉਤਪਤੀ, ਕੀਆ ਦਿਨਸ ਸਭ ਰਾਤੀ।
ਵਣੁ ਤ੍ਰਿਣੁ ਤ੍ਰਿਭਵਣ ਪਾਣੀ ਚਾਰਿ ਬੇਦ ਚਾਰੇ ਖਾਣੀ।
ਖੰਡ ਦੀਪ ਸਭਿ ਲੋਆ। ਇਕ ਕਵਾਵੈ ਤੇ ਸਭਿ ਹੋਆ।[1]

(ਮਾਰੂ ਮਹੱਲਾ - 5)

ਉਪਰੋਕਤ ਕਾਵਿ-ਪੰਗਤੀਆਂ ਦਾ ਅੰਦਰੂਨੀ ਵਕਤਾ-ਸ੍ਰੋਤਾ ਪ੍ਰਬੰਧ ਹੈ। ਇਕ ਧਿਰ ਬੋਲਦੀ ਹੈ। ਦੂਜੀ ਧਿਰ ਪਰੋਖ ਰੂਪ ਵਿਚ ਸੁਣਦੀ ਹੈ। ਸਰੋਦੀ ਕਵਿਤਾ ਵਿਚ ਗੱਲ ਪਰਤੱਖ ਰੂਪ ਵਿਚ ਨਹੀਂ ਸੁਣਾਈ

1. ਗੁਰੂ ਗ੍ਰੰਥ ਸਾਹਿਬ, ਪੰਨਾ 1003

ਜਾਂਦੀ ਸਗੋਂ ਪਰੋਖ ਰੂਪ ਵਿਚ ਸੁਣਾਈ ਜਾਂਦੀ ਹੈ। ਸੰਬੋਧਨ-ਵਿਧੀ ਮੁਤਾਬਕ ਇਹ ਕਵਿਤਾ ਸਰੋਦੀ ਸਿਧ ਹੁੰਦੀ ਹੈ।

ਇਹਨਾਂ ਸਰੋਦੀ ਕਾਵਿ-ਤੁਕਾਂ ਦੀ ਸੰਰਚਨਾ ਆਪਣੇ ਆਪ ਵਿਚ ਸੰਪੂਰਨ ਹੈ। ਕਵਿ ਵਿਚਲੇ 'ਤੂੰ' ਨੂੰ ਪਰੋਖ ਰੂਪ ਵਿਚ ਮੁਖਾਤਬ ਹੋ ਕੇ ਨਿੱਜ ਮਹਿਸੂਸੀਆਂ ਭਾਵਨਾਵਾਂ ਦਾ ਵਰਨਣ ਕਰ ਰਹੇ ਹਨ। ਇਹਨਾਂ ਭਾਵਨਾਵਾਂ ਨੂੰ ਪਾਠਕ/ਸ੍ਰੋਤਾ ਜਗਤ ਨਾਲ ਸਾਂਝਿਆਂ ਕਰਨ ਦੀ ਭਾਵਨਾ ਨਾਲ ਸਰੋਦੀ ਕਾਵਿ-ਤੁਕਾਂ ਦੀ ਰਚਨਾ ਹੋਈ ਹੈ। ਇਸ ਦੀ ਇਕ ਹੋਰ ਵਿਲੱਖਣਤਾ ਇਹ ਹੈ ਕਿ ਇਸ ਦਾ ਥੀਮ ਕੁਝ ਕੁ ਪੰਕਤੀਆਂ ਵਿਚ ਪੇਸ਼ ਹੋਇਆ ਹੈ। ਇਹੀ ਸੰਖੇਪਤਾ ਸਰੋਦੀ ਕਾਵਿ ਦਾ ਇਕ ਜ਼ਰੂਰੀ ਲੱਛਣ ਹੈ।

ਦੂਜੀ ਤੁਕ ਦਾ ਲੈਆਤਮਕ ਪ੍ਰਬੰਧ 'ਣ' ਵਰਣ ਨਾਲ ਉਘੜਦਾ ਹੈ। ਸ਼ਬਦ ਵਣੁ, ਤ੍ਰਿਣ, ਤ੍ਰਿਭਵਣ, ਪਾਣੀ, ਖਾਣੀ ਆਦਿ ਮਿਲ ਕੇ ਸਾਰੀ ਪ੍ਰਕਿਰਤੀ ਦਾ ਚਿਤ੍ਰਣ ਕਰ ਕੇ ਰੱਖ ਦਿੰਦੇ ਹਨ। ਇਹ ਸ਼ਬਦ ਇਹਨਾਂ ਸਰੋਦੀ ਕਾਵਿ-ਤੁਕਾਂ ਦੇ ਵਿਸ਼ੇ ਨੂੰ ਅਭਿਵਿਅਕਤ ਕਰਨ ਵਿਚ ਵੀ ਸਹਾਈ ਹੁੰਦੇ ਹਨ।

ਉਪਰੋਕਤ ਵਿਵੇਚਨ ਦੇ ਸੰਦਰਭ ਵਿਚ ਕਿਹਾ ਜਾ ਸਕਦਾ ਹੈ ਕਿ ਗੁਰੂ ਅਰਜਨ ਦੇਵ ਜੀ ਨੇ ਕਲਪਨਾ, ਭਾਵ-ਇਕਾਗਰਤਾ, ਸੰਖੇਪਤਾ ਤੇ ਸੰਗੀਤਾਤਮਕਤਾ ਆਦਿ ਕਾਵਿ-ਤੱਤਾਂ ਦੀ ਵਰਤੋਂ ਸਦਕਾ ਕਵਿਤਾ ਵਿਚਲੇ ਵਿਸ਼ੇ ਨੂੰ ਉਘਾੜ ਕੇ ਸਰੋਦੀ ਰੰਗ ਪੈਦਾ ਕੀਤਾ ਹੈ। ਸ਼ਾਬਦਿਕ ਜੁਗਤਾਂ ਸਦਕਾ ਕਵਿਤਾ ਦੀ ਸੋਹਜਾਤਮਕਤਾ ਨੂੰ ਵੀ ਬਣਾਈ ਰਖਦੇ ਹਨ। ਇਹ ਸਾਰੇ ਕਾਵਿ-ਤੱਤ ਗੁਰੂ ਜੀ ਦੀ ਰਚਨਾ ਦੇ ਕਾਵਿ-ਸਮੂਹ ਵਿਚੋਂ ਸਰੋਦੀ ਰੰਗ ਦੀ ਉਸਾਰੀ ਕਰਦੇ ਹੋਏ ਸਰੋਦਕਤਾ-ਭਰਪੂਰ ਵਾਤਾਵਰਣ ਪੈਦਾ ਕਰਦੇ ਹਨ।

## ਅਧਿਆਇ ਪੰਜਵਾਂ

## ਗੁਰੂ ਅਰਜਨ ਦੇਵ ਦੀ ਰਚਨਾ ਵਿਚੋਂ ਪ੍ਰਾਪਤ ਸਰੋਦੀ ਬਿੰਬ ਅਤੇ ਭਾਵਾਂ/ਰਸਾਂ ਦਾ ਸੰਚਾਰ

ਸਰੋਦੀ ਬਿੰਬ ਦੀ ਵਰਤੋਂ ਦੁਆਰਾ ਭਾਵ ਸੰਚਾਰ ਅਤੇ ਰਸ ਉਤਪਤੀ।

1. ਰਤੀ ਭਾਵ। ਸ਼ਿੰਗਾਰ ਰਸ
2. ਹਾਸ ਉਲਾਸ ਭਾਵ। ਹਾਸ ਰਸ
3. ਸ਼ੋਕ ਭਾਵ। ਕਰੁਣਾ ਰਸ
4. ਕ੍ਰੋਧ ਭਾਵ। ਰੌਦ੍ਰ ਰਸ
5. ਹੈਰਾਨੀ ਭਾਵ। ਅਦਭੁਤ ਰਸ
6. ਘ੍ਰਿਣਾ ਭਾਵ। ਬੀਭਤਸ ਰਸ
7. ਉਤਸ਼ਾਹ ਭਾਵ। ਬੀਰ ਰਸ
8. ਭੈ ਭਾਵ। ਭਿਆਨਕ ਰਸ
9. ਵਤਸਲਤਾ ਭਾਵ। ਵਾਤਸਲ ਰਸ
10. ਭਗਤੀ ਭਾਵ। ਸ਼ਾਂਤ ਰਸ

## ਗੁਰੂ ਅਰਜਨ ਦੇਵ ਦੀ ਰਚਨਾ ਵਿਚੋਂ ਪ੍ਰਾਪਤ ਸਰੋਦੀ ਅੰਸ਼ ਅਤੇ ਭਾਵਾਂ/ਰਸਾਂ ਦਾ ਸੰਚਾਰ

ਅੱਜ ਦੇ ਵਿਦਵਾਨ ਭਾਵੇਂ ਹਰ ਕ੍ਰਿਤ ਨੂੰ ਇਕ ਇਕਾਈ ਮੰਨਦੇ ਹਨ, ਫਿਰ ਭੀ ਗੱਲ ਨੂੰ ਸਮਝਣ ਅਰਥਾਤ ਸਪਸ਼ਟ ਕਰਨ ਲਈ ਕਵਿਤਾ ਦੇ ਆਮ ਤੌਰ ਤੇ ਦੋ ਪੱਖ ਮੰਨੇ ਜਾਂਦੇ ਹਨ; ਭਾਵ ਪੱਖ ਅਤੇ ਕਲਾ ਪੱਖ। ਭਾਵ ਪੱਖ ਵਿਚ ਕਵਿਤਾ ਦੇ ਤਕਨੀਕਨ ਸਾਰੇ ਵਰਨਣਯੋਗ ਵਿਸ਼ੇ ਆ ਜਾਂਦੇ ਹਨ। ਕਲਾ ਪੱਖ ਵਿਚ ਕਵੀ ਦੀ ਕਲਾ ਭਾਵਾਂ ਦੀ ਸੋਹਜਾਤਮਕ ਪ੍ਰਗਟਾਵੇ ਦੇ ਢੰਗ ਵਲ ਰੁਚਿਤ ਹੁੰਦੀ ਹੈ। ਇਸ ਤਰ੍ਹਾਂ ਕਲਾ ਪੱਖ ਅਤੇ ਭਾਵ ਪੱਖ ਦੋਵੇਂ ਹੀ ਰਸ ਨਾਲ ਸਬੰਧਿਤ ਹੁੰਦੇ ਹਨ। ਕਵਿਤਾ ਦੇ ਭਾਵ ਪੱਖ ਦਾ ਰਸ ਨਾਲ ਸਿਧਾ ਸਬੰਧ ਰਹਿੰਦਾ ਹੈ। ਕਵੀ ਆਪਣੇ ਮਨੋਭਾਵਾਂ ਨੂੰ ਸ੍ਰੋਤਾ-ਮਨ ਵਿਚ ਕਿਵੇਂ ਪਹੁੰਚਾਉਂਦਾ ਹੈ। ਉਸ ਕੋਲ ਕਾਵਿ-ਭਾਸ਼ਾ ਹੀ ਅਜਿਹਾ ਸਾਧਨ ਹੈ ਜਿਸ ਰਾਹੀਂ ਉਹ ਆਪਣੇ ਮਨੋ-ਭਾਵਾਂ ਦਾ ਸੰਚਾਰ ਸ੍ਰੋਤਾ ਜਾਂ ਪਾਠਕ ਮਨ ਵਿਚ ਕਰਦਾ ਹੈ। ਪਰੰਤੂ ਕਵੀ ਦਾ ਆਪਣੀ ਮਨੋਦਸ਼ਾ ਨੂੰ ਜਿਉਂ ਦਾ ਤਿਉਂ ਸ੍ਰੋਤਾ-ਮਨ ਵਿਚ ਪਹੁੰਚਾ ਦੇਣਾ ਤਾਂ ਕਵੀ ਦੀ ਸ਼ਖਸੀਅਤ ਦੇ ਨਾਲ ਨਾਲ ਪਾਠਕ ਜਾਂ ਸ੍ਰੋਤਾ ਦੀ ਗ੍ਰਹਿਣ-ਸ਼ਕਤੀ ਤੇ ਵੀ ਨਿਰਭਰ ਕਰਦਾ ਹੈ।

ਗੁਲਾਬ ਰਾਏ[1] ਨੇ ਕਵੀ ਦੇ ਭਾਵਾਂ ਦੀ ਸਪਸ਼ਟਤਾ, ਤੀਬਰਤਾ, ਸੁਚੱਜੀ ਭੇਦ ਅਤੇ ਉਚਤਾ ਨੂੰ ਪ੍ਰਗਟ ਕਰਨ ਦੀ ਸ਼ੈਲੀ ਦੀ ਪ੍ਰਗਟਾ-ਸ਼ਕਤੀ ਨੂੰ ਭਾਵ-ਸੰਚਾਰ ਕਰਨ ਲਈ ਸਫਲ ਗੁਣ ਦਸੇ ਹਨ। ਸਰੋਦੀ ਕਵਿਤਾ ਅੰਤਰਮੁਖੀ ਕਵਿਤਾ ਦੇ ਅੰਤਰਗਤ ਆਉਂਦੀ ਹੈ। ਇਸ ਵਿਚ ਭਾਵੁਕ-ਅਨੁਭੂਤੀ ਨੂੰ ਸਵੈ-ਸੰਬੋਧਨ ਪ੍ਰਣਾਲੀ ਰਾਹੀਂ ਪ੍ਰਗਟ ਕੀਤਾ ਜਾਂਦਾ ਹੈ, ਜਿਸ ਨੂੰ ਸ੍ਰੋਤਾ ਪਰੋਖ-ਰੂਪ ਵਿਚ ਗ੍ਰਹਿਣ ਕਰਦਾ ਹੈ। ਗੁਰੂ ਅਰਜਨ ਬਾਣੀ ਨੂੰ ਸਰੋਦੀ ਅੰਸ਼ ਦੇ ਸੰਦਰਭ ਵਿਚ ਭਾਵ ਸੰਚਾਰ ਦੁਆਰਾ ਰਸ ਉਤਪਤੀ ਦੀਆਂ ਜੁਗਤਾਂ ਨੂੰ ਹੀ ਇਸ ਅਧਿਆਇ ਵਿਚ ਅਗੇ ਵਿਚਾਰਿਆ ਜਾਵੇਗਾ।

### ਸਰੋਦੀ ਅੰਸ਼ ਦੀ ਵਰਤੋਂ ਦੁਆਰਾ ਭਾਵ ਸੰਚਾਰ ਅਤੇ ਰਸ ਉਤਪਤੀ

ਗੁਰੂ ਅਰਜਨ ਬਾਣੀ ਵਿਚ ਸਰੋਦੀ ਅੰਸ਼ ਦੁਆਰਾ ਭਾਵ ਸੰਚਾਰ ਅਤੇ ਰਸ ਉਤਪਤੀ ਨੂੰ

1. ਸਿਧਾਂਤ ਤੇ ਅਧਿਐਨ, ਪੰਨਾ 285

ਵਿਚਾਰਨ ਲਈ ਭਾਵਾਂ ਅਤੇ ਰਸਾਂ ਬਾਰੇ ਵਿਚਾਰ ਕਰਨੀ ਮੁਨਾਸਬ ਹੋਵੇਗੀ।

<u>ਭਾਵ</u> :

"ਸੰਸਾਰ ਇਕ ਸਾਗਰ ਹੈ ਜਿਸ ਵਿਚ ਮਨੁੱਖ ਜਾਤੀ, ਗਿਆਨ, ਇੰਦਰੀਆਂ ਸਹਾਰੇ ਆਪਣੀ ਕਿਸ਼ਤੀ ਚਲਾ ਰਹੀ ਹੈ। ਇਸ ਸੰਸਾਰ ਦੀਆਂ ਤਰੰਗਾਂ ਤੇ ਲਹਿਰਾਂ ਨਾਲ ਹੀ ਮਨੁੱਖ ਦੀ ਕਲਪਨਾ ਦਾ ਨਿਰਮਾਣ ਹੋਇਆ ਹੈ। ਇਸ ਸੰਸਾਰ ਦੀਆਂ ਸੁੱਖ ਕਰਦੀਆਂ ਕਾਰਨ ਮਨੁੱਖ ਦੇ ਅੰਦਰ ਅਨੇਕ ਪ੍ਰਕਾਰ ਦੇ ਭਾਵਾਂ ਜਾਂ ਮਨੋਵਿਕਾਰਾਂ ਦਾ ਨਿਰਮਾਣ ਵਿਧਾਨ ਹੋਇਆ ਹੈ। ਸੁੰਦਰਤਾ, ਰਤੀ, ਦੁਖ, ਸੁੱਖ, ਕਰੂਰਤਾ ਅਤੇ ਅਨਿਆਇ ਆਦਿ ਦੀਆਂ ਭਾਵਨਾਵਾਂ ਬਾਹਰੀ ਰੂਪਾਂ ਅਤੇ ਕਾਰਜਾਂ ਨਾਲ ਉਤਪੰਨ ਹੋਈਆਂ।"[1]

ਇਸ ਤਰ੍ਹਾਂ ਸਾਡੀ ਰੋਜ਼ਾਨਾ ਜ਼ਿੰਦਗੀ ਵਿਚ ਭਾਵਾਂ ਦੀ ਖ਼ਾਸ ਥਾਂ ਹੈ। ਗੁਲਾਬ ਰਾਏ[2] ਅਨੁਸਾਰ, "ਇਹ ਭਾਵ ਮਨ ਦੇ ਉਸ ਵਿਕਾਰ ਨੂੰ ਕਹਿੰਦੇ ਹਨ ਜਿਸ ਵਿਚ ਸੁਖ-ਦੁਖਾਤਮਕ ਅਨੁਭਵ ਦੇ ਨਾਲ ਨਾਲ ਕੁਝ ਇੱਛਾਤਮਕ ਪ੍ਰਵਿਰਤੀ ਵੀ ਰਹਿੰਦੀ ਹੈ।" ਕਵਿਤਾ ਵਿਚ ਭਾਵ ਹਰ ਸਥਲ ਤੇ ਮੌਜੂਦ ਰਹਿੰਦੇ ਹਨ। ਗੁਲਾਬ ਰਾਏ ਦੀ ਉਪਰੋਕਤ ਪਰਿਭਾਸ਼ਾ ਅਨੁਸਾਰ ਕੁਝ ਭਾਵ ਸੁਖਾਤਮਕ ਹੁੰਦੇ ਹਨ ਅਤੇ ਕੁਝ ਦੁਖਾਤਮਕ।

ਲੌਨਜਾਈਨਸ ਦੇ ਭਾਵ ਸਬੰਧੀ ਵਿਚਾਰ ਇਸ ਪ੍ਰਕਾਰ ਹਨ:

1. ਭਾਵ ਮਨ ਦੀ ਬਿਰਤੀ ਹੈ, ਜੋ ਆਪਣੇ ਆਪ ਵਿਚ ਕ੍ਰਿਆਹੀਨ ਹੈ, ਪਰ ਕਿਸੇ ਬਾਹਰਲੀ ਉਕਸਾਹਟ ਨਾਲ ਮਨ ਦੀ ਸਥਿਤੀ ਨੂੰ ਤਰੰਗਿਤ ਕਰ ਦੇਂਦੀ ਹੈ।
2. ਉਕਸਾਉਣ ਵਾਲੀਆਂ ਵਸਤਾਂ ਦੀ ਅਨੇਕਤਾ ਦੇ ਕਾਰਣ ਭਾਵ ਵੀ ਅਨੇਕ ਪ੍ਰਕਾਰ ਦੇ ਹੁੰਦੇ ਹਨ।

---

1. ਟਾਲਾ ਸਿੰਘ ਬੇਦੀ, <u>ਗੁਰੂ ਨਾਨਕ ਕਾਵਿ ਕਲਾ</u>, ਪੰਨਾ 162
2. <u>ਸਿਧਾਂਤ ਤੇ ਅਧਿਐਨ</u>, ਪੰਨਾ 225

3. ਭਾਵ ਪ੍ਰਕਾਰ ਵਿਚ ਹੀ ਅਨੇਕ ਨਹੀਂ, ਮਾਤ੍ਰਾ ਵਿਚ ਵੀ ਅਨੇਕ ਹੁੰਦੇ ਹਨ।
4. ਭਾਵ ਸੁਖਾਤਮਕ ਜਾਂ ਦੁਖਾਤਮਕ ਹੁੰਦੇ ਹਨ। ਭਾਵ ਦੀ ਮਾਤ੍ਰਾ ਦਾ ਅੰਦਾਜ਼ਾ ਉਸ ਦੇ ਸੁਖਾਤਮਕ ਜਾਂ ਦੁਖਾਤਮਕ ਪ੍ਰਭਾਵ ਦੀ ਮਾਤ੍ਰਾ ਤੋਂ ਲਾਇਆ ਜਾ ਸਕਦਾ ਹੈ।[1]

ਉਪਰੋਕਤ ਵਿਚਾਰ ਦੇ ਫਲਸਰੂਪ ਭਾਵ ਦਾ ਸ਼ਬਦੀ ਅਰਥ ਬਹੁਤ ਵਿਆਪਕ ਹੋ ਜਾਂਦਾ ਹੈ। ਉਪਰੋਕਤ ਭਾਸ਼ਾ ਅਨੁਸਾਰ ਭਾਵਾਂ ਦੇ ਪ੍ਰਕਾਰ ਤੇ ਮਾਤਰਾ ਬਾਰੇ ਨਿਰਣਾ ਵਸਤਾਂ ਨਾਲ ਜੁੜਿਆ ਹੈ। ਵਸਤਾਂ ਅਨੇਕ ਹਨ ਅਤੇ ਹਰ ਵਸਤੂ ਅਦੁਤੀ ਪਰਕਾਰ ਦਾ ਭਾਵ ਜਗਾਉਂਦੀ ਹੈ। ਇਸ ਲਈ ਭਾਵਾਂ ਦੀ ਅਨੇਕਤਾ ਸੁਤਹ ਸਿਧ ਹੈ।

ਪਰੰਤੂ ਭਾਰਤੀ ਕਾਵਿ-ਸ਼ਾਸਤ੍ਰੀਆਂ ਨੇ ਭਾਵਾਂ ਦੀ ਕੁਝ ਗਿਣਤੀ ਬੰਨ੍ਹੀ ਹੈ। ਭਰਤ ਮੁਨੀ ਨੇ ਭਾਵਾਂ ਦੀ ਗਿਣਤੀ ਹੇਠ ਲਿਖੇ ਅਨੁਸਾਰ ਨਿਰਧਾਰਿਤ ਕੀਤੀ ਹੈ:

1. ਸਥਾਈ ਭਾਵ: 8
2. ਸੰਚਾਰੀ ਭਾਵ: 33
3. ਸਾਤਵਿਕ ਭਾਵ: 8 [2]

1. ਸਥਾਈ ਭਾਵ: ਮਨੁੱਖੀ ਹਿਰਦੇ ਵਿਚ ਕੁਝ ਸਥਾਈ ਭਾਵ ਅਚੇਤਨ ਰੂਪ ਵਿਚ ਮੌਜੂਦ ਰਹਿੰਦੇ ਹਨ। ਵਰਤੋਂ ਵਿਚ ਮਨੁੱਖ ਨੂੰ ਜਿਸ ਤਰ੍ਹਾਂ ਦੀ ਅਨੁਭੂਤੀ ਹੁੰਦੀ ਹੈ ਉਸ ਨੂੰ ਧਿਆਨ ਵਿਚ ਰਖਦਿਆਂ ਸਾਹਿਤ ਸ਼ਾਸਤ੍ਰੀਆਂ ਨੇ 8 ਪ੍ਰਕਾਰ ਦੇ ਸਥਾਈ ਭਾਵ ਮੰਨੇ ਹਨ।

ਰਤੀ, ਹਾਸ, ਸੋਕ, ਕ੍ਰੋਧ, ਉਤਸ਼ਾਹ, ਭੈ, ਜੁਗਪਸਾ ਅਤੇ ਵਿਸਮੈ।[3]

---

1. ਡਾ. ਹਰਭਜਨ ਸਿੰਘ, ਲੌਨਜਾਈਨਸ, ਉਦਾਤ ਬਾਰੇ, ਪੰਨਾ 35-36
2. ਭਰਤ ਮੁਨੀ, ਨਾਟਕ ਸ਼ਾਸਤਰ, ਪੰਨਾ 104
3. ਮੰਮਟ, ਕਾਵਿ-ਪ੍ਰਕਾਸ਼, ਪੰਨਾ 157

ਸਾਹਿਤ ਦਰਪਣ ਦੇ ਲੇਖਕ ਵਿਸ਼ਵਨਾਥ[1] ਨੇ ਇਕ ਹੋਰ ਨਵਾਂ ਰਸ 'ਵਤਸਲ' ਮੰਨਿਆ ਹੈ।

ਗੁਲਾਬ ਰਾਏ ਅਨੁਸਾਰ, "ਭਰਤ ਮੁਨੀ ਨੇ ਪਹਿਲਾਂ ਤਾਂ ਅੱਠ ਹੀ ਰਸ ਗਿਣਾਏ ਹਨ, ਪਿਛੋਂ ਸ਼ਾਂਤ ਰਸ ਨੂੰ ਗਿਣਾ ਕੇ ਉਸ ਦੇ ਸਥਾਈ ਭਾਵ ਨੂੰ ਸਭਨਾਂ ਨਾਲੋਂ ਪ੍ਰਧਾਨਤਾ ਵੀ ਦਿਤੀ ਹੈ।"[2]

ਉਪਰੋਕਤ ਵਿਵੇਚਨ ਦੇ ਸਿੱਟੇ ਵਜੋਂ ਸਥਾਈ ਭਾਵਾਂ ਦੀ ਗਿਣਤੀ ਦਸ ਹੋ ਜਾਂਦੀ ਹੈ।

2. ਸੰਚਾਰੀ ਭਾਵ: ਗੁਲਾਬ ਰਾਏ ਨੇ ਵੀ ਸੰਚਾਰੀ ਭਾਵਾਂ ਦੀ ਗਿਣਤੀ ਤੇਤੀ ਦਸੀ ਹੈ। ਜਿਹਨਾਂ ਦਾ ਵੇਰਵਾ ਦੂਜੇ ਅਧਿਆਇ ਵਿਚ ਦਿਤਾ ਗਿਆ ਹੈ।

3. ਸਾਤਵਿਕ ਭਾਵ: ਦੀਕਸ਼ਤ ਅਨੁਸਾਰ ਸਾਤਵਿਕ ਭਾਵਾਂ ਦੀ ਗਿਣਤੀ ਇਸ ਤਰ੍ਹਾਂ ਹੈ:

| | |
|---|---|
| 1. ਸਤੰਭ: | ਸੁੰਨ ਹੋਣਾ |
| 2. ਪ੍ਰੌ: | ਪਸੀਨਾ |
| 3. ਰੋਮਾਂਚ: | ਪ੍ਰੇਮ |
| 4. ਸਵੇਦ: | ਸਰ ਭੰਗ |
| 5. ਵੇਵਨਯ | ਕੰਬਣੀ |
| 6. ਵੈਧ: | ਰੰਗ ਬਦਲੀ |
| 7. ਅਥਰੂ: | ਹੰਝੂ |
| 8. ਵੈਸਵਰਜ: | ਸਾਹ ਦੀ ਰੋਕ[3] |

ਭਾਵ ਸਥਾਈ ਰੂਪ ਵਿਚ ਮਨੁੱਖੀ ਮਨ ਅੰਦਰ ਅਪ੍ਰਗਟ ਰੂਪ ਵਿਚ ਮੌਜੂਦ ਰਹਿੰਦੇ ਹਨ। ਜਦੋਂ ਕਿਸੇ ਸਥਾਈ ਭਾਵ ਦੇ ਅਨੁਕੂਲ ਵਿਭਾਵ ਸਮੱਗਰੀ ਦੀ ਸੰਰਚਨਾ ਉਹਦੇ ਹਿਰਦੇ ਵਿਚ

1. ਮੰਮਟ, ਕਾਵਿ-ਪ੍ਰਕਾਸ਼, ਪੰਨਾ 126
2. ਸਿਧਾਂਤ ਤੇ ਅਧਿਐਨ, ਪੰਨਾ 196
3. ਆਨੰਦ ਪ੍ਰਕਾਸ਼ ਦੀਕਸ਼ਤ, ਰਸ ਸਿਧਾਂਤ ਸਰੂਪ ਤੇ ਵਿਸ਼ਲੇਸ਼ਣ, ਪੰਨਾ 18

ਹੁੰਦੀ ਹੈ, ਉਹ ਸਥਾਈ ਭਾਵ ਅਭਿਵਿਅਕਤ ਹੋ ਉਠਦਾ ਹੈ। ਇਸ ਤਰ੍ਹਾਂ ਇਹ ਸਥਾਈ ਭਾਵ ਮਨੁਖੀ ਮਨ ਅੰਦਰ ਸੁਤਾ ਹੋਇਆ ਸੰਸਕਾਰ ਹੈ। ਇਹਨਾਂ, "ਸਥਾਈ ਭਾਵਾਂ ਅਤੇ ਉਹਨਾਂ ਦੇ ਅਨੁਸਾਰ ਹੀ, ਸ਼ਿੰਗਾਰ, ਹਾਸ, ਕਰੁਣ, ਰੌਦ੍ਰ, ਵੀਰ, ਭਿਆਨਕ, ਬੀਭਤਸ, ਅਦਭੁਤ ਅਤੇ ਸ਼ਾਂਤ ਇਹ ਨੌਂ ਰਸ ਮੰਨੇ ਗਏ ਹਨ।"[1]

ਭਾਵ ਸੰਚਾਰ ਦੁਆਰਾ ਰਸ ਨੂੰ ਸਮਝਣ ਲਈ ਗੁਲਾਬ ਰਾਏ ਦੁਆਰਾ ਦਿੱਤੀ ਪਰਿਭਾਸ਼ਾ ਕਾਫ਼ੀ ਮਹੱਤਵਪੂਰਨ ਹੈ। ਉਹਨਾਂ ਅਨੁਸਾਰ, "ਵਿਭਾਵ, ਅਨੁਭਾਵ ਅਤੇ ਸੰਚਾਰੀ ਭਾਵਾਂ ਨਾਲ ਮਿਲਕੇ ਵਾਸਨਾ ਰੂਪ (ਸੰਸਕਾਰ-ਰੂਪ) ਸਥਾਈ ਭਾਵ ਜਦ ਆਪਣੀ ਪ੍ਰਗਟ ਅਤੇ ਪੂਰਣ ਪਕੇਰੀ ਸਥਿਤੀ ਵਿਚ ਪਹੁੰਚਦਾ ਹੈ ਤਾਂ ਉਹ ਆਤਮਾ ਦੀ ਸਹਿਜ ਸਾਤਵਿਕਤਾ ਕਾਰਣ ਰਸ ਦਾ ਅਨੰਦਮਈ ਰੂਪ ਧਾਰਣ ਕਰ ਲੈਂਦਾ ਹੈ।[2]

ਉਪਰੋਕਤ ਪਰਿਭਾਸ਼ਾ ਦੇ ਸੰਦਰਭ ਵਿਚ ਵਿਭਾਵ, ਅਨੁਭਾਵ ਅਤੇ ਸੰਚਾਰੀ ਭਾਵਾਂ ਬਾਰੇ ਜਾਣਕਾਰੀ ਜ਼ਰੂਰੀ ਹੈ।

## ਵਿਭਾਵ:

"ਰਸ ਦੀ ਅਨੁਭੂਤੀ ਦੇ ਕਾਰਣਾਂ ਨੂੰ ਵਿਭਾਵ ਕਹਿੰਦੇ ਹਨ।"[3] ਕਵਿਤਾ ਵਿਚ ਕਵੀ ਦੀ ਰਚਨਾ ਦੇ ਦੋ ਪੱਖ ਹੁੰਦੇ ਹਨ। ਵਿਭਾਵ ਪੱਖ ਅਤੇ ਭਾਵ ਪੱਖ। "ਅਚਾਰੀਆ ਸ਼ੁਕਲ ਜੀ ਦੇ ਸ਼ਬਦਾਂ ਵਿਚ ਅਸੀਂ ਕਹਿ ਸਕਦੇ ਹਾਂ ਕਿ ਸੰਸਾਰ ਵਿਚ ਜਿਸ ਤਰ੍ਹਾਂ ਭਾਵਾਂ ਦੀ ਅਨੇਕ-ਰੂਪਤਾ ਹੈ ਉਸੇ ਤਰ੍ਹਾਂ ਵਿਭਾਵਾਂ ਦੀ ਵੀ।"[4]

ਵਿਭਾਵ ਦੇ ਦੋ ਪੱਖ ਮੰਨੇ ਗਏ ਹਨ:

(ੳ) ਆਲੰਬਨ

(ਅ) ਉਦੀਪਨ

---

1. ਅਚਾਰੀਆ ਮੰਮਟ, ਕਾਵਿ-ਪ੍ਰਕਾਸ਼, ਪੰਨਾ 126
2. ਸਿਧਾਂਤ ਤੇ ਅਧਿਐਨ, ਪੰਨਾ 147-148
3. ਅਚਾਰੀਆ ਮੰਮਟ, ਕਾਵਿ ਪ੍ਰਕਾਸ਼, ਪੰਨਾ 127
4. ਸਿਧਾਂਤ ਤੇ ਅਧਿਐਨ, ਪੰਨਾ 150

(ੳ) <u>ਆਲੰਬਨ:</u> ਸਥਾਈ ਭਾਵ ਦੁਆਰਾ ਰਸ ਦੀ ਉਤਪਤੀ ਦੇ ਆਧਾਰ ਨੂੰ ਆਲੰਬਨ ਵਿਭਾਵ ਕਹਿੰਦੇ ਹਨ। ਇਸ ਤਰ੍ਹਾਂ ਆਲੰਬਨ ਤੋਂ ਭਾਵ ਹੈ ਆਸਰਾ ਜਾਂ ਸਹਾਰਾ। ਆਲੰਬਨ ਕੋਈ ਵੀ ਛੋਟੀ ਤੋਂ ਛੋਟੀ ਤੇ ਸੂਖਮ ਤੋਂ ਸੂਖਮ ਵਸਤੂ ਹੋ ਸਕਦੀ ਹੈ। ਅੰਤਰਮੁਖੀ ਅਰਥਾਤ ਸਰੋਦੀ ਕਵਿਤਾ ਵਿਚ ਨਿੱਜੀ ਅਨੁਭੂਤੀਆਂ ਨੂੰ ਉਜਾਗਰ ਕਰਨ ਦੇ ਕਾਰਣ ਕਵੀ ਲੋਕ ਆਪਣੇ ਆਪ ਨੂੰ ਆਲੰਬਨ ਦੇ ਆਸਰੇ ਦੇ ਰੂਪ ਵਿਚ ਰਖਦੇ ਹਨ।

(ਅ) <u>ਉਦੀਪਨ:</u> ਜਿਨ੍ਹਾਂ ਕ੍ਰਿਆਵਾਂ ਨੂੰ ਦੇਖ ਕੇ ਭਾਵ ਹੋਰ ਤਿਖੇਰੇ ਜਾਂ ਜ਼ੋਰਦਾਰ ਹੋਣ ਉਹ ਉਦੀਪਨ ਵਿਭਾਵ ਹੁੰਦੇ ਹਨ।

<u>ਅਨੁਭਾਵ:</u>

ਇਹ ਸਥਾਈ ਭਾਵ ਦੀ ਅਨੁਭੂਤੀ ਦਾ ਅੰਦਰਲਾ ਕਾਰਣ ਹੁੰਦਾ ਹੈ। ਭਰਤ ਮੁਨੀ ਅਨੁਸਾਰ, "ਜਿਹੜੇ ਵਾਚਿਕ ਜਾਂ ਆਂਗਿਕ ਅਭਿਨੈ ਦੇ ਰਾਹੀਂ ਰੱਤੀ ਆਦਿ ਸਥਾਈ ਭਾਵ ਦੇ ਅੰਦਰਲੇ ਅਭਿਵਿਅਕਤੀ ਰੂਪ ਅਰਥ ਦਾ ਬਾਹਰਲੇ ਰੂਪ ਵਿਚ ਅਨੁਭਵ ਕਰਾਉਂਦਾ ਹੈ ਉਸ ਨੂੰ ਅਨੁਭਾਵ ਕਹਿੰਦੇ ਹਨ।"[1]

ਕਾਣੇ ਨੇ ਕਿਹਾ ਹੈ:

> "ਇਹ ਸਰੀਰਕ ਪ੍ਰਗਟਾਵੇ, ਅੱਖਾਂ ਦੀ ਹਿਲਜੁਲ, ਛਾਤੀ ਮਾਰਨ ਆਦਿ ਪਿਆਰ ਦੇ ਭਾਵਾਂ ਦੇ ਪ੍ਰਭਾਵ ਨੂੰ ਦਰਸਾਉਂਦੇ ਹਨ ਇਸ ਲਈ ਇਹਨਾਂ ਨੂੰ ਅਨੁਭਾਵ ਕਿਹਾ ਜਾਂਦਾ ਹੈ।"[2]

ਇਸ ਤਰ੍ਹਾਂ ਹੱਸਣਾ, ਪਿਆਰੀਆਂ ਗੱਲਾਂ ਕਰਨਾ, ਪ੍ਰੇਮ ਭਰੀ ਤਕਣੀ ਆਦਿ ਸਭ ਅਨੁਭਾਵ ਹਨ।

<u>ਸੰਚਾਰੀ ਭਾਵ:</u>

"ਜਾਗੇ ਹੋਏ ਸਥਾਈ ਭਾਵ ਦੀ ਪੁਸ਼ਟੀ ਵਿਚ ਜਿਹੜੇ ਉਸ ਭਾਵ ਦੇ ਸਹਿਯੋਗੀ ਹੁੰਦੇ

---

1. ਅਚਾਰੀਆ ਮੰਮਟ, <u>ਕਾਵਿ-ਪ੍ਰਕਾਸ਼</u> (ਪੰਜਾਬੀ ਅਨੁਵਾਦ), ਪੰਨਾ 127
2. ਪ੍ਰੇਮ ਪ੍ਰਕਾਸ਼ ਸਿੰਘ, <u>ਭਾਰਤੀ ਕਾਵਿ ਸ਼ਾਸਤਰ</u>, ਪੰਨਾ 93

ਹਨ ਉਹਨਾਂ ਨੂੰ ਸੰਚਾਰੀ ਭਾਵ ਕਿਹਾ ਜਾਂਦਾ ਹੈ।"[1] ਸਰੋਦੀ ਕਵਿਤਾ ਵਿਚ ਕਵੀ ਭਾਵ ਦੀ ਪੁਸ਼ਟੀ ਵਜੋਂ ਕਈ ਸਮ-ਭਾਵਾਂ ਦਾ ਸਹਾਰਾ ਲੈਂਦਾ ਹੈ। ਇਸ ਸਮੂਹ 'ਚੋਂ ਜੋ ਸਹਿਯੋਗੀ ਭਾਵ ਉਤਪੰਨ ਹੁੰਦੇ ਹਨ ਉਹਨਾਂ ਨੂੰ ਸੰਚਾਰੀ ਭਾਵ ਕਿਹਾ ਜਾ ਸਕਦਾ ਹੈ।

ਭਰਤ ਮੁਨੀ ਨੇ ਨਾਟਯ ਸ਼ਾਸਤਰ ਵਿਚ ਕਿਹਾ ਹੈ:

> ਵਾਰਤਾਲਾਪ, ਅੰਗ ਤੇ ਸੱਤਵ ਨਾਲ ਮਿਲੇ ਜੁਲੇ ਭਾਵਾਂ ਨੂੰ ਵਿ
> ਕਈ ਤਰ੍ਹਾਂ ਦੇ ਰਸ ਰੂਪ ਵਿਚ ਲੈ ਖੜਦੇ ਹਨ ਇਸ ਤਰ੍ਹਾਂ ਇਹ
> ਸੰਚਾਰੀ ਕਹੇ ਜਾਂਦੇ ਹਨ।"[2]

ਸੰਚਾਰੀ ਭਾਵਾਂ ਨੂੰ ਵਿਭਚਾਰੀ ਭਾਵ ਵੀ ਕਿਹਾ ਜਾਂਦਾ ਹੈ। ਰਸ ਦੇ ਅਨੁਕੂਲ ਸੰਚਰਣ ਵਾਲੇ ਭਾਵਾਂ ਨੂੰ ਸੰਚਾਰੀ ਭਾਵ ਕਹਿੰਦੇ ਹਨ।

ਉਪਰੋਕਤ ਵਿਚਾਰੇ ਗਏ ਵਿਭਾਵ, ਅਨੁਭਾਵ ਅਤੇ ਸੰਚਾਰੀ ਭਾਵਾਂ ਦੇ ਸੰਜੋਗ ਨਾਲ ਰਸ ਦੀ ਉਤਪਤੀ ਹੁੰਦੀ ਹੈ। ਇਹੀ ਕਾਰਣ ਮਨੁੱਖੀ ਹਿਰਦੇ ਵਿਚ ਰਸ ਦੀ ਅਨੁਭੂਤੀ ਨੂੰ ਸਾਖਿਆਤਕਾਰਾਤਮਕ ਅਨੁਭਵ ਦੇ ਰੂਪ ਵਿਚ ਪ੍ਰਗਟ ਕਰਨ ਵਿਚ ਸਹਾਈ ਹੁੰਦੇ ਹਨ।

ਗੁਲਾਬ ਰਾਏ ਅਨੁਸਾਰ:

> ਰਸ ਸੁਆਦ ਉਪਜਾਊ ਖੁਸ਼ੀ ਨੂੰ ਕਹਿੰਦੇ ਹਨ ਪਰੰਤੂ ਪਰਿਭਾਸ਼ਾ ਦੀ ਸ਼ਬਦਾਵਲੀ ਵਿਚ ਅਸੀਂ ਉਸ ਦੇ ਰੂਪ ਨੂੰ ਇਸ ਤਰ੍ਹਾਂ ਕਹਾਂਗੇ - ਵਿਭਾਵ, ਅਨੁਭਾਵ ਅਤੇ ਸੰਚਾਰੀ ਭਾਵਾਂ ਨਾਲ ਮਿਲ ਕੇ ਵਾਸਨਾਰੂਪ (ਸੰਸਕਾਰ ਰੂਪ) ਸਥਾਈ ਭਾਵ ਜਦ ਆਪਣੀ ਪ੍ਰਗਟ ਅਤੇ ਪੂਰਣ ਪਕੇਰੀ ਸਥਿਤੀ ਵਿਚ ਪਹੁੰਚਦਾ ਹੈ ਤਾਂ ਉਹ ਆਤਮਾ ਦੀ ਸਹਿਜ ਸਾਤਵਿਕਤਾ ਕਾਰਣ ਰਸ ਦਾ ਅਨੰਦਮਈ ਰੂਪ ਧਾਰਨ ਕਰ ਲੈਂਦਾ ਹੈ।[3]

---

1. ਅਚਾਰੀਆ ਮੰਮਟ, ਕਾਵਿ-ਪ੍ਰਕਾਸ਼ (ਪੰਜਾਬੀ ਅਨੁਵਾਦ), ਪੰਨਾ 128
2. ਪ੍ਰੇਮ ਪ੍ਰਕਾਸ਼ ਸਿੰਘ, ਭਾਰਤੀ ਕਾਵਿ ਸ਼ਾਸਤਰ, ਪੰਨਾ 94
3. ਸਿਧਾਂਤ ਤੇ ਅਧਿਐਨ, ਪੰਨਾ 147-48

ਸਰੋਦੀ ਕਵਿਤਾ ਵਿਚ ਕਵੀ ਮਨ ਕਿਸੇ ਪ੍ਰੇਰਕ-ਅਨੁਭੂਤੀ ਜਾਂ ਭਾਵਨਾ ਦੇ ਅੰਤਰਗਤ ਕਾਰਜ ਕਰਦਾ ਹੈ। ਕਵੀ ਦੀ ਸੰਵੇਦਨਸ਼ੀਲ ਆਤਮਾ, ਬੁਧੀ ਤੇ ਕਲਪਨਾ ਦਾ ਸਹਾਰਾ ਲੈ ਕੇ ਭਾਵਾਂ ਨੂੰ ਪ੍ਰਗਟਾਉਣ ਲਈ ਮਨ ਨੂੰ ਪ੍ਰੇਰਿਤ ਕਰਦੀ ਹੈ। ਸਰੋਦੀ ਕਵਿਤਾ ਦਾ ਪਹਿਲੇ ਪੜਾ ਵਿਚ ਕਵੀ 'ਟਾਵਿਓਂ' ਰਾਹੀਂ ਭਾਵ ਤਰੰਗ ਦਾ ਵਿਖਿਆਨ ਕਰਦਾ ਹੈ। ਦੂਜੇ ਪੜਾਂ ਵਿਚ ਭਾਵ-ਤਰੰਗ ਦੀ ਸਮ-ਭਾਵਾਂ ਨਾਲ ਸਮਰੂਪਤਾ ਕਰਦਾ। ਭਾਵ-ਤਰੰਗ ਆਪਣੇ ਸਿਖਰ ਨੂੰ ਛੂੰਹਦੀ ਹੋਈ ਤੀਜੇ ਪੜਾਂ ਵਿਚ ਅੰਤਮ-ਪ੍ਰਵਿਰਤੀ ਦੀ ਅਭਿਵਿਅੰਜਨਾ ਕਰਦੀ ਹੋਈ ਆਪਣੀ ਯਾਤਰਾ ਸਮਾਪਤ ਕਰਕੇ ਅਸਥਾਈ ਪਦ ਨੂੰ ਪਹੁੰਚਦੀ ਹੈ।

ਪਾਠਕ/ਸ੍ਰੋਤਾ ਜਦੋਂ ਸਰੋਦੀ ਕਵਿਤਾ ਵਿਚ ਇਕਹਿਰੇ ਭਾਵ ਤੋਂ ਵਿਕਸਤ ਸਮ-ਭਾਵਾਂ ਦਾ ਚਿਤ੍ਰਣ ਪੜ੍ਹਦਾ/ਸੁਣਦਾ ਹੈ ਤਾਂ ਉਦੋਂ ਅਪ੍ਰਗਟ ਭਾਵ ਚੇਤਨ ਮਨ ਦੀਆਂ ਲਹਿਰਾਂ ਵਿਚ ਪ੍ਰਗਟ ਹੁੰਦੇ ਹਨ। ਇਹ ਭਾਵ ਵਿਭਾਵਾਂ ਦੁਆਰਾ ਪਕੇਰੇ ਹੋ ਕੇ ਰਸ ਦਾ ਰੂਪ ਧਾਰਨ ਕਰਦੇ ਹਨ। ਚੇਤਨ ਅਤੇ ਅਚੇਤਨ ਮਨ ਵਿਚਲੇ ਪਰਦੇ ਨੂੰ ਹਟਾ ਕੇ ਦੋਨਾਂ ਨੂੰ ਕੁਝ ਸਮੇਂ ਲਈ ਇਕਮਿਕ ਕਰਕੇ ਹਿਰਦੇ ਦੀ ਅਜਿਹੀ ਅਵਸਥਾ ਵਿਚ ਲੈ ਜਾਂਦੇ ਹਨ ਜਿਥੇ ਨਿਰਾ ਅਨੰਦ ਹੁੰਦਾ ਹੈ। ਇਸੇ ਅਨੰਦ ਨੂੰ ਰਸ ਕਹਿੰਦੇ ਹਨ।

ਉਪਰੋਕਤ ਵਿਚਾਰਾਂ ਦੇ ਸੰਦਰਭ ਵਿਚ ਗੁਰੂ ਅਰਜਨ ਬਾਣੀ ਵਿਚ ਭਾਵ-ਸੰਚਾਰ ਤੋਂ ਉਤਪੰਨ ਹੋਣ ਲਿਖੇ ਵੱਖ ਵੱਖ ਰਸਾਂ ਦਾ ਅਧਿਐਨ ਕਰਨਾ ਹਥਲੇ ਲੇਖ ਦਾ ਕਾਰਜ ਖੇਤਰ ਹੈ:

1. ਰੱਤੀ ਭਾਵ: ਸ਼ਿੰਗਾਰ ਰਸ
2. ਹਾਸ ਉਲਾਸ ਭਾਵ: ਹਾਸ ਰਸ
3. ਸ਼ੋਕ ਭਾਵ: ਕਰੁਣਾ ਰਸ
4. ਕ੍ਰੋਧ ਭਾਵ: ਰੌਦ੍ਰ ਰਸ
5. ਹੈਰਾਨੀ ਭਾਵ: ਅਦਭੁਤ ਰਸ
6. ਘ੍ਰਿਣਾ ਭਾਵ: ਬੀਭਤਸ ਰਸ
7. ਉਤਸ਼ਾਹ ਭਾਵ: ਬੀਰ ਰਸ
8. ਭੈ ਭਾਵ: ਭਿਆਨਕ ਰਸ
9. ਵਤਸਲਤਾ ਭਾਵ: ਵਾਤਸਲ ਰਸ
10. ਭਗਤੀ ਭਾਵ: ਸ਼ਾਂਤ ਰਸ

1. ਰੱਤੀ ਭਾਵ। ਰੱਤੀ ਸ਼੍ਰਿੰਗਾਰ ਦਾ ਸਥਾਈ ਭਾਵ ਹੈ। ਮਨ ਦੇ ਅਨੁਕੂਲ ਪਦਾਰਥਾਂ ਵਿਚ ਸੁਖ ਦੀ ਅਨੁਭੂਤੀ ਨੂੰ ਰੱਤੀ ਕਹਿੰਦੇ ਹਨ। ਰੱਤੀ ਅਨੁਰਾਗ ਅਥਵਾ ਪ੍ਰੇਮ ਦੀ ਸੂਚਕ ਹੈ। ਪ੍ਰਕ੍ਰਿਤੀਵਾਦ ਵਿਚ ਰੱਤੀ ਦਾ ਅਰਥ ਅਨੁਰਾਗ, ਰਮਣ, ਸੰਤੋਸ਼ ਸਮਰਥਿਆ, ਆਸਤੀ ਅਥਵਾ ਕਾਮਪਤਨੀ ਮੰਨਿਆ ਗਿਆ ਹੈ।[1] ਪੰਡਤ ਜਗਨ ਨਾਥ ਨੇ ਰੱਤੀ ਬਾਰੇ ਇਉਂ ਕਿਹਾ ਹੈ:

> ਇਸਤਰੀ ਪੁਰਸ਼ ਸੰਬੰਧ ਤੇ ਪ੍ਰੇਮਾਸ਼ਿਤ ਬ੍ਰਿਤੀ ਨੂੰ ਹੀ ਰਤੀ ਸਥਾਈ ਭਾਵ ਮੰਨਿਆ ਹੈ।[2]

ਪ੍ਰੇਮ ਪ੍ਰਕਾਸ਼ ਅਨੁਸਾਰ, "ਸ਼੍ਰਿੰਗਾਰ ਦਾ ਮੂਲ ਤੇ ਮੁਖ ਅਰਥ ਉਹ ਰੱਤੀ ਜਾਂ ਸਨੇਹ ਹੈ ਜਿਸਦਾ ਸੁਹਜਾਤਮਕ ਤਰੀਕੇ ਨਾਲ ਅਨੁਭਵ ਕੀਤਾ ਜਾਵੇ।"[3]

ਇਸ ਤਰ੍ਹਾਂ ਰੱਤੀ ਭਾਵ ਦੀ ਅਨੁਭੂਤੀ ਦੁਆਰਾ ਸ਼੍ਰਿੰਗਾਰ ਰਸ ਦੀ ਉਤਪਤੀ ਹੁੰਦੀ ਹੈ। ਸ਼੍ਰਿੰਗਾਰ ਰਸ ਦੇ ਦੋ ਭੇਦ ਮੰਨੇ ਗਏ ਹਨ, ਸੰਜੋਗ ਅਤੇ ਵਿਯੋਗ।[4]

ਰੱਤੀ ਭਾਵ ਨੂੰ ਸਪਸ਼ਟ ਕਰਨ ਲਈ ਨਾਇਕ-ਨਾਇਕਾ, ਆਲੰਬਨ, ਉਦੀਪਨ ਵਿਭਾਵ, ਅਨੁਭਾਵ ਤੇ ਸੰਚਾਰੀ ਭਾਵ ਸਹਾਇਕ ਹੁੰਦੇ ਹਨ। ਭਾਨੁਦੱਤ ਅਨੁਸਾਰ, "ਨਾਇਕ-ਨਾਇਕਾ ਦੇ ਪਰਸਪਰ ਅਨੁਕੂਲ ਦਰਸ਼ਨ, ਸਪਰਸ਼ ਅਤੇ ਗਲਵਕੜੀ ਆਦਿਕ ਵਿਵਹਾਰ ਨੂੰ ਸੰਜੋਗ ਕਹਿੰਦੇ ਹਨ।"[5]

ਜਦੋਂ ਪ੍ਰੇਮੀ ਤੇ ਪ੍ਰੇਮਿਕਾ ਦਾ ਆਪਸ ਵਿਚ ਡੂੰਘਾ ਪਿਆਰ ਹੋਣ ਦੇ ਬਾਵਜੂਦ ਵੀ ਮੇਲ ਨਾ ਹੋ ਸਕੇ ਉਥੇ ਵਿਯੋਗ ਸ਼ਿੰਗਾਰ ਰਸ ਦੀ ਉਤਪਤੀ ਹੁੰਦੀ ਹੈ। ਇਸ ਤਰ੍ਹਾਂ ਬ੍ਰਿਹਾ ਦੀ ਤੜਪ

1. ਧੀਰੇਂਦਰ ਵਰਮਾ, *ਹਿੰਦੀ ਸਾਹਿਤਯ ਕੋਸ਼*, ਪੰਨਾ 613
2. ਪੰਡਤ ਜਗਨ ਨਾਥ, *ਰਸ ਸ਼੍ਰਿੰਗਾਰ*, ਪੰਨਾ 130
3. *ਭਾਰਤੀ ਕਾਵਿ ਸ਼ਾਸਤਰ*, ਪੰਨਾ 167-68
4. ਉਹੀ, ਪੰਨਾ 169
5. ਪ੍ਰੇਮ ਪ੍ਰਕਾਸ਼ ਸਿੰਘ, *ਭਾਰਤੀ ਕਾਵਿ ਸ਼ਾਸਤਰ*, ਪੰਨਾ 169

ਇਸ ਹਦ ਤਕ ਪਹੁੰਚ ਜਾਂਦੀ ਹੈ ਕਿ ਮਰਨ-ਤੁਲ ਅਵਸਥਾ ਹੋ ਜਾਂਦੀ ਹੈ ਤਾਂ 'ਕਰੁਣ' ਭਾਂਤ ਦਾ ਵਿਪ੍ਰਲੰਭ ਸ਼ਿੰਗਾਰ ਪ੍ਰਗਟ ਹੁੰਦਾ ਹੈ। ਸਾਧਾਰਣ ਕਰੁਣਾ ਰਸ ਅਤੇ 'ਕਰੁਣ ਵਿਪ੍ਰਲੰਭ' ਵਿਚ ਇਹ ਫ਼ਰਕ ਹੈ ਕਿ ਕਰੁਣਾ ਵਿਚ ਸਦਾ ਵਾਸਤੇ ਵਿਯੋਗ ਹੁੰਦਾ ਹੈ ਮਿਲਣ ਦੀ ਕੋਈ ਉਮੀਦ ਨਹੀਂ ਹੁੰਦੀ ਪਰ 'ਕਰੁਣ' ਵਿਚ ਮਿਲਣ ਦੀ ਪੂਰੀ ਆਸ ਹੁੰਦੀ ਹੈ।"[1]

ਇਸ ਤਰ੍ਹਾਂ ਰੌਤੀ ਭਾਵ ਵਿਚ ਸੰਜੋਗ, ਵਿਯੋਗ, ਮਿਲਾਪ, ਖੁਸ਼ੀ, ਅਨੰਦ, ਤਿਆਗ, ਤੜਪਨਾ ਆਦਿ ਮਹਾਨਤਾ ਪੂਰਵਕ ਭਾਵ ਹਨ। ਇਹਨਾਂ ਭਾਵਾਂ ਦਾ ਚਿਤਰਨ ਗੁਰੂ ਅਰਜਨ ਬਾਣੀ ਵਿਚ ਵੀ ਮਿਲਦਾ ਹੈ ਪਰੰਤੂ ਗੁਰੂ ਜੀ ਦਾ ਪ੍ਰੀਤਮ ਪਿਆਰਾ ਆਲੰਬਨ ਨਾਇਕ ਪਰਮਾਤਮਾ ਹੈ। ਸ਼ੁਧ ਆਤਮਾ ਨਾਇਕਾ ਹੈ। ਆਤਮਾ ਤੇ ਪਰਮਾਤਮਾ ਦਾ ਪਿਆਰ ਦੁਨਿਆਵੀ ਪ੍ਰੀਤ ਵਾਂਗੂੰ ਬੇਵਫ਼ਾ ਨਹੀਂ ਸਗੋਂ ਪ੍ਰਭੂ-ਪ੍ਰੀਤ ਵਿਚ ਸਾਧਕ ਆਪਣੇ ਅੰਤਰਆਤਮੇ ਵਿਚ ਚੰਗੇਰੇ ਤੋਂ ਚੰਗੇਰੇ ਗੁਣ ਗ੍ਰਹਿਣ ਕਰਦਾ ਹੈ ਤਾਂ ਜੋ ਪਰਮਾਤਮਾ ਦੀ ਦਰਗਾਹ ਵਿਚ ਉਸ ਨੂੰ ਇੱਜ਼ਤ ਮਾਣ ਮਿਲੇ।

ਗੁਰੂ ਅਰਜਨ ਦੇਵ ਜੀ ਨੇ ਪਰਮਾਤਮਾ ਨੂੰ ਮਾਤ-ਪਿਤਾ, ਸੁਆਮੀ, ਦਾਤਾ, ਕੰਤ, ਪ੍ਰੀਤਮ-ਪਿਆਰਾ ਆਦਿ ਅਨੇਕ ਘਰੇਲੂ ਸੂਚਕ ਨਾਵਾਂ ਨਾਲ ਸੰਬੋਧਨ ਕੀਤਾ ਹੈ। ਗੁਰੂ ਜੀ ਨੇ ਪਤਨੀ (ਜੀਵ-ਆਤਮਾ) ਦੀ ਬ੍ਰਿਹਾ ਪਤੀ ਮਿਲਾਪ (ਪਰਮਾਤਮਾ) ਦੀ ਤਾਂਘ ਨੂੰ ਅੰਕਿਤ ਕਰਕੇ ਰੌਤੀ ਸੰਜੋਗ ਤੇ ਵਿਯੋਗ ਦੋਹਾਂ ਰਸਾਂ ਦੀ ਉਤਪਤੀ ਕੀਤੀ ਹੈ। ਪਰੰਤੂ ਉਹਨਾਂ ਨੇ ਇਸ ਵਿਚ ਵਾਸਨਾ ਨਹੀਂ ਆਉਣ ਦਿੱਤੀ। ਰੌਤੀ ਦਾ ਸੁਭਾਅ ਆਤਮਕ ਪਰਪੱਕਤਾ ਵਾਲਾ, ਸਦੀਵੀ ਅਮਰ ਤੇ ਅਮਿੱਟ ਹੈ। ਸੰਚਾਰੀ ਭਾਵ ਆਤਮਕ ਅਨੰਦ ਦੀ ਸੋਹਜਮਈ ਅਵਸਥਾ ਵਿਚ ਲੈ ਜਾਂਦੇ ਹਨ।

ਗੁਰੂ ਅਰਜਨ ਬਾਣੀ ਵਿਚ ਨਾਇਕ ਭੇਦਾਂ ਵਿਚ ਬੰਨ੍ਹਿਆ ਹੋਇਆ ਨਹੀਂ। ਇਸ ਵਿਚ ਸੰਜੋਗ ਸ਼ਿੰਗਾਰ ਤੇ ਵਿਯੋਗ ਸ਼ਿੰਗਾਰ ਦੇ ਅੰਤਰਗਤ ਪਰਮਾਤਮਾ ਮਿਲਾਪ, ਖੁਸ਼ੀ, ਅਨੰਦ, ਤਿਆਗ, ਬ੍ਰਿਹਾ, ਤੜਪਨਾ ਆਦਿ ਮਹਾਨਤਾ ਪੂਰਵਕ ਭਾਵ ਹਨ। ਪਰੰਤੂ ਉਪਰ ਵਿਚਾਰੀਆਂ ਗਈਆਂ ਭਿੰਨ ਭਿੰਨ ਪਰਿਭਾਸ਼ਾਵਾਂ ਵਾਂਗ ਇਸ ਵਿਚ ਨਾਇਕ-ਨਾਇਕਾ ਦਾ ਭੌਤਿਕ ਜਾਂ ਫ਼ਿਜ਼ੀਕਲ ਰਿਸ਼ਤਾ ਕਾਇਮ ਨਹੀਂ। ਗੁਰੂ ਜੀ ਦਾ ਪ੍ਰੀਤਮ ਪਿਆਰਾ ਆਲੰਬਨ ਨਾਇਕ ਪਰਮਾਤਮਾ ਹੈ। ਸ਼ੁਧ-ਆਤਮਾ ਨਾਇਕਾ ਹੈ। ਆਤਮਾ ਤੇ ਪਰਮਾਤਮਾ ਦਾ ਪਿਆਰ ਦੁਨਿਆਵੀ ਪ੍ਰੀਤ ਵਾਂਗੂ ਵਾਸ਼ਨਾ-ਭਰਪੂਰ ਨਹੀਂ ਸਗੋਂ ਇਹ ਰਿਸ਼ਤਾ ਅਲੌਕਿਕ ਪੱਧਰ ਦਾ ਰਿਸ਼ਤਾ ਹੈ ਜਿਸ ਵਿਚੋਂ ਸ਼ੁਧ ਉਜਵਲ, ਮਧੁਰ, ਰੂਹਾਨੀ

1. ਪ੍ਰੇਮ ਪ੍ਰਕਾਸ਼ ਸਿੰਘ, ਭਾਰਤੀ ਕਾਵਿ ਸ਼ਾਸਤਰ, ਪੰਨਾ 171

ਤੇ ਸ਼ਾਂਤ ਰਸ ਦਾ ਆਨੰਦ ਆਉਂਦਾ ਹੈ। ਇਸ ਰਿਸ਼ਤੇ ਵਿਚ ਭਗਤੀ ਭਾਵਨਾ ਪੂਰਨ-ਰੂਪ ਵਿਚ ਦ੍ਰਿਸ਼ਟੀਗੋਚਰ ਹੁੰਦੀ ਹੈ। ਇਹ ਭਾਵਨਾ ਦੁਨਿਆਵੀ ਰਿਸ਼ਤਿਆਂ ਵਾਲੇ ਵਾਤਾਵਰਣ ਤੋਂ ਇਲਾਵਾ ਇਕ ਨਿਰਲੇਪ ਅਜਿਹਾ ਖਿੱਚ ਭਰਪੂਰ, ਅਤਿੰਤ ਅਲੌਕਿਕ ਪ੍ਰੀਤ ਦਾ ਵਾਤਾਵਰਣ ਪੈਦਾ ਕਰਦੀ ਹੈ ਜਿਸ ਵਿਚੋਂ ਲੌਕਿਕ ਤੋਂ ਉਪਰ ਉਠ ਕੇ ਅਲੌਕਿਕ ਰਸ ਅਤੇ ਆਨੰਦ ਵਿਚ ਆਤਮਕ ਖੇੜਾ ਪੈਦਾ ਹੁੰਦਾ ਹੈ। ਇਸ ਵਿਚੋਂ ਭਗਤੀ ਭਾਵਨਾ ਦਾ ਜਜ਼ਬਾ ਉਭਰਦਾ ਹੈ ਜੋ ਮਨੁੱਖ ਨੂੰ ਸ਼ਾਂਤ ਰਸ ਪ੍ਰਦਾਨ ਕਰਦਾ ਹੈ। ਇਸ ਕਰਕੇ ਇਸ ਸੁਭਾ ਵਾਲੇ ਰਸ ਨੂੰ ਸੰਜੋਗ ਸ਼ਿੰਗਾਰ ਤੇ ਵਿਯੋਗ ਸ਼ਿੰਗਾਰ ਕਹਿਣਾ ਠੀਕ ਨਹੀਂ। ਇਸ ਨੂੰ ਸੰਜੋਗ ਵਿਯੋਗ ਵਿਚੋਂ ਉਤਪੰਨ ਹੋਣ ਵਾਲਾ ਸ਼ਾਂਤ ਰਸ ਕਹਿਣਾ ਹੀ ਉਚਿਤ ਹੈ। ਇਸ ਵਿਚਾਰ ਦੀ ਪੁਸ਼ਟੀ ਹੇਠ ਲਿਖੀਆਂ ਉਦਾਹਰਣਾਂ ਤੋਂ ਭਲੀ ਪ੍ਰਕਾਰ ਹੋ ਜਾਂਦੀ ਹੈ।

ਸਖੀ ਨਾਲਿ ਵਸਾ ਅਪੁਨੇ ਨਾਹ ਪਿਆਰੇ।
ਮੇਰਾ ਮਨੁ ਤਨੁ ਹਰਿ ਸੰਗਿ ਹਿਲਿਆ।
ਸੁਣਿ ਸਖੀਏ ਮੇਰੀ ਨੀਦ ਭਲੀ ਮੈ ਆਪਨੜਾ ਪਿਰੁ ਮਿਲਿਆ।
ਭ੍ਰਮੁ ਖੋਇਓ ਸਾਂਤਿ ਸਹਜਿ ਸੁਆਮੀ
ਪਰਗਾਸੁ ਭਇਆ ਕਉਲੁ ਖਿਲਿਆ।
ਵਰੁ ਪਾਇਆ ਪ੍ਰਭੁ ਅੰਤਰਜਾਮੀ ਨਾਨਕ ਸੋਹਾਗੁ ਨ ਟਲਿਆ।[1]

(ਗਉੜੀ ਛੰਤ ਮਹੱਲਾ - 5)

ਉਪਰੋਕਤ ਕਾਵਿ-ਟੁਕਾਂ ਵਿਚ ਆਤਮਾ ਤੇ ਪਰਮਾਤਮਾ ਦੇ ਸੰਜੋਗ ਦੀ ਅਵਸਥਾ ਨੂੰ 'ਕਾਵਿ-ਮੈਂ' ਤੇ 'ਕਾਵਿ-ਤੂੰ' ਦੇ ਮਾਧਿਅਮ ਰਾਹੀਂ ਕਲਪਿਆ ਹੈ। ਇਕ ਸਹੇਲੀ ਦੂਜੀ ਸਹੇਲੀ ਨੂੰ ਸੰਬੋਧਨ ਕਰਦੀ ਹੈ। ਇਕ ਧਿਰ ਬੋਲਦੀ ਹੈ ਤੇ ਦੂਜੀ ਅਪ੍ਰਗਟ ਰੂਪ ਵਿਚ ਸੁਣਦੀ ਪ੍ਰਤੀਤ ਹੁੰਦੀ ਹੈ। ਇਥੇ ਸਰੋਦ ਦੀ ਵਿਲੱਖਣਤਾ ਸੰਜੋਗ ਦੇ ਚਿਤ੍ਰਣ ਵਿਚ ਹੈ। ਦੋ ਖਾਸ ਧਿਰਾਂ ਇਕ ਮਾਤ ਲੋਕੀ (ਜੀਵ) ਤੇ ਦੂਜੀ ਦੈਵੀ (ਪਰਮਾਤਮਾ) ਦਾ ਸੰਜੋਗ ਚਿਤ੍ਰਣ ਹੈ। ਗੁਰੂ ਜੀ ਦਾ ਨਾਇਕ ਪਰਮਾਤਮਾ ਆਲੰਬਨ ਭਾਵ ਹੈ। ਪਿਆਰੇ, ਪ੍ਰਿਉ, ਵਰੁ ਤੇ ਸੁਹਾਗ ਆਦਿ ਸ਼ਬਦ ਉਦੀਪਨ ਭਾਵ ਹਨ। ਨਾਲ ਵਸਾਂ, ਨਾਹ ਪਿਆਰੇ, ਨੀਂਦ ਭਲੀ, ਭ੍ਰਮ ਖੋਇਓ, ਕਉਲ ਖਿਲਿਆ,

1. ਗੁਰੂ ਗ੍ਰੰਥ ਸਾਹਿਬ, ਪੰਨਾ 249

ਵਰ ਪਾਇਆ ਆਦਿ ਸ਼ਬਦ ਅਨੁਭਾਵ ਦਰਸਾਉਂਦੇ ਹਨ। ਇਸ ਵਿਚ ਸੰਜੋਗਾਤਮਕ ਅਨੰਦ ਸੰਚਾਰੀ ਭਾਵ ਹੈ।

ਇਹਨਾਂ ਕਾਵਿ-ਪੰਗਤੀਆਂ ਵਿਚ ਇਕ ਹੋਰ ਵਿਲੱਖਣਤਾ ਇਹ ਹੈ ਕਿ ਪਤੀ ਮਿਲਾਪ ਤੋਂ ਪਹਿਲਾਂ ਦੀ ਦਸ਼ਾ ਅਪ੍ਰਗਟ ਰੂਪ ਵਿਚ ਮੌਜੂਦ ਹੈ। ਨੈਣ ਭਲੀ, ਪਿਰੁ ਮਿਲਿਆ, ਭ੍ਰਮ ਖੋਇਓ ਆਦਿ ਸ਼ਬਦਾਂ ਦੀ ਪਿਠ-ਭੂਮੀ ਪਿਛੇ ਵਿਯੋਗ-ਭਾਵ ਝਲਕਦਾ ਅਨੁਭਵ ਹੁੰਦਾ ਹੈ। ਇਸ ਤਰ੍ਹਾਂ ਇਹ ਅਪ੍ਰਾਪਤੀ ਤੋਂ ਪ੍ਰਾਪਤੀ ਤਕ ਦਾ ਸਫ਼ਰ ਹੈ। ਵਰੁ ਪਾਇਆ, ਸੁਹਾਗ ਨ ਟਲਿਆ ਆਦਿ ਸ਼ਬਦਾਂ ਦੀ ਸਰੋਦਕ-ਪੂਰਕ ਮਿਲਾਪ ਦੀਆਂ ਘੜੀਆਂ ਵਿਚ ਸੰਜੋਗਾਤਮਕ ਅਨੰਦ ਦੀ ਪ੍ਰਾਪਤੀ ਕਰਾਉਂਦੀ ਹੈ।

ਗੁਲਾਬ ਰਾਏ[1] ਸੰਜੋਗ ਦੀ ਮਹੱਤਤਾ ਬਾਰੇ ਕਹਿੰਦੇ ਹਨ, "ਉਸ ਵਿਚ ਬ੍ਰਹਮਾਨੰਦ ਤਾਂ ਨਹੀਂ ਸਗੋਂ ਉਸ ਜਿਹਾ ਕੁਝ ਜ਼ਰੂਰ ਆ ਜਾਂਦਾ ਹੈ। ਉਸ ਵਿਚ ਮਨ ਅਨੁਸਾਰ ਉਚੇ ਤੋਂ ਉਚਾ ਅਨੁਭਵ ਆ ਜਾਂਦਾ ਹੈ ਤਾਂ ਹੀ ਰਹੱਸਵਾਦੀ ਉਸ ਨੂੰ ਈਸ਼ਵਰ ਵਲ ਝੁਕੇ ਪ੍ਰੇਮ ਦੇ ਰਹੱਸ-ਅਨੁਭਵ ਦਾ ਉਪਮਾਨ ਦਸਦੇ ਹਨ।"[2]

ਗੁਰੂ ਅਰਜਨ ਦੇਵ ਜੀ ਆਪਣੇ ਰਹੱਸਵਾਦੀ ਅਨੁਭਵ ਦਾ ਪ੍ਰਗਟਾ ਘਰੇਲੂ ਪ੍ਰਤੀਕਾਂ ਦੁਆਰਾ ਕਰਦੇ ਹਨ। ਇਹਨਾਂ ਤੁਕਾਂ ਵਿਚ ਗੁਰੂ ਜੀ, ਪਤੀ ਨਾਲ ਵਸਦੀ ਤੇ ਸੁਖ ਭੋਗਦੀ ਇਸਤ੍ਰੀ ਦੇ ਕਲਪਨਾਤਮਕ ਸੰਕਲਪ ਰਾਹੀਂ ਅਧਿਆਤਮਕ ਰਮਜ਼ਾਂ ਖੋਲ੍ਹਦੇ ਹਨ। ਵਸਾਂ, ਨਾਹ ਪਿਆਰੇ, ਸੰਗ, ਨੈਣ ਭਲੀ, ਵਰੁ, ਸੁਹਾਗ ਆਦਿ ਸ਼ਬਦ ਜਿਥੇ ਇਸਤ੍ਰੀ ਦੇ ਸੁਖਾਤਮਕ ਜੀਵਨ ਦੀ ਟੋਹ ਦਿੰਦੇ ਹਨ ਉਥੇ ਇਹਨਾਂ ਦਾ ਵਿਅੰਜਤ ਭਾਵ ਅਧਿਆਤਮਕ ਵਿਚਾਰਾਂ ਦਾ ਉਚੇ ਤੋਂ ਉਚਾ ਤੇ ਸੁਚੇ ਤੋਂ ਸੁਚਾ ਅਨੁਭਵ ਕਰਾਉਂਦਾ ਹੈ।

ਤੁਕਾਂਤਕ ਸ਼ਬਦ, ਹਿਲਿਆ, ਮਿਲਿਆ, ਖਿਲਿਆ, ਟਲਿਆ ਆਦਿ ਰੱਤੀ ਭਾਵ ਦੇ ਸੰਜੋਗ-ਸ਼ਿੰਗਾਰ ਸਬੰਧੀ ਵਿਚਾਰ ਨੂੰ ਅਰਥ-ਲੈਅ ਵਿਚ ਸਮੇਟਦੇ ਹੋਏ ਸੰਗੀਤਕਤਾ ਰਾਹੀ ਭਾਵ ਦੀ ਇਕਾਗਰਕਾਰੀ ਪ੍ਰਵਿਰਤੀ ਨੂੰ ਦਰਸਾਉਂਦੇ ਹਨ। ਭ੍ਰਮ ਖੋਇਓ, ਕਉਲ ਖਿਲਿਆ ਤੇ ਵਰ ਪਾਇਆ ਆਦਿ ਮੁਹਾਵਰੇਦਾਰ ਸੰਖੇਪ ਸ਼ਬਦ ਵਿਸ਼ਾਲ ਅਧਿਆਤਮਕ ਭਾਵਾਂ ਦੇ ਸੋਹਜਮਈ ਸੰਦਰਭ ਨੂੰ ਉਜਾਗਰ ਕਰਦੇ ਹਨ। ਸ਼ਬਦਾਰਥ ਮਨ ਦੀ ਭਾਵਨਾ ਅਨੁਸਾਰ ਰਸ ਪੈਦਾ ਕਰਦੇ ਹਨ।

---

1. ਸਿਧਾਂਤ ਤੇ ਅਧਿਐਨ, ਪੰਨਾ 172
2. ਉਹੀ, ਪੰਨਾ 172

ਇਸ ਤਰ੍ਹਾਂ ਉਪਰੋਕਤ ਕਾਵਿ-ਟੁਕੜੀ ਵਿਚ ਕਲਪਨਾਤਮਕ ਬੁਨਿਆਦੀ ਸਿਮ੍ਰਤੀਆਂ ਦੇ ਮਾਧਿਅਮ ਰਾਹੀਂ, ਸੰਗੀਤਾਤਮਕ ਸ਼ਬਦਾਂ ਦੁਆਰਾ ਭਗਤੀ ਭਾਵ ਦੇ ਸੰਜੋਗ-ਯੁਕਤ ਰਸ ਨੂੰ, ਸ਼ਬਦਾਂ ਵਿਚਲੀ ਭਾਵ-ਇਕਸਾਰਤਾ ਦੁਆਰਾ ਸਰੋਦੀ ਢੰਗ ਦੇ ਪ੍ਰਤਿਬਿੰਬ ਰਾਹੀਂ ਚਿਤ੍ਰਿਆ ਹੈ।

<u>ਵਿਯੋਗ ਯੁਕਤ ਰਸ:</u>

ਗੁਰੂ ਅਰਜਨ ਬਾਣੀ ਵਿਚ ਵਿਯੋਗ ਭਗਤੀ ਭਾਵ ਦੇ ਵੀ ਅਨੁਭਵੀ ਦਰਸ਼ਨ ਹੁੰਦੇ ਹਨ। ਗੁਰੂ ਜੀ ਸਰੋਦੀ ਕਵਿਤਾ ਦੇ 'ਕਾਵਿ-ਮੈਂ' ਨੂੰ ਪਤਨੀ-ਰੂਪ ਤੇ 'ਕਾਵਿ-ਤੂੰ' ਨੂੰ ਪਰਮਾਤਮਾ-ਰੂਪ ਚਿਤਵ ਕੇ ਆਤਮਾ-ਪਰਮਾਤਮਾ ਦੀ ਪ੍ਰੀਤ ਦੀ ਡੂੰਘੀ ਵੇਦਨਾ, ਹਿਰਦੇ ਦੀ ਬਿਹਬਲਤਾ ਅਤੇ ਸੋਹਜ ਨੂੰ ਬੜੇ ਹੀ ਪ੍ਰਭਾਵ-ਪੂਰਨ ਢੰਗ ਨਾਲ ਯੁਕਤ ਰਹਿ ਕੇ ਵਿਯੋਗ ਵਾਲੀ ਸੰਗੀਤਾਤਮਕ ਸ਼ੈਲੀ ਵਿਚ ਰੂਪਦੇ ਹਨ ਅਤੇ ਇਕ ਸਰੋਦੀ ਹੂਕ ਪੈਦਾ ਕਰਦੇ ਹਨ:

ਅਤਿ ਪ੍ਰੀਤਮ ਮਨ ਮੋਹਨਾ ਘਟ ਸੋਹਨਾ ਪ੍ਰਾਨ ਅਧਾਰਾ ਰਾਮ।
ਸੁੰਦਰ ਸੋਭਾ ਲਾਲ ਗੋਪਾਲ ਦਇਆਲ ਕੀ ਅਪਰ ਅਪਾਰਾ ਰਾਮ।
ਗੋਪਾਲ ਦਇਆਲ ਗੋਬਿੰਦ ਲਾਲਨ ਮਿਲਹੁ ਕੰਤ ਨਿਮਾਣੀਆ।
ਨੈਨ ਤਰਸਨ ਦਰਸ ਪਰਸਨ ਨਹ ਨੀਦ ਰੈਣਿ ਵਿਹਾਣੀਆ।
ਗਿਆਨ ਅੰਜਨ ਨਾਮ ਬਿੰਜਨ ਭਏ ਸਗਲ ਸੀਗਾਰਾ।
ਨਾਨਕ ਪਇਅੰਪੈ ਸੰਤ ਜੰਪੈ ਮੇਲਿ ਕੰਤੁ ਹਮਾਰਾ।[1]

(ਰਾਗ ਬਿਹਾਗੜਾ ਮਹੱਲਾ - 5 ਛੰਤ)

ਉਪਰੋਕਤ ਕਾਵਿ-ਤੁਕਾਂ ਵਿਚ ਪਰਮਾਤਮਾ ਆਲੰਬਨ ਵਿਭਾਵ ਹੈ। ਮਨ ਮੋਹਨਾ, ਸੁੰਦਰ, ਲਾਲ ਗੋਪਾਲ ਆਦਿ ਸ਼ਬਦਾਂ ਵਿਚੋਂ ਉਦੀਪਨ ਵਿਭਾਵ ਫੁਟਦੇ ਨਜ਼ਰ ਆਉਂਦੇ ਹਨ। ਨੈਨ ਤਰਸਨ, ਦਰਸ ਪਰਸਨ, ਨਹ ਨੀਦ, ਰੈਣਿ ਵਿਹਾਣੀਆਂ ਆਦਿ ਸ਼ਬਦਾਂ ਦੀ ਵਿਅੰਜਨਾ ਵਿਚੋਂ ਚਿੰਤਾ, ਆਵੇਗ, ਪਛਤਾਵਾ, ਪਤੀ-ਮਿਲਾਪ ਲਈ ਮਨ ਦੀ ਬਿਹਬਲਤਾ ਤੇ ਵਿਛੋੜੇ ਦੀ ਕਰੁਣਾਮਈ ਅਵਸਥਾ ਆਦਿ ਸੰਚਾਰੀ ਭਾਵ ਸਾਕਾਰ ਹੁੰਦੇ ਹਨ। ਪਰੰਤੂ ਇਹ ਭਾਵ ਵੀ ਭਗਤੀ

1. <u>ਗੁਰੂ ਗ੍ਰੰਥ ਸਾਹਿਬ</u>, ਪੰਨਾ 542

ਭਾਵਨਾ ਪੈਦਾ ਕਰਦੇ ਹੋਏ ਸ਼ਾਂਤ ਰਸ ਪੈਦਾ ਕਰਦੇ ਹਨ।

ਉਚੀਕਵਾਨ, ਜੀਵਾਤਮਾ ਪਰਮਾਤਮਾ ਅੱਗੇ ਅਰਦਾਸ ਕਰਦੀ ਮਹਿਸੂਸ ਹੁੰਦੀ ਹੈ। ਇਸ ਤਰ੍ਹਾਂ ਆਤਮਾ ਪਰਮਾਤਮਾ ਦੀ ਪ੍ਰੀਤ ਦੇ ਵਰਨਣ ਵਿਚੋਂ ਵਿਯੋਗ-ਮੁਕਤ ਭਾਵ ਦੀ ਕਰੁਣਾਮਈ ਅਵਸਥਾ ਸਾਕਾਰ ਹੁੰਦੀ ਹੈ। ਇਹ ਵਿਯੋਗ ਦੁਨਿਆਵੀ ਪ੍ਰੀਤ ਨਾਲੋਂ ਵੱਖਰਾ ਹੈ ਜੋ ਭਗਤੀ ਭਾਵਨਾ ਨਾਲ ਓਤਿ ਪੋਤਿ ਹੈ।

ਗੁਲਾਬ ਰਾਏ ਦੇ ਸ਼ਬਦਾਂ ਅਨੁਸਾਰ ਜਦੋਂ, "ਵਿਛੋੜਾ ਸਿਖਰ ਤਕ ਪਹੁੰਚ ਜਾਂਦਾ ਹੈ ਤਦ ਉਹ ਕਰੁਣਾਮਈ ਕਹਾਉਂਦਾ ਹੈ।"[1] ਸਾਧਾਰਣ ਕਰੁਣਾ ਤੇ ਕਰੁਣਾਮਈ ਵਿਛੋੜੇ ਵਿਚ ਫਰਕ ਹੈ। ਆਤਮਾ-ਪਰਮਾਤਮਾ ਦੇ ਵਿਛੋੜੇ ਦੀ ਕਰੁਣਾਮਈ ਅਵਸਥਾ ਵਿਚ ਪਰਮਾਤਮਾ ਦੇ ਮਿਲਣ ਦੀ ਪੂਰੀ ਪੂਰੀ ਉਮੀਦ ਹੈ। ਕਿਉਂਕਿ ਇਹ ਪ੍ਰੀਤ, ਦੁਨਿਆਵੀ ਪ੍ਰੇਮ ਵਾਲੇ ਵਾਤਾਵਰਣ ਤੋਂ ਨਿਰਲੇਪ, ਉਚਾ ਤੇ ਸੁੱਚਾ ਅਲੌਕਿਕ ਪ੍ਰੇਮ ਦਾ ਵਾਤਾਵਰਣ ਉਲੀਕਦੀ ਹੈ।

"ਨੈਨ ਤਰਸਨ, ਦਰਸ ਪਰਸਨ ਨਹ ਨੀਦ ਰੈਣਿ ਵਿਹਾਣੀਆ" ਤੁਕ ਵਿਚ ਇਕ ਸਰੋਦਕ ਤੁਕ ਹੈ। ਇਸ ਸਰੋਦਕ ਤੁਕ ਦਾ ਸੁਭਾ ਸ਼ਿੰਗਾਰਮਈ, ਸੁਤਮਈ, ਸੋਜ਼ਮਈ ਤੇ ਪ੍ਰਕਾਸ਼ਮਈ ਹੈ। ਇਸੇ ਸਰੋਦਕ-ਤੁਕ ਵਿਚੋਂ ਅਲੌਕਿਕ ਰਸ ਤੇ ਅਨੰਦ ਪੈਦਾ ਹੋ ਕੇ ਆਤਮਕ ਪੀੜਾਂ ਉਤਪੰਨ ਕਰਦੇ ਹਨ।

ਅਧਾਰਾ ਰਾਮ, ਅਧਾਰਾ ਰਾਮ, ਕੰਤ ਨਿਮਾਣੀਆ, ਰੈਣਿ ਵਿਹਾਣੀਆ, ਸਗਲ ਸੀਗਾਰਾ, ਕੰਤ ਧਾਮਾਰਾ ਆਦਿ ਸ਼ਬਦ ਸਰੋਦਕ-ਤੁਕ ਨੂੰ ਸੰਗੀਤਮਈ ਲੈਅ ਵਿਚ ਪ੍ਰਸਤੁਤ ਕਰਦੇ ਹਨ। ਇਹਨਾਂ ਤੋਂ ਇਲਾਵਾ, "ਮਨਮੋਹਨਾ, ਘਟ ਸੋਹਨਾ, ਸੁੰਦਰ ਸੋਭਾ ਲਾਲ ਗੋਪਾਲ ਦਇਆਲ ਕੀ", ਆਦਿ ਸ਼ਬਦਾਂ ਵਿਚ ਸੰਗੀਤਕ ਧੁਨੀ ਹੈ। ਇਹ ਸ਼ਬਦ ਪਰਮਾਤਮਾ ਦੇ ਸਰੂਪ ਨੂੰ ਕਲਪਦੇ ਹਨ। ਇਹਨਾਂ ਦੀ ਭਾਵਕ ਰਮਜ਼ ਤੇ ਅਰਥਾਂ ਦੀ ਗੂੰਜ ਜਗਿਆਸੂ ਦੇ ਮਨ ਵਿਚ ਗੂੰਜਦੀ ਰਹਿੰਦੀ ਹੈ।

ਇਸ ਤਰ੍ਹਾਂ ਗੁਰੂ ਅਰਜਨ ਦੁਆਰਾ ਚਿਤ੍ਰਿਆਂ ਰੌਂਤੀ ਭਾਵ ਸੰਜੋਗ ਵਿਯੋਗ, ਮਿਲਾਪ, ਖੁਸ਼ੀ ਅਨੰਦ, ਤਿਆਗ , ਤੜਪਨਾ, ਲੁਛਣਾ ਆਦਿ ਮਹਾਨਤਾ ਪੂਰਵਕ ਭਾਵ ਕਵਿਤਾ ਵਿਚ ਸਰੋਦੀ-ਤੁਕਾਂ ਪੈਦਾ ਕਰਦੇ ਰਹਿੰਦੇ ਹਨ। ਗੁਰੂ ਜੀ ਦਾ ਪ੍ਰੀਤਮ ਪਿਆਰਾ ਅਲੌਕਿਕ ਨਾਇਕ ਪ੍ਰਭੂ

1. ਗੁਲਾਬ ਰਾਏ, <u>ਸਿਧਾਂਤ ਤੇ ਅਧਿਐਨ</u>, ਪੰਨਾ 179

ਹੈ। ਰੱਤੀ ਭਾਵ ਵਿਚ ਸੰਜੋਗ ਭਗਤੀ ਭਾਵ ਤੇ ਵਿਯੋਗ ਭਗਤੀ ਭਾਵ ਸਵੈ-ਸੰਬੋਧਨ ਦੁਆਰਾ ਪ੍ਰਗਟ ਹੋ ਕੇ ਪਰਮਾਤਮਾਂ ਨੂੰ ਪਾਉਣ ਵਲ ਰੁਚਿਤ ਹੈ। ਗੁਰੂ ਜੀ ਦੀ ਕਵਿਤਾ ਦੇ ਸਮੁੱਚ ਵਿਚੋਂ ਭਾਵਨਾ-ਇਕਾਗਰਤਾ ਤੇ ਸੰਗੀਤਕ ਲੈਅ, ਉਤਪੰਨ ਹੋ ਕੇ ਸਰੋਦ-ਪੂਰਕ ਪੈਦਾ ਕਰਦੀ ਹੈ।

2. ਹਾਸ ਭਾਵ। ਭਰਤ ਨੇ ਸ਼ਿੰਗਾਰ ਤੋਂ ਹਾਸ ਰਸ ਦੀ ਉਤਪਤੀ ਮੰਨੀ ਹੈ।[1] ਹਾਸ ਉਲਾਸ ਭਾਵ ਉਦੋਂ ਪੈਦਾ ਹੁੰਦਾ ਹੈ, ਜਦੋਂ ਕਾਵਿ ਵਿਚ ਹਾਸ ਰਸ ਦੀ ਉਤਪਤੀ ਹੁੰਦੀ ਹੈ। ਭਾਵ ਪ੍ਰਕਾਸ਼ ਵਿਚ ਕਿਹਾ ਗਿਆ ਹੈ ਕਿ ਹਾਸ ਚਿੱਤ ਦਾ ਵਿਕਾਸ ਹੈ ਜਿਹੜਾ ਪ੍ਰੀਤ ਦਾ ਇਕ ਵਿਸ਼ੇਸ਼ ਰੂਪ ਹੈ।[2] ਪਰੰਤੂ ਅਸੀਂ ਆਮ ਰੋਜ਼ਾਨਾ ਜ਼ਿੰਦਗੀ ਵਿਚ ਵੇਖਦੇ ਹਾਂ ਕਿ ਕਿਸੇ ਦੇ ਬੋਲਣ ਦੇ ਲਹਿਜੇ ਜਾਂ ਲਿਬਾਸ ਆਦਿ ਤੋਂ ਵੀ ਹਾਸਾ ਆ ਜਾਂਦਾ ਹੈ। ਇਸੇ ਤਰ੍ਹਾਂ ਟੇਢੀ ਆਕ੍ਰਿਤੀ ਅਤੇ ਵਿਲੱਖਣ ਕਿਰਿਆਵਾਂ ਕਰਨ ਵਾਲਾ ਵਿਅਕਤੀ ਵੀ ਹਾਸ ਰਸ ਦਾ ਆਲੰਬਨ ਹੋ ਜਾਂਦਾ ਹੈ।

ਪੱਛਮੀ ਵਿਦਵਾਨਾਂ ਦਾ ਭੇਦ-ਨਿਰੂਪਣ ਸਰੀਰ ਤੋਂ ਇਲਾਵਾ ਰੂਹ ਅਤੇ ਮਨੋਰਥ ਉਤੇ ਵੀ ਨਿਰਭਰ ਰਹਿਆ ਹੈ। ਜਿਥੇ ਇਸ ਮਨੋਭਾਵ ਨਾਲ ਕਈ ਸ਼ਬਦ ਪ੍ਰਚਲਤ ਹਨ: "Wit, Humour, Joke, Irony, Jest, Sacrasm, Satire, Parody, Smile etc."[3]

ਹਾਸ ਉਲਾਸ ਭਾਵ ਅਣਮੇਲ-ਬੇਢੰਗੇ ਪਹਿਰਾਵੇ, ਰੂਪ, ਬੋਲ-ਬਚਨ ਜਾਂ ਕਿਸੇ ਦੀ ਮੂਰਖਤਾ ਆਦਿਕ ਦੇ ਵੇਖਣ-ਸੁਣਨ ਤੋਂ ਪੈਦਾ ਹੋ ਸਕਦਾ ਹੈ। ਇਸੇ ਤਰ੍ਹਾਂ ਕਵਿਤਾ ਵਿਚ ਉਪਰੋਕਤ ਕਿਰਿਆਵਾਂ ਦੇ ਪੜ੍ਹਨ/ਸੁਣਨ ਤੋਂ ਹਾਸ ਉਲਾਸ ਭਾਵ ਪੈਦਾ ਹੋ ਜਾਂਦਾ ਹੈ। ਹਾਸੇ ਨੂੰ ਉਪਜਾਉਣ ਵਾਲੀਆਂ ਚੇਸ਼ਟਾਵਾਂ ਉਦੀਪਨ ਵਿਭਾਵ ਹਨ। ਗੱਲਾਂ ਤੇ ਬੁਲ੍ਹਾਂ ਦਾ ਫਰਕਣਾ, ਅੱਖਾਂ ਦਾ ਮੀਚਣਾ, ਪੇਟ ਦਾ ਹਿਲਣਾ ਆਦਿ ਅਨੁਭਾਵ ਹਨ। ਖੁਸ਼ੀ, ਚੰਚਲਤਾ, ਕਾਂਬਾ ਆਦਿ ਸੰਚਾਰੀ ਭਾਵ ਹਨ।

ਗੁਰੂ ਅਰਜਨ ਬਾਣੀ ਗੰਭੀਰ ਭਾਵ ਦੀ ਧਾਰਨੀ ਹੈ। ਪਰੰਤੂ ਕਿਤੇ ਕਿਤੇ ਗੁਰੂ ਜੀ ਨੇ ਧਾਰਮਿਕ ਦੰਭ ਜਾਂ ਸੰਪ੍ਰਦਾਇਕ ਆਡੰਬਰ ਆਦਿ ਬਾਰੇ ਲਿਖਿਆ ਹੈ। ਉਹ ਬਿਅੰਗ ਦੁਆਰਾ ਮਿੰਨ੍ਹਾ ਮਿੰਨ੍ਹਾ ਹਾਸ ਰਸ ਪੈਦਾ ਕਰਦੇ ਹਨ ਪਰੰਤੂ ਇਹ ਹਾਸਾ ਭੌਤਿਕ ਸੁਭਾਅ ਵਾਲਾ ਆਮ ਨਾਟਕਾਂ ਜਾਂ ਕਹਾਣੀਆਂ ਵਾਲਾ ਨਹੀਂ। ਗੁਰੂ ਅਰਜਨ ਦੇਵ ਜੀ ਦੇ ਸਾਹਿਤਕ ਸ਼ਬਦ ਅਜਿਹੇ ਹਨ ਜਿਹਨਾਂ

1. ਡਾ. ਪ੍ਰੇਮ ਪ੍ਰਕਾਸ਼ ਸਿੰਘ, ਭਾਰਤੀ ਕਾਵਿ ਸ਼ਾਸਤਰ, ਪੰਨਾ 173
2. ਉਹੀ, ਪੰਨਾ 174
3. ਉਹੀ, ਪੰਨਾ 176

ਵਿਚੋਂ ਮਾਂਜਿਆ, ਸੰਵਾਰਿਆ ਤੇ ਸੁਹਿਰਦਤਾ ਵਾਲਾ ਸੁਖਾਤਮਕ ਹਾਸ ਰਸ ਉਭਰਦਾ ਹੈ।

ਧੋਤੀ ਖੋਲਿ ਵਿਛਾਏ ਹੇਠਿ। ਗਰਧਪ ਵਾਂਗੂ ਲਾਹੇ ਪੇਟਿ।
ਬਿਨ ਕਰਤੂਤੀ ਮੁਕਤਿ ਨ ਪਾਈਐ। ਮੁਕਤ ਪਦਾਰਥ ਨਾਮ ਧਿਆਈਐ।
ਪੂਜਾ ਤਿਲਕ ਕਰਤ ਇਸਨਾਨਾ। ਛੁਰੀ ਕਾਢਿ ਲੇਵੈ ਹਥਿ ਦਾਨਾ।
ਬੇਦੁ ਪੜੈ ਮੁਖ ਮੀਠੀ ਬਾਣੀ। ਜੀਆਂ ਕੁਹਤ ਨ ਸੰਗੈ ਪਰਾਣੀ।
ਕਹੁ ਨਾਨਕ ਜਿਸੁ ਕਿਰਪਾ ਧਾਰੈ। ਹਿਰਦਾ ਸੁਧ ਬ੍ਰਹਮ ਬੀਚਾਰੈ।[1]

(ਗਉੜੀ ਮਹੱਲਾ - 5)

ਉਪਰੋਕਤ ਕਾਵਿ-ਪੰਕਤੀਆਂ ਵਿਚ ਵਿਅੰਗਾਤਮਕ ਭਾਵ ਦੁਆਰਾ ਹਾਸ ਰਸ ਪੈਦਾ ਕੀਤਾ ਹੈ। ਗੁਰੂ ਜੀ ਦੀ ਕਲਪਨਾ ਵਿਚ ਦੇਖਿਆ ਪਰਖਿਆ ਅਜਿਹਾ ਪਾਖੰਡੀ ਮਨੁੱਖ (ਪੰਡਤ) ਹੈ ਜਿਸ ਦੀ ਕਹਿਣੀ ਤੇ ਕਰਣੀ ਵਿਚ ਅੰਤਰ ਹੈ। ਗੁਰੂ ਜੀ ਕਲਪਨਾ ਨੂੰ ਸ਼ਬਦਿਕ-ਜਾਮੇ ਰਾਹੀਂ ਅਜਿਹੇ ਮਨੁੱਖ ਦਾ ਚਿਤ੍ਰ ਪੇਸ਼ ਕਰਦੇ ਹਨ ਜੋ ਹਿੰਦੂ-ਜਗਤ ਵਿਚ ਪਾਖੰਡੀ-ਪੰਡਤ ਦੇ ਭੇਸ ਵਿਚ ਵਿਚਰਦਾ ਹੈ। ਕਵਿਤਾ ਵਿਚ ਅਜਿਹੇ (ਆਲੰਬਨ) ਮਨੁੱਖ ਦੀ ਕਥਣੀ ਤੇ ਕਰਣੀ ਨੂੰ ਜਾਣ ਕੇ ਪਾਠਕ/ਸ੍ਰੋਤਾ ਮਨ ਵਿਚ ਹਾਸ ਰਸ ਉਤਪੰਨ ਹੁੰਦਾ ਹੈ।

ਪਰੰਤੂ ਇਥੇ ਹਾਸ ਰਸ ਨਿਰਾ ਮਖੌਲ ਨਹੀਂ ਸਗੋਂ ਹਾਸ ਉਲਾਸ ਭਾਵ ਦੇ ਆਸਰੇ ਦੀ ਦ੍ਰਿਸ਼ਟੀ ਤੋਂ ਇਸ ਵਿਚ ਇਕ ਤਰ੍ਹਾਂ ਦਾ ਵਧੀਆਪਣ ਦਾ ਭਾਵ ਹੈ। ਮੈਕਡੂਗੋਲ ਦਾ ਕਥਨ ਹੈ ਕਿ "ਹਾਸਾ ਮਨੁੱਖ (ਆਸਰਾ) ਦੀ ਬਹੁਤ ਜ਼ਿਆਦਾ ਸੰਵੇਦਨਸ਼ੀਲਤਾ ਨੂੰ ਸੰਤੁਲਤ ਰਖਕੇ ਉਸਨੂੰ ਮਾਨਸਕ ਦਰਦ ਤੋਂ ਬਚਾਉਂਦਾ ਹੈ।"[2]

ਉਪਰੋਕਤ ਕਥਨ ਗੁਰੂ ਅਰਜਨ ਦੇਵ ਦੀ ਇਹਨਾਂ ਤੁਕਾਂ ਵਿਚ ਅਜਿਹੇ ਸੁਭਾਅ ਨੂੰ ਠੀਕ ਪ੍ਰਗਟ ਕਰਦਾ ਹੈ। ਗੁਰੂ ਜੀ ਵਿਅੰਗਮਈ ਸ਼ਬਦਾਵਲੀ ਜਿਵੇਂ ਧੋਤੀ, ਪੇਟ, ਤਿਲਕ, ਇਸਨਾਨਾ, ਛੁਰੀ ਆਦਿ ਰਾਹੀਂ ਕਵਿਤਾ ਵਿਚਲੇ ਆਲੰਬਨ (ਆਸਰੇ) ਦੁਆਰਾ ਪਾਠਕ/ਸ੍ਰੋਤੇ ਦੀ ਸੰਵੇਦਨਾ ਨੂੰ ਟੁੰਬਦੇ ਹਨ। "ਬਿਨੁ ਕਰਤੂਤੀ ਮੁਕਤਿ ਨਾ ਪਾਈਐ। ਮੁਕਤ ਪਦਾਰਥ ਨਾਮ ਧਿਆਈਐ" ਤੁਕ ਦੁਆਰਾ ਸ੍ਰੋਤੇ ਦੀ ਸੰਵੇਦਨਾ ਸੰਤੁਲਨ ਵਿਚ ਰੱਖਕੇ ਉਸ ਬੁਰੇ ਕਰਮ ਨਾ

1. *ਗੁਰੂ ਗ੍ਰੰਥ ਸਾਹਿਬ*, ਪੰਨਾ 201
2. ਗੁਲਾਬ ਰਾਏ, *ਸਿਧਾਂਤ ਤੇ ਅਧਿਐਨ*, ਪੰਨਾ 183

ਕਰਨ ਦੀ ਪ੍ਰੇਰਨਾ ਦਿੰਦੇ ਹਨ। ਹਾਸ ਭਾਵ ਰਸ ਦੇ ਮੂਡ ਅਨੁਸਾਰ ਸਹਿ ਸਬੰਧੀ ਸ਼ਬਦਾਂ ਦੀ ਇਕ ਲੜੀ ਚਲਦੀ ਹੈ। ਜਿਵੇਂ: ਰੋਟੀ, ਧੋਟਿ, ਪੂਜਾ-ਤਿਲਕ, ਅਸ਼ਨਾਨਾ ਤੇ ਛੁਰੀ। ਇਹ ਸ਼ਬਦ-ਸ੍ਰਿਜਨਾ ਹਿਰਦੇ ਦੇ ਮੂਡ ਤੇ ਵਿਚਾਰ ਦੇ ਅਨੁਕੂਲ ਰੂਪ ਧਾਰਨ ਕਰ ਲੈਂਦੀ ਹੈ। ਪਰੰਤੂ ਦੂਜੀ ਤੁਕ ਰਾਹੀਂ ਹਿਰਦੇ ਵਿਚ ਗੰਭੀਰ ਅਧਿਆਤਮਕ ਚਿੰਤਨ ਦਾ ਭਾਵ ਪੈਦਾ ਹੋ ਜਾਂਦਾ ਹੈ। ਇਹ ਗੰਭੀਰ ਭਾਵ ਮਨ ਵਿਚ ਵੈਰਾਗ ਪੈਦਾ ਕਰਦਾ ਹੈ ਜੋ ਮਨੁੱਖ ਨੂੰ ਚੰਗੇ ਕਰਮ ਕਰਨ ਵਲ ਰੁਚਿਤ ਹੈ।

ਗੁਰੂ ਅਰਜਨ ਦੇਵ ਜੀ ਨੇ ਸੰਖੇਪ ਸ਼ਬਦਾਵਲੀ ਦੁਆਰਾ ਵਿਅੰਗਾਤਮਕ ਭਾਵ ਨੂੰ, ਰੋਟਿ-ਧੋਟਿ, ਧਾਈਸਿ-ਧਿਆਈਸਿ, ਅਸ਼ਨਾਨਾ-ਦਾਨਾ, ਬਾਣੀ-ਪੂਣੀ, ਧਾਰੈ-ਬਿਚਾਰੈ, ਆਦਿ ਤੁਕਾਂਤਕ ਸ਼ਬਦਾਂ ਦੁਆਰਾ ਸੰਗੀਤਕ ਲੈਅ ਵਿਚ ਹਾਸ ਉਲਾਸ ਭਾਵ ਨੂੰ ਸੁਖਾਤਮਕ ਭਾਵ ਨਾਲ ਸੁਮੇਲ ਕੇ ਕਾਵਿ-ਸੰਤੁਲਨ ਰਾਹੀਂ ਭਾਵ-ਇਕਾਗਰਤਾ ਨੂੰ ਕਾਇਮ ਰਖਿਆ। ਇਸ ਤਰ੍ਹਾਂ ਕਾਵਿ-ਸਮੂੰਹ ਵਿਚੋਂ ਸਰੋਦ ਦੀ ਪ੍ਰੇਰਕ-ਅਨੁਭੂਤੀ ਪਾਠਕ/ਸ੍ਰੋਤਾ ਮਨ ਵਿਚ ਇਕ ਅਲੌਕਿਕ ਅਨੰਦ ਪ੍ਰਦਾਨ ਕਰਾਉਂਦੀ ਹੈ।

ਉਪਰੋਕਤ ਵਿਚਾਰ ਤੋਂ ਸਪਸ਼ਟ ਹੈ ਕਿ ਇਹ ਦੁਨਿਆਵੀ ਸਾਹਿਤ ਵਿਚੋਂ ਪੈਦਾ ਹੋਏ ਹਾਸ ਰਸ ਵਰਗਾ ਹਾਸ ਰਸ ਨਹੀਂ ਬਲਕਿ ਅਧਿਆਤਮਕ ਕਵਿਤਾ ਵਿਚੋਂ ਅਧਿਆਤਮਕ ਦ੍ਰਿਸ਼ਟੀ ਵਾਲਾ ਹਾਸ ਰਸ ਹੈ। ਜਿਸ ਦਾ ਪ੍ਰਤਿਫਲ ਸ਼ੁਭ ਵਾਤਾਵਰਣ ਜ਼ਿਆਦਾ ਪੈਦਾ ਕਰਦਾ ਹੈ।

3. ਸ਼ੋਕ ਭਾਵ: ਕਵਿਤਾ ਵਿਚ ਇਸ ਸਥਾਈ ਭਾਵ ਦੀ ਅਭਿਵਿਅਕਤੀ ਤੋਂ ਕਰੁਣਾ ਰਸ ਪੈਦਾ ਹੁੰਦਾ ਹੈ। ਕਿਸੇ ਪਿਆਰੀ ਚੀਜ਼ ਦੇ ਬਰਬਾਦ ਹੋ ਜਾਣ ਤੇ ਮਨ ਦੀ ਬਿਹਬਲਤਾ ਨੂੰ ਸ਼ੋਕ ਕਹਿੰਦੇ ਹਨ। ਪ੍ਰੋ. ਪ੍ਰੇਮ ਪ੍ਰਕਾਸ਼ ਅਨੁਸਾਰ, "ਮਨ ਚਾਹਤ ਵਿਅਕਤੀ ਜਾਂ ਵਸਤੂ ਦੇ ਨਾਸ਼ ਤੋਂ ਚਿੱਤ ਦੀ ਵਿਆਕੁਲਤਾ ਨੂੰ ਸ਼ੋਕ ਕਹਿੰਦੇ ਹਨ।[1]

ਕਿਸੇ ਸਕੇ ਸਬੰਧੀ ਦੀ ਮ੍ਰਿਤੂ ਜਾਂ ਉਸ ਦੇ ਵਿਛੋੜੇ ਵੇਲੇ ਜੋ ਸ਼ੋਕ ਭਾਵ ਪ੍ਰਗਟਾਇਆ ਜਾਂਦਾ ਹੈ ਉਸ ਤੋਂ ਕਰੁਣਾ ਰਸ ਦੀ ਉਤਪਤੀ ਹੁੰਦੀ ਹੈ। ਇਸੇ ਤਰ੍ਹਾਂ ਕਵਿਤਾ ਵਿਚ ਕਰੁਣਾ ਰਸ ਉਦਾਸੀ ਤੇ ਸ਼ੋਕ ਭਾਵ ਉਪਜਾਉਂਦਾ ਹੈ।

ਜਿਸ ਦੇ ਲਈ ਸ਼ੋਕ ਕੀਤਾ ਜਾਂਦਾ ਹੈ ਉਹ ਆਲੰਬਨ ਹੁੰਦਾ ਹੈ। ਉਸ ਦੀ ਯਾਦ ਜਾਂ ਪ੍ਰੀਤਵਾਨ ਦੇ ਗੁਣਾਂ ਦਾ ਵਰਣਨ, ਜਾਂ ਉਸ ਨਾਲ ਸਬੰਧਤ ਕਿਸੇ ਚੀਜ਼ ਦੇ ਦਰਸ਼ਨ,

1. ਭਾਰਤੀ ਕਾਵਿ ਸ਼ਾਸਤਰ, ਪੰਨਾ 178

ਦੁੱਖ ਦੀ ਅਵਸਥਾ ਆਦਿ ਇਸ ਦੇ ਉਦੀਪਨ ਵਿਭਾਵ ਹਨ। ਹੰਝੂਆਂ ਦਾ ਵਹਾਉਣਾ, ਕੋਸਣਾ, ਮੋਹ ਤੇ ਵਿਰਲਾਪ ਆਦਿ ਅਨੁਭਾਵ ਹਨ। ਗਿਲਾਨੀ, ਚਿੰਤਾ, ਡੈ, ਮੋਹ ਆਦਿ ਸੰਚਾਰੀ ਭਾਵ ਹਨ।

ਕਈ ਵਿਦਵਾਨਾਂ ਨੇ ਕਰੁਣਾ ਰਸ ਨੂੰ ਬਹੁਤ ਮਹੱਤਵਪੂਰਨ ਮੰਨਿਆ ਹੈ। "ਸੰਸਕ੍ਰਿਤ ਨਾਟਕਕਾਰ, ਭਵਭੂਤੀ ਨੇ ਤਾਂ ਇਥੋਂ ਤਕ ਕਿਹਾ ਹੈ ਕਿ "ਏਕੋ ਰਸ। ਕਰੁਣ ਏਵ ਨਿਮਿੱਤ ਭੇਦਾਤ।"[1] ਅਰਥਾਤ ਅਸਲ ਵਿਚ ਰਸ ਇਕੋ ਹੀ ਕਰੁਣਾ ਰਸ ਹੈ ਬਾਕੀ ਉਸ ਦੇ ਭੇਦ ਹਨ। ਕਰੁਣਾ ਰਸ ਨੂੰ ਪਾਣੀ ਤੇ ਬਾਕੀ ਰਸਾਂ ਨੂੰ ਪਾਣੀ ਦੇ ਬੁਲਬਲੇ ਸਮਾਨ ਮੰਨਿਆ ਹੈ। ਕਰੁਣਾ ਦਾ ਅਹਿਸਾਸ ਬਹੁਤ ਸੰਵੇਦਨਸ਼ੀਲ ਅਤੇ ਤੀਬਰ ਹੁੰਦਾ ਹੈ ਕਿਉਂਕਿ ਇਕ ਘੜੀ ਦਾ ਕਰੁਣਕ ਦੁਖ ਦਿਲ ਤੇ ਅਮਿਟ ਛਾਪ ਛੱਡ ਦਿੰਦਾ ਹੈ।

ਗੁਰੂ ਅਰਜਨ ਦੇਵ ਜੀ ਨੇ ਸੰਸਾਰਕ ਦੁਖਾਂ ਦੀ ਨਿਰਾਰਥਕਤਾ ਅਤੇ ਨਾਸ਼ਮਾਨਤਾ ਨੂੰ ਆਪਣੀ ਰਚਨਾ ਵਿਚ ਥਾਂ ਥਾਂ ਬਿਆਨ ਕੀਤਾ ਹੈ। ਦੁਨਿਆਵੀ ਦੁਖਾਂ ਵਿਚ ਫਸੇ ਜੀਵਾਂ ਪ੍ਰਤਿ ਗੁਰੂ ਜੀ ਨੇ ਕਰੁਣਾ ਭਰਪੂਰ ਸੰਕੇਤ ਕੀਤੇ ਹਨ। ਜਗ ਵਿਚ ਵਰਤ ਰਹੇ ਦੁਖ, ਕਲੇਸ਼ ਪ੍ਰਤਿ ਅਤਿ ਸੋਗਮਈ ਲਹਿਜੇ ਵਿਚ ਪ੍ਰਾਰਥਨਾ ਕੀਤੀ ਹੈ:

ਹੇ ਪ੍ਰਾਣ ਨਾਥ ਗੋਬਿੰਦਹ ਕ੍ਰਿਪਾ ਨਿਧਾਨ ਜਗਦ ਗੁਰੋ।
ਹੇ ਸੰਸਾਰ ਤਾਪ ਹਰਣਹੁ ਕਰੁਣਾ ਮੈ ਸਭ ਦੁਖ ਹਰੋ।
ਹੇ ਸਰਣਿ ਜੋਗ ਦਯਾਲਹ ਦੀਨਾ ਨਾਥ ਮਯਾ ਕਰੋ।
ਸਰੀਰ ਸ੍ਵਸਥ ਖੀਣ ਸਮਏ ਸਿਮਰੰਤਿ ਨਾਨਕ ਰਾਮ ਦਾਮੋਦਰ ਮਾਧਵਹ।[2]

(ਸਲੋਕ ਸਹਸਕ੍ਰਿਤੀ ਮਹੱਲਾ - 5)

ਉਪਰੋਕਤ ਕਾਵਿ-ਤੁਕਾਂ ਵਿਚ 'ਨਾਇਕਾ' ਦਾ ਪ੍ਰਭੂ ਅਗੇ ਕਰੁਣਾਮਈ ਰੁਦਨ ਹੈ ਤੇ ਬੇਨਤੀ ਕੀਤੀ ਗਈ ਹੈ ਕਿ ਸੰਸਾਰ-ਤਾਪ ਅਰਥਾਤ ਸੰਸਾਰਕ-ਦੁਖਾਂ ਦਾ ਨਾਸ਼ ਕਰੇ। ਇਸ ਵਿਚ ਦੁਖਾਂ 'ਚ ਸੜਦਾ ਸੰਸਾਰ ਆਲੰਬਨ ਹੈ। ਦੁਖਾਂ ਵਿਚ ਫਸੇ ਸੰਸਾਰਕ ਜੀਵਾਂ (ਜੋ ਇਸ ਕਵਿਤਾ ਵਿਚ ਪਰੋਖ-ਰੂਪ ਵਿਚ ਜਾਂ ਇਸ ਦੀ ਪਿੱਠ-ਭੂਮੀ ਪਿਛੇ ਹਨ) ਦੀ ਅਵਸਥਾ ਉਦੀਪਨ ਹੈ।

1. ਪ੍ਰੋ. ਪ੍ਰੇਮ ਪ੍ਰਕਾਸ਼ ਸਿੰਘ, ਭਾਰਤੀ ਕਾਵਿ ਸ਼ਾਸਤਰ, ਪੰਨਾ 179
2. ਗੁਰੂ ਗ੍ਰੰਥ ਸਾਹਿਬ, ਪੰਨਾ 1358

ਕਰੁਣਾਮਈ ਰੁਦਨ ਅਨੁਭਾਵ ਅਤੇ ਇਸ ਰੁਦਨ ਤੋਂ ਸੰਸਾਰਕ ਜੀਵਾਂ ਪ੍ਰਤਿ ਪੈਦਾ ਮੋਹ ਜੋ ਹਰਣਹ, ਦੁਖ ਹਰੇ, ਮਯਾ ਕਰੋ ਆਦਿ ਸ਼ਬਦਾਂ ਵਿਚੋਂ ਸਾਫ਼ ਝਲਕਦਾ ਹੈ, ਸੰਚਾਰੀ ਭਾਵ ਹਨ।

ਇਹ ਕਾਵਿ-ਤੁਕਾਂ ਪਰਮਾਤਮਾ ਨੂੰ ਪ੍ਰਤੱਖ ਸਾਹਮਣੇ ਜਾਣ ਕੇ ਪ੍ਰਾਰਥਨਾ-ਰੂਪ ਵਿਚ ਸੰਬੋਧਨ ਕੀਤੀਆਂ ਜਾਪਦੀਆਂ ਹਨ। "ਹੇ ਸੰਸਾਰ ਤਾਪ ਹਰਣਹ ਕਰੁਣਾ ਮੈਂ ਸਭ ਦੁਖ ਹਰੇ" ਪੰਕਤੀ ਵਿਚ ਕਰੁਣਾ ਦਾ ਸਮੁੰਦਰ ਠਾਠਾਂ ਮਾਰਦਾ ਨਜ਼ਰ ਆਉਂਦਾ ਹੈ। ਇਸ ਪੰਕਤੀ ਵਿਚ ਸਰੋਦੀ ਹੂਕ ਹੈ ਜਿਸ ਦਾ ਮਨ ਤੇ ਸਿਧਾ ਅਸਰ ਪੈਂਦਾ ਹੈ। ਇਸ ਤਰ੍ਹਾਂ ਕਰੁਣਾ ਦਾ ਸਬੰਧ ਮਨ ਨਾਲ ਹੈ ਜੋ ਕਰੁਣਾ-ਭਾਵ ਵਿਚ ਪੰਘਰ ਉਠਦਾ ਹੈ ਤੜਪ ਉਠਦਾ ਹੈ। ਇਹ ਰਸ ਮਨੁੱਖੀ ਮਨ ਨੂੰ ਸ਼ੋਕ ਨਾਲ ਭਰ ਦੇਂਦਾ ਹੈ।

ਰੱਤੀ-ਵਿਯੋਗ ਸ਼ਿੰਗਾਰ ਵਿਚ ਵੀ ਮਨ ਵਿਚ ਸ਼ੋਕ ਉਪਜਦਾ ਹੈ। ਗੁਰੂ-ਬਾਣੀ ਵਿਚ ਰੱਤੀ-ਸ਼ੋਕ ਤੇ ਕਰੁਣਾ-ਸ਼ੋਕ ਦੋਹਾਂ ਹਾਲਤਾਂ ਵਿਚ ਪਰਮਾਤਮਾ ਤੇ ਪੂਰਾ ਪੂਰਾ ਨਿਸ਼ਚਾ, ਰੱਤੀ-ਸ਼ੋਕ ਵਿਚ ਮੇਲ ਦਾ ਨਿਸ਼ਚਾ, ਤੇ ਕਰੁਣਾ-ਸ਼ੋਕ ਵਿਚ ਸੰਸਾਰਕ-ਦੁਖ ਹਰਨ ਦਾ ਨਿਸ਼ਚਾ ਬਣਿਆ ਰਹਿੰਦਾ ਹੈ।

ਹਮਦਰਦੀ ਮਨੁੱਖੀ ਮਨ ਦਾ ਕੋਮਲ-ਭਾਵ ਹੈ। "ਹੇ ਸਰਣਿ ਜੋਗ ਦਯਾਲਹ ਦੀਨਾ ਨਾਥ ਮਯਾ ਕਰੋ" ਤੁਕ ਵਿਚ ਹਮਦਰਦੀ ਦਾ ਅੰਸ਼, ਸਹਾਨੁਭੂਤੀ , ਦਯਾ ਆਦਿ ਭਾਵਾਂ ਦਾ ਸੰਚਾਰ ਮਨ ਵਿਚ ਸਰੋਦਕ-ਅਨੰਦ ਪੈਦਾ ਕਰਦਾ ਹੈ। ਕਰੁਣਾ ਵਿਚ ਮਨ ਨੂੰ ਪ੍ਰਭਾਵ ਕਰਨ ਦੀ ਸ਼ਕਤੀ ਹੈ।

ਪ੍ਰਾਣ ਨਾਥ, ਕ੍ਰਿਪਾ ਨਿਧਾਨ, ਜਗਦ ਗੁਰੋ, ਦੀਨਾ ਨਾਥ, ਮਯਾ ਕਰੋ ਆਦਿ ਸ਼ਬਦਾਂ ਦੇ ਸਰੋਦੀ-ਅਲਾਪ ਵਿਚ ਇਕ ਅਸੀਮੀ ਵਿਸਮਾਦ ਹੈ। ਇਹ ਸ਼ਬਦ ਕਾਵਿ-ਸ੍ਰੋਤਾ ਦੀ ਬਿਰਤੀ ਨੂੰ ਇਕਾਗਰ ਕਰਕੇ ਸ਼ੋਕਮਈ ਅਵਸਥਾ ਵਿਚ ਪ੍ਰਭੂ ਅਗੇ ਪ੍ਰਾਰਥਨਾ-ਰੂਪ ਵਿਚ ਲੀਨ ਕਰ ਦਿੰਦੇ ਹਨ।

"ਅੰਗਰੇਜ਼ ਕਵੀ ਸ਼ੈਲੇ ਨੇ ਕਰੁਣਾ-ਭਰਪੂਰ ਬਾਣੀ ਨੂੰ ਹੀ ਮਧੁਰ ਗੀਤ ਦਾ ਨਾਂ ਦਿੱਤਾ ਹੈ।"[1] ਉਪਰੋਕਤ ਕਾਵਿ-ਤੁਕਾਂ ਵਿਚ ਕਰੁਣਾ-ਭਰਪੂਰ ਸਰੋਦੀ ਅਲਾਪ ਹੈ। ਜਗਦ ਗੁਰੋ, ਦੁਖ ਹਰੇ, ਮਯਾ ਕਰੋ, ਆਦਿ ਤੁਕਾਂਤਕ ਸ਼ਬਦ ਸੰਗੀਤਕ ਅੰਸ਼ ਪੈਦਾ ਕਰਕੇ ਅਰਥ ਲੋਚ ਪੈਦਾ ਕਰਕੇ

1. ਪ੍ਰੇਮ ਪ੍ਰਕਾਸ਼ ਸਿੰਘ, ਭਾਰਤੀ ਕਾਵਿ ਸ਼ਾਸਤਰ, ਪੰਨਾ 180

ਕਰੁਣਾ-ਭਰਪੂਰ ਸਰੋਦੀ ਅਲਾਪ ਅਲਾਪਦੇ ਨਜ਼ਰ ਆਉਂਦੇ ਹਨ।

ਪੂਰਨ-ਨਾਥ, ਜਗਤ-ਗੁਰੂ, ਸੰਸਾਰ ਤਾਪ ਆਦਿ ਸ਼ਬਦ ਵਿਸ਼ਾਲ-ਅਰਥਾਂ ਨੂੰ ਸੰਖੇਪਣ ਵਲ ਰੁਚਿਤ ਹਨ। ਇਹਨਾਂ ਸੰਖੇਪ ਸ਼ਬਦਾਂ ਦਾ ਅਰਥ-ਖੇਤਰ ਬਹੁਤ ਵਿਸ਼ਾਲ ਹੈ। ਇਹ ਸ਼ਬਦ ਸਾਰੇ ਸੰਸਾਰ ਨੂੰ, ਸਾਰੀ ਪ੍ਰਕ੍ਰਿਤੀ ਨੂੰ ਆਪਣੀ ਪਿਆਰ ਗਲਵਕੜੀ ਵਿਚ ਸਮੇਟ ਲੈਂਦੇ ਹਨ।

ਇਸ ਤਰ੍ਹਾਂ ਉਪਰੋਕਤ ਕਾਵਿ-ਟੁਕਾਂ ਵਿਚ ਸ਼ੋਕ-ਭਾਵ ਦੁਆਰਾ ਕਰੁਣਾ-ਰਸ ਵਿਚ ਅਨੰਦ, ਚਿੱਤ ਦੀ ਸ਼ਾਂਤੀ ਤੇ ਇਕਾਗਰਤਾ, ਸੰਗੀਤਕਤਾ, ਆਦਿ ਕਾਵਿ-ਗੁਣਾਂ ਵਿਚੋਂ ਉਭਰ ਕੇ ਸਰੋਦਕਤਾ-ਭਰਪੂਰ ਵਾਤਾਵਰਣ ਪੈਦਾ ਕਰਦੇ ਹਨ। ਗੁਰਬਾਣੀ ਵਿਚ ਅਜਿਹੇ ਸ਼ੁਭ ਵਾਲੇ ਰਸ ਨੂੰ ਸ਼ੋਕ-ਭਾਵ ਦਾ ਨਾਂ ਦੇਣਾ ਠੀਕ ਨਹੀਂ। ਕਿਉਂਕਿ ਗੁਰਬਾਣੀ ਵਿਚ ਇਸ ਭਾਵ ਵਿਚੋਂ ਭਗਤੀ ਭਾਵਨਾ ਉਭਰਦੀ ਹੈ। ਇਸ ਤਰ੍ਹਾਂ ਜੇ ਕੋਈ ਦੁਖ ਹੈ ਤਾਂ ਵਿਛੋੜੇ ਦਾ ਦੁੱਖ ਹੈ, ਸੰਸਾਰਕ ਮਾਇਆ ਜਾਲ ਵਿਚ ਫਸੇ ਜੀਵ ਦੇ ਸੰਕਟ ਦੇ ਹਰਣ ਨਾ ਹੋ ਸਕਣ ਜਾਂ ਇਸ ਬਾਰੇ ਨਾ ਯਤਨਸ਼ੀਲ ਹੋ ਸਕਣ ਦਾ ਦੁੱਖ ਹੈ।

4. <u>ਕ੍ਰੋਧ ਭਾਵ:</u> ਇਹ ਸਥਾਈ ਭਾਵ ਹੈ ਜਿਸ ਤੋਂ ਰੌਦ੍ਰ-ਰਸ ਪੈਦਾ ਹੁੰਦਾ ਹੈ। ਪ੍ਰੇਮ ਪ੍ਰਕਾਸ਼ ਸਿੰਘ ਦੇ ਸ਼ਬਦਾਂ ਅਨੁਸਾਰ, "ਜਿਥੇ ਵਿਰੋਧੀਆਂ ਦੀ ਛੇੜਖਾਨੀ, ਧੋਖਾਧੜੀ, ਅਪਮਾਨ, ਵਡੇਰਿਆਂ ਦੀ ਨਿੰਦਾ, ਦੇਸ਼ ਤੇ ਧਰਮ ਦੇ ਅਪਮਾਨ ਕਰਕੇ ਬਦਲੇ ਦੀ ਭਾਵਨਾ ਜਾਗਰਿਤ ਹੁੰਦੀ ਹੈ ਉਥੇ ਰੌਦ੍ਰ ਰਸ ਹੁੰਦਾ ਹੈ।"[1]

ਦੁਸ਼ਮਣਾਂ ਲਈ ਮਨ ਵਿਚ ਜਿਹੜੀ ਬਦਲੇ ਦੀ ਭਾਵਨਾ ਹੁੰਦੀ ਹੈ, ਉਹ ਕ੍ਰੋਧ ਹੁੰਦਾ ਹੈ। ਇਸ ਦਾ ਆਲੰਬਨ ਦੁਸ਼ਮਣ ਹੈ। ਦੁਸ਼ਮਣ ਦੀਆਂ ਚੇਸ਼ਟਾਵਾਂ ਉਦੀਪਨ ਵਿਭਾਵ ਹਨ। ਚੰਘਾਰ, ਹਥਿਆਰਾਂ ਨੂੰ ਉਲਾਰਨਾ, ਮੁਕਾ ਵਿਖਾਉਣਾ, ਦੰਦ ਪੀਹਣਾਂ, ਗਾਲੀਆਂ ਦੇਣਾ ਆਦਿ ਸੰਚਾਰੀ ਭਾਵ ਹਨ।

ਕ੍ਰੋਧ ਭਾਵ ਤੇ ਵੀਰ ਭਾਵ ਵਿਚ ਥੋੜ੍ਹਾ ਫਰਕ ਹੈ। ਕ੍ਰੋਧ ਭਾਵ ਵਿਚ ਜੋਸ਼ ਤੇ ਰੋਸ਼ ਕਾਬੂ ਤੋਂ ਬਾਹਰ ਹੋ ਜਾਂਦਾ ਹੈ। ਪਰੰਤੂ ਵੀਰ ਰਸ ਵਿਚ ਜੋਸ਼ ਤੇ ਰੋਸ਼ ਪੂਰੀ ਤਰ੍ਹਾਂ ਸੂਝ-ਬੂਝ ਨਾਲ ਵਿਖਾਇਆ ਜਾਂਦਾ ਹੈ।

1. ਪ੍ਰੇਮ ਪ੍ਰਕਾਸ਼ ਸਿੰਘ, <u>ਭਾਰਤੀ ਕਾਵਿ ਸ਼ਾਸਤਰ</u> (1976), ਪੰਨਾ 185

ਗੁਰੂ ਬਾਣੀ ਵਿਚ ਥਾਂ ਥਾਂ ਕਾਮ, ਕ੍ਰੋਧ, ਲੋਭ, ਮੋਹ ਤੇ ਹੰਕਾਰ ਆਦਿ ਨੂੰ ਤਿਆਗਣ ਦਾ ਉਪਦੇਸ਼ ਹੈ। ਗੁਰੂ ਅਰਜਨ ਦੇਵ ਉਂਜ ਵੀ ਸ਼ਾਂਤੀ ਦੇ ਪੁੰਜ ਮੰਨੇ ਜਾਂਦੇ ਹਨ। ਉਹਨਾਂ ਦੀ ਬਾਣੀ ਕ੍ਰੋਧ-ਭਾਵ ਤੋਂ ਲਗਭਗ ਮੁਕਤ ਹੈ। ਪਰੰਤੂ ਕਿਤੇ ਕਿਤੇ ਹਲਕੇ ਪ੍ਰਕਾਰ ਦੇ ਸੂਖਮਾਤਮਕ ਕ੍ਰੋਧ-ਭਾਵ ਦੀ ਅਭਿਵਿਅਕਤੀ ਹੋਈ ਹੈ। ਸੁਲਹੀ ਖਾਂ ਦੀ ਮੌਤ ਉਪਰੰਤ ਗੁਰੂ ਜੀ ਨੇ ਆਪਣੇ ਹਲਕੇ ਜਿਹੇ ਗੁੱਸੇ ਨੂੰ ਇਉਂ ਅਭਿਵਿਅਕਤ ਕੀਤਾ ਹੈ:

ਗਰੀਬਾਂ ਉਪਰ ਜਿ ਖਿੰਜੈ ਦਾੜੀ। ਪਾਰਬ੍ਰਹਮ ਸਾ ਅਗਨਿ ਮਹਿ ਸਾੜੀ।
ਪੂਰਾ ਨਿਆਉ ਕਰੇ ਕਰਤਾਰੁ। ਅਪੁਨੇ ਦਾਸ ਕਉ ਰਾਖਨਹਾਰੁ।ਰਹਾਉ।
ਆਦਿ ਜੁਗਾਦਿ ਪ੍ਰਗਟ ਪਰਤਾਪੁ। ਨਿੰਦਕ ਮੂਆ ਉਪਜਿ ਵਡ ਤਾਪ।
ਤਿਨਿ ਮਾਰਿਆ ਜਿ ਰਖੈ ਨ ਕੋਇ। ਆਗੈ ਪਾਛੈ ਮੰਦੀ ਸੋਇ।
ਅਪੁਨੇ ਦਾਸ ਰਾਖੈ ਕੰਠਿ ਲਾਇ। ਸਰਣਿ ਨਾਨਕ ਹਰਿ ਨਾਮੁ ਧਿਆਇ।[1]
(ਗਉੜੀ ਮਹੱਲਾ - 5)

ਉਪਰੋਕਤ ਕਾਵਿ-ਟੁਕਾਂ ਵਿਚ 'ਕਾਵਿਮੀ' ਨੇ ਆਪਣੀ ਆਤਮਾਨੁਭੂਤੀ ਨੂੰ ਸਵੈ-ਸੰਬੋਧਨ ਰਾਹੀਂ ਪ੍ਰਗਟਾਇਆ ਹੈ ਜਿਸ ਨੂੰ ਸਰੋਤਾਜਨ ਪਰੋਖ ਵਿਚ ਸੁਣਦਾ ਹੈ।

ਨਿੰਦਕ ਤੇ ਦਾੜੀ ਖਿੰਜਣ ਵਾਲਾ ਵਿਅਕਤੀ ਇਸ ਦਾ ਆਲੰਬਨ ਹੈ। ਦਾੜੀ ਦਾ ਖਿੰਜਣਾ ਉਦੀਪਨ ਹੈ। ਨਿੰਦਕ ਦਾ ਵੱਡੇ ਤਾਪ ਨਾਲ ਮਰਨਾ ਅਨੁਭਾਵ ਹਨ।

ਉਪਰੋਕਤ ਕਾਵਿ-ਟੁਕਾਂ ਵਿਚ ਇਕ ਵਿਲੱਖਣਤਾ ਹੈ। ਇਹਨਾਂ ਦੇ ਪੜ੍ਹਨ/ਸੁਣਨ ਨਾਲ ਮਨ ਵਿਚ ਪੂਰਾ ਕ੍ਰੋਧ ਨਹੀਂ ਉਪਜਦਾ। ਖਿੰਜੈ ਦਾੜੀ, ਅਗਨ ਮਹਿ ਸਾੜੀ, ਨਿੰਦਕ ਮੂਆ, ਵੱਡ-ਤਾਪ ਆਦਿ ਸਹਿ-ਸਬੰਧੀ ਸ਼ਬਦ ਹਲਕੇ ਕ੍ਰੋਧ-ਭਾਵ ਦਾ ਸੰਚਾਰ ਕਰਦੇ ਹਨ ਪਰੰਤੂ ਇਹ ਕ੍ਰੋਧ-ਭਾਵ ਵੀ ਸਥਾਈ ਰੂਪ ਵਿਚ ਨਹੀਂ ਰਹਿੰਦਾ। ਪੂਰਾ ਨਿਆਉ, ਕਰਤਾਰ, ਰਾਖਨਹਾਰ, ਤਿਨਿ ਮਾਰਿਆ, ਰਖੈ ਨਾ ਕੋਇ, ਕੰਠ ਲਾਇ ਆਦਿ ਸ਼ਬਦ ਇਸ ਹਲਕੇ ਪ੍ਰਕਾਰ ਦੇ ਕ੍ਰੋਧ ਭਾਵ ਨੂੰ ਸ਼ਾਂਤ ਭਾਵ ਵਿਚ ਬਦਲਨ ਲਈ ਸਹਾਈ ਹੁੰਦੇ ਹਨ। ਇਸ ਤਰ੍ਹਾਂ ਭਾਵ-ਇਕਾਗਰਤਾ ਬਣੀ ਰਹਿੰਦੀ ਹੈ। ਗੁਰੂ ਜੀ ਦਾ ਭਾਵ ਇਹ ਹੈ ਕਿ ਜੋ ਗਰੀਬਾਂ ਤੇ ਜ਼ੁਲਮ ਢਾਹੁੰਦਾ ਹੈ ਉਸ ਨੂੰ ਪਰਮਾਤਮਾ ਖੁਦ ਹੀ ਦੰਡ ਦਿੰਦਾ ਹੈ। ਪਰੰਤੂ ਆਪਣੇ ਭਗਤ ਜਾਂ ਦਾਸ ਨੂੰ ਹਮੇਸ਼ਾਂ ਗਲੇ ਨਾਲ

1. ਗੁਰੂ ਗ੍ਰੰਥ ਸਾਹਿਬ, ਪੰਨਾ 199

ਨਾ ਰੱਖਦਾ ਹੈ। ਇਸ ਭਾਵ ਨੂੰ ਖਿਨਿ ਦਾਤੀ- ਅਗਨਿ ਮਹਿ ਸਾਜੀ, ਕਰਤਾਰ - ਰਾਖਨਹਾਰ, ਪ੍ਰਗਟ ਪਰਤਾਪ - ਵਡੇ ਤਾਪ, ਕੰਠਿ ਲਾਇ - ਨਾਮ ਧਿਆਇ ਆਦਿ ਸ਼ਬਦ ਜਿਥੇ ਇਕਾਗਰਤਾਕਾਰੀ ਪ੍ਰਵਿਰਤੀ ਵਿਚ ਪੇਸ਼ ਕਰਦੇ ਹਨ ਉਥੇ ਇਹਨਾਂ ਵਿਚ ਸੰਗੀਤਕ ਅੰਸ਼ ਵੀ ਵਿਦਮਾਨ ਹੈ ਤੇ ਇਹ ਸ਼ਬਦ ਅਰਥ ਨੇਮ ਪੈਦਾ ਕਰਕੇ ਸ੍ਰੋਤਾ ਮਨ ਵਿਚ ਕ੍ਰੋਧ-ਭਾਵ ਨੂੰ ਖਤਮ ਕਰਕੇ ਸ਼ਾਂਤ-ਭਾਵ ਉਪਜਾਉਂਦੇ ਹਨ। ਗੁਰੂ-ਬਾਣੀ ਵਿਚਲੇ ਅਜਿਹੇ ਸ਼ੁਭਾ ਵਾਲੇ ਰਸ ਕਾਰਨ ਸਰੀਰਕ ਅੰਗ ਵੀ ਸ਼ਾਂਤ ਰਹਿੰਦੇ ਹਨ। ਦੁਨਿਆਵੀ ਕ੍ਰੋਧ-ਭਾਵ ਦੀ ਤਰ੍ਹਾਂ ਇਸ ਵਿਚ ਸਰੀਰਕ ਅੰਗ (ਜਿਵੇਂ ਮੁਕਾ ਦਿਖਾਉਣਾ, ਗਾਲੀਆਂ ਦੇਣਾ ਆਦਿ) ਹਰਕਤ ਵਿਚ ਨਹੀਂ ਆਉਂਦੇ।

ਇਸ ਤਰ੍ਹਾਂ ਉਪਰੋਕਤ ਕਾਵਿ-ਤੁਕਾਂ ਦੇ ਸਮੂੰਹ ਵਿਚੋਂ, ਕਾਵਿ-ਮੈਂ ਰਾਹੀਂ ਭਾਵ-ਇਕਾਗਰਤਾ, ਸੰਗੀਤਕਤਾ, ਸੰਖੇਪਤਾ, ਸੋਹਜਾਤਮਕਤਾ ਆਦਿ ਗੁਣ ਉਤਪੰਨ ਹੋ ਕੇ ਗੁਰੂ ਜੀ ਦੀ ਭਾਵ-ਕਲਪਨਾ ਨੂੰ ਸਾਕਾਰ ਕਰਕੇ ਕਵਿਤਾ ਦੇ ਸਰੋਦੀ ਗੁਣ ਨੂੰ ਉਜਾਗਰ ਕਰਦੇ ਹਨ।

5. <u>ਹੈਰਾਨੀ ਭਾਵ</u>: ਇਹ ਸਥਾਈ ਭਾਵ ਅਦਭੁਤ ਰਸ ਦੀ ਉਤਪਤੀ ਤੋਂ ਜਾਗਰੂਪ ਹੁੰਦਾ ਹੈ। ਵਿਚਿਤ੍ਰ, ਅਨੋਖੀ ਅਤੇ ਹੈਰਾਨੀਜਨਕ ਵਸਤੂਆਂ ਦੇ ਬਾਰੇ ਸੁਣਨ ਜਾਂ ਵੇਖਣ ਤੋਂ ਜਦੋਂ ਅਸਚਰਜ ਭਾਵ ਦੀ ਪ੍ਰਸੂਤੀ ਹੁੰਦੀ ਹੈ ਤਾਂ ਅਦਭੁਤ ਰਸ ਦਾ ਅਨੰਦ ਮਹਿਸੂਸ ਹੁੰਦਾ ਹੈ। ਅਭਿਨਵ ਗੁਪਤ ਅਨੁਸਾਰ "ਅਦਭੁਤ ਦਾ ਮੂਲ ਭਾਵ ਵਿਸਮੈ (ਵਿਸਮਯ) ਹੈ ਜਿਸ ਦੀ ਉਪਜ ਅਲੌਕਿਕ ਘਟਨਾਵਾਂ ਦੇ ਕਾਰਣ ਹੁੰਦੀ ਹੈ।"[1]

ਹੈਰਾਨੀਜਨਕ ਚੀਜ਼ਾਂ ਜਾਂ ਅਜੀਬ ਕੰਮ ਕਰਨ ਵਾਲਾ ਆਦਮੀ ਇਸ ਦਾ ਆਲੰਬਨ ਹੈ। ਉਸ ਦੇ ਗੁਣਾਂ ਦੀ ਮਹਿਮਾ ਉਦੀਪਨ ਵਿਭਾਵ ਹਨ। ਅੱਖਾਂ ਪਾੜ ਪਾੜ ਵੇਖਣਾ, ਘਬਰਾਹਟ ਜਾਂ ਹੈਬਤੇ ਖੜ੍ਹੇ ਹੋਣਾ ਆਦਿ ਅਨੁਭਾਵ ਹਨ। ਸ਼ੰਕਾ, ਪ੍ਰਸੰਨਤਾ, ਆਵੇਗ, ਉਤਸੁਕਤਾ ਤੇ ਚੰਚਲਤਾ ਆਦਿ ਇਸ ਦੇ ਸੰਚਾਰੀ ਭਾਵ ਹਨ।

ਗੁਰੂ ਬਾਣੀ ਵਿਚ ਪਰਮਾਤਮਾ ਦੀ ਅਦਭੁਤ ਲੀਲਾ ਆਲੰਬਨ ਹੈ। ਪਰਮਾਤਮਾ ਦੀ ਮਹਿਮਾ ਦਾ ਗਾਇਨ ਉਦੀਪਨ ਹੈ। ਉਸਦੀ ਮਹਿਮਾ ਸੁਣ ਕੇ ਮਨ ਵਿਚ ਹੈਰਾਨੀ, ਅੱਖਾਂ ਦਾ ਕੁਝ ਪਲਾਂ ਲਈ ਨਾ ਝਮਕਣਾ ਆਦਿ ਅਨੁਭਾਵ ਹਨ। ਮਹਿਮਾ ਸੁਣਨ ਨਾਲ ਮਨ ਵਿਚ ਜੋ ਪ੍ਰਸੰਨਤਾ, ਉਤਸੁਕਤਾ, ਸ਼ਰਧਾ ਆਦਿ ਪੈਦਾ ਹੁੰਦੇ ਹਨ ਉਹ ਸੰਚਾਰੀ ਭਾਵ ਹਨ।

1. ਪ੍ਰੋ: ਪ੍ਰੇਮ ਪ੍ਰਕਾਸ਼ ਸਿੰਘ, <u>ਭਾਰਤੀ ਕਾਵਿ ਸ਼ਾਸਤਰ</u>, ਪੰਨਾ 193

ਗੁਰੂ ਅਰਜਨ ਬਾਣੀ ਵਿਚ ਜਦੋਂ ਪ੍ਰਭੂ ਦੀ ਸਰਬ-ਵਿਆਪਕਤਾ ਜਾਂ ਪ੍ਰਭੂ ਦੇ ਕੌਤਕਾਂ ਨੂੰ ਬਿਆਨਿਆ ਜਾਂਦਾ ਹੈ ਜਾਂ ਅਲੋਕੀਆਂ ਗੱਲਾਂ ਨੂੰ ਪ੍ਰਭੂ-ਕ੍ਰਿਪਾ ਨਾਲ ਹੋਣੀ ਬਣਾ ਕੇ ਪੇਸ਼ ਕੀਤਾ ਜਾਂਦਾ ਹੈ ਤਾਂ ਮਨ ਵਿਚ ਵਿਸਮਾਦ ਪੈਦਾ ਹੁੰਦਾ ਹੈ। ਹੈਰਾਨੀ ਵਿਚ ਮਨ ਨੂੰ ਥਿਰ ਕੇ ਰੌਚਕਤਾ ਪੈਦਾ ਹੁੰਦੀ ਹੈ ਤਾਂ ਅਦਭੁਤ ਰਸ ਪੈਦਾ ਹੁੰਦਾ ਹੈ।

ਗੁਰੂ ਅਰਜਨ ਦੇਵ ਜੀ ਨੇ ਵਿਸਮਾਦ ਰਾਹੀਂ ਹੈਰਾਨੀ ਭਾਵ ਦੁਆਰਾ ਪਰਮਾਤਮਾ ਦੀ ਬੇਅੰਤਤਾ ਨੂੰ ਦਰਸਾ ਕੇ ਮਨੁੱਖ ਨੂੰ ਪ੍ਰਭੂ ਦੇ ਕੌਤਕ ਦਸ ਕੇ ਪ੍ਰਭੂ ਨਾਮ ਵਲ ਪ੍ਰੇਰਿਆ ਹੈ ਤੇ ਮਨੁੱਖ ਦੀ ਅੰਤਿਮ ਲੋਕ-ਮੁਕਤੀ ਵਲ ਰੁਚਿਤ ਕੀਤਾ ਹੈ:

ਗਊ ਕਉ ਚਾਰੇ ਸਾਰਦੂਲੁ ਕਉਡੀ ਕਾ ਲਖ ਹੂਆ ਮੂਲੁ।
ਬਕਰੀ ਕਉ ਹਸਤੀ ਪ੍ਰਤਿਪਾਲੇ। ਅਪਨਾ ਪ੍ਰਭੁ ਨਦਰਿ ਨਿਹਾਲੇ।
ਕ੍ਰਿਪਾ ਨਿਧਾਨ ਪ੍ਰੀਤਮ ਪ੍ਰਭ ਮੇਰੇ ਬਰਨ ਨਾ ਸਾਕਉ ਬਹੁ ਗੁਣ ਤੇਰੇ। ਰਹਾਉ।
ਦੀਸਤ ਮਾਸ ਨ ਖਾਇ ਬਿਲਾਈ। ਮਹਾ ਕਸਾਬਿ ਛੁਰੀ ਸਟਿ ਪਾਈ।
ਕਰਣਹਾਰ ਪ੍ਰਭੁ ਹਿਰਦੈ ਵੂਠਾ। ਫਾਥੀ ਮਛੁਲੀ ਕਾ ਜਾਲਾ ਤੂਟਾ।
ਸੂਕੇ ਕਾਸਟ ਹਰੇ ਚਲੂਲ। ਊਚੈ ਥਲਿ ਫੂਲੇ ਕਮਲ ਅਨੂਪ।
ਅਗਨਿ ਨਿਵਾਰੀ ਸਤਿਗੁਰੁ ਦੇਵ ਸੇਵਕੁ ਅਪਨੀ ਲਾਇਓ ਸੇਵ।[1]

(ਰਾਮਕਲੀ ਮਹੱਲਾ - 5)

ਉਪਰੋਕਤ ਕਾਵਿ-ਪਦ ਵਿਚ ਸ੍ਰੋਤਾ ਪਰੋਖ ਰੂਪ ਵਿਚ ਕਾਵਿਮਈ ਰਾਹੀਂ ਪਰਮਾਤਮਾ (ਆਲੰਬਨ) ਦੀ ਅਲੌਕਿਕਤਾ ਦੇ ਗੁਣ ਜੋ ਹੈਰਾਨਕੁਨ ਹਨ, ਸੁਣ ਰਿਹਾ ਹੈ।

ਗੁਰੂ ਜੀ ਦੀ ਕਲਪਨਾ ਵਿਚੋਂ ਉਪਰੋਕਤ ਕਾਵਿ ਵਿਚਲੇ ਸ਼ਬਦ ਸੁਣਦੇ ਹਨ ਤਾਂ ਇੰਜ ਲਗਦਾ ਹੈ ਕਿ ਕਾਲੇ ਕਾਂ 'ਅੰਮ੍ਰਿਤ ਸਰੋਵਰ' ਵਿਚੋਂ ਨ੍ਹਾ ਨ੍ਹਾ ਕੇ ਹੰਸ ਬਣਕੇ ਨਿਕਲੇ ਆ ਰਹੇ ਹਨ। ਗਊ ਅਤੇ ਸ਼ੇਰ ਦਾ ਇਕ ਥਾਂ ਚਰਨਾ, ਕਉਡੀ ਦਾ ਲੱਖ ਮੁਲ ਪੈਣਾ, ਬਕਰੀ ਦੀ ਰਖਵਾਲੀ ਹਾਥੀ ਨੇ ਕਰਨੀ, ਬਿਲੀ ਦਾ ਸਾਹਮਣੇ ਪਿਆ ਮਾਸ ਨਾ ਖਾਣਾ, ਪ੍ਰਮਾਤਮਾ ਦੀ ਕ੍ਰਿਪਾ ਦ੍ਰਿਸ਼ਟੀ ਨਾਲ ਮਛਲੀ ਦਾ ਜਾਲ ਟੁੱਟਣਾ, ਸੁਕੇ ਰੁਖਾਂ ਦਾ ਹਰੇ ਹੋਣਾ, ਉਚੇ ਥਾਂ ਕਮਲ ਫੁਲ ਉਗਣਾ

1. ਗੁਰੂ ਗ੍ਰੰਥ ਸਾਹਿਬ, ਪੰਨਾ 898

ਆਦਿ ਉਦੀਪਨ ਵਿਭਾਵ ਹਨ। ਇਹਨਾਂ ਵਿਚਿਤਰ ਵਸਤੂਆਂ ਦਾ ਜ਼ਿਕਰ, ਅਲੋਕਾਰ ਕਾਰਜਾਂ ਤੇ ਘਟਨਾਵਾਂ ਤੋਂ ਹੈਰਾਨ ਹੋ ਕੇ ਜਦੋਂ ਅਸੀਂ ਅੱਖਾਂ ਝਪਕਦੇ ਹਾਂ ਤਾਂ ਗੁਰੂ ਜੀ ਦੀ ਕਾਲਪਨਿਕਤਾ ਦਾ ਜਾਦੂ ਸਾਡੇ ਉਤੇ ਧੂੜਿਆ ਜਾਂਦਾ ਹੈ। ਗੁਰੂ ਜੀ ਭੌਤਿਕ ਵਸਤੂਆਂ ਨੂੰ ਆਪਣੀ ਜਾਣਕਾਰੀ ਦੇ ਘੇਰੇ ਵਿਚ ਕੇਂਦ੍ਰਿਤ ਕਰਕੇ ਤੇ ਉਸਨੂੰ ਨਵੇਂ ਅਰਥਾਂ ਨਾਲ ਸਜੀਵਤਾ ਪ੍ਰਦਾਨ ਕਰਕੇ ਭਾਵ-ਇਕਾਗਰਤਾ ਨੂੰ ਖਿਖਰਨ ਨਹੀਂ ਦੇਂਦੇ।

ਗਊ-ਸਾਰਦੂਲ, ਬਕਰੀ-ਹਸਤੀ, ਕਉਡੀ-ਮੁਲ, ਨਿਹਾਲੇ, ਬਰਨ ਨ ਸਾਕਉ ਗੁਨ ਤੇਰੇ, ਬਿਲਾਈ-ਖਾਈ, ਹਿਰਦੈ ਫੂਲ-ਫੂਟਾ, ਸੂਕੇ ਕਾਸਟ ਹਰੇ ਚਲੂਲ, ਫੂਲੇ ਕਮਲ ਅਨੂਪ, ਅਗਨਿ ਨਿਵਾਰੀ, ਸੇਵਕੁ-ਸੇਵ ਆਦਿ ਸ਼ਬਦ, ਸੰਗੀਤਕ-ਧੁਨਿ, ਸੰਗੀਤਕ-ਰਸ, ਸੰਗੀਤਕ-ਲੈਅ, ਸੰਗੀਤਕ-ਤਾਲ ਤੇ ਸੰਗੀਤਕ ਅਨੁਭਵ ਆਦਿ ਨੂੰ ਪ੍ਰਸਤੁਤ ਕਰਕੇ ਹੈਰਾਨਕੁਨ ਭਾਵੁਕਤਾ ਦਾ ਸਬੰਧ ਅਧਿਆਤਮਕਤਾ ਨਾਲ ਸਥਾਪਤ ਕਰਕੇ ਪਾਠਕ/ਸ੍ਰੋਤਾ ਮਨ ਵਿਚ ਸ਼ਾਂਤ ਰਸ ਲੈਆਉਂਦੇ ਹਨ।

ਇਸ ਤਰ੍ਹਾਂ ਗੁਰੂ ਅਰਜਨ ਦੇਵ ਜੀ ਦੀ ਕਾਲਪਨਿਕਤਾ ਵਿਚੋਂ ਕਲਾਤਮਕਤਾ ਸੰਘਣੀ ਜਾਂ ਸੂਖਮੀ ਜਾਮਾ ਪਾ ਕੇ ਵਿਸਮਾਦ ਪੈਦਾ ਕਰਦੀ ਹੈ। ਜਿਸ ਵਿਚੋਂ ਸੰਗੀਤਕਤਾ ਪੈਦਾ ਹੁੰਦੀ ਹੈ। ਸੰਗੀਤਕਤਾ ਵਿਚੋਂ ਰਸਾਤਮਕਤਾ, ਕਾਲਪਨਿਕਤਾ ਵਿਚੋਂ ਭਾਵ-ਇਕਾਗਰਤਾ ਤੇ ਇਸ ਸਾਰੇ ਸਮੁੱਚ ਵਿਚੋਂ ਸਰੋਦਕਤਾ ਪੈਦਾ ਹੁੰਦੀ ਹੈ।

6. ਘ੍ਰਿਣਾ-ਭਾਵ: ਬੀਭਤਸ ਰਸ ਦਾ ਸਥਾਈ ਭਾਵ ਜੁਗੁਪਸਾ ਹੁੰਦੀ ਹੈ।[1] ਦੋਸ਼ ਵੇਖਣ ਤੋਂ ਪੈਦਾ ਹੋਈ ਹੈਰਾਨੀ ਨਾਲ ਓਤਪੋਤ ਹੀ ਜੁਗੁਪਸਾ ਹੈ।[2] ਘ੍ਰਿਣਾ ਭਾਵ ਕਿਸੇ ਅਣਚਾਹੀ ਜਾਂ ਘ੍ਰਿਣਾ-ਜੋਗ ਵਸਤੂ ਨੂੰ ਵੇਖ ਕੇ ਉਤਪੰਨ ਹੋ ਜਾਂਦਾ ਹੈ। ਕੇ.ਸੀ. ਪਾਂਡੇ ਅਨੁਸਾਰ "ਸਟੇਜ ਉਤੇ ਵਿਖਾਈਆਂ ਜਾਂ ਸੁਣਾਈਆਂ ਗਈਆਂ ਘਿਣੌਣੀਆਂ ਵਸਤੂਆਂ ਦੇ ਕਾਰਣ ਪ੍ਰਗਟ ਹੋਇਆ ਜੁਗੁਪਸਾ-ਭਾਵ ਬੀਭਤਸ ਰਸ ਵਿਚ ਪ੍ਰਗਟ ਹੁੰਦਾ ਹੈ।"[3]

ਘ੍ਰਿਣਾ ਭਾਵ ਦੇ ਆਲੰਬਨ ਗੰਦੇ ਦ੍ਰਿਸ਼, ਇਖਲਾਕੀ ਬੁਰਾਈ, ਗਲੀ ਸੜੀ ਜਾਂ ਬਦਬੂਦਾਰ ਵਸਤਾਂ ਆਦਿ ਹਨ। ਵਸਤਾਂ ਵਿਚ ਕੀੜਿਆਂ ਦਾ ਫਿਰਨਾ, ਗਿਰਝਾਂ ਦਾ ਮਾਸ ਨੋਚਣਾ ਆਦਿ ਉਦੀਪਨ ਵਿਭਾਵ ਹਨ। ਚਿੰਤਾ, ਗਲਾਨੀ, ਅੱਖਾਂ ਦਾ ਮੀਟਣਾ ਆਦਿ ਸੰਚਾਰੀ ਭਾਵ ਹਨ।

1. ਅਚਾਰੀਆ ਮੰਮਟ, ਕਾਵਿ ਪ੍ਰਕਾਸ਼, ਅਨੁਵਾਦਕ ਰਾਜਿੰਦਰ ਸਿੰਘ ਸ਼ਾਸਤ੍ਰੀ, ਪੰਨਾ 156
2. ਪ੍ਰੋ: ਪ੍ਰੇਮ ਪ੍ਰਕਾਸ਼ ਸਿੰਘ, ਭਾਰਤੀ ਕਾਵਿ ਸ਼ਾਸਤਰ, ਪੰਨਾ 191
3. ਉਹੀ

ਗੁਰੂ ਅਰਜਨ ਬਾਣੀ ਵਿਚ ਘ੍ਰਿਣਾ-ਭਾਵ ਦੀ ਲਗਪਗ ਅਣਹੋਂਦ ਹੈ। ਉਹਨਾਂ ਦੀ ਬਾਣੀ ਵਿਚ ਅਜਿਹੇ ਭਾਵ ਬਹੁਤ ਘੱਟ ਹਨ ਜਿਥੇ ਬੀਭਤਸ ਰਸ ਦੀ ਉਤਪਤੀ ਹੁੰਦੀ ਹੈ। ਗੁਰੂ ਜੀ ਨੇ ਮਨੁੱਖੀ ਮਨ ਵਿਚ ਸੰਸਾਰ ਤੋਂ ਵੈਰਾਗ ਪੈਦਾ ਕਰਨ ਲਈ ਇਸ ਭਾਵ ਨੂੰ ਸ਼ਾਂਤ-ਭਾਵ ਦੇ ਸਹਾਇਕ ਦੇ ਤੌਰ ਤੇ ਵਰਤਿਆ ਹੈ। ਜਿਥੇ ਕਿਤੇ ਮਾਇਆ 'ਚ ਗ੍ਰਸੇ ਜੀਵ ਦੀ ਦੁਰਦਸ਼ਾ ਜਾਂ ਅਜਿਹੇ ਮਨੁੱਖ ਦੀ ਤੁਲਨਾ ਕਿਸੇ ਘਿਨਾਉਣੀ ਵਸਤੂ ਨਾਲ ਕਰਦੇ ਹਨ ਤਾਂ ਇਹ ਭਾਵ ਪੈਦਾ ਹੁੰਦਾ ਹੈ ਪਰੰਤੂ ਇਸ ਦੀ ਵਿਲੱਖਣਤਾ ਇਹ ਹੈ ਕਿ ਇਹ ਆਪਣੇ ਪ੍ਰਭਾਵ ਦੁਆਰਾ ਪਾਠਕ/ਸ੍ਰੋਤਾ ਮਨ ਵਿਚ ਵੈਰਾਗ ਪੈਦਾ ਕਰਕੇ ਆਪਣਾ ਸਬੰਧ ਸ਼ਾਂਤ ਰਸ ਨਾਲ ਸਥਾਪਤ ਕਰ ਲੈਂਦਾ ਹੈ।

ਬਿਸਟਾਂ ਅਸਤ ਰਕਤ ਪਰੇਟੇ ਚਾਮ।
ਇਸ ਊਪਰ ਲੈ ਰਾਖਿਓ ਗੁਮਾਨ।[1]

(ਆਸਾ ਮਹੱਲਾ - 5 ਚਉਪਦਾ)

ਉਪਰੋਕਤ ਕਾਵਿ-ਤੁਕਾਂ ਵਿਚ ਮਨੁੱਖੀ ਸਰੀਰ ਦੀ ਤੁਲਨਾ ਚੰਮ ਵਿਚ ਲਪੇਟੇ ਫੋਲਿਆਂ ਨਾਲ ਕਰਦੇ ਹਨ। ਕਾਵਿ-ਸ੍ਰੋਤਾ ਪਰੋਖ ਰੂਪ ਵਿਚ 'ਕਾਵਿ-ਮੈਂ' ਰਾਹੀਂ ਉਪਰੋਕਤ ਭਾਵ ਗ੍ਰਹਿਣ ਕਰਦਾ ਹੈ ਤਾਂ ਉਸ ਦੇ ਮਨ ਵਿਚ ਵੈਰਾਗ ਪੈਦਾ ਹੁੰਦਾ ਹੈ ਜਿਸ ਤੋਂ ਮਨੁੱਖੀ ਮਨ ਦਾ ਘੁਮੰਡ ਟੁਟਦਾ ਹੈ। ਇਸੇ ਕਰਕੇ ਪਰੋਖ ਰੂਪ ਵਿਚ ਸ਼ਾਂਤ ਰਸ ਦੀ ਸਮੱਗਰੀ ਆ ਜਾਂਦੀ ਹੈ।

ਇਹਨਾਂ ਤੁਕਾਂ ਵਿਚ ਸਹਿ-ਸਬੰਧੀ ਸ਼ਬਦ, ਬਿਸਟਾਂ, ਅਸਤ, ਰਕਤ, ਅਤੇ ਚਾਮ ਘ੍ਰਿਣਤ-ਭਾਵ ਪੈਦਾ ਕਰਦੇ ਹਨ। ਪਰੰਤੂ ਅਗਲੀ ਤੁਕ ਵਿਚ ਇਕ ਖ਼ਾਸ ਵਿਸ਼ੇਸ਼ ਹੈ। 'ਗੁਮਾਨ' ਸ਼ਬਦ ਇਹਨਾਂ ਕਾਵਿ-ਤੁਕਾਂ ਵਿਚਲੇ ਭਾਵ ਨੂੰ ਇਕਾਗਰ-ਸੰਤੁਲਨ ਵਿਚ ਰੱਖਦਾ ਹੈ।

ਬਿਸਟਾਂ, ਪਰੇਟੇ, ਚਾਮ, ਲੈ, ਗੁਮਾਨ ਆਦਿ ਸ਼ਬਦਾਂ ਵਿਚ ਟ,ਮ,ਲ, ਤੇ ਨ ਵਰਣਾਂ ਦਾ ਉਚਾਰਨ ਸੰਗੀਤਕਤਾ ਪੈਦਾ ਕਰਦਾ ਹੈ। ਇਹ ਸ਼ਬਦ ਵਿਸ਼ਾਲ-ਅਰਥਾਂ ਨੂੰ ਸੰਖੇਪਤਾ ਵਿਚ ਵੀ ਪੇਸ਼ ਕਰ ਰਹੇ ਹਨ। ਇਸ ਤਰ੍ਹਾਂ ਭਾਵ-ਇਕਾਗਰਤਾ, ਸੰਗੀਤਕਤਾ, ਸੰਖੇਪਤਾ ਆਦਿ ਗੁਣ ਇਹਨਾਂ ਤੁਕਾਂ ਨੂੰ ਸਵੈ ਸੰਪੰਨ ਰਾਹੀਂ ਸਰੋਦੀ ਕਵਿਤਾ ਦੇ ਚੌਖਟੇ ਵਿਚ ਰੱਖ ਕੇ ਪੇਸ਼ ਕਰਦੇ ਹਨ।

1. ਗੁਰੂ ਗ੍ਰੰਥ ਸਾਹਿਬ, ਪੰਨਾ 374

7. ਉਤਸ਼ਾਹ ਭਾਵ: ਰਾਮ ਦਹਿਨ ਮਿਸ਼੍ਰ ਦੇ ਅਨੁਸਾਰ, "ਜਿਥੇ ਉਤਸ਼ਾਹ ਦਾ ਸੰਚਾਰ ਹੋਵੇ ਅਥਵਾ ਉਤਸ਼ਾਹ ਭਾਵ ਦੀ ਪ੍ਰਕ੍ਰਤੀ ਹੁੰਦੀ ਹੋਵੇ ਉਥੇ ਬੀਰ ਰਸ ਹੁੰਦਾ ਹੈ।"[1] ਅਰਥਾਤ ਉਤਸ਼ਾਹ ਭਾਵ ਤੋਂ ਬੀਰ ਰਸ ਦਾ ਸੰਚਾਰ ਹੁੰਦਾ ਹੈ। ਪ੍ਰੋ. ਪ੍ਰੇਮ ਪ੍ਰਕਾਸ਼ ਅਨੁਸਾਰ, "ਭਾਵ ਪ੍ਰਕਾਸ਼ ਵਿਚ ਲਿਖਿਆ ਹੈ ਕਿ ਕਿਸੇ ਕਾਰਜ ਨੂੰ ਸੰਪੂਰਨ ਕਰਨ ਵਾਸਤੇ ਸਾਡੇ ਮਨਾਂ ਵਿਚ ਜਿਹੜੀ ਇਕ ਖ਼ਾਸ ਕਿਸਮ ਦਾ ਹੌਸਲਾ ਭਰਪੂਰ ਕ੍ਰਿਆ ਪੈਦਾ ਹੁੰਦੀ ਹੈ ਉਹੋ ਹੀ ਉਤਸਾਹ ਹੈ।"[2]

ਆਮ ਤੌਰ ਤੇ ਜੰਗ-ਮੈਦਾਨ ਦੇ ਕਾਰਨਾਮਿਆਂ ਨੂੰ ਬੀਰ ਰਸੀ ਕਿਹਾ ਜਾਂਦਾ ਹੈ। ਪਰੰਤੂ ਇਸ ਤੋਂ ਇਲਾਵਾ ਦ੍ਰਿੜ੍ਹਤਾ ਨਾਲ ਕੀਤਾ ਕੋਈ ਵੀ ਕੰਮ, ਆਤਮ ਤਿਆਗ, ਤਸੀਹੇ ਸਹਾਰਨਾ ਆਦਿ ਵੀ ਉਤਸ਼ਾਹ ਪੂਰਨ ਭਾਵ ਹਨ ਜਿਸ ਤੋਂ ਬੀਰ ਰਸ ਦੀ ਉਤਪਤੀ ਹੁੰਦੀ ਹੈ। ਦ੍ਰਿੜ੍ਹਤਾ ਤੇ ਆਤਮ ਵਿਸ਼ਵਾਸ਼ ਦੇ ਭਾਵ ਜਿਸ ਕਵਿਤਾ ਵਿਚ ਹੋਣ ਉਸ ਨੂੰ ਬੀਰ ਰਸੀ ਕਵਿਤਾ ਕਿਹਾ ਜਾ ਸਕਦਾ ਹੈ।

ਜਿਸ ਨੂੰ ਜਿੱਤਣਾ ਹੋਵੇ ਉਹੀ ਇਸ ਦਾ ਆਲੰਬਨ ਹੁੰਦਾ ਹੈ। ਉਸ ਦੀਆਂ ਹਰਕਤਾਂ, ਹਥਿਆਰ ਆਦਿ ਉਦੀਪਨ ਵਿਭਾਵ ਹਨ। ਧੀਰਜ, ਗਰਵ, ਆਵੇਗ ਆਦਿ ਇਸ ਦੇ ਸੰਚਾਰੀ ਭਾਵ ਹਨ।

ਗੁਰੂ ਅਰਜਨ ਬਾਣੀ ਵਿਚ ਉਤਸ਼ਾਹ ਭਾਵ ਦੀ ਸਰੋਦਕਤਾ ਭਰਪੂਰ ਅਭਿਵਿਅਕਤੀ ਕਾਫ਼ੀ ਜ਼ਿਆਦਾ ਮਾਤਰਾ ਵਿਚ ਹੋਈ ਹੈ। ਇਸ ਭਾਵ ਦੀ ਅਭਿਵਿਅਕਤੀ ਗੁਰੂ ਜੀ ਦੁਆਰਾ ਰਚਿਤ ਵਾਰਾਂ ਵਿਚ ਜ਼ਿਆਦਾ ਹੋਈ ਹੈ।ਗੁਰੂ ਜੀ ਨੇ, ਸਾਧਕ, ਗੁਰਮੁਖਿ, ਗਿਆਨੀ, ਸੰਤ ਦੀ ਸੇਵਾ, ਸੰਤ ਸੰਗ ਦਾ ਜਾਚਕ, ਪਰਮਾਤਮਾ ਦੇ ਦਰਸ਼ਨਾਂ ਦੀ ਤਾਂਘ ਆਦਿ ਦੇ ਮਾਧਿਅਮ ਦੁਆਰਾ ਉਤਸ਼ਾਹ ਭਾਵ ਦੀ ਅਭਿਵਿਅਕਤੀ ਕਰਕੇ ਬੀਰ ਰਸ ਦਾ ਸੰਚਾਰ ਕੀਤਾ ਹੈ।

ਗੁਰੂ ਅਰਜਨ ਦੇਵ ਜੀ, ਕਾਮ ਕ੍ਰੋਧ ਲੋਭ ਮੋਹ ਹੰਕਾਰ ਆਦਿ ਵਿਕਾਰਾਂ ਤੇ ਜਿੱਤ ਪਾਉਣ ਲਈ, ਕਾਲਪਨਿਕਤਾ ਰਾਹੀਂ ਸੰਸਾਰਕ ਦ੍ਰਿਸ਼ਾਂ ਨੂੰ, ਵਿਅੰਜਨਾਤਮਕ ਸ਼ਬਦਾਂ ਦੁਆਰਾ ਨਵੇਂ ਰੰਗ ਰੂਪ ਬਖਸ਼ ਕੇ ਸਿਫ਼ਤਾਂ ਦਾ ਅਜਿਹਾ ਸੂਖਮ ਬਿਆਨ ਕਰਦੇ ਹਨ ਕਿ ਜਿਸ ਨਾਲ ਸਬੰਧਿਤ ਸਾਰੇ ਮਾਨਸਿਕ-ਚਿੱਤ੍ਰ ਜਾਗ ਉੱਠਦੇ ਹਨ।

1. ਮਹਿੰਦਰ ਕੌਰ ਗਿੱਲ, ਗੁਰੂ ਅਰਜਨ ਜੀਵਨ ਤੇ ਬਾਣੀ, ਪੰਨਾ 259
2. ਪ੍ਰੇਮ ਪ੍ਰਕਾਸ਼ ਸਿੰਘ, ਭਾਰਤੀ ਕਾਵਿ ਸ਼ਾਸਤਰ, ਪੰਨਾ 186

ਹਉ ਗੋਸਾਈ ਦਾ ਪਹਿਲਵਾਨੜਾ।
ਮੈ ਗੁਰ ਮਿਲ ਉਚ ਦੁਮਾਲੜਾ।
ਸਭ ਹੋਈ ਛਿੰਝ ਇਕਠੀਆਂ।
ਦਯੁ ਬੈਠਾ ਵੇਖੈ ਆਪਿ ਜੀਉ।
ਵਾਤ ਵਜਨ ਟਮਕ ਭੇਰੀਆਂ।
ਨਿਹਤੇ ਪੰਜ ਜੁਆਨ ਮੈ
ਗੁਰ ਥਾਪੀ ਦਿਤੀ ਕੰਡਿ ਜੀਉ।[1]

(ਸਿਰੀ ਰਾਗ ਮਹੱਲਾ - 5)

ਉਪਰੋਕਤ ਕਾਵਿ-ਟੁਕਾਂ ਵਿਚ ਗੋਸਾਈ (ਪ੍ਰਭੂ) ਦੀ ਸ਼ਕਤੀ ਨੀਤੀ ਜਾਂ ਪਹਿਲਵਾਨੜਾ ਆਲੰਬਨ ਹਨ। ਵਿਕਾਰਾਂ ਤੇ ਜਿੱਤ ਪਾਉਣੀ, ਛਿੰਝ ਵਾਤ ਵੱਜਨ, ਟੰਮਕ ਭੇਰੀਆਂ, ਮੱਲ ਆਦਿ ਉਦੀਪਨ ਵਿਭਾਵ ਹਨ। ਨਿਹਤੇ ਪੰਜ ਜਵਾਨ ਅਨੁਭਾਵ, ਦ੍ਰਿੜ੍ਹ-ਵਿਸ਼ਵਾਸ਼ ਸੰਚਾਰੀ ਭਾਵ ਹਨ। ਉਪਰੋਕਤ ਕਾਵਿ-ਟੁਕਾਂ ਵਿਚ ਪਹਿਲੇ ਪਦਾਂ ਵਿਚ 'ਕਾਵਿ-ਮੈਂ' ਇਕ ਪਹਿਲਵਾਨ ਦੇ ਰੂਪ ਵਿਚ ਪੇਸ਼ ਹੁੰਦਾ ਹੈ। ਦੂਜੇ ਅਖਾੜੇ ਦਾ ਵਰਣਨ ਤੇ ਤੀਜੇ ਪਦਾਂ ਵਿਚ 'ਕਾਵਿ-ਮੈਂ' ਜੇਤੂ ਦੇ ਰੂਪ ਵਿਚ ਪੇਸ਼ ਹੁੰਦਾ ਹੈ। ਇਸ ਸਾਰੇ ਕਾਰਜ ਨੂੰ ਸ੍ਰੋਤਾ/ਪਾਠਕ ਪਰੋਖ ਰੂਪ ਵਿਚ ਗ੍ਰਹਿਣ ਕਰਦਾ ਹੈ।

ਇਹਨਾਂ ਸਬੰਧੀ ਕਾਵਿ-ਟੁਕਾਂ ਵਿਚ ਜੀਵਨ ਦੇ ਦੋ ਪੱਖ ਪ੍ਰਸਤੁਤ ਹੋਏ ਹਨ। ਇਕ ਲੌਕਿਕ ਪੱਧਰ ਦਾ ਦੂਜਾ ਅਲੌਕਿਕ ਜਾਂ ਅਧਿਆਤਮਕ ਪੱਧਰ ਦਾ। ਸੰਸਾਰਕ ਜੀਵਨ ਦੇ ਮਾਧਿਅਮ ਦੁਆਰਾ ਅਧਿਆਤਮਕਤਾ ਦਾ ਚਿਤ੍ਰਣ ਕੀਤਾ ਹੈ। ਲੌਕਿਕ ਪੱਧਰ ਵਿਚ, ਪੇਂਡੂ-ਵਾਤਾਵਰਣ ਦੇ ਅਖਾੜਿਆਂ ਦਾ ਚਿਤ੍ਰਣ ਕਰਨ ਲਈ ਗੁਰੂ ਜੀ ਨੇ ਕਲਪਨਾ ਦਾ ਸਹਾਰਾ ਲਿਆ ਹੈ। ਢੋਲ ਵਜਦੇ ਹਨ, ਪਹਿਲਵਾਨ ਇਕ ਦੂਜੇ ਤੋਂ ਉਚੀਆਂ ਛੱਡੀਆਂ ਚੁੱਕੀ ਫਿਰਦੇ ਹਨ।

ਦੂਜਾ ਪੱਖ ਅਧਿਆਤਮਕ ਹੈ। ਇਸ ਵਿਚਲਾ 'ਕਾਵਿ-ਮੈਂ' ਗੁਰੂ ਦੀ ਕ੍ਰਿਪਾ-ਦ੍ਰਿਸ਼ਟੀ ਨਾਲ ਪੰਜ ਪਹਿਲਵਾਨਾਂ ਅਰਥਾਤ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਆਦਿ ਨੂੰ ਆਪਣੇ ਦ੍ਰਿੜ੍ਹ-ਵਿਸ਼ਵਾਸ਼ ਨਾਲ ਜਿੱਤ ਲੈਂਦਾ ਹੈ। ਨਾਲ ਉਹਨਾਂ ਦਾ ਤਿਆਗ ਕਰ ਦਿੰਦਾ ਹੈ। ਗੁਰੂ ਜੀ ਦਾ ਦ੍ਰਿੜ੍ਹ ਆਤਮ-ਵਿਸ਼ਵਾਸ਼, ਤੇ ਤਿਆਗ ਉਤਸ਼ਾਹ ਭਾਵ ਦੇ ਧਾਰਨੀ ਹਨ ਜਿਸ ਤੋਂ ਬੀਰ ਰਸ ਦਾ ਸੰਚਾਰ ਹੁੰਦਾ ਹੈ।

---

1. ਗੁਰੂ ਗ੍ਰੰਥ ਸਾਹਿਬ, ਪੰਨਾ 74

ਇਸ ਕਵਿਤਾ ਦੀ ਵਿਲੱਖਣਤਾ ਸੰਖੇਪਤਾ ਵਿਚ ਹੈ। ਗੋਸਾਈ, ਪਹਿਲਵਾਨੜਾ, ਛਿੰਝ ਇਕੱਠੀਆਂ, ਵਜਨ ਟੰਮਕ ਭੇਰੀਆਂ ਆਦਿ ਕੁਝ ਸ਼ਬਦ ਅਖਾੜੇ ਦੇ ਵਿਸ਼ਾਲ ਚਿਤ੍ਰ ਨੂੰ ਦ੍ਰਿਸ਼ਟੀਗੋਚਰ ਕਰ ਦਿੰਦੇ ਹਨ। ਪਹਿਲਵਾਨੜਾ, ਦੁਮਾਲੜਾ, ਟੰਮਕ, ਗੀਂਡ ਆਦਿ ਸ਼ਬਦਾਂ ਵਿਚ ਸੋਹਜਾਤਮਕ ਗੁਣ ਹੈ ਜੋ ਕਾਵਿਕਮੁਲ ਨੂੰ ਵਧਾਉਂਦੇ ਹਨ।

ਸਹਿ ਸਬੰਧੀ ਸ਼ਬਦ ਪਹਿਲਵਾਨੜਾ, ਦੁਮਾਲੜਾ, ਭੇਰੀਆਂ ਆਦਿ ਜਿਥੇ ਤੁਕਾਂਤ ਦੇ ਲੈਆਤਮਕ ਸੰਦਰਭ ਵਿਚ ਪੇਸ਼ ਹੋਏ ਹਨ ਉਥੇ ਇਹ ਉਤਸ਼ਾਹ ਭਾਵ ਦੇ ਧਾਰਨੀ ਵੀ ਹਨ। ਇਹਨਾਂ ਸ਼ਬਦਾਂ ਵਿਚ ਗੁਰੂ ਜੀ ਨੇ ਜੋਸ਼ ਗੁੰਨ੍ਹਿਆ ਹੈ ਜਿਸ ਕਰਕੇ ਬੀਰ ਰਸ ਦਾ ਸੰਚਾਰ ਕਰਦੇ ਹਨ।

ਉਪਰੋਕਤ ਵਿਸ਼ਲੇਸ਼ਣ ਸਦਕੇ ਕਿਹਾ ਜਾ ਸਕਦਾ ਹੈ ਕਿ ਗੁਰੂ ਜੀ ਨੇ ਉਤਸ਼ਾਹ ਭਾਵ ਦੁਆਰਾ ਬੀਰ ਰਸ ਦਾ ਸੰਚਾਰ ਕਰਨ ਲਈ ਕਲਪਨਾ, ਸੰਗੀਤਕਤਾ, ਸੰਖੇਪਤਾ ਤੇ ਸੋਹਜਾਤਮਕਤਾ ਵਰਗੇ ਗੁਣ ਕਵਿਤਾ ਵਿਚ ਭਰੇ ਹਨ ਜੋ ਸਰੋਦੀ ਕਵਿਤਾ ਦੇ ਧਾਰਨੀ ਹਨ।

8. ਭੈ ਭਾਵ: ਭੈ ਸਥਾਈ ਭਾਵ ਹੈ। ਪਾਠਕ/ਸ੍ਰੋਤਾ ਮਨ ਵਿਚ ਇਸ ਦੀ ਉਤਪਤੀ ਭਿਆਨਕ ਰਸ ਤੋਂ ਹੁੰਦੀ ਹੈ। ਭਾਨੂੰਦੱਤ ਦੀ ਦਿਤੀ ਪਰਿਭਾਸ਼ਾ ਅਨੁਸਾਰ, "ਕਿਸੇ ਭਿਅੰਕਰ ਵਸਤੂ ਨੂੰ ਵੇਖਣ ਜਾਂ ਸੁਣਨ ਕਰਕੇ ਮਨ ਵਿਚ ਵਿਦਮਾਨ ਭੈ ਜਦੋਂ ਪ੍ਰਬਲ ਰੂਪ ਧਾਰਣ ਕਰਕੇ ਪ੍ਰਗਟ ਹੁੰਦਾ ਹੈ ਉਦੋਂ ਭਿਆਨਕ ਰਸ ਦੀ ਉਤਪਤੀ ਹੁੰਦੀ ਹੈ।"[1] ਪ੍ਰੇਮ ਪ੍ਰਕਾਸ਼ ਅਨੁਸਾਰ, "ਚਿਤ ਦੀ ਵਿਆਕੁਲਤਾ ਤੋਂ ਪੈਦਾ ਹੋਈ ਮਨ ਦੀ ਡਾਵਾਂ-ਡੋਲਤਾ (ਅਸਥਿਰਤਾ) ਭੈ ਹੈ।"[2]

ਖੂੰਖਾਰ ਜਾਨਵਰ, ਭੂਤ-ਪ੍ਰੇਤ ਦੀ ਕਲਪਨਾ, ਹਨੇਰੀ ਰਾਤ ਵਿਚ ਇਕੱਲਾਪਣ, ਘਣੇ-ਜੰਗਲ ਆਦਿ ਇਸ ਦੇ ਆਲੰਬਨ ਵਿਭਾਵ ਹਨ।

ਖੂੰਖਾਰ ਪਸ਼ੂਆਂ ਦੀਆਂ ਹਰਕਤਾਂ, ਦੁਸ਼ਮਨ ਦਾ ਭੈਦਾਇਕ ਵਿਵਹਾਰ, ਭਿਆਨਕ ਸਥਾਨ ਦੀ ਇਕਾਂਤਤਾ, ਆਦਿ ਇਸ ਦੇ ਉਦੀਪਨ ਵਿਭਾਵ ਹਨ।

1. ਡਾ. ਮਹਿੰਦਰ ਕੌਰ ਗਿੱਲ ਦੁਆਰਾ ਪ੍ਰਸਤੁਤ, ਗੁਰੂ ਅਰਜਨ ਜੀਵਨ ਤੇ ਬਾਣੀ, ਪੰਨਾ 263
2. ਭਾਰਤੀ ਕਾਵਿ ਸ਼ਾਸਤਰ, ਪੰਨਾ 189

ਮੂੰਹ ਦਾ ਸੁੱਕਣਾ, ਮੂਰਛਾ, ਸ਼ੰਕਾ, ਦੀਨਤਾ ਆਦਿ ਸੰਚਾਰੀ ਭਾਵ ਹਨ।

ਗੁਰੂ ਅਰਜਨ ਬਾਣੀ ਵਿਚ ਭੈ-ਭਾਵ ਦੀ ਅਭਿਵਿਅਕਤੀ ਕੇਵਲ ਸ਼ਾਂਤ-ਭਾਵ ਦੇ ਸਹਾਇਕ ਦੇ ਤੌਰ ਤੇ ਹੋਈ ਹੈ। ਇਸ ਵਿਚ ਉਪਰੋਕਤ ਵਰਣਤ ਦੁਨਿਆਵੀ ਸੰਚਾਰੀ ਭਾਵਾਂ (ਮੂੰਹ ਦਾ ਸੁੱਕਣਾ, ਸ਼ੰਕਾ ਮੂਰਛਤਾ ਆਦਿ) ਦਾ ਸੰਚਾਰ ਨਹੀਂ ਹੁੰਦਾ। ਗੁਰੂ ਜੀ ਮਨੁੱਖ ਨੂੰ ਮੌਤ ਦਾ, ਜਮਾਂ ਦਾ ਤੇ ਨਰਕਾਂ ਆਦਿ ਦਾ ਡਰ ਦਸ ਕੇ ਉਹਨੂੰ ਪਰਮਾਤਮਾ ਦਾ ਨਾਮ ਜਪਣ ਲਈ ਪ੍ਰੇਰਦੇ ਹਨ।

ਬੀਚੁ ਨ ਕੋਇ ਕਰੇ ਅਕ੍ਰਿਤਘਣ ਵਿਛੁੜਿ ਪਇਆ।
ਆਏ ਖਰੇ ਕਠਿਨ ਜਮ ਕੰਕਰ ਪਕੜ ਚਲਾਇਆ।
ਪਕੜੇ ਚਲਾਇਆ ਅਪਣਾ ਕਮਾਇਆ ਮਹਾ ਮੋਹਨੀ ਰਾਤਿਆ।
ਗੁਨ ਗੋਬਿੰਦ ਗੁਰਮੁਖਿ ਨ ਜਪਿਆ ਤਪਤ ਥੰਮ ਗਲ ਲਾਤਿਆ।
ਕਾਮ ਕ੍ਰੋਧ ਅਹੰਕਾਰਿ ਮੂਠਾ ਖੋਇ ਗਿਆਨੁ ਪਛੁਤਾਇਆ।
ਬਿਨਵੰਤ ਨਾਨਕ ਸੰਜੋਗ ਭੂਲਾ ਹਰਿ ਜਾਪ ਰਸਨ ਨ ਜਾਪਿਆ।[1]

(ਰਾਗ ਬਿਹਾਗੜਾ, ਮਹੱਲਾ - 5)

ਉਪਰੋਕਤ ਕਾਵਿ-ਟੁਕੜੀ ਦਾ ਤਣਾਓ ਇਸ ਦੇ ਆਲੰਬਨ ਅਕ੍ਰਿਤਘਣ ਦੁਆਲੇ ਹੈ। ਮਾਇਆ ਰੁਝੇ ਰਹਿਣਾ, ਜਮ ਕੰਕਰ ਦਾ ਪਕੜਨਾ, ਤਪਤ ਥੰਮ, ਆਦਿ ਉਦੀਪਨ ਵਿਭਾਵ ਹਨ। ਜਮਾਂ ਵਲੋਂ ਫੜ ਕੇ ਤਸੀਹੇ ਦੇਣਾ ਅਨੁਭਾਵ ਹਨ। ਸ਼ੰਕਾ, ਦੀਨਤਾ, ਡਰਨਾ ਆਦਿ ਸੰਚਾਰੀ ਭਾਵ ਹਨ।

ਇਸ ਕਾਵਿ-ਟੁਕੜੀ ਵਿਚ,ਜਮ ਕੰਕਰ ਤੇ ਤਪਤ ਥੰਮ ਸ਼ਬਦ ਨਰਕਾਂ ਦੇ ਭਿਆਨਕ ਦ੍ਰਿਸ਼ ਨੂੰ ਪਾਠਕ/ਸ੍ਰੋਤੇ ਦੀ ਕਲਪਨਾ ਵਿਚ ਚਿਤਰਦਾ ਕਰਦੇ ਹਨ। ਡਾ. ਹਰਭਜਨ ਸਿੰਘ ਲੌਂਜਾਈਨਸ ਦੇ ਭਾਵ-ਤਰੰਗ ਬਾਰੇ ਵਿਚਾਰ ਕਰਦਿਆਂ ਕਹਿੰਦੇ ਹਨ, "ਇਸ ਸਿਧਾਂਤ ਅਨੁਸਾਰ ਦੁਖਾਂਤ ਕਾਵਿ ਮਨੁੱਖ ਦੇ ਭਾਵਾਂ ਨੂੰ ਭੜਕਾ ਕੇ ਉਨ੍ਹਾਂ ਨੂੰ ਸ਼ੁੱਧ ਕਰਦਾ ਹੈ ਜਿਸ ਨਾਲ ਉਸ ਨੂੰ ਭਾਵਾਤਮਕ

1. ਗੁਰੂ ਗ੍ਰੰਥ ਸਾਹਿਬ, ਪੰਨਾ 535

ਸਾਮਤੋਲ ਅਤੇ ਆਧੁਨਿਕ ਸੁਾਰਥ ਪ੍ਰਾਪਤ ਹੁੰਦਾ ਹੈ।"[1]

ਉਪਰੋਕਤ ਕਾਵਿ-ਟੁਕਾਂ ਵਿਚ, ਅਕ੍ਰਿਤਘਣ, ਜਮ ਕੰਕਰ, ਪਕੜ ਚਲਾਇਆ, ਤਪਤ ਥੰਮ, ਗਲ ਲਾਤਿਆ ਆਦਿ ਸ਼ਬਦ ਮਨੁੱਖ ਦੀ ਦੁਖਾਂਤਕ ਦਸ਼ਾ ਨੂੰ ਪ੍ਰਗਟਾਉਂਦੇ ਹਨ। ਇਸ ਨਾਲ ਪਾਠਕ/ਸ੍ਰੋਤਾ ਦੇ ਭਾਵਾਂ ਵਿਚ ਉਕਸਾਹਟ ਆਉਂਦੀ ਹੈ। ਦੂਜੇ ਪਰਾਅ ਵਿਚ, ਗੁਨ ਗੋਬਿੰਦ ਗੁਰਮੁਖਿ, ਹਰਿ ਜਾਪ ਆਦਿ ਸ਼ਬਦਾਂ ਦੁਆਰਾ ਉਕਸਾਏ ਭਾਵਾਂ ਨੂੰ ਸੁਖਾਂਤਕ ਦਸ਼ਾ ਵਲ ਮੋੜ ਦਿੱਤਾ ਹੈ। ਇਸ ਤਰ੍ਹਾਂ ਗੁਰੂ ਜੀ ਅਕ੍ਰਿਤਘਣ ਤੇ ਗੁਰਮੁਖਿ ਨੂੰ ਅਧਿਆਤਮਕ ਤਰਾਜ਼ੂ ਵਿਚ ਰੱਖਕੇ ਗੁਰਮੁਖਿ ਵਾਲੇ ਪਲੜੇ ਨੂੰ ਭਾਰੀ ਦਸਦੇ ਹਨ। ਭਾਵ ਭਿਆਨਕ ਰਸ ਦੀ ਉਤਪਤੀ ਦੇ ਨਾਲ ਨਾਲ ਗੁਰੂ ਜੀ ਨੇ ਜ਼ਿੰਦਗੀ ਦਾ ਸਾਕਾਰਾਤਮਕ ਪੱਖ ਵੀ ਪੇਸ਼ ਕੀਤਾ ਹੈ। ਉਹ ਭੈ-ਭਾਵ ਨੂੰ ਦੂਰ ਕਰਕੇ ਜੀਵ ਨੂੰ ਇਕ ਸੇਧ ਬਖਸ਼ਦੇ ਹਨ।

ਇਸ ਤਰ੍ਹਾਂ ਕਵਿਤਾ ਉਚਾ ਤੇ ਸੁਚਾ ਪ੍ਰਭਾਵ ਬਖਸ਼ਣ ਵਾਲੀ ਹੈ। ਵਿਛੜ ਪਇਆਂ, ਪਕੜ ਚਲਾਇਆਂ, ਮੋਹਨੀ ਰਾਤਿਆਂ, ਗਲ ਲਾਤਿਆਂ, ਪਛੁਤਾਇਆਂ ਤੇ ਜਾਪਿਆਂ ਆਦਿ ਸ਼ਬਦ ਕਵਿਤਾ ਵਿਚ ਕੇਵਲ ਸੰਗੀਤਕ ਅੰਸ਼ ਪੈਦਾ ਕਰਨ ਲਈ ਹੀ ਨਹੀਂ ਵਰਤੇ ਸਗੋਂ ਇਹਨਾਂ ਦੀ ਕਲਾਤਮਕਤਾ ਵਿਚ ਭਾਵ-ਜਗਤ ਦਾ ਅਰਥ-ਖੇਤਰ ਵੀ ਸਮਾਇਆ ਹੋਇਆ ਹੈ। ਇਹ ਸ਼ਬਦ ਗੁਰੂ ਜੀ ਦੁਆਰਾ ਵਾਹੇ ਕਲਮੀ ਚਿੱਤਰ ਹਨ ਜਿਹਨਾਂ ਵਿਚ ਕਾਲਪਨਿਕਤਾ, ਸੰਗੀਤਕਤਾ, ਸੰਖੇਪਤਾ, ਭਾਵੁਕਤਾ ਤੇ ਬੌਧਿਕਤਾ ਦੇ ਅੰਸ਼ ਭਰੇ ਪਏ ਹਨ। ਇਹ ਅੰਸ਼ ਪਾਠਕ/ਸ੍ਰੋਤਾ ਮਨ ਵਿਚ ਸਰੋਦਕਤਾ ਭਰਪੂਰ ਅਨੰਦ ਪੈਦਾ ਕਰਦੇ ਹਨ।

ਉਪਰੋਕਤ ਵਿਚਾਰ ਦੇ ਸਿੱਟੇ ਵਜੋਂ ਕਿਹਾ ਜਾ ਸਕਦਾ ਹੈ ਕਿ ਗੁਰੂ ਬਾਣੀ ਵਿਚ ਅਜਿਹੇ ਸੁਭਾਵ ਵਾਲੇ ਰਸ ਨੂੰ ਭਿਆਨਕ ਰਸ ਦਾ ਨਾਂ ਦੇਣਾ ਵੀ ਠੀਕ ਨਹੀਂ ਜਾਪਦਾ। ਇਸ ਰਸ ਦੇ ਪਰੋਖ ਵਿਚ ਸ਼ਾਂਤ ਰਸ ਹੀ ਉਪਜਦਾ ਹੈ।

9. ਵਾਤਸਲਤਾ ਭਾਵ: ਭਾਈ ਕਾਹਨ ਸਿੰਘ ਨਾਭਾ ਅਨੁਸਾਰ, "ਵਤਸ (ਬੱਚੇ) ਨਾਲ ਪਿਆਰ ਦਾ ਭਾਵ ਮੁਹੱਬਤ, ਭਗਤਾਂ ਨੇ ਕਾਵ੍ਯ ਦੇ ਨੌ ਰਸਾਂ ਤੋਂ ਵਧਕੇ ਇਹ ਰਸ ਮੰਨਿਆ ਹੈ।"[2]

---

1. ਡਾ. ਹਰਭਜਨ ਸਿੰਘ, ਲੌਂਗਾਈਨਸ, ਉਦਾਤ ਬਾਰੇ, ਪੰਨਾ 37
2. ਗੁਰਸ਼ਬਦ ਰਤਨਾਕਰ, ਪੰਨਾ 816

ਗੁਲਾਬ ਰਾਏ ਅਨੁਸਾਰ ਵੀ, "ਵਾਤਸਲਯ ਨੂੰ ਦਸਵਾਂ ਰਸ ਮੰਨਿਆ ਗਿਆ ਹੈ। ਵੱਤਸ, ਪੁੱਤਰ ਆਦਿ ਦੇ ਵਿਸ਼ੇ ਵਿਚ ਰੱਤੀ ਨੂੰ ਵਾਤਸਲਯ ਕਹਿੰਦੇ ਹਨ।"[1]

ਵਾਤਸਲਤਾ ਦਾ ਸਥਾਈ ਭਾਵ ਸਨੇਹ ਜਾਂ ਪਿਆਰ ਹੈ। ਪੁੱਤਰ/ਪੁੱਤਰੀ ਆਦਿ ਇਸ ਦੇ ਆਲੰਬਨ ਹਨ। ਉਹਨਾਂ ਦੀਆਂ ਹਰਕਤਾਂ, ਤੋਤਲਾਪਨ ਜਾਂ ਭੋਲੀਆਂ ਭੋਲੀਆਂ ਗੱਲਾਂ ਉਦੀਪਨ ਵਿਭਾਵ ਹਨ। ਬੱਚੇ ਦੇ ਸਿਰ ਤੇ ਪਿਆਰ ਦੇਣਾ, ਥਾਪੜਨਾ ਆਦਿ ਅਨੁਭਾਵ ਹਨ। ਹਰਸ, ਗੌਰਵ ਆਦਿ ਸੰਚਾਰੀ ਭਾਵ ਹਨ।

ਗੁਰਬਾਣੀ ਵਿਚ ਨਾਇਕ ਭੌਤਿਕ ਪੱਧਰ ਦਾ ਨਹੀਂ ਜੋ ਆਪਣੇ ਬੱਚਿਆਂ ਪ੍ਰਤਿ ਪਿਆਰ-ਭਾਵ ਨੂੰ ਪ੍ਰਗਟ ਕਰੇ। ਸਗੋਂ ਗੁਰੂ-ਬਾਣੀ ਦਾ ਨਾਇਕ ਪ੍ਰਭੂ-ਪਰਮਾਤਮਾ ਹੈ ਉਸ ਪ੍ਰਤਿ ਪਿਆਰ ਦਾ ਪ੍ਰਗਟਾ ਜੀਵ-ਆਤਮਾ ਵਲੋਂ ਹੀ ਕੀਤਾ ਜਾ ਸਕਦਾ ਹੈ। ਪਰਮਾਤਮਾ ਪਰੋਖ ਰੂਪ ਹੈ। ਉਹ ਆਪ ਮੂਕ ਹੈ। ਗੁਰੂ-ਬਾਣੀ ਵਿਚ ਨਾਇਕ ਪਰਮਾਤਮਾ ਆਪ ਕਿਸੇ ਗਲ ਦਾ ਪ੍ਰਗਟਾ ਨਹੀਂ ਕਰਦਾ। ਇਸ ਕਰਕੇ ਵਾਤਸਲਤਾ-ਭਾਵ/ਰਸ ਦੀ ਗੁਰਬਾਣੀ ਵਿਚ ਅਣਹੋਂਦ ਹੈ।

10. ਭਗਤੀ ਭਾਵ: ਇਹ ਸਥਾਈ ਭਾਵ ਹੈ ਜਿਸ ਤੋਂ ਸ਼ਾਂਤ ਰਸ ਦੀ ਉਤਪਤੀ ਹੁੰਦੀ ਹੈ। ਪਰੰਤੂ ਪਿਛਲੇ ਆਚਾਰੀਆਂ ਨੇ ਸ਼ਾਂਤ ਰਸ ਦੀ ਪ੍ਰਮੁਖ ਰਸਾਂ ਵਿਚ ਗਿਣਤੀ ਨਹੀਂ ਕੀਤੀ।

ਗੁਲਾਬ ਰਾਏ ਅਨੁਸਾਰ, "ਭਰਤ ਮੁਨੀ ਨੇ ਪਹਿਲਾਂ ਤਾਂ ਅੱਠ ਹੀ ਰਸ ਮੰਨੇ ਹਨ, ਪਿਛੋਂ ਸ਼ਾਂਤ ਰਸ ਨੂੰ ਗਿਣਾ ਕੇ ਉਸ ਦੇ ਸਥਾਈ ਭਾਵ ਨੂੰ ਹੋਰ ਸਭਨਾਂ ਨਾਲੋਂ ਪ੍ਰਧਾਨਤਾ ਵੀ ਦਿਤੀ ਹੈ।"[2] ਇਸੇ ਤਰ੍ਹਾਂ ਅਚਾਰੀਆ ਮੰਮਟ ਨੇ ਪਹਿਲਾਂ ਅੱਠ ਹੀ ਸਥਾਈ ਭਾਵਾਂ ਦਾ ਜ਼ਿਕਰ ਕੀਤਾ ਹੈ ਪਰੰਤੂ ਪਿਛੋਂ ਆ ਕੇ ਸੂਤਰ-47 ਵਿਚ ਕਿਹਾ ਹੈ, "ਜਿਸ ਦਾ ਸਥਾਈ ਭਾਵ ਨਿਰਵੇਦ ਹੁੰਦਾ ਹੈ ਉਹ ਸ਼ਾਂਤ ਰਸ ਵੀ ਨੌਵਾਂ ਰਸ ਹੁੰਦਾ ਹੈ।"[3] ਅਚਾਰੀਆ ਮੰਮਟ ਨੇ ਨਿਰਵੇਦ ਨੂੰ ਸੰਚਾਰੀ ਭਾਵਾਂ ਵਿਚ ਰੱਖਿਆ ਹੈ।

ਨਿਰਵੇਦ ਨੂੰ ਸੰਚਾਰੀਆਂ ਵਿਚ ਪਹਿਲੀ ਥਾਂ ਦੇਣ ਬਾਰੇ ਕਾਵਿ-ਪ੍ਰਕਾਸ਼ ਵਿਚ ਲਿਖਿਆ ਹੈ, "ਸੰਚਾਰੀ ਭਾਵਾਂ ਵਿਚੋਂ ਪਹਿਲੇ ਕਹੇ ਗਏ ਨਿਰਵੇਦ ਨੂੰ ਆਮ ਕਰਕੇ ਅਮੰਗਲਕਾਰੀ ਮੰਨਦੇ

1. ਸਿਧਾਂਤ ਤੇ ਅਧਿਐਨ, ਪੰਨਾ 201
2. ਉਹੀ, ਪੰਨਾ 196
3. ਕਾਵਿ-ਪ੍ਰਕਾਸ਼ (ਪੰਜਾਬੀ ਅਨੁਵਾਦ), ਪੰਨਾ 160

ਹਨ। ਇਸ ਲਈ ਇਸ ਨੂੰ ਸਭ ਤੋਂ ਪਹਿਲੇ ਕਹਿਣਾ ਯੋਗ ਨਾ ਹੋਣ ਕਰਕੇ ਵੀ ਸੰਚਾਰੀ ਭਾਵ ਦੇ ਨਾਲ ਇਹ ਸਥਾਈ ਭਾਵ ਵੀ ਹੈ।"[1]

ਪ੍ਰੇਮ ਪ੍ਰਕਾਸ਼ ਅਨੁਸਾਰ, "ਸੰਸਾਰਕ ਅਸਥਿਰਤਾ ਦੇ ਕਾਰਣ ਜਾਂ ਤੱਤ-ਗਿਆਨ ਦੇ ਕਾਰਣ ਮਨ ਵਿਚ ਜਦੋਂ ਵੈਰਾਗ ਪੈਦਾ ਹੁੰਦਾ ਹੈ ਉਥੇ ਸ਼ਾਂਤ ਰਸ ਦੀ ਸਥਿਤੀ ਮੰਨੀ ਗਈ ਹੈ।"[2] ਡਾ. ਗੋਪਾਲ ਸਿੰਘ ਸ਼ਾਂਤ ਰਸ ਬਾਰੇ ਵਿਚਾਰ ਕਰਦਿਆਂ ਕਹਿੰਦੇ ਹਨ, "ਇਹ ਤਾਂ ਸ਼ਬਦਾਂ ਵਿਚਾਰਾਂ ਤੋਂ ਬਿਨਾਂ ਭਾਵਾਂ (Emotions) ਨੂੰ ਰੂਪਮਾਨ ਕਰਨ ਵਾਲਾ ਉਹ ਆਤਮਕ ਪਸਾਰਾ ਹੈ ਜਿਹੜਾ ਅਕਹਿ ਜਿਹਾ ਹੁੰਦਾ ਹੋਇਆ ਵੀ ਆਤਮਾ ਨੂੰ ਸੁਆਦ ਵਿਚ ਗੜੂੰਦ ਕਰ ਜਾਂਦਾ ਹੈ।"[3]

ਪਰੰਤੂ ਸ਼ਬਦਾਂ ਵਿਚਾਰਾਂ ਤੋਂ ਬਿਨਾਂ ਭਾਵਾਂ ਨੂੰ ਕਵਿਤਾ ਵਿਚ ਅਭਿਵਿਅਕਤ ਨਹੀਂ ਕੀਤਾ ਜਾ ਸਕਦਾ। ਕਾਵਿ-ਕ੍ਰਿਤ ਵਿਚ ਸ਼ਬਦਾਂ ਦੁਆਰਾ ਹੀ ਭਗਤੀ ਭਾਵ ਨੂੰ ਪ੍ਰਗਟਾਇਆ ਜਾਂਦਾ ਹੈ। ਭਗਤੀ ਭਾਵ ਤੋਂ ਸ਼ਾਂਤ ਰਸ ਉਤਪੰਨ ਹੁੰਦਾ ਹੈ। ਅਭਿਨਵ ਗੁਪਤ ਦੇ ਮਤ ਅਨੁਸਾਰ, "ਸ਼ਾਂਤ ਰਸ ਸਭਨਾਂ ਰਸਾਂ ਵਿਚੋਂ ਉਤਮ ਹੈ ਕਿਉਂਕਿ ਜੋ ਇਹ ਮੁਕਤੀ ਦਾ ਸਾਧਨ ਹੈ।"[4]

ਭਗਤੀ ਭਾਵ ਵਿਚ ਮਿਥਿਆ ਸੰਸਾਰ ਜਾਂ ਪਰਮਾਤਮਾ ਆਲੰਬਨ ਹੈ। ਸਾਧ-ਸੰਗਤ, ਪ੍ਰਭੂ-ਨਾਮ ਆਦਿ ਇਸ ਦੇ ਉਦੀਪਨ ਵਿਭਾਵ ਹਨ। ਸਿਮ੍ਰਤੀ, ਦਇਆ, ਪਾਪਾਂ ਉਪਰ ਪਛਤਾਵਾ, ਸਾਧੂ ਸੁਭਾ ਪੈਦਾ ਹੋਣਾ ਆਦਿ ਅਨੁਭਾਵ ਹਨ। ਸ਼ਾਂਤੀ ਜਾਂ ਖੁਸ਼ੀ ਸੰਚਾਰੀ ਭਾਵ ਹਨ।

ਸਾਰੀ ਗੁਰੂ-ਬਾਣੀ ਭਗਤੀ ਭਾਵ ਨਾਲ ਭਰਪੂਰ ਹੈ। ਗੁਰੂ ਅਰਜਨ ਬਾਣੀ ਵਿਚ ਵੀ ਭਗਤੀ ਭਾਵ ਦੀ ਪ੍ਰਵਾਹਿਤ ਧਾਰਾ ਵਿਚ ਸ਼ਾਂਤ ਰਸ ਦੀ ਲਹਿਰ ਇਕ ਸੁਰ ਚਲਦੀ ਰਹਿੰਦੀ ਹੈ। ਗੁਰੂ-ਬਾਣੀ ਵਿਚ ਆਤਮਾ ਦੀ ਪਰਮਾਤਮਾ ਵਿਚ ਲੀਨ ਹੋਣ ਦੀ ਤਾਂਘ ਭਗਤੀ ਭਾਵ ਨੂੰ ਦ੍ਰਿਸ਼ਟੀਗੋਚਰ ਕਰਦੀ ਹੈ। ਬਾਣੀ ਦਾ ਆਧਾਰ ਹੀ ਭਗਤੀ ਭਾਵ ਹੈ ਜੋ ਮਨ ਨੂੰ ਸ਼ਾਂਤੀ ਪ੍ਰਦਾਨ ਕਰਦਾ ਹੈ। ਹਰੀ ਦੇ ਗੁਣ-ਗਾਇਨ, ਪ੍ਰਭੂ-ਪ੍ਰੇਮ, ਪ੍ਰਭੂ ਨਾਮ ਸਿਮਰਨ, ਰੱਬੀ ਚਿੰਤਨ, ਅਕ੍ਰਿਤਘਣ ਆਦਿ ਦੇ ਗਾਇਨ ਵਿਚ ਸ਼ਾਂਤੀ ਦਾ ਪ੍ਰਵਾਹ ਚਲਦਾ ਹੀ ਰਹਿੰਦਾ ਹੈ।

---

1. ਕਾਵਿ-ਪ੍ਰਕਾਸ਼ (ਪੰਜਾਬੀ ਅਨੁਵਾਦ), ਪੰਨਾ 160
2. ਭਾਰਤੀ ਕਾਵਿ ਸ਼ਾਸਤਰ, ਪੰਨਾ 195
3. ਗੁਰੂ ਗ੍ਰੰਥ ਸਾਹਿਬ ਦੀ ਸਾਹਿਤਕ ਵਿਸ਼ੇਸ਼ਤਾ, ਪੰਨਾ 165-66
4. ਆਚਾਰੀਆ ਮੰਮਟ, ਕਾਵਿ-ਪ੍ਰਕਾਸ਼, ਭੂਮਿਕਾ, ਪੰਨਾ 30

ਉਦਾਹਰਣ :

ਚਿੜੀ ਚੁਹਕੀ ਪਹੁ ਫੁਟੀ ਵਗਨਿ ਬਹੁਤ ਤਰੰਗ।
ਅਚਰਜ ਰੂਪ ਸੰਤਨ ਰਚੇ ਨਾਨਕ ਨਾਮਹਿ ਰੰਗ।
ਘਰ ਮੰਦਰ ਖੁਸ਼ੀਆਂ ਤਹੀ ਜਹ ਤੂੰ ਆਵਹਿ ਚਿਤ।
ਦੁਨੀਆਂ ਕੀਆਂ ਵਡਿਆਈਆਂ ਨਾਨਕ ਸਭਿ ਕੁਮਿਤ।[1]

(ਗਉੜੀ ਦੀ ਵਾਰ ਮਹੱਲਾ - 5)

ਉਪਰੋਕਤ ਕਾਵਿ-ਤੁਕਾਂ ਵਿਚ ਪਰਮਾਤਮਾ ਹੀ ਆਲੰਬਨ ਹੈ। ਚਿੜੀ ਚੁਹਕੀ, ਪਹੁ ਫੁਟੀ, ਵਗਨਿ ਤਰੰਗ ਸ਼ਬਦਾਂ ਵਿਚੋਂ ਉਦੀਪਨ ਵਿਭਾਵ ਫੁਟਦਾ ਹੈ। ਅਚਰਜ ਰੂਪ, ਸੰਤਨ ਨਾਮਹਿ ਰੰਗ ਸ਼ਬਦ ਅਨੁਭਾਵ ਨੂੰ ਪ੍ਰਗਟਾਉਂਦੇ ਹਨ। ਮਨ ਮੰਦਰ ਖੁਸ਼ੀਆਂ, ਵਡਿਆਈਆਂ ਆਦਿ ਸੰਚਾਰੀ ਭਾਵ ਹਨ।

ਸੰਖਿਪਤ ਦ੍ਰਿਸ਼ਟੀ ਤੋਂ ਇਹ ਕਾਵਿ-ਤੁਕਾਂ ਸਭੇ ਸੰਖਿਪਤ ਹੁੰਦੀਆਂ ਹੋਈਆਂ ਵੀ ਸੰਸਾਰੀ ਜੀਵ ਪ੍ਰਤੀ ਇਕ ਸ਼ਾਂਤਮਈ ਸਰੋਦੀ ਤਰਮਾਂ ਦਿੰਦੀਆਂ ਪ੍ਰਤੀਤ ਹੁੰਦੀਆਂ ਹਨ। ਚਿੜੀ ਚੁਹਕੀ, ਪਹੁ ਫੁਟੀ, ਵਗਨ, ਤਰੰਗ ਆਦਿ ਸੰਖੇਪ ਸ਼ਬਦਾਂ ਦੀ ਵਿਓਂਤਨਾ ਸ਼ਕਤੀ ਪਾਠਕ/ਸ੍ਰੋਤੇ ਦੀ ਕਲਪਨਾ ਵਿਚ ਪਹੁ ਫੁਟਾਲੇ ਦਾ ਸ਼ਾਂਤ ਵਾਤਾਵਰਣ ਉਕਰਿਆ ਜਾਂਦਾ ਹੈ। ਅਚਰਜ ਰੂਪ, ਸੰਤਨ, ਨਾਮਹਿ ਰੰਗ, ਘਰ ਮੰਦਰ, ਖੁਸ਼ੀਆਂ ਆਦਿ ਸ਼ਬਦ ਪ੍ਰਭੂ ਭਗਤ ਦੇ ਹਿਰਦੇ ਵਿਚ ਅਲੌਕਿਕ ਖਿੜਾਉ ਤੇ ਸ਼ਾਂਤਮਈ ਮਾਹੌਲ ਉਤਪੰਨ ਕਰਦੇ ਹਨ। ਇਹਨਾਂ ਸ਼ਬਦਾਂ ਵਿਚੋਂ ਸ਼ਾਂਤ ਰਸ ਦੀ ਨਿੰਮੀ ਨਿੰਮੀ ਫੁਹਾਰ ਭਗਤ ਜਨਾਂ ਦੇ ਹਿਰਦੇ ਵਿਚ ਸਰੋਦਕ-ਧੁਨਾਂ ਪੈਦਾ ਕਰਦੀ ਹੈ।

ਬਹੁਤ ਤਰੰਗ, ਨਾਮਹਿ ਰੰਗ, ਆਵਹਿ ਚਿਤ, ਸਭਿ ਕੁਮਿਤ ਆਦਿ ਤੁਕਾਂਤਕ ਸ਼ਬਦ ਸੰਗੀਤ ਪ੍ਰਬੰਧ ਦੇ ਨਾਲ ਨਾਲ ਭਾਵ-ਇਕਾਗਰਤਾ ਨੂੰ ਵੀ ਬਣਾਈ ਰਖਦੇ ਹਨ।

ਪਹੁ ਫੁਟਾਲੇ ਦਾ ਸ਼ਾਂਤ ਵਾਤਾਵਰਣ, ਪਰਮਾਤਮਾ ਦਾ ਨਾਮ ਸਿਮਰਨ ਵਿਚ ਸਹਾਈ ਹੋ ਕੇ ਸਰੀਰ ਰੂਪੀ ਮੰਦਰ ਵਿਚ ਖੁਸ਼ੀਆਂ ਦਾ ਸੰਚਾਰ ਕਰਦਾ ਹੈ। ਅਜਿਹੇ ਵਾਤਾਵਰਣ ਵਿਚ ਭਗਤ ਪਰਮਾਤਮਾ ਨਾਲ ਪੂਰਨ-ਪ੍ਰੇਮ ਜਾਂ ਲਿਵ ਲਗਾਉਂਦਾ ਹੋਇਆ ਸ਼ਾਂਤੀ ਦੀ ਅਵਸਥਾ ਪ੍ਰਾਪਤ ਕਰਦਾ ਹੈ। ਇਸ ਤਰ੍ਹਾਂ ਕਲਪਨਾ, ਸੰਖੇਪਤਾ, ਸੰਗੀਤਕਤਾ ਦੀ ਸੰਯੋਜਨਾਤਮਕਤਾ ਦੁਆਰਾ

1. ਗੁਰੂ ਗ੍ਰੰਥ ਸਾਹਿਬ, ਪੰਨਾ 319

ਸਰੋਦੀ ਅੰਸ਼ ਪੈਦਾ ਕਰਕੇ ਭਗਤੀ ਭਾਵ ਦੁਆਰਾ ਸ਼ਾਂਤ ਰਸ ਦੀ ਉਤਪਤੀ ਕੀਤੀ ਹੈ।

ਉਪਰੋਕਤ ਵਿਚਾਰ ਤੋਂ ਇਸ ਨਿਸ਼ਕਰਸ਼ ਤੇ ਪੁਜਦੇ ਹਾਂ ਕਿ ਗੁਰੂ ਅਰਜਨ ਦੇਵ ਨੇ ਭਿੰਨ ਭਿੰਨ ਭਾਵਾਂ ਦੁਆਰਾ ਵਿਭਿੰਨ ਰਸਾਂ ਦੀ ਉਤਪਤੀ ਕਰਕੇ ਮਨੁਖ ਨੂੰ ਆਪਣੇ ਕਰਤਵ ਪਾਲਨ ਦੀ ਸ਼ਕਤੀ ਪ੍ਰਦਾਨ ਕੀਤੀ ਹੈ। ਗੁਰੂ ਅਰਜਨ ਦੇਵ ਕਵਿਤਾ ਵਿਚ ਸਰੋਦੀ ਅੰਸ਼ ਪੈਦਾ ਕਰਨ ਲਈ ਸੰਖੇਪ ਸ਼ਬਦਾਂ ਦੀ ਕਲਾਤਮਕਤਾ, ਸੰਗੀਤਕਤਾ, ਸੋਹਜਾਤਮਕਤਾ ਤੇ ਬੌਧਿਕਤਾ ਵਰਗੇ ਤੱਤਾਂ ਦੀ ਵਰਤੋਂ ਕਰਦੇ ਹਨ।

ਗੁਰੂ ਅਰਜਨ ਦੇਵ ਜੀ ਦੀ ਰਚਨਾ ਵਿਚ ਰੱਤੀ ਭਾਵ ਵਿਚਲੇ ਸੰਜੋਗ ਵਿਜੋਗ ਵਿਚੋਂ ਉਤਪੰਨ ਹੋਣ ਵਾਲੇ ਰਸ ਨੂੰ ਸ਼ਾਂਤ ਰਸ ਕਹਿਣਾ ਹੀ ਠੀਕ ਹੈ। ਕਿਉਂਕਿ ਗੁਰੂ ਜੀ ਨੇ ਇਸ ਸੁਭਾ ਵਾਲੇ ਰਸ ਰਾਹੀਂ ਪਰਮਾਤਮਾ ਨਾਲ ਪ੍ਰੀਤੀ ਨੂੰ ਜੋੜਿਆ ਹੈ। ਹਾਸ ਭਾਵ ਵੀ ਦੁਨਿਆਵੀ ਸਾਹਿਤ (ਨਾਟਕ, ਨਾਵਲ ਜਾਂ ਕਹਾਣੀਆਂ ) ਵਿਚੋਂ ਪੈਦਾ ਹੋਏ ਹਾਸ ਰਸ ਵਰਗਾ ਹਾਸ ਰਸ ਨਹੀਂ ਬਲਕਿ ਅਧਿਆਤਮਕ ਕਵਿਤਾ ਵਿਚੋਂ ਅਧਿਆਤਮਕ ਖ਼ੁਸ਼ੀ ਵਾਲਾ ਹਾਸ ਰਸ ਹੈ। ਜਿਸ ਦਾ ਪ੍ਰਤਿਫਲ ਸ਼ਾਂਤ ਵਾਤਾਵਰਣ ਪੈਦਾ ਕਰਦਾ ਹੈ। ਸੋਗ-ਭਾਵ ਦਾ ਸੁਭਾ ਗੁਰੂ-ਬਾਣੀ ਵਿਚ ਭਗਤੀ-ਭਾਵਨਾ ਪੈਦਾ ਕਰਦਾ ਹੈ। ਇਸ ਲਈ ਇਸ ਨੂੰ ਸੋਗ-ਭਾਵ ਦਾ ਨਾਂ ਦੇਣਾ ਵੀ ਠੀਕ ਨਹੀਂ। ਕਿਉਂਕਿ ਇਸ ਵਿਚ ਜੇਕਰ ਕੋਈ ਦੁਖ ਅਭਿਵਿਅਕਤ ਕੀਤਾ ਗਿਆ ਹੈ ਤਾਂ ਪ੍ਰਭੂ-ਵਿਛੋੜੇ ਦਾ ਜਾਂ ਸੰਸਾਰ ਮਾਇਆ ਜਾਲ ਵਿਚ ਫਸੇ ਜੀਵ ਦੇ ਇਸ ਬਾਰੇ ਛੁਟਕਾਰੇ ਬਾਰੇ ਨਾ ਯਤਨਸ਼ੀਲ ਹੋ ਸਕਣ ਦਾ ਦੁਖ ਹੈ। ਇਸੇ ਤਰ੍ਹਾਂ ਘ੍ਰਿਣਾ-ਭਾਵ ਤੋਂ ਉਤਪੰਨ ਬੀਭਤਸ ਰਸ ਤੋਂ ਵੈਰਾਗ ਪੈਦਾ ਹੁੰਦਾ ਹੈ ਜੋ ਪਰੋਖ ਵਿਚ ਰੱਬੀ ਭਗਤੀ ਵਲ ਪ੍ਰੇਰਦਾ ਹੈ। ਕ੍ਰੋਧ-ਭਾਵ ਤੇ ਉਤਸ਼ਾਹ-ਭਾਵ ਤੋਂ ਉਤਪੰਨ ਰੌਦ੍ਰ ਤੇ ਬੀਰ ਰਸ ਨਾਲ ਵਿਕਾਰਾਂ ਤੇ ਜਿੱਤ ਪ੍ਰਾਪਤ ਹੁੰਦੀ ਹੈ। ਭੈ-ਭਾਵ ਗੁਰੂ-ਬਾਣੀ ਵਿਚ ਨਹੀਂ। ਸਗੋਂ ਇਸ ਦਾ ਸੁਭਾ ਮਨੁੱਖ ਨੂੰ ਆਪਣੇ ਮੂਲ ਪਰਮਾਤਮਾ ਨਾਲ ਜੋੜਦਾ ਹੈ।

ਭਗਤੀ ਭਾਵ ਗੁਰੂ ਅਰਜਨ ਬਾਣੀ ਦਾ ਮੁਖ ਆਧਾਰ ਹੈ ਜਿਸ ਤੋਂ ਸ਼ਾਂਤ ਰਸ ਦਾ ਸੰਚਾਰ ਮਨੁੱਖ ਨੂੰ ਪੂਰਨ ਮਨੁੱਖ ਬਣਨ ਵਲ ਰੁਚਿਤ ਕਰਦਾ ਹੈ।

## ਅਧਿਆਇ ਛੇਵਾਂ

## ਸਰੋਦੀ ਗੁਣ ਪੈਦਾ ਕਰਨ ਲਈ ਵਰਤੀਆਂ ਵਿਧੀਆਂ

1. ਪ੍ਰਤੀਕਾਂ ਦੀ ਵਰਤੋਂ ਨਾਲ ਸਰੋਦ
2. ਸੰਗੀਤਕ ਤੱਤਾਂ ਦੀ ਵਰਤੋਂ ਨਾਲ ਸਰੋਦ
3. ਕਲਪਨਾ ਦੀ ਵਰਤੋਂ ਨਾਲ ਸਰੋਦ
4. ਸੁਖਦ ਭੇਦ

## ਸਰੋਦੀ ਅੰਸ਼ ਪੈਦਾ ਕਰਨ ਲਈ ਵਰਤੀਆਂ ਵਿਧੀਆਂ

ਹੁਣ ਤਕ ਦੀ ਵਿਚਾਰ ਦੇ ਆਧਾਰ ਤੇ ਇਹ ਤਾਂ ਨਿਸ਼ਚਿਤ ਹੋ ਗਿਆ ਹੈ ਕਿ ਸਰੋਦੀ ਕਵਿਤਾ ਵਿਚ ਆਤਮ-ਅਭਿਵਿਅੰਜਨਾ, ਸੰਗੀਤਕਤਾ, ਕਲਪਨਾ ਅਤੇ ਸੰਖਿਪਤਾ ਵਰਗੇ ਗੁਣਾਂ ਰਾਹੀਂ ਗੁਰੂ ਅਰਜਨ ਦੇਵ ਜੀ ਨੇ ਆਪਣੀ ਬਾਣੀ ਵਿਚ ਸਰੋਦੀ ਅੰਸ਼ ਪੈਦਾ ਕੀਤਾ ਹੈ। ਇਹ ਸਾਰੇ ਤੱਤਾਂ ਦਾ ਆਧਾਰ ਕਵਿਤਾ ਵਿਚ ਅਰਥ ਭਰਪੂਰ ਅਰਥਾਤ ਨੈ-ਭਰਪੂਰ ਸ਼ਬਦ ਹੀ ਹਨ। ਆਤਮ-ਅਭਿਵਿਅੰਜਨਾ ਭਾਵ-ਬੋਧਕ ਸ਼ਬਦਾਂ ਦੁਆਰਾ ਪ੍ਰਗਟ ਹੁੰਦੀ ਹੈ। ਸ਼ਬਦ, ਸਵਰਾਂ ਤੇ ਵਰਣਾਂ ਦੇ ਸੁਮੇਲ ਤੋਂ ਬਣਦੇ ਹਨ। ਸਵਰਾਂ ਤੇ ਵਰਣਾਂ ਦੇ ਸੁਮੇਲ ਤੋਂ ਬਣੇ ਸ਼ਬਦ ਹੀ ਕਵਿਤਾ ਵਿਚ ਸੰਗੀਤਕਤਾ ਪੈਦਾ ਕਰਦੇ ਹਨ। ਕਵਿਤਾ ਵਿਚ ਸੰਖਿਪਤਾ ਪ੍ਰਤੀਕਾਂ ਦੁਆਰਾ ਲਿਆਂਦੀ ਜਾਂਦੀ ਹੈ। ਕਲਪਨਾ ਨੂੰ ਵੀ ਸ਼ਬਦਾਂ ਦੁਆਰਾ ਹੀ ਸਾਕਾਰ ਕੀਤਾ ਜਾਂਦਾ ਹੈ।

ਗੁਰੂ ਅਰਜਨ ਦੇਵ ਜੀ ਨੇ ਕਵਿਤਾ ਵਿਚ ਸਰੋਦੀ ਅੰਸ਼ ਪੈਦਾ ਕਰਨ ਲਈ ਜੋ ਵਿਧੀਆਂ ਵਰਤੀਆਂ ਹਨ ਉਹਨਾਂ ਨੂੰ ਹੇਠ ਲਿਖੇ ਮੁਤਾਬਕ ਵਿਚਾਰਿਆ ਜਾ ਸਕਦਾ ਹੈ:

1. ਪ੍ਰਤੀਕਾਂ ਦੀ ਵਰਤੋਂ ਨਾਲ ਸਰੋਦ
2. ਸੰਗੀਤਕ ਤੱਤਾਂ ਦੀ ਵਰਤੋਂ ਨਾਲ ਸਰੋਦ
3. ਕਲਪਨਾ ਦੀ ਵਰਤੋਂ ਨਾਲ ਸਰੋਦ
4. ਸ਼ਬਦ ਚੋਣ

### 1. ਪ੍ਰਤੀਕਾਂ ਦੀ ਵਰਤੋਂ ਨਾਲ ਸਰੋਦ :

ਗੁਰੂ ਅਰਜਨ ਬਾਣੀ ਵਿਚ ਪ੍ਰਤੀਕਾਂ ਦੀ ਵਰਤੋਂ ਚੋਖੀ ਮਾਤਰਾ ਵਿਚ ਹੋਈ ਹੈ। ਗੁਰੂ ਜੀ ਦੁਆਰਾ ਵਰਤੇ ਪ੍ਰਤੀਕ ਤੇ ਉਹਨਾਂ ਦੁਆਰਾ ਪੈਦਾ ਹੋਏ ਸਰੋਦ ਬਾਰੇ ਵਿਚਾਰ ਕਰਨ ਤੋਂ ਪਹਿਲਾਂ ਪ੍ਰਤੀਕ ਦੀ ਪਰਿਭਾਸ਼ਾ ਤੇ ਉਹਦੇ ਸੁਭਾ ਬਾਰੇ ਵਿਚਾਰ ਕਰਨੀ ਮੁਨਾਸਬ ਹੋਵੇਗੀ।

ਪ੍ਰਤੀਕਾਂ ਦੀ ਵਿਸ਼ੇਸ਼ਤਾ ਇਹ ਹੈ ਕਿ ਇਸ ਦੀ ਪ੍ਰਯੁਕਤੀ ਕਿਸੇ ਹੋਰ ਵਿਸ਼ੇ ਦੀ ਸਥਾਪਨਾ ਲਈ ਹੁੰਦੀ ਹੈ। ਐਨਸਾਈਕਲੋਪੀਡੀਆ ਬ੍ਰਿਟੈਨਿਕਾ[1] ਅਨੁਸਾਰ ਪ੍ਰਤੀਕ ਤੋਂ ਭਾਵ ਕੋਈ ਦਿਸਦਾ-ਪਦਾਰਥ ਹੈ, ਜੋ ਮਨ ਦੀ ਕਿਸੇ ਅਦ੍ਰਿਸ਼ਟ-ਅਵਸਥਾ ਦੀ ਪ੍ਰਤਿਨਿਧਤਾ ਕਰਦਾ ਹੈ।" ਐਨਸਾਈਕਲੋਪੀਡੀਆ ਬ੍ਰਿਟੈਨੀਕਾ[2] ਅਨੁਸਾਰ ਹੀ, "ਪ੍ਰਤੀਕ ਉਹ ਪਦ ਹੈ ਜਿਸਦੀ ਵਰਤੋਂ ਇਕ ਅਜੇਹੀ ਪ੍ਰਤਖ ਵਸਤੂ ਲਈ ਹੁੰਦੀ ਹੈ ਜੋ ਮਨ ਸਨਮੁਖ ਅਜੇਹੇ ਰੂਪ ਦੀ ਇਕਰੂਪਤਾ ਦੀ ਪ੍ਰਤਿਨਿਧਤਾ ਕਰਦੀ ਹੈ ਜੋ ਕਿ ਦਿਖਾਇਆ ਨਹੀਂ ਗਿਆ ਪਰ ਇਸ ਨਾਲ ਸਬੰਧਿਤ ਹੋਣ ਦੇ ਨਾਤੇ ਮਹਿਸੂਸ ਕੀਤਾ ਜਾਂਦਾ ਹੈ।"

ਪ੍ਰਤੀਕ ਦੇ ਸੁਭਾ ਬਾਰੇ ਜਾਣਨ ਲਈ 'ਪ੍ਰਤੀਕ' ਤੇ 'ਚਿੰਨ੍ਹ' ਦਾ ਫਰਕ ਸਮਝਣਾ ਜ਼ਰੂਰੀ ਹੈ। ਪ੍ਰਤੀਕ ਚਿੰਨ੍ਹ ਤਾਂ ਹੈ ਪਰ ਇਹ ਇਕ ਵਿਸ਼ੇਸ਼ ਚਿੰਨ੍ਹ ਹੈ। ਰੋਲੋ ਮੇ[3] ਦੇ ਸ਼ਬਦਾਂ ਵਿਚ, "ਜਦੋਂ ਤਕ ਕੋਈ ਸ਼ਬਦ ਸਾਨੂੰ ਕੀਲ ਲੈਣ ਦੀ ਆਪਣੀ ਮੌਲਿਕ-ਸ਼ਕਤੀ ਸੰਭਾਲੀ ਖੜ੍ਹਾ ਹੈ, ਉਹ ਪ੍ਰਤੀਕ ਹੈ, ਪਰ ਜਦੋਂ ਉਸਦੀ ਕੀਲਣ-ਸ਼ਕਤੀ ਗੁਆਚ ਜਾਂਦੀ ਹੈ, ਉਹ ਪ੍ਰਤੀਕ ਤੋਂ ਡਿਗਾ ਪੈ ਕੇ ਕੇਵਲ ਇਕ ਚਿਨ੍ਹ ਬਣ ਕੇ ਰਹਿ ਜਾਂਦਾ ਹੈ।"

ਇਸ ਵਿਚਾਰ ਦਾ ਸਿਟਾ ਇਹ ਨਿਕਲਦਾ ਹੈ ਕਿ ਪ੍ਰਤੀਕ ਆਪਣੇ ਤੋਂ ਬਾਹਰ ਕਿਸੇ ਹੋਰ ਵਸਤੂ ਦਾ ਹਵਾਲਾ ਦੇਂਦਾ ਹੈ। ਇਸ ਤੋਂ ਇਕ ਗੱਲ ਹੋਰ ਸਪਸ਼ਟ ਹੋ ਜਾਂਦੀ ਹੈ ਕਿ ਪ੍ਰਤੀਕ ਦੂਹਰੇ ਅਰਥਾਂ ਦਾ ਧਾਰਨੀ ਹੁੰਦਾ ਹੈ। ਇਕ ਉਹ ਅਰਥ ਜੋ ਕਵੀ ਦੁਆਰਾ ਪ੍ਰਗਟਾਏ ਜਾ ਰਹੇ ਹਨ ਦੂਜੇ ਜਿਹਨਾਂ ਰਾਹੀਂ ਇਹ ਅਰਥ ਪ੍ਰਗਟਾਏ ਜਾ ਰਹੇ ਹਨ।

ਉਪਰੋਕਤ ਵਿਚਾਰ ਦੇ ਸੰਦਰਭ ਵਿਚ ਪ੍ਰਤੀਕ ਤੇ ਸਰੋਦੀ ਕਵਿਤਾ ਦਾ ਸਬੰਧ ਸੌਖਿਆਂ ਹੀ ਸਥਾਪਤ ਕੀਤਾ ਜਾ ਸਕਦਾ ਹੈ। ਸਰੋਦੀ-ਕਾਵਿ ਦੀ ਪਰਿਭਾਸ਼ਾ ਤੇ ਇਸ ਦੇ ਸੁਭਾ ਬਾਰੇ

1. ਡਾ. ਬਲਬੀਰ ਸਿੰਘ, ਅਮਰਕਵੀ ਗੁਰੂ ਅਮਰਦਾਸ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਪੰਨਾ 248

2. "Symbol the term to a visible object representing to the mind the semblance of something which is not shown but realized by association with it." Encyclopaedia Britanica, Vol. XXI, p. 702

3. ਡਾ. ਬਲਬੀਰ ਸਿੰਘ, ਅਮਰ ਕਵੀ ਗੁਰੂ ਅਮਰਦਾਸ, ਪੰਨਾ 253

ਪਹਿਲਾਂ ਹੀ ਵਿਚਾਰ ਕੀਤਾ ਜਾ ਚੁਕਾ ਹੈ। ਸਰੋਦੀ ਕਵਿਤਾ ਵਿਚ ਇਕਹਿਰੇ ਭਾਵਾਂ ਦੀ ਸੁਹਜਮਈ ਤੇ ਸੰਖੇਪ ਅਭਿਵਿਅੰਜਨਾ ਕੀਤੀ ਹੁੰਦੀ ਹੈ।

ਗੁਰੂ ਅਰਜਨ ਦੇਵ ਨੇ ਪ੍ਰਤੀਕਾਂ ਦੁਆਰਾ ਆਪਣੇ ਭਾਵਾਂ ਦੀ ਸੰਖੇਪਮਈ ਅਭਿਵਿਅੰਜਨਾ ਕਰਨ ਲਈ ਦ੍ਰਿਸ਼ਟਮਾਨ ਦੇ ਪਦਾਰਥਾਂ ਨੂੰ ਪ੍ਰਤੀਕ ਬਣਾਇਆ। ਪ੍ਰਤੀਕਾਂ ਨਾਲ ਸਬੰਧਿਤ ਪਦਾਰਥ ਜਾਂ ਵਸਤੂਆਂ, ਜੋ ਉਹਨਾਂ ਦੀ ਬਾਣੀ ਵਿਚ ਸਰੋਦ ਉਸਾਰੀ ਵਿਚ ਹਿੱਸਾ ਪਾਉਂਦੇ ਹਨ, ਓਪਰੇ ਨਹੀਂ ਸਗੋਂ ਪ੍ਰਕਿਰਤੀ ਵਿਚ ਆਪਣੇ ਆਲੇ ਦੁਆਲੇ ਜਾਂ ਪੰਜਾਬ ਦੇ ਘਰੋਗੀ-ਜੀਵਨ ਜਾਂ ਸਮਾਜਕ ਜੀਵਨ ਵਿਚੋਂ ਲਏ ਜਾ ਸਕਦੇ ਹਨ। ਜਿਵੇਂ:

ਅੰਮ੍ਰਿਤ, ਅੰਜਨ, ਅਲੀਅਲ (ਭਉਰਾ), ਆਲ ਜਾਲ (ਘਰ ਦੇ ਕੰਮ), ਅਖਾਰੇ (ਅਖਾੜਾ), ਅਉਖਧ, ਸਾਹੁਰੈ (ਸਹੁਰਾ ਘਰ), ਸੋਹਾਗਣਿ, ਸਉਦਾ, ਸਖੀ, ਸਸੂ, ਸੇਜ, ਸਾਗਰ, ਸੂਰਬੀਰ, ਹੰਸ, ਕੰਤ, ਕਪੜ, ਖੇਤੀ, ਚਿੜੀ, ਚਕਵੀ, ਚਾਤ੍ਰਿਕ, ਸੂਰ (ਸੂਰਜ), ਜਾਲ, ਜਲਥਲ, ਡੋਲ, ਝਿਮ ਝਿਮ, ਦਾਮਨੀ, ਤਰਵਰ, ਥਾਲ, ਧੂਪੈ-ਧੂਪ, ਪੇਈਅੜੈ (ਪੇਕਾ ਘਰ), ਪੰਖ (ਪੰਛੀ), ਪਾਹੁਨੜੇ, ਪੰਜ-ਜਨ, ਪੰਜ ਸਿੰਘ, ਪੰਚ-ਸੂਰਬੀਰ, ਪੰਜ-ਦੋਖੀ, ਪੰਚ-ਬਿਕਾਰ, ਬਿਖ, ਬਾਜੀਗਰ, ਬੰਕ-ਦੁਆਰੇ, ਮਾਣਕ-ਮੋਤੀ, ਮਾਲੀ, ਮਛਲੀ, ਮਾਲ-ਖਜੀਨਾ, ਰਤਨ, ਰੈਣ, ਰੂਪਵੰਤ, ਵਿਸਟਾ ਕਾ ਕੀੜਾ, ਵਣਜ, ਵਪਾਰ, ਵਾਹੇ ([illegible]), ਆਦਿਕ।

ਅਸੀਂ ਆਮ ਰੋਜ਼ਾਨਾ ਜੀਵਨ ਵਿਚ ਗੱਲਬਾਤ ਦੌਰਾਨ ਵੇਖਦੇ ਹਾਂ ਕਿ ਕਈ ਚੀਜ਼ਾਂ ਵਰਨਣ ਦੇ ਅਨੁਭਵ ਵਿਚ ਨਹੀਂ ਆਉਂਦੀਆਂ। ਉਹਨਾਂ ਦਾ ਪ੍ਰਗਟਾ ਕਿਸੇ ਦੂਜੀ ਸੁਭਾਵਕ ਮਿਲਦੀ ਵਸਤੂ ਦੁਆਰਾ ਕੀਤਾ ਜਾਂਦਾ ਹੈ। ਉਦਾਹਰਣ ਵਜੋਂ ਸੂਹੇ ਰੰਗ ਨੂੰ ਪਿਆਰ ਦਾ, ਮਜੀਠ ਰੰਗ ਨੂੰ ਨਾਮ ਦਾ ਤੇ ਕਸੁੰਭੇ ਨੂੰ ਮਾਇਆ ਦਾ ਪ੍ਰਤੀਕ ਮੰਨ ਲਿਆ ਜਾਂਦਾ ਹੈ। ਗੁਰਬਾਣੀ ਵਿਚ ਗੁਰੂ ਵਿਅਕਤੀਆਂ ਨੇ ਰਹੱਸਾਤਮਕ ਅਨੁਭਵ ਦੀ ਅਭਿਵਿਅੰਜਨਾ ਪ੍ਰਤੀਕਾਂ ਦੁਆਰਾ ਹੀ ਕੀਤੀ ਹੈ। ਇਸ ਤੋਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਪ੍ਰਤੀਕਾਂ ਦਾ ਮੁੱਖ ਕਾਰਜ ਅਜਿਹੇ ਗੂੜੇ ਅਨੁਭਵਾਂ ਦੀ ਅਭਿਵਿਅੰਜਨਾ ਹੈ ਜੋ ਵਰਨਣ ਦੁਆਰਾ ਅਭਿਵਿਅਕਤ ਕਰਨੇ ਕਠਿਨ ਹੁੰਦੇ ਹਨ।

## ਸੋਹਜਮਈ ਅਭਿਵਿਅੰਜਨਾ

ਸਰੋਦੀ ਕਵਿਤਾ ਵਿਚ ਵਿਸ਼ੇ ਦੀ ਸੋਹਜਮਈ ਅਭਿਵਿਅੰਜਨਾ ਵਿਸ਼ੇ ਨੂੰ ਅਜਿਹੇ ਢੰਗ ਨਾਲ

ਪ੍ਰਗਟਾਉਂਦਾ ਹੈ। ਗੁਰੂ ਜੀ ਨੇ ਗੁਰਬਾਣੀ ਵਿਚ ਖ਼ਾਸ ਕਰਕੇ ਪ੍ਰਤੀਕਾਂ ਦੀ ਵਰਤੋਂ ਇਸੇ ਉਦੇਸ਼ ਨੂੰ ਮੁੱਖ ਰਖਕੇ ਕੀਤੀ ਜਾਪਦੀ ਹੈ ਕਿਉਂਕਿ ਇਸ ਤਰ੍ਹਾਂ ਕਰਨ ਨਾਲ ਪਾਠਕ/ਸ੍ਰੋਤੇ ਤੇ ਡੂੰਘਾ ਅਸਰ ਹੁੰਦਾ ਹੈ।

ਸਰੇਸ਼ਟ ਕਵਿਤਾ ਵਿਚ ਸੋਹਜ ਜਾਂ ਸੁੰਦਰਤਾ ਦੀ ਅਭਿਵਿਅੰਜਨਾ ਸੁਹਜ ਭਾਵ ਜਾਂ ਸੁਹਜ ਵਿਚਾਰਾਂ ਦੁਆਰਾ ਹੀ ਸੰਭਵ ਹੈ। ਗੁਰੂ ਜੀ ਦੀ ਬਾਣੀ ਵਿਚ ਅਧਿਆਤਮਕ ਵਿਚਾਰਾਂ ਦੀ ਸੁਹਜਮਈ ਅਭਿਵਿਅੰਜਨਾ ਉਹਨਾਂ ਦੇ ਸੁਭਾ ਕਰਕੇ ਹੀ ਹੈ। ਡਾ. ਤਾਰਨ ਸਿੰਘ[1] ਨੇ ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚ ਸੁਹਜ ਪ੍ਰਭਾਵ ਬਾਰੇ ਵਿਚਾਰ ਕਰਦਿਆਂ ਕਿਹਾ ਹੈ, "ਗੁਰੂ ਅਰਜਨ ਸਾਹਿਬ ਦੀ ਸ਼ੈਲੀ ਵਿਚ ਇਕ ਸਾਊ ਸੁਹਿਰਦੀ ਦੀ ਨੁਹਾਰ ਹੈ।" ਗੁਰੂ ਅਰਜਨ ਸਾਹਿਬ ਦੀ ਬਾਣੀ ਵਿਚ ਵਿਚਾਰਾਂ ਦੀ ਸੁਹਜਮਈ ਅਭਿਵਿਅੰਜਨਾ ਹੋਈ ਹੈ। ਜਿਸ ਦੀ ਰੰਗਤ ਅਧਿਆਤਮਕਤਾ ਵਾਲੀ ਹੈ।

ਸੰਖੇਪਮਈ ਅਭਿਵਿਅੰਜਨਾ

ਪ੍ਰਤੀਕ ਕਿਸੇ ਵਲ ਇਸ਼ਾਰਾ ਕਰਦਾ ਹੈ। ਪ੍ਰਗਟਾ ਦੀ ਦ੍ਰਿਸ਼ਟੀ ਤੋਂ ਇਸ਼ਾਰਾ ਇਤਨੀ ਗੂੜ੍ਹੀ ਧਾਰਣਾ ਵਾਲਾ ਹੁੰਦਾ ਹੈ ਕਿ ਵਰਨਣਾਤਮਕ ਪ੍ਰਗਟਾ ਵੀ ਇਸ ਦਾ ਬਦਲ ਹੋਣ ਤੋਂ ਅਸਮਰਥ ਹੁੰਦਾ ਹੈ। ਕਹਿਣ ਦਾ ਭਾਵ ਇਹ ਹੈ ਕਿ ਇਸ਼ਾਰਾ ਅਧਿਕ ਸੰਖੇਪ ਹੁੰਦਾ ਹੈ।

ਉਪਰੋਕਤ ਵਿਚਾਰ ਨੂੰ ਅਸੀਂ ਗੁਰੂ ਜੀ ਦੀ ਬਾਣੀ ਵਿਚ ਵਰਤੇ ਕੁਝ ਕੁ ਪ੍ਰਤੀਕਾਂ ਦੁਆਰਾ ਸਪਸ਼ਟ ਕਰਨ ਦਾ ਜਤਨ ਕਰਦੇ ਹਾਂ।

ਸੇਜ:

ਆਰਾਮ ਦੇਣ ਵਾਲੇ ਬਿਸਤਰ ਨੂੰ ਸੇਜ ਕਿਹਾ ਜਾਂਦਾ ਹੈ। ਪੁਰਾਣੇ ਸਮਿਆਂ ਵਿਚ ਮਨੁੱਖ ਮੇਹਨਤ ਮਜ਼ਦੂਰੀ ਕਰਨ ਲਈ ਸਾਰਾ ਦਿਨ ਬਾਹਰ ਰਹਿੰਦਾ ਸੀ। ਇਸਤ੍ਰੀ ਸਾਰਾ ਦਿਨ ਘਰ 'ਚ ਕੰਮ ਕਰਦੀ ਸੀ। ਪਤੀ ਦਰਸ਼ਨ ਜਾਂ ਮਿਲਾਪ ਉਹਨੂੰ ਸਿਰਫ਼ ਸੇਜ ਤੇ ਹੀ ਹੁੰਦੇ ਸਨ। ਸੇਜਾਂ ਦਾ ਮਿਲਣਾ ਸੁਖਾਂ ਦੀ ਪ੍ਰਾਪਤੀ ਹੈ। ਨਾ ਮਿਲਣਾ ਵਿਚ ਦੁਖ ਹਨ। ਗੁਰੂ ਜੀ ਨੇ ਆਪਣੇ

1. ਗੁਰੂ ਗ੍ਰੰਥ ਸਾਹਿਬ ਦਾ ਸਾਹਿਤਕ ਇਤਿਹਾਸ, ਪੰਨਾ 426

ਅਧਿਆਤਮਕ ਵਿਚਾਰਾਂ ਦੀ ਸੁਹਜਮਈ ਤੇ ਸੰਕੇਤਮਈ ਅਭਿਵਿਅੰਜਨਾ 'ਸੇਜ' ਪ੍ਰਤੀਕ ਦੁਆਰਾ ਕੀਤੀ ਹੈ। ਇਸਤ੍ਰੀ (ਮਨੁੱਖ) ਤੇ ਪਤੀ (ਪਰਮਾਤਮਾ) ਦੇ ਪ੍ਰਤੀਕ ਹਨ।

(ੳ) ਅਨਹਦ ਵਾਜੇ ਵਜਹਿ ਘਰਿ ਮਹਿ ਪਿਰ ਸੰਗਿ ਸੇਜ ਵਿਛਾਈ।
ਬਿਨਵੰਤ ਨਾਨਕ ਸਹਿਜ ਰਹੈ ਹਰਿ ਮਿਲਿਆ ਕੰਤੁ ਸੁਖਦਾਈ।[1]

(ਰਾਗ ਗਉੜੀ ਛੰਤ ਮਹੱਲਾ - 5)

(ਅ) ਮੇਰੀ ਸੇਜੜੀਐ ਆਡੰਬਰੁ ਬਣਿਆ।
ਮਨਿ ਅਨਦੁ ਭਇਆ ਪ੍ਰਭ ਆਵਤ ਸੁਣਿਆ।[2]

(ਆਸ ਛੰਤ ਮਹੱਲਾ 5 ਘਰ 7)

(ੲ) ਹਰਿ ਚੰਦਉਰੀ ਦੇਖ ਕੂੜ ਸੇਜਾ ਰਾਵਿਆ।
ਲਬਿ ਲੋਭ ਅਹੰਕਾਰਿ ਮਾਤਾ ਗਰਬਿ ਭਇਆ ਸਮਾਇਣੁ।[3]

(ਆਸਾ ਮਹੱਲਾ - 5)

(ਸ) ਸੇਜ ਏਕ ਪ੍ਰਿਉ ਸੰਗਿ ਦਰਸੁ ਨ ਪਾਈਐ ਰਾਮ।
ਅਵਗਨ ਮੋਹਿ ਅਨੇਕ ਕਤ ਮਹਲਿ ਬੁਲਾਈਐ ਰਾਮ।[4]

(ਰਾਗ ਬਿਹਾਗੜਾ ਮਹੱਲਾ - 5)

(ਸ) ਸੇਜ ਸੁਹਾਵੀ ਸੰਗਿ ਪ੍ਰਭ ਕੈ ਆਪਣੇ ਪ੍ਰਭ ਕਰਿ ਲਏ।
ਛੋਡਿ ਚਿੰਤ ਅਚਿੰਤ ਹੋਏ ਬਹੁੜਿ ਦੂਖ ਨ ਪਾਇਆ।[5]

(ਬਿਹਾਗੜਾ ਮਹੱਲਾ - 5)

1. ਗੁਰੂ ਗ੍ਰੰਥ ਸਾਹਿਬ, ਪੰਨਾ 247
2. ਉਹੀ, ਪੰਨਾ 539
3. ਉਹੀ, ਪੰਨਾ 540
4. ਉਹੀ, ਪੰਨਾ 543
5. ਉਹੀ, ਪੰਨਾ 547

**ਸੱਚ:**

ਜੋ ਸਮੇਂ ਦੇ ਪ੍ਰਭਾਵ ਤੋਂ ਉਪਰ ਹੈ, ਉਹ ਸੱਚ ਹੈ। ਗੁਰਬਾਣੀ ਅਨੁਸਾਰ ਪਰਮਾਤਮਾ ਹੀ ਅਜਿਹੇ ਲਛਣ ਦਾ ਧਾਰਨੀ ਹੈ। ਇਸ ਕਰਕੇ ਸੱਚ ਨਾਲ ਸਬੰਧਤ ਹੈ। ਸੱਚ ਪਰਮਾਤਮਾ ਦੇ ਅਰਥ ਦੇਂਦਾ ਹੈ। ਗੁਰੂ ਅਰਜਨ ਦੇਵ ਨੇ ਇਸ ਪ੍ਰਤੀਕ ਰਾਹੀਂ ਵਿਸ਼ਾਲ ਅਰਥਾਂ ਨੂੰ ਕੁਝ ਕੁ ਸ਼ਬਦਾਂ ਰਾਹੀਂ ਸੁੰਦਰ ਢੰਗ ਨਾਲ ਅਭਿਵਿਅਕਤ ਕੀਤਾ ਹੈ।

(ੳ) ਸਚੁ ਪਾਤਿਸਾਹੀ ਅਮਰੁ ਸਚੁ ਸਚੇ ਸਚਾ ਥਾਨੁ।
ਸਚੀ ਕੁਦਰਤਿ ਧਾਰੀਅਨੁ ਸਚਿ ਸਿਰਜਿਓਨੁ ਜਹਾਨੁ।[1]

(ਸਿਰੀ ਰਾਗ ਮਹੱਲਾ - 5)

ਉਪਰੋਕਤ ਤੁਕਾਂ ਵਿਚ 'ਸਚ' ਨੂੰ ਬਾਰ ਬਾਰ ਵਰਤਕੇ ਸ਼ੈਲੀ ਨੂੰ ਸੰਗੀਤਾਤਮਕਤਾ ਬਖਸ਼ੀ ਹੈ।

(ਅ) ਭਗਤਾ ਕੀ ਟੇਕ ਤੂੰ ਸੰਤਾ ਕੀ ਓਟ ਤੂੰ ਸਚਾ ਸਿਰਜਨਹਾਰਾ।[2]

(ਸੂਹੀ ਮਹੱਲਾ - 5)

**ਮਛਲੀ:**

ਮਛਲੀ ਪਾਣੀਆਂ ਦੀ ਵਾਸੀ ਇਕ ਜੀਵ ਹੈ। ਇਹ ਪਾਣੀ ਤੋਂ ਬਿਨਾਂ ਜੀਵਤ ਨਹੀਂ ਰਹਿ ਸਕਦੀ। ਮਛਲੀ ਦਾ ਜੀਵਨ ਹੀ ਪਾਣੀ ਹੈ। ਗੁਰੂ ਅਰਜਨ ਦੇਵ ਨੇ ਆਪਣੇ ਅਧਿਆਤਮਕ ਅਨੁਭਵ ਦੁਆਰਾ ਭਗਤਾਂ ਦੇ ਪਰਮਾਤਮਾ ਪ੍ਰਤਿ ਪ੍ਰੇਮ ਨੂੰ ਸੰਖੇਪਮਈ ਪਰੰਤੂ ਸੁੰਦਰ ਸ਼ਬਦਾਂ ਵਿਚ 'ਮਛਲੀ' ਦੇ ਪ੍ਰਤੀਕ ਦੁਆਰਾ ਅਭਿਵਿਅਕਤ ਕੀਤਾ ਹੈ।

(ੳ) ਮੋਹਿ ਮਛੁਲੀ ਤੁਮ ਨੀਰ ਤੁਝ ਬਿਨੁ ਕਿਉ ਸਰੈ।
ਮੋਹਿ ਚਾਤ੍ਰਿਕ ਤੁਮ ਬੂੰਦ ਤ੍ਰਿਪਤਉ ਮੁਖਿ ਪਰੈ।[3]

(ਬਿਲਾਵਲ ਮਹੱਲਾ - 5 ਛੰਤ)

1. ਬਾਣੀ ਗੁਰੂ ਅਰਜਨ ਦੇਵ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਪੰਨਾ 8
2. ਉਹੀ, ਪੰਨਾ 338
3. ਗੁਰੂ ਗ੍ਰੰਥ ਸਾਹਿਬ, ਪੰਨਾ 247

(ਖ) ਜਿਉ ਰਾਤੀ ਜਲਿ ਮਾਛੁਲੀ ਤਿਉ ਰਾਮ ਰਸਿ ਮਾਤੇ ਰਾਮ ਰਾਜੇ।[1]

(ਆਸਾ ਛੰਤ ਮਹੱਲਾ - 5, ਘਰ 4)

(ਏ) ਮੀਨਾ ਜਲ ਹੀਨ ਮੀਨਾ ਜਲ ਹੀਨ ਹੇ ਓਹ ਬਿਛੁਰਤ ਮਨ ਤਨ ਖੀਨ ਹੇ।[2]
ਕਤ ਜੀਵਨੁ ਪ੍ਰਿਅ ਬਿਨੁ ਹੋਤ।

(ਆਸਾ ਮਹੱਲਾ - 5 ਘਰ 8)

(ਸ) ਤੂੰ ਜਲਨਿਧਿ ਹਮ ਮੀਨ ਤੁਮਾਰੇ। ਤੇਰਾ ਨਾਮ ਬੂੰਦ ਹਮ ਚਾਤ੍ਰਿਕ ਤਿਖਹਾਰੇ।[3]

(ਮਾਝ ਮਹੱਲਾ - 5)

<u>ਚਿੜੀ ਦਾ ਚੂਹਕਣਾ</u>

ਪੰਜਾਬ ਵਿਚ ਗਰਮੀਆਂ ਦੀ ਸਵੇਰ ਜਦੋਂ ਠੰਢੀ ਹਵਾ ਵਗ ਰਹੀ ਹੁੰਦੀ ਹੈ ਤਾਂ ਚਿੜੀਆਂ ਚੂਹਕਦੀਆਂ ਸੁਣਾਈ ਦੇਂਦੀਆਂ ਹਨ। ਇਹ ਵਾਤਾਵਰਣ ਖ਼ਾਸ ਕਰਕੇ ਪਿੰਡਾਂ ਵਿਚ ਬਹੁਤ ਦਿਲ-ਲੁਭਾਵਣਾ ਹੁੰਦਾ ਹੈ। 'ਚਿੜੀ ਦਾ ਚੂਹਕਣਾ'' ਸਵੇਰ ਹੋਣ ਦਾ ਪ੍ਰਤੀਕ ਹੈ। ਗੁਰੂ ਅਰਜਨ ਦੇਵ ਨੇ ਇਸ ਸਵੇਰ ਦੇ ਵਾਤਾਵਰਣ ਨੂੰ ਕਿੰਨੀ ਦਿਲ ਖਿਚਵੀਂ ਅਲੰਕਾਰਾਤਮਕ ਸ਼ਬਦਾਵਲੀ ਦੁਆਰਾ ਸੁੰਦਰ ਤੇ ਸੰਖੇਪ ਢੰਗ ਵਿਚ ਪੇਸ਼ ਕੀਤਾ ਹੈ। ਇਹ ਉਹ ਸਮਾਂ ਹੈ ਜਦੋਂ ਭਗਤਾਂ ਦੇ ਮਿੱਠੇ ਬੋਲ, ਪ੍ਰਭੂ ਦਾ ਨਾਂ ਜਪਦੇ ਸੁਣਾਈ ਦਿੰਦੇ ਹਨ।

ਚਿੜੀ ਚੁਹਕੀ ਪਹੁ ਫੁਟੀ ਵਗਨਿ ਬਹੁਤੁ ਤਰੰਗ।
ਅਚਰਜ ਰੂਪ ਸੰਤਨ ਰਚੇ ਨਾਨਕ ਨਾਮਹਿ ਰੰਗ।[4]

(ਗਉੜੀ ਦੀ ਵਾਰ ਮਹੱਲਾ - 5)

ਉਪਰੋਕਤ ਵਿਚਾਰ ਦੇ ਨਤੀਜੇ ਵਜੋਂ ਕਿਹਾ ਜਾ ਸਕਦਾ ਹੈ ਕਿ ਗੁਰੂ ਅਰਜਨ ਦੇਵ ਨੇ ਪ੍ਰਤੀਕਾਂ ਦੀ ਵਰਤੋਂ ਕਰਕੇ ਆਪਣੀ ਬਾਣੀ ਵਿਚ ਅਜੀਬ ਤੇ ਅਲੰਕਾਰਾਤਮਕ ਰੰਗ ਬੰਨ੍ਹਿਆ ਹੈ।

1. <u>ਗੁਰੂ ਗ੍ਰੰਥ ਸਾਹਿਬ</u>, ਪੰਨਾ 454
2. ਉਹੀ, ਪੰਨਾ 462
3. ਉਹੀ, ਪੰਨਾ 100
4. ਉਹੀ, ਪੰਨਾ 319

ਉਹਨਾਂ ਦੇ ਪ੍ਰਤੀਕ ਪਾਠਕ/ਸ੍ਰੋਤੇ ਨੂੰ ਸੋਚਣ ਲਈ ਮਜਬੂਰ ਕਰਦੇ ਹਨ ਕਿਉਂਕਿ ਗੁਰੂ ਜੀ ਦੇ ਪ੍ਰਤੀਕ ਵਿਖਿਆਤਮਕਤਾ ਲਈ ਸੁਝਾਅ ਉਪਾਅ ਪੇਸ਼ ਕਰਦੇ ਹਨ।

## 2. ਸੰਗੀਤਕ ਤੱਤਾਂ ਦੀ ਵਰਤੋਂ ਨਾਲ ਸਰੋਦ :

ਸਰੋਦੀ ਕਵਿਤਾ ਦੀ ਪਰਿਭਾਸ਼ਾ ਸਥਾਪਿਤ ਕਰਨ ਲਗਿਆਂ ਇਹ ਵੇਖ ਚੁਕੇ ਹਾਂ ਕਿ ਸੰਗੀਤ ਸਰੋਦੀ ਕਵਿਤਾ ਦਾ ਪ੍ਰਮੁੱਖ ਲਛਣ ਹੈ। ਕਵਿਤਾ ਵਿਚ ਸੰਗੀਤ ਦਾ ਸਮਾਵੇਸ਼ ਬਹੁਤ ਮਹੱਤਵਪੂਰਨ ਹੈ। ਡਾ. ਜੀ.ਐਸ. ਨਰੂਲਾ[1] ਅਨੁਸਾਰ ਸੰਗੀਤ ਸਰਵਣ ਕਰਨ ਨਾਲ ਹਿਰਦੇ ਦੀ ਕਠੋਰਤਾ, ਕੁਟਤਾ ਅਤੇ ਉਦਾਸੀ ਨਸ਼ਟ ਹੁੰਦੀ ਹੈ। ਉਹ ਸੰਗੀਤ ਦਾ ਸਬੰਧ ਹਿਰਦੇ ਨਾਲ ਸਥਾਪਿਤ ਕਰਦੇ ਹੋਏ ਸੰਗੀਤ ਨੂੰ ਇਕਾਗਰ ਚਿੱਤ ਹੋਣ ਦਾ ਪ੍ਰਮੁਖ ਸਾਧਨ ਮੰਨਦੇ ਹਨ। ਮਨ ਦੀ ਇਕਾਗਰਤਾ ਅਧਿਆਤਮਕਤਾ ਦਾ ਮੂਲ ਸੋਮਾ ਹੈ। ਇਸ ਦੀ ਪ੍ਰਾਪਤੀ ਤੋਂ ਬਾਅਦ ਹੀ ਇਛਾ ਸ਼ਕਤੀ ਦਾ ਵਿਕਾਸ ਹੁੰਦਾ ਹੈ।[2] ਇਸੇ ਕਰਕੇ ਸੰਤਾਂ, ਫਕੀਰਾਂ ਅਤੇ ਸਿੱਖ ਗੁਰੂਆਂ ਨੇ ਆਪਣੀ ਵਿਚਾਰਧਾਰਾ ਦਾ ਪ੍ਰਚਾਰ ਸੰਗੀਤ ਮਾਧਿਅਮ ਰਾਹੀਂ ਕੀਤਾ।

ਵਿਚਾਰਨਯੋਗ ਨੁਕਤਾ ਇਹ ਹੈ ਕਿ ਗੁਰੂ ਅਰਜਨ ਦੇਵ ਜੀ ਨੇ ਬਾਣੀ ਵਿਚ ਸਰੋਦ ਪੈਦਾ ਕਰਨ ਲਈ ਬਾਣੀ ਨੂੰ ਸੰਗੀਤਕ ਕਿਵੇਂ ਬਣਾਇਆ? ਇਸ ਸਵਾਲ ਦਾ ਉੱਤਰ ਲਭਣ ਲਈ ਪਹਿਲਾਂ ਕਵਿਤਾ ਤੇ ਸੰਗੀਤ ਦੇ ਸਬੰਧ ਤੇ ਵਿਚਾਰ ਕਰਨੀ ਪਵੇਗੀ।

ਐਲਨ ਪੋ ਨੇ ਕਾਵਿਕ-ਸੰਗੀਤ ਨੂੰ ਬਹੁਤ ਮਹੱਤਤਾ ਦਿੱਤੀ ਹੈ। ਉਹ ਤਾਂ ਸੁੰਦਰ ਵਿਚਾਰਾਂ ਤੇ ਸੰਗੀਤ ਦੇ ਸੁਮੇਲ ਨੂੰ ਹੀ ਕਵਿਤਾ ਮੰਨਦਾ ਹੈ।[3] ਉਹਨਾਂ ਮੁਤਾਬਕ, "ਸੰਗੀਤ ਵਿਚ ਜਦੋਂ ਕਾਵਿਕ-ਭਾਵਨਾਵਾਂ ਅਭਿਵਿਅਕਤ ਕੀਤੀਆਂ ਜਾਂਦੀਆਂ ਹਨ ਤਾਂ ਆਤਮਾ ਆਪਣੇ ਅੰਤਮ ਨਕਸ਼ - ਉੱਤਮ ਸੌਂਦਰਯ, ਜਿਸ ਦੀ ਪ੍ਰਾਪਤੀ ਲਈ ਉਹ ਲੋਚਦੀ ਹੈ, ਦੇ ਲਗਭਗ ਨਜ਼ਦੀਕ ਪਹੁੰਚ

1. ਸੰਗੀਤ ਵਿਚਾਰਧਾਰਾ, ਪੰਨਾ 112
2. ਉਹੀ, ਪੰਨਾ 112
3. "Music, when combind with a pleasurable idea, is poetry."
   Herbert Read, Phases of English Poetry, p. 115

ਜਾਂਦੀ ਹੈ।"[1] ਕਹਿਣ ਤੋਂ ਭਾਵ ਉਹਦਾ ਇਹੀ ਜਾਪਦਾ ਹੈ ਕਿ ਕਾਵਿਕ-ਸੰਗੀਤ ਵਿਚ ਹਿਰਦੇ ਨੂੰ ਸਪਰਸ਼ ਕਰਨ ਦੀ ਅਪਾਰ ਸ਼ਕਤੀ ਹੈ।

ਹਰਬਰਟ ਰੀਡ ਕਵਿਤਾ ਦੇ ਤਿੰਨ ਮੁੱਖ ਤੱਤ ਮੰਨਦੇ ਹਨ। ਧੁਨੀ, ਭਾਵ ਅਤੇ ਵਿਚਾਰ।[2] ਉਹਨਾਂ ਮੁਤਾਬਕ ਧੁਨੀ ਵਿਚ ਉਹ ਸਾਰੀ ਸੰਗੀਤਕ ਵਿਸ਼ੇਸ਼ਤਾਵਾਂ ਸ਼ਾਮਲ ਹੁੰਦੀਆਂ ਹਨ ਜਿਹੜੀ ਵਰਣਾਂ, ਸਵਰਾਂ ਤੇ ਵਿਅੰਜਨਾਂ ਦੇ ਚੰਗੇ ਸੁਮੇਲ ਰਾਹੀਂ ਪੈਦਾ ਹੁੰਦੀਆਂ ਹਨ।[3] ਡਾ. ਡੀ.ਐਸ. ਨਰੂਲਾ ਵੀ ਲਲਿਤ ਕਲਾਵਾਂ ਦੇ ਅੰਤਰਮੁਖੀ ਸਬੰਧਾਂ ਦਾ ਮੂਲਆਧਾਰ ਸੁਰ ਗਿਆਨ ਅਤੇ ਵਰਣ ਗਿਆਨ (ਸਵਰਬੋਧ ਤੇ ਵਰਣਬੋਧ) ਦੋਹਾਂ ਦਾ ਪਰਸਪਰ ਸਬੰਧਿਤ ਹੋਣਾ ਮੰਨਦੇ ਹਨ।[4] ਸਵਰਾਂ ਤੇ ਵਰਣਾਂ ਦੇ ਸੁਮੇਲ ਨਾਲ ਅੱਖਰ ਜਾਂ ਸ਼ਬਦ ਬਣਦੇ ਹਨ।

ਉਪਰੋਕਤ ਵਿਚਾਰ ਦਾ ਸਿੱਟਾ ਇਹ ਨਿਕਲਿਆ ਕਿ ਕਵਿਤਾ ਵਿਚ ਸੰਗੀਤ ਸ਼ਾਬਦਿਕ ਧੁਨੀਆਂ, ਵਰਣਕ ਧੁਨੀਆਂਤੇ ਸਵਰ-ਬੋਧ ਧੁਨੀਆਂ ਰਾਹੀਂ ਵੀ ਪੈਦਾ ਹੁੰਦਾ ਹੈ। ਇਹਨਾਂ ਵਿਚਾਰਾਂ ਦੇ ਸੰਦਰਭ ਵਿਚ, ਗੁਰੂ ਅਰਜਨ ਬਾਣੀ ਵਿਚਲੇ ਸੰਗੀਤਕ ਤੱਤਾਂ, ਜਿਹਨਾਂ ਰਾਹੀਂ ਉਹਨਾਂ ਨੇ ਬਾਣੀ ਨੂੰ ਸਰੋਦਕ ਬਣਾਇਆ, ਨੂੰ ਹੇਠ ਲਿਖੇ ਪਹਿਲੂਆਂ ਤੋਂ ਵਿਚਾਰਿਆ ਜਾ ਸਕਦਾ ਹੈ।

(ੳ) ਸ਼ਾਬਦਿਕ ਸੰਗੀਤ

(ਅ) ਵਰਣਕ ਸੰਗੀਤ

(ੲ) ਸਵਰ-ਬੋਧ ਸੰਗੀਤ

(ੳ) <u>ਸ਼ਾਬਦਿਕ-ਸੰਗੀਤ:</u> ਕਵਿਤਾ ਵਿਚ ਰਾਗ ਦੀ ਅਭਿਵਿਅਕਤੀ ਸ਼ਬਦਾਂ ਦੁਆਰਾ ਹੁੰਦੀ ਹੈ। ਸੰਗੀਤ ਦਾ ਮਾਧਿਅਮ ਨਾਦ ਹੈ ਤੇ ਸਰੋਦੀ ਕਵਿਤਾ ਦਾ ਮਾਧਿਅਮ ਨਾਦਮਈ ਸ਼ਬਦ ਹਨ।

1. "It is music, perhaps, that the soul most nearly attai the great end for which, when inspired by the poetic sentiments, it struggles- the creation of supreme beauty."

   Herbert Read, <u>Phases of English Poetry</u>, p. 115

2. "The three elements may be distinguished as sound, sense and suggestion." <u>Ibid</u>, p. 120

3. "Sound would include all those purely musical qualities which arise from the happy combination of vocables- of vowels and consonants in association, <u>Ibid</u>, p. 120

4. ਉਚੇਰੇ ਸੰਗੀਤ ਨਿਬੰਧ (ਭਾਗ ਪਹਿਲਾ) ਲਿਟਰੇਚਰ ਹਾਊਸ ਪੁਤਲੀ ਘਰ ਅੰਮ੍ਰਿਤਸਰ, ਪੰਨਾ 11

ਕਵਿਤਾ ਵਿਚ ਸ਼ਾਬਦਿਕ ਲੈਅ-ਵਿਸਤਾਰ, ਭਾਵ ਨੂੰ ਵੀ ਵਧੇਰੇ ਸਪਸ਼ਟ ਤੇ ਪ੍ਰਭਾਵਪੂਰਨ ਬਣਾਉਂਦਾ ਹੈ। ਸ਼ਾਬਦਿਕ ਸੰਗੀਤ, ਇਕ ਖ਼ਾਸ ਕੰਬਣ-ਲਹਿਰ ਜਾਂ ਜਾਦੂਈ-ਅਸਰ ਰਾਹੀਂ ਸਾਨੂੰ ਅੰਤਰਆਤਮਾ ਵਲ ਪ੍ਰੇਰਤ ਕਰਦਾ ਹੈ। ਇਸ ਤਰ੍ਹਾਂ ਭਾਵ ਤੇ ਸ਼ਾਬਦਿਕ ਸੰਗੀਤ ਇਕ ਦੂਜੇ ਦੇ ਪੂਰਕ ਹੋ ਨਿਬੜਦੇ ਹਨ। ਸਰੋਦੀ ਕਵਿਤਾ ਵਿਚ ਸ਼ਾਬਦਿਕ ਸੰਗੀਤ ਦੀ ਪੂਰਣ ਸਾਰਥਕਤਾ ਉਥੇ ਸਿਧ ਹੁੰਦੀ ਹੈ ਜਿਥੇ ਭਾਵ ਅਨੁਕੂਲ ਪ੍ਰਭਾਵ, ਕਲਪਨਾ ਦੇ ਮੂਰਤੀ-ਵਿਧਾਨ ਅਥਵਾ ਅਨੁਭੂਤੀ ਦੇ ਸਪਰਸ਼ਾਂ ਨੂੰ ਇਕਤਾਨ ਕਰ ਦੇਂਦਾ ਹੈ। ਗੁਰੂ ਅਰਜਨ ਦੇਵ ਨੇ ਇਸ ਕਾਰਜ ਨੂੰ ਨੇਪਰੇ ਚਾੜ੍ਹਨ ਲਈ ਸ਼ਾਬਦਿਕ ਸੰਗੀਤ ਦੀ ਚੇਤੰਨ ਭਾਵ ਵਰਤੋਂ ਕੀਤੀ ਹੈ:

> ਹਰਿ ਜੀਉ ਜਾਤੁ ਮੇਰਾ ਮਿਤ੍ਰੁ ਹੈ ਤਾ ਕਿਆ ਮੈ ਕਾੜਾ।
> ਜਿਨੀ ਠਗੀ ਜਗੁ ਠਗਿਆ ਸੇ ਤੁਧੁ ਮਾਰਿ ਨਿਵਾੜਾ।
> ਗੁਰ ਭਉਜਲੁ ਪਾਰਿ ਲੰਘਾਇਆ ਜਿਤਾ ਪਾਵਾੜਾ।
> ਗੁਰਮਤੀ ਸਭਿ ਰਸ ਭੋਗਦਾ ਵਡਾ ਆਖਾੜਾ।[1]
>
> (ਮਾਰੂ ਮਹੱਲਾ - 5)

ਉਪਰੋਕਤ ਕਾਵਿ-ਤੁਕਾਂ ਵਿਚ ਕਾੜਾ, ਨਿਵਾੜਾ, ਪਾਵਾੜਾ ਤੇ ਆਖਾੜਾ ਸ਼ਬਦਾਂ ਵਿਚ ਸੰਗੀਤਕ ਲੈਅ ਹੈ। ਸ਼ਾਬਦਿਕ ਤਕਨੀਕ ਦੀ ਇਹ ਜੁਗਤ ਅਰਥ-ਲੈਅ ਦੇ ਨਾਲ ਨਾਲ ਭਾਵ-ਇਕਾਗਰਤਾ ਨੂੰ ਵੀ ਸਪਸ਼ਟ ਕਰਦੀ ਹੈ। ਇਹਨਾਂ ਸ਼ਬਦਾਂ ਦੇ ਅਰਥ ਕ੍ਰਮਵਾਰ ਚਿੰਤਾ, ਨਿਵਾਰਨਾ, ਜੰਗ, ਸਾਧੂ ਮੰਡਲੀ ਆਦਿ ਹਨ। ਇਹਨਾਂ ਸ਼ਬਦਾਂ ਦੇ ਬਦਲ ਨਾਲ ਕਵਿਤਾ ਦੇ ਅਰਥ ਤਾਂ ਭਾਵੇਂ ਨਾ ਬਦਲਨ ਪਰੰਤੂ ਕਵਿਤਾ ਦੀ ਸੰਗੀਤਕਤਾ ਜ਼ਰੂਰ ਭੰਗ ਹੋ ਜਾਵੇਗੀ। ਇਸੇ ਕਰਕੇ ਸੀ ਹੈਰੋ[2] ਨੇ ਕਿਹਾ ਹੈ ਕਿ ਸ਼ਾਬਦਿਕ ਤਕਨੀਕ ਦੁਆਰਾ ਪੈਦਾ ਕੀਤਾ ਸੰਗੀਤ ਕਿਸੇ ਵੀ ਗਾਵਣ ਵਜਾਉਣ ਵਾਲੇ ਸੰਗੀਤ ਤੋਂ ਘੱਟ ਨਹੀਂ।

1. <u>ਗੁਰੂ ਗ੍ਰੰਥ ਸਾਹਿਬ</u>, ਪੰਨਾ 1097

2. "... that the music which is produced by instrumentality of words is different in kind is not less a degree true music, than the music which is sung or played."
   <u>Six Famous Living Poets</u>, p. 220

ਗੁਰੂ ਅਰਜਨ ਬਾਣੀ ਵਿਚ ਸ਼ਾਬਦਿਕ ਸੰਗੀਤ ਉਥੇ ਸਪਸ਼ਟ ਨਜ਼ਰ ਆਉਂਦਾ ਹੈ ਜਦੋਂ ਉਹ ਇਕ ਹੀ ਸ਼ਬਦ ਨੂੰ ਕਵਿਤਾ ਵਿਚ ਸੰਯੁਕਤ ਰੂਪ ਵਿਚ ਜਾਂ ਬਾਰ ਬਾਰ ਵਿਭਿੰਨ ਜਾਂ ਵਿਅੰਜਨਾਰਥਾਂ ਦੇ ਸੰਦਰਭ ਵਿਚ ਵਰਤਦੇ ਹਨ। ਅਜਿਹੀ ਦਸ਼ਾ ਵਿਚ ਗੁਰੂ ਜੀ ਸ਼ਬਦਾਂ ਦੀ ਹਲਕੀ ਜੇਹੀ ਭੰਨ ਤੋੜ ਜਾਂ ਜੋੜ ਦੁਆਰਾ ਜਿਥੇ ਸ਼ਬਦ ਦੇ ਮੂਲ ਜਾਂ ਵਜ਼ਨ ਨੂੰ ਵਧਾਉਂਦੇ ਹਨ ਉਥੇ ਕਵਿਤਾ ਵਿਚ ਸਰੋਦਾਤਮਕ ਲੈਅ ਵੀ ਪੈਦਾ ਕਰਦੇ ਹਨ।

ਸਾਜਨੜਾ ਮੇਰਾ ਸਾਜਨੜਾ ਨਿਕਟ ਖਲੋਇਅੜਾ ਮੇਰਾ ਸਾਜਨੜਾ
ਜਾਨੀਅੜਾ ਹਰਿ ਜਾਨੀਅੜਾ ਨੈਣ ਅਲੋਇਅੜਾ ਹਰਿ ਜਾਨੀਅੜਾ।[1]

(ਰਾਮਕਲੀ ਮਹੱਲਾ - 5)

ਉਪਰੋਕਤ ਕਾਵਿ-ਤੁਕਾਂ ਵਿਚ ਸਾਜਨ, ਜਾਨੀ, ਨੈਣ ਤੇ ਅਲੋਇ ਆਦਿ ਸ਼ਬਦਾਂ ਨੂੰ 'ੜਾ' ਦੇ ਵਧੀਕ ਨਾਲ ਪੇਸ਼ ਕੀਤਾ ਹੈ। ਇਸ ਤਦ੍ਵਾਂਕਰਨ ਨਾਲ ਗੁਰੂ ਜੀ ਨੇ ਸੰਗੀਤਕ-ਸੁਰ ਵਿਚ ਭਾਵ ਨੂੰ ਵਧੇਰੇ ਸਰੋਦਮਈ ਰੰਗ ਵਿਚ ਬੰਨ੍ਹ ਕੇ ਪੇਸ਼ ਕੀਤਾ ਹੈ। ਇਹ ਸ਼ਬਦ ਸੋਹਣੇ ਸੱਜਣ ਦਾ ਚਿਤ੍ਰ ਅੱਖਾਂ ਗੋਚਰ ਕਰਦੇ ਮਾਲੂਮ ਹੁੰਦੇ ਹਨ। ਇਹਨਾਂ ਦਾ ਪ੍ਰਭਾਵ ਪਾਠਕ/ਸ੍ਰੋਤਾ ਨੂੰ ਕੀਲਣ ਦੀ ਸਕਤੀ ਰੱਖਦਾ ਹੈ।

ਗੁਰੂ ਅਰਜਨ ਦੇਵ ਕਈ ਵਾਰ ਕਾਵਿ-ਚਿਤ੍ਰ ਦੇ ਬਾਰੇ ਵਿਚ ਸੰਯੁਕਤ ਸ਼ਬਦਾਂ ਦੇ ਦੁਹਰਾਓ ਨੂੰ ਕੁਝ ਬਦਲਵੇਂ ਸ਼ਬਦਾਂ ਨਾਲ ਮਿਲਾ ਕੇ ਇਸ ਤਰ੍ਹਾਂ ਜੜਦੇ ਹਨ ਜਿਹੜੇ ਇਕ ਸੁਖਦ ਵਾਤਾਵਰਣ ਦਾ ਚਿਤ੍ਰਣ ਕਰ ਦਿੰਦੇ ਹਨ।

ਹਰਿ ਸੰਗਿ ਰਾਤੇ ਭਾਹਿ ਨ ਜਲੈ।
ਹਰਿ ਸੰਗਿ ਰਾਤੇ ਮਾਇਆ ਨਹੀ ਛਲੈ।
ਹਰਿ ਸੰਗਿ ਰਾਤੇ ਨਹੀ ਡੂਬੈ ਜਲੈ।
ਹਰਿ ਸੰਗਿ ਰਾਤੇ ਸੁਫਲ ਫਲਾ।[2]

(ਗਉੜੀ ਮਹੱਲਾ - 5)

---

1. ਗੁਰੂ ਗ੍ਰੰਥ ਸਾਹਿਬ, ਪੰਨਾ 924
2. ਉਹੀ, ਪੰਨਾ 201

ਉਪਰੋਕਤ ਕਾਵਿ-ਤੁਕਾਂ ਵਿਚ 'ਹਰਿ ਸੰਗਿ ਰਾਤੇ' ਸ਼ਬਦ ਨੂੰ ਕੁਝ ਬਦਲਵੇਂ ਸ਼ਬਦਾਂ ਨਾਲ ਮਿਲਾ ਕੇ ਬਾਰ ਬਾਰ ਦੁਹਰਾ ਕੇ ਪੇਸ਼ ਕੀਤਾ ਹੈ। ਇਹ ਦੁਹਰਾਓ ਹਰ ਇਕ ਤੁਕ ਵਿਚ ਨਵੇਂ ਅਰਥਾਂ ਦੇ ਸੰਦਰਭ ਨੂੰ ਉਜਾਗਰ ਕਰਦਾ ਹੈ। ਪਰੰਤੂ ਇਹ ਨਵੇਂ ਅਰਥ 'ਹਰਿ ਸੰਗਿ ਰਾਤੇ' ਨਾਲ ਮਿਲ ਕੇ ਇਕੋ ਵਾਤਾਵਰਣ ਦਾ ਸਿਰਜਣ ਕਰਦੇ ਹਨ। ਇਹ ਸੰਯੁਕਤ ਸ਼ਾਬਦਿਕ ਦੁਹਰਾਓ ਇਕ ਸੰਗੀਤਬਧ ਲੈਅ ਤਾਂ ਪੈਦਾ ਕਰਦਾ ਹੀ ਹੈ ਪਰੰਤੂ ਨਾਲ ਹੀ ਭਾਵ ਨੂੰ ਇਕਾਗਰ ਪ੍ਰਵਿਰਤੀ ਰਾਹੀਂ ਅਭਿਵਿਅਕਤ ਕਰਦਾ ਹੈ।

ਉਪਰੋਕਤ ਵਿਚਾਰ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਗੁਰੂ ਅਰਜਨ ਦੇਵ ਜੀ ਨੇ ਸ਼ਾਬਦਿਕ ਤਕਨੀਕ ਦੀ ਜੁਗਤ ਦੁਆਰਾ ਬਾਣੀ ਵਿਚ ਸੰਗੀਤਕਤਾ ਪੈਦਾ ਕੀਤੀ ਹੈ। ਸ਼ਾਬਦਿਕ-ਵਰਤੋਂ ਦੀ ਜੁਗਤਾਂ ਸਦਕਾ, ਪ੍ਰਚਲਤ-ਸ਼ਬਦਾਂ ਨੂੰ ਆਪਣੇ ਅੰਦਾਜ਼-ਇ-ਰੰਗ ਵਿਚ ਰੰਗ ਕੇ, ਆਮ ਤੋਂ ਖ਼ਾਸ ਬਣਾ ਕੇ, ਇਹਨਾਂ ਸ਼ਬਦਾਂ ਦੁਆਰਾ ਕਵਿਤਾ ਵਿਚ ਸਰੋਦੀ ਅੰਸ਼ ਪੈਦਾ ਕੀਤਾ ਹੈ।

(ਅ) ਵਰਣਕ ਸੰਗੀਤ: ਭਾਸ਼ਾ ਦੀ ਅੰਸ਼ਕ ਧੁਨੀ ਵਰਣ ਜਾਂ ਵਿਅੰਜਨ ਹੈ। ਗੁਰਬਾਣੀ ਨੂੰ ਗੰਭੀਰ ਦਿਲਚਸਪੀ ਨਾਲ ਪੜ੍ਹਨ ਤੋਂ ਵਿਅੰਜਨ ਧੁਨੀਆਂ ਦੇ ਸਹੀ ਮੁਲ ਨੂੰ ਪਛਾਣਿਆ ਜਾ ਸਕਦਾ ਹੈ ਕਿ ਇਹ ਕਿਵੇਂ ਮਨ ਤੇ ਇਕ ਖ਼ਾਸ ਅਸਰ ਪਾਉਂਦੀਆਂ ਹਨ। ਵਿਅੰਜਨ ਧੁਨੀਆਂ ਨੂੰ ਉਚਾਰਣ ਵੇਲੇ ਫੇਫੜਿਆਂ ਚੋਂ ਨਿਕਲਣ ਵਾਲੀ ਹਵਾ ਧੁਨੀ ਯੰਤਰ ਵਿਚ ਕਿਸੇ ਥਾਂ ਰੁਕ ਜਾਂਦੀ ਹੈ, ਕਿਸੇ ਥਾਂ ਰਗੜ ਖਾਂਦੀ ਹੈ ਤੇ ਕਿਤੇ ਜੀਭ ਦੇ ਕਿਸੇ ਪਾਸੇ ਤੋਂ ਹੋ ਕੇ ਲੰਘਦੀ ਹੈ।[1] ਕਈ ਵਿਅੰਜਨ ਧੁਨੀਆਂ ਦੇ ਉਚਾਰਣ ਵੇਲੇ ਕੰਬਣੀ ਤੇ ਥਰਥਰਾਹਟ ਪੈਦਾ ਹੁੰਦੀ ਹੈ। ਇਸ ਤਰ੍ਹਾਂ ਇਹ ਵਿਅੰਜਨ ਧੁਨੀਆਂ ਸੰਗੀਤਮਈ ਹੁੰਦੀਆਂ ਹਨ। ਪਰੰਤੂ ਅਜਿਹੇ ਵਰਣ ਜਾਂ ਵਿਅੰਜਨ ਜਿਹਨਾਂ ਦੇ ਬੋਲਣ ਸਮੇਂ ਮੂੰਹ ਬਹੁਤ ਘੱਟ ਖੁਲ੍ਹਦਾ ਹੈ ਸੰਗੀਤਕ ਨਹੀਂ ਹੁੰਦੀਆਂ। ਕਵੀ ਅਜਿਹੀ ਧੁਨੀਆਂ ਨੂੰ ਬਹੁਤ ਘੱਟ ਵਰਤੋਂ ਵਿਚ ਲਿਆਉਂਦਾ ਹੈ।

ਗੁਰੂ ਅਰਜਨ ਦੇਵ ਸੰਗੀਤ ਦੇ ਪੂਰਣ ਪੰਡਤ ਸਨ। ਉਹ ਵਿਅੰਜਨ ਧੁਨੀਆਂ ਦੀ ਸੂਖਮ ਤੇ ਸੰਗੀਤਾਤਮਕ ਵਰਤੋਂ ਬਾਰੇ ਪੂਰੀ ਤਰ੍ਹਾਂ ਸੁਚੇਤ ਜਾਪਦੇ ਹਨ। ਉਹਨਾਂ ਦੀ ਬਾਣੀ ਵਿਚ ਉਚ ਕੋਟੀ ਦਾ ਸੰਗੀਤ ਮੌਜੂਦ ਹੈ। ਸੰਗੀਤ ਉਪਜਾਉਣ ਦੀਆਂ ਵਿਭਿੰਨ ਜੁਗਤਾਂ ਦੇ ਸਦਕਾ ਉਹਨਾਂ

1. ਪ੍ਰੋ. ਪ੍ਰੇਮ ਪ੍ਰਕਾਸ਼ ਸਿੰਘ, ਪੰਜਾਬੀ ਬੋਲੀ ਦਾ ਨਿਕਾਸ ਤੇ ਵਿਕਾਸ, ਪੰਨਾ 192

ਦੀ ਬਾਣੀ ਵਿਚ ਇਕ ਲੈਅਬਧ ਤਾਲ ਹੈ। ਲੈਅ ਜਿਥੇ ਕਵਿਤਾ ਵਿਚਲੇ ਸ਼ਬਦਾਂ ਦੇ ਅਰਥਾਂ ਨੂੰ ਪ੍ਰਭਾਵਾਤਮਕ ਢੰਗ ਦੁਆਰਾ ਗ੍ਰਹਿਣ ਕਰਨ ਵਿਚ ਲਾਭਦਾਇਕ ਸਿਧ ਹੁੰਦੀ ਹੈ ਉਥੇ ਕਵਿਤਾ ਦੇ ਭਾਵ ਨੂੰ ਵੀ ਸਮਝਣ ਵਿਚ ਮਦਦਗਾਰ ਹੁੰਦੀ ਹੈ।

ਗੁਰੂ ਅਰਜਨ ਬਾਣੀ ਵਿਚ ਤਰਲ ਵਿਅੰਜਨ ਧੁਨੀਆਂ ਲ, ਮ, ਨ, ਤੇ ਰ ਦੀ ਅਧਿਕ ਤੋਂ ਅਧਿਕ ਵਰਤੋਂ ਹੋਈ ਹੈ। ਇਹਨਾਂ ਧੁਨੀਆਂ ਦੀ ਵਰਤੋਂ ਸਦਕਾ ਬਾਣੀ ਵਿਚ ਤਰਲਤਾ, ਸਪਸ਼ਟਤਾ ਤੇ ਸੰਗੀਤਾਤਮਕਤਾ ਪੈਦਾ ਹੋਈ ਹੈ।

'ਲ' ਦੀ ਵਰਤੋਂ

(ੳ) ਲਾਲ ਗੋਪਾਲ ਦਇਆਲ ਰੰਗੀਲੇ।
ਗਹਿਰ ਗੰਭੀਰ ਬੇਅੰਤ ਗੋਵਿੰਦੇ।[1]

(ਮਾਝ ਮਹੱਲਾ - 5)

(ਅ) ਜਿਉ ਜਲ ਤਰੰਗ ਉਠਹਿ ਬਹੁ ਭਾਤੀ।
ਫਿਰ ਸਲਲੈ ਸਲਲ ਸਮਾਇਦਾ।[2]

( ਮਾਰੂ ਸੋਲਹੇ ਮਹੱਲਾ - 5)

(ੲ) ਭਲਾ ਭਲਾ ਭਲਾ ਤੇਰਾ ਰੂਪ।
... ... ...
ਨਿਰਮਲ ਨਿਰਮਲ ਨਿਰਮਲ ਤੇਰੀ ਬਾਣੀ।[3]

(ਗਉੜੀ ਸੁਖਮਨੀ ਮਹੱਲਾ - 5)

ਲ ਤੇ ਰ ਦੀ ਇਕੱਠੀ ਵਰਤੋਂ ਦੀ ਵਿਸ਼ੇਸ਼ ਯੋਜਨਾ

ਲਾਲ ਲਾਲ ਮੋਹਨ ਗੋਪਾਲ ਤੂੰ।
ਕੀਟ ਹਸਤਿ ਪਾਖਾਣ ਜੰਤ ਸਰਬ ਮੈ ਪ੍ਰਤਿਪਾਲ ਤੂੰ। ਰਹਾਉ।
ਨਹ ਦੂਰਿ ਪੂਰਿ [illegible] ਸੰਗੇ। ਸੁੰਦਰ ਰਸਾਲ [illegible] ।

1. ਗੁਰੂ ਗ੍ਰੰਥ ਸਾਹਿਬ, ਪੰਨਾ 99
2. ਉਹੀ, ਪੰਨਾ 1017
3. ਉਹੀ, ਪੰਨਾ 279

ਨਹ ਬਰਨ ਬਰਨ ਨਹ ਕੁਲਹ ਕੁਲ। ਨਾਨਕ ਪ੍ਰਭ ਕਿਰਪਾਲ ਹੂ।[1]

(ਮਾਰੂ ਮਹੱਲਾ - 5)

ਹੇਠ ਲਿਖੀਆਂ ਕਾਵਿ-ਤੁਕਾਂ ਵਿਚ ਗੁਰੂ ਅਰਜਨ ਦੇਵ ਨੇ 'ਰ' ਵਰਣ ਨੂੰ ਤੁਕਾਂ ਦੇ ਸ਼ਬਦਾਂ ਵਿਚ ਬਾਰ ਬਾਰ ਵਰਤਿਆ ਹੈ। ਇਹੋ ਇਹਤਰਲ ਧੁਨੀ ਕਵਿਤਾ ਵਿਚ ਸੰਤੁਲਨ ਕਾਇਮ ਕਰਦੀ ਹੋਈ ਭਾਵ ਵਿਚ ਸੋਹਜਾਤਮਕਤਾ ਪੈਦਾ ਕਰਦੀ ਹੈ। ਇੰਜ ਮਹਿਸੂਸ ਹੁੰਦਾ ਹੈ ਕਿ ਗੁਰੂ ਜੀ ਨੇ ਕਵਿਤਾ-ਰੂਪੀ ਫੁਲਕਾਰੀ ਵਿਚ ਭਾਵ-ਰੂਪੀ ਧਾਗੇ ਨਾਲ 'ਰ' ਵਰਣਕ ਫੁਲ ਦੀ ਸੁੰਦਰ ਕਢਾਈ ਕੀਤੀ ਹੈ।

ਹਰਿ ਦਰੇ ਹਰਿ ਦਰਿ ਸੋਹਨਿ ਤੇਰੇ ਭਗਤ ਪਿਆਰੇ ਰਾਮ।
ਵਾਰੀ ਤਿਨ ਵਾਰੀ ਜਾਵਾ ਸਦ ਬਲਿਹਾਰੇ ਰਾਮ।
ਸਦ ਬਲਿਹਾਰੇ ਕਰ ਨਮਸਕਾਰੇ ਜਿਨ ਭੇਟਤ ਪ੍ਰਭੁ ਜਾਤਾ।
ਘਟਿ ਘਟਿ ਰਵਿ ਰਹਿਆ ਸਭ ਥਾਈ ਪੂਰਨ ਪੁਰਖੁ ਬਿਧਾਤਾ।
ਗੁਰ ਪੂਰਾ ਪਾਇਆ ਨਾਮੁ ਧਿਆਇਆ ਜੂਐ ਜਨਮੁ ਨ ਹਾਰੇ।
ਬਿਨਵੰਤਿ ਨਾਨਕ ਸਰਣਿ ਤੇਰੀ ਰਾਖੁ ਕਿਰਪਾ ਧਾਰੇ[2]

(ਆਸਾ ਮਹੱਲਾ - 5 ਛੰਤ)

ਉਪਰੋਕਤ ਕਾਵਿ-ਕ੍ਰਿਤ ਦੀ ਸੂਖਮ ਬਿਰਤੀ ਨੂੰ ਰਤਾ ਕੁ ਗਹੁ ਨਾਲ ਵੇਖਣ ਨਾਲ ਹੀ 'ਰ' ਵਰਣ ਦੀ ਵਰਤੋਂ ਦਾ ਮੁਲ ਪਾਇਆ ਜਾ ਸਕਦਾ ਹੈ। ਇਸ ਵਰਣ ਦੀ ਵਰਤੋਂ ਕਵੀ ਦੀ ਭਾਵਕ ਅਨੁਭੂਤੀ ਨੂੰ ਗਤੀਸ਼ੀਲਤਾ ਤੇ ਸਰੋਦਕਤਾ ਨਾਲ ਪੇਸ਼ ਕਰਦੀ ਹੈ।

## 'ਮ' ਦੀ ਵਰਤੋਂ

ਰਾਮ ਰਮਾ ਰਮਾ ਗੁਨ ਗਾਉ।
ਛੋਡਿ ਮਾਇਆ ਕੇ ਧੰਧ ਸੁਆਉ।[3]

(ਰਾਮਕਲੀ ਮਹੱਲਾ - 5)

1. ਗੁਰੂ ਗ੍ਰੰਥ ਸਾਹਿਬ, ਪੰਨਾ 1031
2. ਉਹੀ, ਪੰਨਾ 453
3. ਉਹੀ, ਪੰਨਾ 925

ਉਪਰੋਕਤ ਕਾਵਿ-ਤੁਕਾਂ ਵਿਚ 'ਮ' ਵਿਅੰਜਨ ਦੀ ਧੁਨੀ ਵਿਸ਼ੇਸ਼ ਲੈਅ ਪੈਦਾ ਕਰਦੀ ਹੈ।

## 'ਨ' ਦੀ ਵਰਤੋਂ

(ੳ) ਨੈਨ ਤਰਸਨ ਦਰਸ ਪਰਸਨ ਨਹ ਨੀਦ ਰੈਣਿ ਵਿਹਾਣੀਆ।
ਗਿਆਨ ਅੰਜਨ ਨਾਮ ਬਿੰਜਨ ਭਏ ਸਗਲ ਸੀਗਾਰ।[1]

(ਰਾਗ ਬਿਹਾਗੜਾ ਮਹੱਲਾ - 5)

(ਅ) ਚਾਂਦਨਾ ਚਾਂਦਨੁ ਆਂਗਨਿ ਪ੍ਰਭ ਜੀਉ ਅੰਤਰਿ ਚਾਂਦਨਾ।
ਅਰਾਧਨਾ ਆਰਾਧਨੁ ਨੀਕਾ ਹਰਿ ਹਰਿ ਨਾਮ ਅਰਾਧਨਾ।[2]

(ਮਾਰੂ ਮਹੱਲਾ - 5)

ਉਪਰੋਕਤ ਕਾਵਿ-ਟੁਕਾਂ ਵਿਚ 'ਨ' ਵਿਅੰਜਨ ਦੀ ਬਹੁਲਤਾ ਇਕ ਵਿਸ਼ੇਸ਼ ਛਣਕਾਰ ਪੈਦਾ ਕਰਦੀ ਹੈ। ਇਸ ਧੁਨੀ ਦੀ ਵਿਲੱਖਣਤਾ ਅੰਤਮ ਧੁਨੀ ਦਾ ਆਰੰਭਕ ਧੁਨੀ ਦੇ ਟਕਰਾ ਵਿਚ ਹੈ। ਇਹ ਧੁਨੀ-ਟਕਰਾ ਇਕ ਸੰਗੀਤਕ ਟੁਣਕਾਰ ਪੈਦਾ ਕਰਦੀ ਹੈ।

ਗੁਰੂ ਅਰਜਨ ਦੇਵ ਨੇ ਜਿਥੇ ਕੋਮਲ ਤੇ ਤਰਲ ਵਿਅੰਜਨ ਧੁਨੀਆਂ ਦੀ ਵਰਤੋਂ ਕੀਤੀ ਹੈ ਉਥੇ ਕਠੋਰ ਵਰਣਕ ਧੁਨੀਆਂ ਦੁਆਰਾ ਬਾਣੀ ਵਿਚ ਇਕ ਖ਼ਾਸ ਸੰਗੀਤਕ ਛਣਕਾਰ ਪੈਦਾ ਕੀਤੀ ਹੈ। ਖ਼ਾਸ ਕਰਕੇ 'ੜ' ਵਿਅੰਜਨ ਧੁਨੀ ਦੀ ਵਰਤੋਂ ਤਾਂ ਕਮਾਲ ਦਰਜੇ ਦੀ ਹੈ।

(ੳ) ਸੋਹਿਲੜਾ ਪ੍ਰਭ ਸੋਹਿਲੜਾ ਅਨਹਦ ਧੁਨੀਏ ਸੋਹਿਲੜਾ।[3]

(ਰਾਮਕਲੀ ਮਹੱਲਾ - 5)

(ਅ) ਸੋਹਿਅੜੇ ਸੋਹਿਅੜੇ ਮੇਰੇ ਬੰਕ ਦੁਆਰੇ ਰਾਮ।
ਪਾਹੁਨੜੇ ਪਾਹੁਨੜੇ ਮੇਰੇ ਸੰਤ ਪਿਆਰੇ ਰਾਮ।[4]

(ਆਸਾ ਮਹੱਲਾ - 5)

1. ਗੁਰੂ ਗ੍ਰੰਥ ਸਾਹਿਬ, ਪੰਨਾ 542
2. ਉਹੀ, ਪੰਨਾ 442
3. ਉਹੀ, ਪੰਨਾ 924
4. ਉਹੀ, ਪੰਨਾ 452

(ੲ) ਨਦੀ ਤਰੰਦੜੀ ਮੈਡਾ ਨ ਖੁੰਭੈ ਮੰਝਿ ਮੁਹਬਤਿ ਤੇਰੀ।
ਤਉ ਸਹ ਚਰਣੀ ਮੈਡਾ ਹੀਅੜਾ ਸੀਤਮੁ ਹਰਿ ਨਾਨਕ ਤੁਲਹਾ ਬੇੜੀ।[1]

(ਰਾਗ ਗੁਜਰੀ ਮਹੱਲਾ - 5)

(ਸ) ਝਾੜਾ ਝਾਗਿ ਮਿਟੈ ਸੰਗਿ ਸਾਧੂ। ਕਰਮ ਧਰਮ ਤਤੁ ਨਾਮ ਅਰਾਧੂ
ਬੂਝੈ ਜੇਹ ਬਸਿਓ ਰਿਦ ਮਾਹੀ ਉਆ ਕੀ ਝਾਗਿ ਮਿਟਤ ਬਿਨਸਾਹੀ।[2]

(ਗਉੜੀ ਬਾਵਨ ਅੱਖਰੀ, ਮਹੱਲਾ - 5)

ਗੁਰੂ ਅਰਜਨ ਦੇਵ ਨੇ ਕਈ ਥਾਈਂ ਭਾਵ ਅਨੁਸਾਰ ਵੀ ਕਠੋਰ ਵਿਅੰਜਨ ਧੁਨੀਆਂ ਦੀ ਵਰਤੋਂ ਕੀਤੀ ਹੈ। ਹੇਠ ਲਿਖੀਆਂ ਕਾਵਿ-ਟੂਕਾਂ ਵਿਚ 'ਟ' ਵਿਅੰਜਨ ਧੁਨੀ ਦੀ ਕਲਾਤਮਕ ਵਰਤੋਂ ਸਦਕਾ ਜਿਥੇ ਘ੍ਰਿਣਾ-ਭਾਵ ਪੈਦਾ ਕੀਤਾ ਹੈ ਉਥੇ ਇਹ ਧੁਨੀ ਇਕ ਟੁਣਕਵਾਂ ਉਚਾਰਣ-ਸੰਗੀਤ ਵੀ ਪੈਦਾ ਕਰਦਾ ਹੈ।

ਮਨ ਇਛੈ ਸੁਖ ਮਾਣਦਾ ਕਿਛੁ ਨਾਹਿ ਵਿਸੂਰੇ।
ਸੋ ਪ੍ਰਭ ਚਿਤਿ ਨ ਆਵਈ ਵਿਸਟਾ ਕੇ ਕੀਰੇ।[3]

(ਜੈਤਸਰੀ ਮਹੱਲਾ - 5 ਵਾਰ ਸਲੋਕਾਂ ਨਾਲਿ)

ਗੁਰੂ ਅਰਜਨ ਦੇਵ ਜੀ ਨੇ ਸਾਰੇ ਵਿਅੰਜਨ ਵਰਗਾਂ ਦੀ ਤੀਜੀ ਸੁਘੋਸ਼ ਧੁਨੀਆਂ ਦੀ ਕਲਾਤਮਕ ਵਰਤੋਂ ਸਦਕਾ ਬਾਣੀ ਵਿਚ ਸੰਗੀਤਕ ਧੁਨਾਂ ਪੈਦਾ ਕੀਤੀਆਂ ਹਨ। ਹੇਠ ਲਿਖੀਆਂ ਉਦਾਹਰਣਾਂ ਵਿਚ ਧੁਨੀ ਦਾ ਇਹ ਗਰਭਿਤ ਚਮਤਕਾਰ ਸਪਸ਼ਟ ਹੋ ਜਾਂਦਾ ਹੈ।

(ੳ) ਅਨਦੁ ਗਰੀਬੀ ਸਾਧ ਸੰਗਿ ਜਿਤੁ ਪ੍ਰਭ ਚਿਤਿ ਆਏ।
ਜਲਿ ਜਾਉ ਇਹੁ ਬਡਪਨਾ ਮਾਇਆ ਲਪਟਾਏ।[4]

(ਸੂਹੀ ਮਹੱਲਾ - 5)

---

1. ਗੁਰੂ ਗ੍ਰੰਥ ਸਾਹਿਬ, ਪੰਨਾ 520
2. ਉਹੀ, ਪੰਨਾ 260
3. ਉਹੀ, ਪੰਨਾ 707
4. ਉਹੀ, ਪੰਨਾ 745

(ਖ) ਪ੍ਰਗਟੇ ਗੁਪਾਲ ਗੋਬਿੰਦ ਲਾਲਨ ਸਾਧ ਸੰਗਿ ਵਖਾਣਿਆ।
ਅਚਰਜੁ ਡੀਠਾ ਅਮਿਉ ਵੂਠਾ ਗੁਰਪ੍ਰਸਾਦਿ ਜਾਣਿਆ।[1]

(ਆਸਾ ਮਹੱਲਾ - 5)

ਉਪਰੋਕਤ ਕਾਵਿ-ਟੁਕਾਂ ਵਿਚ ਗ, ਬ, ਜ, ਡ, ਦ ਸਘੋਸ਼ ਧੁਨੀਆਂ ਦੀ ਵਰਤੋਂ ਹੋਈ ਹੈ। ਪ੍ਰੋ. ਪ੍ਰੇਮ ਪ੍ਰਕਾਸ਼ ਸਿੰਘ ਅਨੁਸਾਰ "ਇਹਨਾਂ ਵਿਅੰਜਨ ਧੁਨੀਆਂ ਦੇ ਉਚਾਰਣ ਵੇਲੇ ਸੁਰ-ਤੰਤਰੀਆਂ ਨੇੜੇ ਨੇੜੇ ਆ ਜਾਂਦੀਆਂ ਹਨ, ਇਸ ਲਈ ਉਨ੍ਹਾਂ ਦੇ ਵਿਚੋਂ ਵਿਚ ਹਵਾ ਨਿਕਲਦੀ ਹੈ, ਤੇ ਇਸ ਨਾਲ ਕੰਬਣੀ ਤੇ ਥਰਥਰਾਹਟ ਪੈਦਾ ਹੁੰਦੀ ਹੈ।"[2] ਇਹਨਾਂ ਵਿਅੰਜਨਾਂ ਦਾ ਉਚਾਰਣ ਦਬਾਓਆਤਮਕ ਹੈ। ਇਸ ਲਈ ਇਹ ਉਚਾਰਣ-ਸੰਗੀਤ ਪੈਦਾ ਕਰਦੇ ਹਨ।

ਉਪਰੋਕਤ ਵਿਚਾਰ ਦੇ ਸਿੱਟੇ ਵਜੋਂ ਇਹ ਭਲੀ ਪ੍ਰਕਾਰ ਕਿਹਾ ਜਾ ਸਕਦਾ ਹੈ ਕਿ ਗੁਰੂ ਜੀ ਨੇ ਵਿਸ਼ੇਸ਼ ਵਿਅੰਜਨ ਧੁਨੀਆਂ ਦੀ ਕਲਾਤਮਕ ਵਰਤੋਂ ਸਦਕਾ ਬਾਣੀ ਵਿਚ ਸੰਗੀਤਕ ਛਣਕਾਰ ਪੈਦਾ ਕੀਤੀ ਹੈ।

(ੲ) ਸਵਰਾਂ ਦੀ ਵਰਤੋਂ ਨਾਲ ਸੰਗੀਤ: ਗੁਰੂ ਅਰਜਨ ਬਾਣੀ ਦੇ ਭਾਸ਼ਾ-ਪ੍ਰਯੋਗ ਵਿਚ ਸਵਰ ਧੁਨੀਆਂ ਦਾ ਵਿਸ਼ੇਸ਼ ਸਥਾਨ ਹੈ। ਗੁਰੂ ਜੀ ਨੇ ਕਾਵਿ ਦੀ ਸੰਰਚਨਾ ਵਿਚ ਸਵਰ ਧੁਨੀਆਂ ਤੋਂ ਕੰਮ ਲਿਆ ਹੈ। ਸਵਰ ਧੁਨੀਆਂ ਮਧੁਰ ਤੇ ਤਰਲਤਾਮਕ ਹੁੰਦੀਆਂ ਹਨ ਜੋ ਕਵਿਤਾ ਵਿਚ ਸੰਗੀਤਾਤਮਕਤਾ ਪੈਦਾ ਕਰਦੀਆਂ ਹਨ। ਸਰੋਦੀ ਕਵਿਤਾ ਦਾ ਸੰਗੀਤ ਨਾਲ ਸਬੰਧ ਪਰੰਪਰਾ ਤੋਂ ਚਲਿਆ ਆ ਰਿਹਾ ਹੈ। ਸਰੋਦੀ ਕਵਿਤਾ ਦੀ ਸੰਰਚਨਾ ਦਾ ਆਧਾਰ ਸੰਗੀਤਕ ਸੁਰਾਂ ਤੇ ਹੀ ਉਸਰਦਾ ਹੈ। ਇਹ ਸੰਗੀਤਕ ਸੁਰਾਂ ਸਰੋਦੀ ਕਵਿਤਾ ਵਿਚਲੇ ਭਾਵ ਨੂੰ ਸੋਹਜਮਈ ਢੰਗ ਦੁਆਰਾ ਪਾਠਕ/ ਸ੍ਰੋਤੇ ਤਕ ਪਹੁਚਦਾ ਕਰਦੀਆਂ ਹਨ।

ਦੀਰਘ ਧੁਨੀਆਂ ਜ਼ਿਆਦਾ ਸੰਗੀਤਕ ਰੰਗ ਜਾਂ ਲੈਅ ਪ੍ਰਗਟ ਕਰਦੀਆਂ ਹਨ। ਇਹ ਦੀਰਘ ਧੁਨੀਆਂ ਕਵਿਤਾ ਵਿਚ ਸਵਰਾਂ ਦੀ ਵਰਤੋਂ ਸਦਕਾ ਪੈਦਾ ਕੀਤੀਆਂ ਜਾਂਦੀਆਂ ਹਨ। ਪੰਜਾਬੀ ਵਿਚ ਇਹ ਦੀਰਘ ਸਵਰ ਧੁਨੀਆਂ ਆ, ਈ, ਊ, ਏ, ਓ, ਐ ਆਦਿ ਹਨ। ਕੰਨਾ, ਸਿਹਾਰੀ, ਦੁਲੈਂਕੜੇ, ਲਾਵਾਂ, ਦੁਲਾਵਾਂ, ਹੋੜਾ, ਕਨੌੜਾ ਆਦਿਕ ਗੁਰੂ ਧੁਨੀਆਂ ਸੰਗੀਤ ਉਤਪੰਨ ਕਰਨ ਵਿਚ ਗੀਤਕਾਰ ਦੀਆਂ ਸਹਾਇਕ ਹਨ।

1. ਗੁਰੂ ਗ੍ਰੰਥ ਸਾਹਿਬ, ਪੰਨਾ 460
2. ਪੰਜਾਬੀ ਬੋਲੀ ਦਾ ਨਿਕਾਸ ਤੇ ਵਿਕਾਸ, ਪੰਨਾ 193

ਗੁਰੂ ਅਰਜਨ ਦੇਵ ਨੇ ਬਾਣੀ ਨੂੰ ਗਾਉਣ ਲਈ ਰਾਗਾਂ ਦੇ ਆਧਾਰ ਤੇ ਰਚਿਆ। ਗਾਏ ਜਾਣ ਵਾਲੇ ਗੀਤ ਉਹ ਹੀ ਹੁੰਦੇ ਹਨ ਜਿਹਨਾਂ ਨੂੰ ਖੁਲ੍ਹ ਕੇ ਗਾਇਆ ਜਾ ਸਕੇ। ਇਸ ਲਈ ਜਿਹਨਾਂ ਧੁਨੀਆਂ ਦੇ ਉਚਾਰਣ ਲਈ ਮੂੰਹ ਥੋੜਾ ਜਿਹਾ ਖੁਲ੍ਹਦਾ ਹੈ ਉਹਨਾਂ ਨੂੰ ਕਵੀ ਗੀਤਾਂ ਵਿਚ ਨਹੀਂ ਵਰਤਦਾ। ਗਾਏ ਜਾਣ ਲਈ ਤਾਂ ਖੁਲ੍ਹੀਆਂ ਜਾਂ ਦੀਰਘ ਸਵਰ ਧੁਨੀਆਂ ਹੀ ਉਚਿਤ ਹੁੰਦੀਆਂ ਹਨ।

ਗੁਰੂ ਅਰਜਨ ਦੇਵ ਨੇ ਸਵਰ ਧੁਨੀਆਂ ਦੀ ਵਰਤੋਂ ਖੁਲ੍ਹ ਕੇ ਕੀਤੀ ਹੈ। ਉਂਝ ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਹੈ ਕਿ ਉਹਨਾਂ ਨੇ ਕਈ ਥਾਵਾਂ ਤੇ ਕਠੋਰ ਧੁਨੀਆਂ ਦੀ ਵੀ ਵਰਤੋਂ ਕੀਤੀ ਹੈ। ਪਰੰਤੂ ਰਚਨਾ ਨੂੰ ਸੰਗੀਤਮਈ ਬਣਾਉਣ ਲਈ ਉਹਨਾਂ ਨੇ ਸਵਰਾਂ ਦੀ ਵਧੇਰੇ ਵਰਤੋਂ ਕੀਤੀ ਹੈ। ਇਹਨਾਂ ਸਵਰਾਂ ਦੁਆਰਾ ਹੀ ਪਾਠਕ/ਸ੍ਰੋਤੇ ਦਿਲੋਂ ਮੋਕਵੀਂ ਲੰਮੀਆਂ ਸਰੋਦੀ ਹੂਕਾਂ ਨਿਕਲਦੀਆਂ ਹਨ।

ਜਿਨਿ ਜਿਨਿ ਗੁਰਮੁਖਿ ਸੇਵਿਆ ਤਿਨਿ ਸਭਿ ਸੁਖ ਪਾਈ।
ਓਹੁ ਆਪਿ ਤਰਿਆ ਕੁਟੰਬ ਸਿਉ ਸਭੁ ਜਗਤੁ ਤਰਾਈ।
ਓਨਿ ਹਰਿ ਨਾਮਾ ਧਨੁ ਸੰਚਿਆ ਸਭ ਤਿਖਾ ਬੁਝਾਈ।
ਓਨਿ ਛਡੇ ਲਾਲਚ ਦੁਨੀ ਕੇ ਅੰਤਰਿ ਲਿਵ ਲਾਈ।[1]

(ਮਾਰੂ ਮਹੱਲਾ - 5)

ਉਪਰੋਕਤ ਕਾਵਿ-ਟੁਕੜੀ ਵਿਚ ਗੁਰੂ ਅਰਜਨ ਦੇਵ ਨੇ, ਪਾਈ, ਤਰਾਈ, ਬੁਝਾਈ, ਲਾਈ ਸ਼ਬਦਾਂ ਵਿਚ ਦੀਰਘ ਸਵਰ 'ਈ' ਦੀ ਵਰਤੋਂ ਕਰਕੇ ਲੰਮੀ ਹੇਕ ਰਾਹੀਂ ਕਵਿਤਾ ਵਿਚ ਸੰਗੀਤਾਤਮਕਤਾ ਸਮੋਈ ਹੈ। ਇਸੇ ਤਰ੍ਹਾਂ ਇਹਨਾਂ ਅੱਖਰਾਂ ਤੋਂ ਪਹਿਲਾਂ ਆਏ ਸ਼ਬਦਾਂ ਵਿਚ ਮੂਲ ਸਵਰ ਦੀ ਵਰਤੋਂ ਇ, ਉ (ਸਿਹਾਰੀ ਤੇ ਔਂਕੜ) ਦੀ ਕੀਤੀ ਹੈ। ਇਹ ਸ਼ਬਦ ਉਚਾਰਣ ਸੰਗੀਤ ਪੈਦਾ ਕਰਦੇ ਹਨ।

ਜਿਥੇ ਗੁਰੂ ਅਰਜਨ ਦੇਵ ਜੀ ਨੇ ਤੁਕਾਂਤ-ਲੈਅ ਵਿਚ ਸਵਰਾਂ ਦੀ ਵਰਤੋਂ ਕੀਤੀ ਹੈ ਉਥੇ ਕਵਿਤਾ ਦੇ ਅੰਦਰੂਨੀ ਭਾਗ ਵਿਚ ਵੀ ਸਵਰਾਂ ਦੀ ਵਰਤੋਂ ਦੁਆਰਾ ਕਵਿਤਾ ਵਿਚ ਸੰਗੀਤਾਤਮਕ ਤੇ ਭਾਵਾਤਮਕ ਅਸਰ ਪਾਇਆ। ਗੁਰੂ ਜੀ ਨੇ ਬਾਣੀ ਵਿਚ ਸੰਤੁਲਨ, ਲੈਅ-ਪ੍ਰਬੰਧ

1. ਗੁਰੂ ਗ੍ਰੰਥ ਸਾਹਿਬ, ਪੰਨਾ 1100

ਦੁਆਰਾ ਕਾਇਮ ਕੀਤਾ ਹੈ। ਅੰਦਰੂਨੀ ਲੈਅ ਕਵਿਤਾ ਵਿਚ 'ਠਹਿਰਾਉ' ਤੇ ਗਤੀ ਦੁਆਰਾ ਸੰਤੁਲਨ ਨੂੰ ਕਾਇਮ ਰਖਦੀ ਹੈ। ਗੁਰੂ ਅਰਜਨ ਬਾਣੀ ਵਿਚ ਇਸ ਸੂਖਮ ਕਲਾਤਮਕ ਜੁਗਤ ਨੂੰ ਚੇਤੰਨ ਭਾਵ ਦੁਆਰਾ ਗ੍ਰਹਿਣ ਕੀਤਾ ਜਾ ਸਕਦਾ ਹੈ।

ਧੀਰਉ ਦੇਖਿ ਤੁਮਹਾਰੇ ਰੰਗਾ।
ਤੂ ਹੀ ਸੁਆਮੀ ਅੰਤਰਜਾਮੀ ਤੂ ਹੀ ਬਸਹਿ ਸਾਧ ਕੈ ਸੰਗਾ।ਰਹਾਉ।[1]
(ਬਿਲਾਵਲ ਮਹੱਲਾ - 5)

ਉਪਰੋਕਤ ਕਾਵਿ-ਤੁਕਾਂ ਦੇ ਉਚਾਰਣ ਵਿਚ ਕੁਝ ਸ਼ਬਦਾਂ ਦਾ ਉਚਾਰਣ ਵਿਸ਼ਰਾਂਮਆਤਮਕ ਹੈ ਤੇ ਕੁਝ ਦੇ ਉਚਾਰਣ ਵਿਚ ਬਹਾਓ ਜਾਂ ਰਵਾਨਗੀ ਹੈ। ਪਹਿਲੀ ਤੁਕ ਵਿਚ 'ਧੀਰਉ' ਸ਼ਬਦ ਵਿਚ ਦੀਰਘ ਸਵਰ (ਈ ਤੇ ਉ) ਦੀ ਵਰਤੋਂ ਸਦਕਾ ਇਸ ਦੇ ਉਚਾਰਣ ਵਿਚ 'ਠਹਿਰਾਉ' ਹੈ ਤੇ ਇਸ ਤੋਂ ਇਕ ਦਮ ਬਾਅਦ 'ਦੇਖਿ ਤੁਮਹਾਰੇ ਰੰਗਾ' ਵਿਚ ਹ੍ਰਸਵ ਸਵਰ (ਛੋਟੇ ਸਵਰ) ਦੀ ਵਰਤੋਂ ਸਦਕਾ ਇਕ ਦਮ ਤੇਜ਼ੀ ਲਿਆਉਂਦੀ ਹੈ। ਇਹੀ ਪ੍ਰਬੰਧ ਦੂਜੀ ਤੁਕ ਵਿਚ ਹੈ। ਥੰਧੀ ਤੁਕ ਵਿਚ ਦੀਰਘ ਸਵਰ ਤੇ ਉਸ ਤੋਂ ਬਾਅਦ ਹ੍ਰਸਵ ਸਵਰ ਦੀ ਵਰਤੋਂ ਕੀਤੀ ਗਈ ਹੈ। ਸਵਰਾਂ ਦੀ ਇਹ ਕਲਾਤਮਕ ਵਰਤੋਂ ਕਵਿਤਾ ਵਿਚ ਜਿਥੇ ਸੰਗੀਤਕ ਲੈਅ ਉਤਪੰਨ ਕਰਦੀ ਹੈ ਉਥੇ ਭਾਵ ਨੂੰ ਸਪਸ਼ਟ ਕਰਦੀ ਹੈ। ਇਹ ਗੁਣ ਸਰੋਦੀ ਕਵਿਤਾ ਦੇ ਧਾਰਨੀ ਹਨ। ਸਵਰ ਧੁਨੀ ਪ੍ਰਯੋਗ ਦੇ ਸੰਦਰਭ ਵਿਚ ਗੁਰੂ ਅਰਜਨ ਦੇਵ ਦੀ ਬਾਣੀ ਵਿਚ ਸਵਰ-ਵਿਸਤਾਰ ਦੇ ਵੀ ਉਦਾਹਰਣ ਪ੍ਰਾਪਤ ਹੁੰਦੇ ਹਨ। ਉਦਾਹਰਣ ਵਜੋਂ:

ਦੂਤਨ ਸੰਗਰੀਆ। ਭੁਇਅੰਗਨਿ ਬਸਰੀਆ।
ਅਨਿਕ ਉਪਰੀਆ। ਤਉ ਮੈ ਹਰਿ ਹਰਿ ਕਰੀਆ।
ਤਉ ਸੁਖ ਸਹਜਰੀਆ।ਰਹਾਉ। ਮਿਥਨ ਮੋਹਰੀਆ।
ਅਨ ਕਉ ਮੇਰੀਆ। ਵਿਚ ਘੂਮਨ ਘਿਰੀਆ।
ਸਗਲ ਬਟਰੀਆ। ਬਿਰਖ ਇਕਤਰੀਆ।
ਬਹੁ ਬੰਧਹਿ ਪਰੀਆ। ਥਿਰੁ ਸਾਚ ਸਫਰੀਆ।

1. ਗੁਰੂ ਗ੍ਰੰਥ ਸਾਹਿਬ, ਪੰਨਾ 824

ਜਹ ਕੀਰਤਨ ਹਰੀਆ। ਨਾਨਕ ਸਰਨਗੀਆ।[1]

(ਰਾਗ ਬਿਹਾਗੜਾ ਮਹੱਲਾ - 5)

ਉਪਰੋਕਤ ਕਾਵਿ-ਰਚਨਾ ਵਿਚ ਗੁਰੂ ਜੀ ਨੇ ਅਨੇਕ ਸ਼ਬਦਾਂ ਨਾਲ 'ਈ' ਤੇ 'ਆ' ਸਵਰਾਂ ਦਾ ਵਿਸਤਾਰ ਕਰ ਕੇ ਕਵਿਤਾ ਨੂੰ ਪੇਸ਼ ਕੀਤਾ ਹੈ। ਇਹ ਦੀਰਘ ਸਵਰਾਂ ਦਾ ਵਿਸਤਾਰ ਕਵਿਤਾ ਵਿਚ ਸੰਗੀਤਕਤਾ ਰਾਹੀਂ ਭਾਵਾਤਮਕ ਵੇਗ ਉਤਪੰਨ ਕਰਦਾ ਹੋਇਆ ਸਰੋਦੀ ਰੂਟ ਨੂੰ ਉਭਾਰਦਾ ਹੈ।

ਉਪਰੋਕਤ ਵਿਚਾਰਾਂ ਦੇ ਸੰਦਰਭ ਵਿਚ ਇਹ ਸਪਸ਼ਟ ਤੌਰ ਤੇ ਕਿਹਾ ਜਾ ਸਕਦਾ ਹੈ ਕਿ ਗੁਰੂ ਅਰਜਨ ਦੇਵ ਦੀ ਕਾਵਿ-ਭਾਸ਼ਾ ਦੀ ਸੰਯੋਜਨਾ ਵਿਚ ਉਹਨਾਂ ਦੇ ਮੌਲਿਕ ਸਵਰ ਧੁਨੀ-ਪ੍ਰਯੋਗਾਂ ਦਾ ਵਿਸ਼ੇਸ਼ ਸਥਾਨ ਹੈ। ਉਹਨਾਂ ਦੀ ਵੱਡੀ ਉਪਲਬਧੀ, ਕਾਵਿ-ਭਾਸ਼ਾ ਦੀ ਸਵਰ-ਧੁਨੀ ਨੂੰ ਆਪਣੀ ਉਚ ਅਵਸਥਾ ਵਿਚ ਸੰਗੀਤਕ ਧੁਨੀ ਦੇ ਨਾਲ ਇਕਤਾਨ ਕਰਾ ਦੇਣ ਦੀ ਹੈ।

### 3. <u>ਕਲਪਨਾ ਦੀ ਵਰਤੋਂ ਨਾਲ ਸਰੋਦ।</u>

ਕਲਪਨਾ ਸਰੋਦੀ ਕਵਿਤਾ ਦਾ ਇਕ ਮਹੱਤਵਪੂਰਨ ਤੱਤ ਹੈ। ਕਵੀ ਮਨ ਵਿਚ ਜੋ ਭਾਵ ਉਗਮਦੇ ਹਨ ਉਹਨਾਂ ਨੂੰ ਨਿਸਚਿਤ ਰੂਪ ਪ੍ਰਦਾਨ ਕਰਨ ਲਈ ਬੌਧਿਕਤਾ ਦੀ ਜ਼ਰੂਰਤ ਹੁੰਦੀ ਹੈ। ਜੋ ਧੁੰਦਲਾ ਚਿਤਰ ਕਵੀ ਦੇ ਸਨਮੁਖ ਉਪਸਥਿਤ ਹੁੰਦਾ ਹੈ ਉਸ ਨੂੰ ਸਮੂਰਤ ਕਰਨ ਦਾ ਕੰਮ ਬੁਧੀ ਤਤ ਕਰਦਾ ਹੈ। ਕਲਪਨਾ ਬੁਧੀ ਤਤ ਵਿਚੋਂ ਉਗਮਦੀ ਹੈ। ਕੌਲਰਿਜ[2] ਅਨੁਸਾਰ "ਕਲਪਨਾ ਕ੍ਰਿਆਵੰਤ ਮਨ ਦੀ ਕ੍ਰਿਆ ਹੈ। ਇਹ ਵੀ ਸੰਸਾਰ ਦੀ ਅਪਾਰ ਸਮੱਗਰੀ ਵਿਚੋਂ ਕੁਝ ਗ੍ਰਹਿਣ ਕਰਦੀ ਹੈ, ਉਸ ਨੂੰ ਛੰਡਦੀ, ਤੋੜਦੀ, ਮੁੜ ਜੋੜਦੀ ਹੈ।" ਇਸ ਤਰ੍ਹਾਂ ਕਲਪਨਾ ਦਾ ਕੰਮ ਵਿਭਿੰਨ ਚਿਤਰਾਂ ਨੂੰ ਜੋੜਨਾ ਹੈ। ਅਨੁਭੂਤੀ ਨੂੰ ਗਤੀ ਦੇਣ ਦਾ ਕੰਮ ਕਲਪਨਾ ਕਰਦੀ ਹੈ। ਕਲਪਨਾ ਅਨੁਭੂਤੀ ਦਾ ਪੰਖ ਹੈ। ਕ੍ਰੋਚੇ[3] ਅਨੁਸਾਰ "ਕਲਪਨਾ ਦਾ ਸਬੰਧ ਕਵੀ ਦੇ ਅੰਦਰਲੇ ਪ੍ਰਗਟਾਵੇ ਨਾਲ ਹੈ। ਉਸ ਦੇ ਬਾਹਰਲੇ ਪ੍ਰਗਟਾਵੇ ਨਾਲ ਨਹੀਂ।"

1. <u>ਗੁਰੂ ਗ੍ਰੰਥ ਸਾਹਿਬ</u>, ਪੰਨਾ 537
2. ਡਾ. ਹਰਭਜਨ ਸਿੰਘ, ਲੌਨਜਾਈਨਸ, <u>ਉਦਾਤ ਬਾਰੇ</u>, ਪੰਨਾ 27
3. ਉਹੀ, ਪੰਨਾ 31

ਇਹ ਗੱਲ ਸਰੋਦੀ ਕਵਿਤਾ ਦੇ ਸੁਭਾ ਨਾਲ ਮੇਲ ਖਾਂਦੀ ਹੈ ਕਿਉਂਕਿ ਸਰੋਦੀ ਕਵਿਤਾ ਵੀ ਅੰਤਰਮੁਖੀ[1] ਕਵਿਤਾ ਕਹਾਉਂਦੀ ਹੈ। ਗੁਰੂ ਅਰਜਨ ਦੇਵ ਜੀ ਨੇ ਖੰਡ ਚਿਤਰਾਂ ਅਤੇ ਦ੍ਰਿਸ਼ਾਂ ਨੂੰ ਇਕ-ਸੂਤਰ ਕਰਨ ਲਈ ਕਲਪਨਾ ਦੀ ਵਰਤੋਂ ਕੀਤੀ। ਉਦਾਹਰਣ:

ਕੜਛੀਆਂ ਫਿਰੰਨ੍ਹਿ ਸੁਆਉ ਨਾ ਜਾਣਨਿ ਸੁਞੀਆਂ।
ਸੇਈ ਮੁਖ ਦਿਸੰਨ੍ਹਿ ਨਾਨਕ ਰਤੇ ਪ੍ਰੇਮ ਰਸਿ।[2]

(ਰਾਗ ਗੁਜਰੀ ਮਹੱਲਾ - 5)

ਉਪਰੋਕਤ ਕਾਵਿ ਤੁਕ ਵਿਚ ਗੁਰੂ ਜੀ ਨੇ ਦਾਲ ਸਬਜ਼ੀ ਵਿਚ ਫਿਰਦੀਆਂ ਕੜਛੀਆਂ ਨੂੰ ਜਿਵੇਂ ਆਪਣੀਆਂ ਅੱਖਾਂ ਨਾਲ ਤੱਕਿਆ ਅਤੇ ਜੋ ਕੁਝ ਉਹਨਾਂ ਨੂੰ ਕਲਪਨਾ ਸ਼ਕਤੀ ਨੇ ਵਿਖਾਇਆ ਉਸ ਨੂੰ ਕਾਵਿ ਦੁਆਰਾ ਪਾਠਕ/ਸ੍ਰੋਤਿਆਂ ਦੀ ਤੱਕਣੀ ਅਗੇ ਲਿਆ ਖਿਲਾਰਿਆ। ਪਰੰਤੂ ਅਗਲੇ ਹੀ ਪਲ "ਸੇਈ ਮੁਖ ਦਿਸੰਨ੍ਹਿ ਨਾਨਕ ਰਤੇ ਪ੍ਰੇਮ ਰਸਿ" ਤੁਕ ਦੁਆਰਾ ਗੁਰੂ ਜੀ ਨੇ ਬੀਤੀਆਂ ਜਾਂ ਹੋ ਚੁਕੀਆਂ ਘਟਨਾਵਾਂ ਨੂੰ ਅਧਿਆਤਮਕ ਚਿੰਤਨ ਨਾਲ ਜੋੜ ਕੇ ਵਾਸਤਵਿਕ ਵਰਤਮਾਨ ਵਿਚ ਦਰਸਾਇਆ ਹੈ। ਕਲਪਨਾ ਰਾਹੀਂ ਹੋ ਚੁਕੇ ਨੂੰ ਵਰਤਮਾਨ ਵਿਚ ਜਿਉਂਦਾ ਜਾਗਦਾ ਵਿਕਸਤ ਕਰਮ ਬਣਾ ਦਿਤਾ ਹੈ। ਇਹ ਸਾਰਾ ਕਾਰਜ ਅਰਸਤੂ[3] ਦੇ ਕਥਨ, "ਮਨੁੱਖ ਦੀ ਮਨੋਬਿਰਤੀ ਤਥਾ ਉਸ ਦੀ ਕਲਪਨਾ ਵਿਚੋਂ ਕਲਾ ਉਤਪੰਨ ਹੁੰਦੀ ਹੈ" ਨੂੰ ਸਹੀ ਠਹਿਰਾਉਂਦਾ ਹੈ।

ਹੇਠ ਲਿਖੀਆਂ ਕਾਵਿ-ਤੁਕਾਂ ਵਿਚ ਗੁਰੂ ਅਰਜਨ ਦੇਵ ਜੀ ਇਕ ਅਜਿਹਾ ਕਲਪਨਾ-ਚਿਤਰ ਪੇਸ਼ ਕਰਦੇ ਹਨ ਜਿਸ ਵਿਚ ਕੋਈ ਸੂਰਮਾ ਆਪਣੇ ਦੁਸ਼ਮਨ ਨੂੰ ਵਾਲਾਂ ਤੋਂ ਪਕੜ ਕੇ ਧਰਤੀ ਨਾਲ ਪਟਕਾ ਕੇ ਮਾਰਦਾ ਹੈ ਤੇ ਉਹ ਮਨੁੱਖ ਬੁਰੀ ਤਰ੍ਹਾਂ ਵਿਲਕਦਾ ਹੋਇਆ ਪ੍ਰਾਣ ਤਿਆਗ ਦੇਂਦਾ ਹੈ:

ਨਿੰਦਕ ਮਾਰੇ ਤਤਕਾਲਿ ਖਿਨੁ ਟਿਕਣ ਨ ਦਿਤੇ।
ਪ੍ਰਭ ਕਾ ਦਾਸ ਦੁਖੁ ਨਾ ਖਵਿ ਸਕਹਿ ਫੜਿ ਜੋਨੀ ਜੁਤੇ।

---

1. ਗੁਲਾਬ ਰਾਏ, ਸਿਧਾਂਤ ਤੇ ਅਧਿਐਨ, ਪੰਨਾ 278
2. ਗੁਰੂ ਗ੍ਰੰਥ ਸਾਹਿਬ, ਪੰਨਾ 521
3. ਡਾ. ਹਰਭਜਨ ਸਿੰਘ, ਲੌਨਜਾਈਨਸ, ਉਦਾਤ ਬਾਰੇ, ਪੰਨਾ 15

ਮਥੇ ਵਾਲ ਪਛਾੜਿਅਨੁ ਜਮ ਮਾਰਗ ਮੁਤੇ।
ਦੁਖ ਲਗੈ ਬਿਲਲਾਣਿਆ ਨਰਕ ਘੋਰਿ ਸੁਤੇ।
ਕੰਠਿ ਲਾਇ ਦਾਸ ਰਖਿਅਨੁ ਨਾਨਕ ਹਰਿ ਸੁਤੇ।[1]

(ਗੂਜਰੀ ਵਾਰ ਮਹੱਲਾ - 5)

ਪਰੰਤੂ ਗੁਰੂ ਅਰਜਨ ਦੇਵ ਜੀ ਨੇ ਇਸ ਵਿਰਪਛਾਣੇ ਕਲਪਨਾ ਟੋਟੇ ਨੂੰ ਅਧਿਆਤਮਕ ਵਿਚਾਰ ਪ੍ਰਤਿਬਿੰਬਤ ਕਰਨ ਲਈ ਸੁਆਦਿਕ ਜਾਂ ਭਾਵੁਕ ਸੁਰਤਾਂ ਰਾਹੀਂ ਪੇਸ਼ ਕੀਤਾ ਹੈ ਜਿਸ ਦਾ ਪ੍ਰਭਾਵ ਸ੍ਰੋਤਾਜਨ ਕਬੂਲੇ ਬਗੈਰ ਨਹੀਂ ਰਿਹ ਸਕਦੇ।

ਗੁਲਾਬ ਰਾਏ ਅਨੁਸਾਰ, "ਜਦ ਪਿਛਲੇ ਚਿਤ੍ਰ ਹੂਬਹੂ ਕਲਪਨਾ ਵਿਚ ਦੁਹਰਾਏ ਜਾਂਦੇ ਹਨ ਤਦ ਉਸ ਨੂੰ ਪੁਨਰਾਵ੍ਰਿਤਾਤਮਕ (Reproductive) ਕਹਿੰਦੇ ਹਨ ਅਤੇ ਜਦ ਪਹਿਲਾਂ ਦੇ ਚਿੱਤਰਾਂ ਵਿਚ ਉਲਟ ਫੇਰ ਹੁੰਦਾ ਹੈ ਉਹ ਸਿਰਜਨਾਤਮਕ (Productive) ਕਹਾਉਂਦੀ ਹੈ।"[2]

ਉਪਰੋਕਤ ਉਦਾਹਰਣ (ਕਾਵਿ-ਤੁਕਾਂ) ਤੋਂ ਅਸੀਂ ਸਪਸ਼ਟ ਤੌਰ ਤੇ ਗੁਰੂ ਅਰਜਨ ਦੇਵ ਜੀ ਦੀ ਕਲਪਨਾ ਨੂੰ ਸਿਰਜਣਾਤਮਕ ਕਲਪਨਾ ਕਹਿ ਸਕਦੇ ਹਾਂ। ਕਿਉਂਕਿ ਗੁਰੂ ਜੀ ਨੇ ਕਲਪਨਾ ਨੂੰ ਨਵੇਂ ਸੰਦਰਭ ਵਿਚ ਜੋੜ ਕੇ ਪੇਸ਼ ਕੀਤਾ ਹੈ।

ਗੁਰੂ ਬਾਣੀ ਵਿਚ 'ਰਹਾਉ' ਦੀਆਂ ਤੁਕਾਂ ਭਾਵਨਾਤਮਕ ਤੀਬਰਤਾ ਕਾਰਨ ਉਗਮ ਪੈਂਦੀਆਂ ਹਨ। 'ਰਹਾਉ' ਵਿਚਲੇ ਭਾਵ ਨੂੰ ਸਮਾਂ ਬਿੰਦੂ ਵਿਚ ਬੰਨ੍ਹਣਾ ਜਾਂ 'ਰਹਾਉ' ਨਾਲ ਅਗਲੀ ਪੰਗਤੀਆਂ ਦਾ ਸਬੰਧ ਜੋੜਨ ਵਿਚ ਵੀ ਕਲਪਨਾ ਦਾ ਸਹਾਰਾ ਲਿਆ ਜਾਂਦਾ ਹੈ।

ਹੇਠ ਲਿਖੀਆਂ ਕਾਵਿ-ਪੰਗਤੀਆਂ ਵਿਚ ਗੁਰੂ ਅਰਜਨ ਦੇਵ ਜੀ ਨੇ ਨਰਕ ਤੇ ਸਵਰਗ ਦੇ ਕਲਪਤ ਦ੍ਰਿਸ਼ਾਂ ਨੂੰ ਉਘਾੜ ਕੇ ਆਪਣੇ ਅਧਿਆਤਮਕ ਫਲਸਫੇ ਨੂੰ ਉਘਾੜਿਆ ਹੈ।

ਆਵਟ ਜਾਣੁ ਰਹਿਓ
ਤਪਤ ਕੜਾਹਾ ਬੁਝਿ ਗਇਆ ਗੁਰ ਸੀਤਲ ਨਾਮੁ ਦੀਓ। ਰਹਾਉ।
ਜਬ ਤੇ ਸਾਧੂ ਸੰਗੁ ਭਇਆ ਤਉ ਛੋਡਿ ਗਏ ਨਿਗਹਾਰ।

1. ਗੁਰੂ ਗ੍ਰੰਥ ਸਾਹਿਬ, ਪੰਨਾ 523
2. ਗੁਲਾਬ ਰਾਏ, ਸਿਧਾਂਤ ਤੇ ਅਧਿਐਨ (ਪੰਜਾਬੀ ਅਨੁਵਾਦ), ਪੰਨਾ 138

ਜਿਸ ਕੀ ਅਟਕ ਤਿਸ ਤੇ ਛੂਟੀ ਭਉ ਕਹਾ ਕਰੈ ਕੋਟਵਾਰ।[1]

(ਮਾਰੂ ਮਹੱਲਾ - 5)

ਉਪਰੋਕਤ 'ਰਹਾਉ' ਦੀਆਂ ਪੰਗਤੀਆਂ ਵਿਚ 'ਤਪਤ ਕੜਾਹਾ' ਨਰਕਾਂ ਦਾ ਪ੍ਰਤੀਕ ਹੈ। ਦੂਜੇ ਪਾਸੇ 'ਸੀਤਲ' ਤੇ 'ਕੋਟਵਾਰ' (ਧਰਮਰਾਜ) ਸ਼ਬਦ ਸਵਰਗ ਦਾ ਬੋਧ ਕਰਾਉਂਦੇ ਹਨ। ਨਰਕਾਂ ਤੋਂ ਛੁਟਕਾਰਾ, ਨਾਮ ਹੈ ਜੋ ਸਾਧ ਸੰਗਤਿ ਰਾਹੀਂ ਜਪੀਦਾ ਹੈ। ਕਲਪਨਾ ਰਾਹੀਂ ਵਿਚਾਰਾਂ ਨੂੰ ਅਭਿਵਿਅਕਤ ਕਰਨ ਲਈ ਢੁਕਵੇਂ ਸ਼ਬਦਾਂ ਨੂੰ ਇਕ ਦੂਜੇ ਨਾਲ ਕਸ ਕੇ ਜੋੜਿਆ ਹੈ ਜਿਸਦੇ ਫਲਸਰੂਪ ਕਵਿਤਾ ਵਿਚ ਸਥਿਰਤਾ ਤੇ ਇਕਸੁਰਤਾ ਆਈ ਹੈ।

ਕਲਪਨਾ ਰਾਹੀਂ ਭਾਵ ਦੀ ਇਕਸੁਰਤਾ, ਕਲਪਨਾਤਮਕ ਸ਼ਬਦਾਂ ਦੀ ਸਵਰਬੰਧ ਜੜਤ (ਜਿਵੇਂ ਨਿਰਹਾਰ (ਯਮਦੂਤ) ਤੇ ਕੋਟਵਾਰ) ਕਾਰਨ ਕਵਿਤਾ ਸੰਵੇਦਨਤਾ ਭਰਪੂਰ ਪ੍ਰਤਿਬਿੰਬਤ ਰੂਪ ਰੂਪਿਤ ਹੈ। ਗੁਰੂ ਜੀ ਦੀ ਬਾਣੀ ਵਿਚ ਉਪਰੋਕਤ ਕਲਪਨਾ ਚਿਤਰ ਬੋਲ ਉਪਜਾਉਣ ਵਾਲੇ ਵਿਚਾਰਾਂ ਦਾ ਸੁਝਾਉ ਦਿੰਦਾ ਹੈ।

ਉਪਰੋਕਤ ਵਿਚਾਰਾਂ ਦੇ ਸੰਦਰਭ ਵਿਚ ਸਪਸ਼ਟ ਤੌਰ ਤੇ ਕਿਹਾ ਜਾ ਸਕਦਾ ਹੈ ਕਿ ਗੁਰੂ ਅਰਜਨ ਦੇਵ ਜੀ ਨੇ ਕਲਪਨਾ ਸ਼ਕਤੀ ਦੀ ਵਰਤੋਂ ਦੁਆਰਾ ਸੰਵੇਦਨਤਾ ਭਰਪੂਰ ਸਿਰਜਣਾਤਮਕ ਕਾਵਿ ਦੀ ਰਚਨਾ ਕੀਤੀ ਹੈ। ਉਹਨਾਂ ਦੀ ਰਚਨਾ ਵਿਚ ਕਲਪਨਾ ਅੰਸ਼ ਬੜਾ ਪ੍ਰਬਲ ਅਤੇ ਆਪਮੁਹਾਰਾ ਹੈ। ਗੁਰੂ ਜੀ ਆਪਣੇ ਮਨੋਵੇਗਾਂ ਨੂੰ ਕਾਵਿ-ਭਾਸ਼ਾ ਵਿਚ ਅਭਿਵਿਅਕਤ ਕਰਕੇ ਕਲਪਨਾ ਅੰਸ਼ ਦੀ ਵਿਉਂਤ ਦੁਆਰਾ ਕਾਵਿ ਦੀ ਆਤਮਾ ਵਿਚ ਸੰਵੇਦੀ ਗੁਣ ਪੈਦਾ ਕਰਦੇ ਹਨ।

4. <u>ਸ਼ਬਦ-ਚੋਣ</u>।

ਕਵਿਤਾ ਅਸਲ ਵਿਚ ਸ਼ਬਦਾਂ ਦੀ ਕਲਾ ਹੈ। ਸ਼ਾਬਦਿਕ ਸਮੱਗਰੀ ਦੁਆਰਾ ਹੀ ਕਵੀ ਕਵਿਤਾ ਦੀ ਰਚਨਾ ਕਰਦਾ ਹੈ। ਸ਼ਾਬਦਿਕ ਤਕਨੀਕ ਹੀ ਕਵਿਤਾ ਵਿਚ ਵਿਭਿੰਨ ਅੰਸ਼ ਪੈਦਾ ਕਰਦੀ ਹੈ। ਵਿਚਾਰਨਯੋਗ ਨੁਕਤਾ ਇਹ ਹੈ ਕਿ ਗੁਰੂ ਅਰਜਨ ਦੇਵ ਨੇ ਕਵਿਤਾ ਵਿਚ ਸ਼ਬਦਾਂ ਦੁਆਰਾ ਸੰਵੇਦੀ ਅੰਸ਼ ਕਿਵੇਂ ਪੈਦਾ ਕੀਤਾ? ਇਸ ਦਾ ਉੱਤਰ ਲੱਭਣ ਲਈ ਕਵਿਤਾ ਵਿਚ ਸ਼ਬਦਾਂ ਦੀ ਮਹੱਤਤਾ ਬਾਰੇ ਵਿਚਾਰ ਕਰਨੀ ਮੁਨਾਸਬ ਹੋਵੇਗੀ।

---

1. <u>ਗੁਰੂ ਗ੍ਰੰਥ ਸਾਹਿਬ</u>, ਪੰਨਾ 1002

ਹਰਬਰਟ ਰੀਡ[1] ਨੇ ਕਵਿਤਾ ਵਿਚ ਸ਼ਬਦਾਂ ਦੀ ਬਹੁਤ ਮਹੱਤਤਾ ਮੰਨੀ ਹੈ। ਉਹਨਾਂ ਅਨੁਸਾਰ ਕਵਿਤਾ ਵਿਚ ਸ਼ਬਦ ਤੇ ਵਿਚਾਰ ਹੀ ਵਿਸ਼ੇ-ਵਸਤੂ ਨੂੰ ਸਾਕਾਰ ਕਰਦੇ ਹਨ। ਪਰੰਤੂ ਵਿਚਾਰਾਂ ਤੇ ਸ਼ਬਦਾਂ ਨੂੰ ਮੂਰਤੀਕਰਨ ਦੀ ਸ਼ਕਤੀ ਕਲਪਨਾ ਦੀ ਪਰਿਭਾਸ਼ਾ ਵੀ ਹੋ ਨਿਬੜਦੀ ਹੈ। ਇਹ ਕਥਨ ਕਵਿਤਾ ਵਿਚ ਸ਼ਬਦਾਂ ਦੀ ਠੀਕ ਜੜਤ ਦੇ ਮਹੱਤਵ ਨੂੰ ਦਰਸਾਉਂਦਾ ਹੈ। ਸ਼ਬਦਾਂ ਦੁਆਰਾ ਹੀ ਕਲਪਨਾ ਨੂੰ ਸਾਕਾਰ ਕੀਤਾ ਜਾ ਸਕਦਾ ਹੈ। ਸ਼ਬਦ ਤੇ ਅਰਥ ਦਾ ਮਹੱਤਵ ਉਹਨਾਂ ਦੀ ਸੰਕੇਤ-ਸ਼ਕਤੀ ਵਿਚ ਹੈ। ਕਵੀ ਜਿਸ ਭਾਵਨਾ ਨੂੰ ਅਭਿਵਿਅਕਤ ਕਰਦਾ ਹੈ ਸ਼ਬਦ ਤੇ ਅਰਥ ਦੋਵੇਂ ਮਿਲ ਕੇ ਉਸ ਭਾਵਨਾ ਨੂੰ ਸਾਕਾਰ ਕਰਦੇ ਹਨ।

ਕਵਿਤਾ ਵਿਚ ਕਵੀ ਕਿਹੋ ਜਿਹੇ ਸ਼ਬਦਾਂ ਦੀ ਚੋਣ ਕਰਦਾ ਹੈ। ਇਹ ਗੱਲ ਕਵੀ ਦੀ ਸੁਹਜਸ਼ੀਲਤਾ ਤੇ ਨਿਰਭਰ ਕਰਦੀ ਹੈ। ਪ੍ਰੋ. ਪ੍ਰੇਮ ਪ੍ਰਕਾਸ਼ ਸਿੰਘ[2] ਦੇ ਸ਼ਬਦਾਂ ਅਨੁਸਾਰ, "ਕਾਵਿ ਵਿਚ ਇਕੋ ਇਕ ਸਾਧਨ ਭਾਸ਼ਾ ਜਾਂ ਸ਼ਬਦ ਹਨ ਜਿਹੜੇ ਕਲਾਕਾਰ ਜਾਂ ਕਵੀ ਦੀ ਕਲਾ ਦਾ ਪਰਚੈ ਦੇ ਸਕਦੇ ਹਨ।" ਡਾ. ਹਰਭਜਨ ਸਿੰਘ ਬਲੈਕਮਰ ਦੇ ਭਾਸ਼ਾ ਜੈਸਚਰ ਸਬੰਧੀ ਵਿਚਾਰ ਕਰਦਿਆਂ ਕਹਿੰਦੇ ਹਨ, "ਕਾਵਿ ਕਿਰਤ ਦੇ ਸ਼ਬਦ ਸੰਗੀਤ ਵਾਂਗ ਬੋਲਦੇ ਹਨ, ਉਹ ਦ੍ਰਿਸ਼ਟੀਗੋਚਰ ਬਿੰਬ ਰਚਦੇ ਹਨ, ਉਹ ਮੂਰਤੀ ਵਾਂਗ ਠੋਸ ਤੇ ਇਮਾਰਤਸਾਜ਼ੀ ਵਾਂਗ ਖੁਲ੍ਹੇ ਡੁਲ੍ਹੇ ਪ੍ਰਤੀਤ ਹੁੰਦੇ ਹਨ। ਉਹ ਨਾਚ ਵਾਂਗ ਮਰੋੜੇ ਤੇ ਠੁਮਕੇ ਲੈਂਦੇ ਹਨ। ਇਹੋ ਉਨ੍ਹਾਂ ਦੇ ਜੈਸਚਰ ਹਨ। ਸ਼ਬਦ ਦੇ ਵਿਚ ਇਕ ਤੂਫ਼ਾਨ ਹੈ, ਭਾਵੇਂ ਉਹ ਆਪ ਤੂਫ਼ਾਨ ਨਹੀਂ।"[3]

ਉਪਰੋਕਤ ਕਥਨ ਸ਼ਬਦਾਂ ਦੇ ਸੰਗੀਤਕ ਤੇ ਕਲਪਨਾਤਮਕ ਗੁਣ ਨੂੰ ਸਾਕਾਰ ਕਰਦੇ ਹਨ। ਇਹ ਸ਼ਾਬਦਿਕ ਗੁਣ ਕਵਿਤਾ ਵਿਚ ਸਰੋਦੀ ਅੰਸ਼ ਪੈਦਾ ਕਰਦੇ ਹਨ। ਬੋਲਚਾਲ ਵਿਚ ਸ਼ਬਦ

1. "... in other terms thoughts and words elegantly adapted to the subject. But the power to adapt words and thought's, that is also a definition of imagination."

   Phases of English Poetry, p. 122

2. ਭਾਰਤੀ ਕਾਵਿ-ਸ਼ਾਸਤਰ, ਪੰਨਾ 86
3. ਸਾਹਿਤ ਵਿਗਿਆਨ, ਪੰਨਾ 69

ਰੂੜ੍ਹੀਗਤ ਵਸਤਾਂ ਦੀ ਜਾਣਕਾਰੀ ਦੇਂਦੇ ਹਨ। ਪਰੰਤੂ ਕਵਿਤਾ ਵਿਚ ਸ਼ਬਦ ਮੌਲਿਕ ਹਨ। ਉਹਨਾਂ ਨੂੰ ਕਵਿਤਾ-ਖੇਤਰ ਵਿਚ ਹੀ ਸਮਝਿਆ ਜਾ ਸਕਦਾ ਹੈ। ਸਾਰਤ੍ਰ[1] ਅਨੁਸਾਰ, "ਜਦੋਂ ਕਾਵਿ-ਭਾਸ਼ਾ ਅਰਥ ਨੂੰ ਪੇਸ਼ ਕਰਦੀ ਹੈ ਤਾਂ ਦਰਪਣ ਵਾਂਗ ਹੀ ਸੰਸਾਰ ਨੂੰ ਮੁਕੰਮਲ ਭੌਤਿਕਤਾ ਸਹਿਤ ਪ੍ਰਤੀਬਿੰਬਤ ਕਰਦੀ ਹੈ।" ਇਸ ਦਾ ਮਤਲਬ ਇਹ ਹੋਇਆ ਕਿ ਕਵਿਤਾ ਵਿਚ ਸ਼ਬਦ ਪਾਰਦਰਸ਼ੀ ਸ਼ੀਸ਼ੇ ਵਾਂਗ ਹੁੰਦੇ ਹਨ ਜਿਹਨਾਂ ਵਿਚੋਂ ਪਰਾਭੌਤਿਕ ਸੰਸਾਰ ਦੇ ਦਰਸ਼ਨ ਕੀਤੇ ਜਾ ਸਕਦੇ ਹਨ। ਇਸ ਤਰ੍ਹਾਂ ਕਵਿਤਾ ਵਿਚ ਸ਼ਬਦ, ਜਿਥੇ ਬਿੰਬ ਤੇ ਅਲੰਕਾਰਾਂ ਦਾ ਕੰਮ ਕਰਦੇ ਹਨ ਉਥੇ ਇਹ ਪ੍ਰਤੀਕਾਂ ਦਾ ਕਾਰਜ ਵੀ ਨਿਭਾਉਂਦੇ ਹਨ।

ਸ਼ਬਦਾਂ ਦੀਆਂ ਤਿੰਨ ਸ਼ਕਤੀਆਂ ਅਭਿਧਾ, ਲਕਸ਼ਣਾ ਅਤੇ ਵਿਅੰਜਨਾ ਹਨ।[2] ਸ਼ਬਦ ਦੀ ਵਿਭਿੰਨ ਸ਼ਕਤੀਆਂ ਕਰਕੇ ਸ਼ਬਦ ਦੇ ਅਰਥ ਵੀ ਭਿੰਨ ਭਿੰਨ ਜਾਂ ਸੰਕੇਤਕ ਅਰਥ ਹੁੰਦੇ ਹਨ। ਇਸ ਤਰ੍ਹਾਂ ਸ਼ਬਦ ਬਹੁਅਰਥਤਾ ਵਲ ਰੁਚਿਤ ਹੁੰਦੇ ਹਨ। ਬਹੁਅਰਥਕ ਸ਼ਬਦ ਲੁਕਾਵੇ ਰਾਹੀਂ ਪ੍ਰਗਟਾਵੇ ਨੂੰ ਬਲਵਾਨ ਬਣਾਉਣ ਵਲ ਰੁਚਿਤ ਹੁੰਦੇ ਹਨ।

ਕਵਿਤਾ ਵਿਚ ਅਸੀਂ ਸ਼ਬਦਾਂ ਨੂੰ ਵੇਖਦੇ ਨਹੀਂ ਸਗੋਂ ਉਹਨਾਂ ਰਾਹੀਂ ਕੁਝ ਭਾਵ ਗ੍ਰਹਿਣ ਕਰਦੇ ਹਾਂ। ਜਿਵੇਂ ਅਸੀਂ ਕਿਸੇ ਕੋਲੋਂ ਕੋਈ ਚੰਗੀ ਗੱਲ ਸਿੱਖ ਲੈਂਦੇ ਹਾਂ। ਪਰੰਤੂ ਸਾਨੂੰ ਇਹ ਯਾਦ ਨਹੀਂ ਰਹਿੰਦਾ ਕਿ ਉਸ ਨੇ ਸਿਖਾਉਣ ਵੇਲੇ ਕਿਹੜੇ ਸ਼ਬਦਾਂ ਦਾ ਪ੍ਰਯੋਗ ਕੀਤਾ ਸੀ। ਇਸ ਤਰ੍ਹਾਂ ਕਵਿਤਾ ਵਿਚ ਕਵੀ ਦੇ ਸ਼ਬਦਾਂ ਨੂੰ ਨਹੀਂ ਸਿਖਦੇ ਸਗੋਂ ਉਹਨਾਂ ਰਾਹੀਂ ਅਸੀਂ ਕੁਝ ਚੰਗੀਆਂ ਗੱਲਾਂ ਜਾਂ ਭਾਵ ਗ੍ਰਹਿਣ ਕਰਦੇ ਹਾਂ। ਇਸ ਤਰ੍ਹਾਂ ਸ਼ਬਦ ਕਾਵਿ-ਕ੍ਰਿਤ ਵਿਚ ਇਕ ਦੂਜੇ ਨਾਲ ਪ੍ਰਾਣਧਾਰੀ ਸਬੰਧ ਵਿਚ ਜੁੜੇ ਹੁੰਦੇ ਹਨ। ਸਰੋਦੀ ਕਵਿਤਾ ਵਿਚ ਉਹਨਾਂ ਦਾ ਸਬੰਧ ਪਰੋਖ ਰੂਪ ਵਿਚ ਹੁੰਦਾ ਹੈ।

ਉਪਰੋਕਤ ਵਿਚਾਰਾਂ ਦੇ ਸੰਦਰਭ ਤੋਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਸ਼ਬਦ ਚੋਣ, ਸ਼ਬਦ ਜੋੜ ਜਾਂ ਸ਼ਬਦਾਂ ਦੀ ਕਵਿਤਾ ਵਿਚ ਥਾਂ-ਸਿਰ ਜੜਤ ਆਦਿ ਕਵਿਤਾ ਵਿਚ ਵਿਭਿੰਨ ਅੰਸ਼ ਪੈਦਾ ਕਰਦੀ ਹੈ। ਗੁਰੂ ਅਰਜਨ ਬਾਣੀ ਵਿਚ ਵੀ ਇਹੀ ਵਿਉਂਤ ਗੁਰੂ ਜੀ ਦੀ ਕਵਿਤਾ ਨੂੰ ਸਰੋਦੀ ਬਣਾਉਣ ਵਿਚ ਮਹੱਤਵਪੂਰਨ ਹਿੱਸਾ ਪਾਉਂਦੀ ਹੈ।

---

1. ਡਾ. ਹਰਭਜਨ ਸਿੰਘ, ਸਾਹਿਤ ਵਿਗਿਆਨ, ਪੰਨਾ 71
2. ਗੁਲਾਬ ਰਾਏ, ਸਿਧਾਂਤ ਤੇ ਅਧਿਐਨ (ਪੰਜਾਬੀ ਅਨੁਵਾਦ), ਭਾਸ਼ਾ ਵਿਭਾਗ, ਪੰਜਾਬ, ਪੰਨਾ 304

ਗੁਰੂ ਅਰਜਨ ਬਾਣੀ ਵਿਚ ਵਰਤੇ ਸ਼ਬਦ ਤੇ ਉਹਨਾਂ ਦੁਆਰਾ ਉਤਪੰਨ ਸਰੋਦ ਬਾਰੇ ਵਿਚਾਰ ਕਰਨ ਲਈ ਗੁਰੂ ਜੀ ਦੀ ਬਾਣੀ ਵਿਚ ਆਈ ਸ਼ਬਦਾਵਲੀ ਦੀ ਹੇਠ ਲਿਖੇ ਮੁਤਾਬਕ ਵੰਡ ਕਰਕੇ, ਉਸਨੂੰ ਵਿਚਾਰਨਾ ਮੁਨਾਸਬ ਹੋਵੇਗਾ।

(ੳ) ਸ੍ਰਿਸ਼ਟੀ ਰਚਨਾ ਜਾਂ ਪ੍ਰਕਿਰਤੀ ਚੋਂ ਚੁਣੀ ਸ਼ਬਦਾਵਲੀ

(ਅ) ਮਨੁਖ ਸਬੰਧੀ ਅਤੇ ਮਨੁੱਖੀ ਹਿਸ੍ਰਤਿਆਂ ਵਿਚੋਂ ਚੁਣੀ ਸ਼ਬਦਾਵਲੀ

(ੲ) ਬ੍ਰਹਮਵਾਚਕ ਸ਼ਬਦਾਵਲੀ

(ੳ) ਸ੍ਰਿਸ਼ਟੀ ਰਚਨਾ ਜਾਂ ਪ੍ਰਕਿਰਤੀ ਚੋਂ ਚੁਣੀ ਸ਼ਬਦਾਵਲੀ। ਗੁਰੂ ਅਰਜਨ ਸਾਹਿਬ ਨੇ ਬਹੁ-ਰੰਗੀ ਕੁਦਰਤ ਦੇ ਅਨੇਕਾਂ ਨਜ਼ਾਰਿਆਂ ਦੁਆਰਾ ਪ੍ਰਕਿਰਤੀ ਨੂੰ ਰਚਨਹਾਰ ਦੇ ਇਲਾਹੀ ਜੋਤਾਂ ਨੂੰ ਪੇਸ਼ ਕੀਤਾ ਹੈ। ਸ੍ਰਿਸ਼ਟੀ ਰਚਨਾ ਦੇ ਮੁਢ ਬਾਰੇ ਗੁਰੂ ਜੀ ਨੇ ਉਲਝਣਾਂ ਮੁਨਾਸਬ ਨਹੀਂ ਸਮਝਿਆ ਸਗੋਂ, "ਤੂੰ ਆਪੇ ਕਰਤਾ ਕਾਰਣ ਕਰਣਾ। ਸ੍ਰਿਸ਼ਟੀ ਉਪਾਈ ਧਰੀ ਸਭ ਧਾਰਣਾ।"[1] ਕਹਿ ਕੇ ਗੱਲ ਨੂੰ ਖਤਮ ਕੀਤਾ ਹੈ।

ਇਥੇ ਇਕ ਗੱਲ ਸਪਸ਼ਟ ਕਰਨੀ ਮੁਨਾਸਬ ਹੋਵੇਗੀ ਕਿ ਗੁਰੂ ਜੀ ਦੇ ਵਿਸ਼ਾਲ ਸ਼ਬਦ ਭੰਡਾਰ ਦੇ ਇਕਲੇ ਇਕਲੇ ਸ਼ਬਦ ਬਾਰੇ ਵਿਚਾਰ ਕਰਨੀ ਅਸੰਭਵ ਹੈ। ਉਹਨਾਂ ਦੇ ਸ਼ਬਦ-ਭੰਡਾਰ ਵਿਚੋਂ ਕੁਝ ਕੁ ਚੋਣਵੇਂ ਸ਼ਬਦਾਂ ਦੁਆਰਾ ਹੀ ਉਹਨਾਂ ਦੀ ਬਾਣੀ ਵਿਚਲੇ ਸਰੋਦੀ ਅੰਸ਼ ਦੀ ਉਸਾਰੀ ਬਾਰੇ ਵਿਚਾਰਿਆ ਜਾਵੇਗਾ।

ਗੁਰੂ ਅਰਜਨ ਦੇਵ ਨੇ ਅਕਾਸ਼ ਦੇ ਸ਼ਿੰਗਾਰ ਸੂਰਜ, ਚੰਨ, ਬਦਲ ਤੇ ਪੌਣ ਪਾਣੀ ਤੋਂ ਇਲਾਵਾ ਰੰਗ-ਬਰੰਗੇ ਪ੍ਰਕ੍ਰਿਤਕ ਦ੍ਰਿਸ਼, ਬਿਰਖਾਂ ਬੂਟਿਆਂ, ਫਲਾਂ-ਫੁਲਾਂ, ਪਸ਼ੂ ਪੰਛੀਆਂ, ਕੀੜੇ ਮਕੌੜੇ, ਭਿੰਨ ਭਿੰਨ ਰੁਤਾਂ ਤੇ ਮੌਸਮਾਂ ਨਾਲ ਸਬੰਧਿਤ ਸ਼ਬਦਾਵਲੀ ਦੁਆਰਾ ਆਪਣੇ ਅਨੁਭਵ ਸਦਕਾ ਵਿਚਾਰਾਂ ਤੇ ਭਾਵਾਂ ਦੀ ਅਭਿਵਿਅਕਤੀ ਕੀਤੀ ਹੈ।

ਹੇਠ ਲਿਖੀਆਂ ਤੁਕਾਂ ਵਿਚ ਬੱਦਲ, ਬਿਜਲੀਆਂ, ਮੀਂਹ ਆਦਿ ਜਲ-ਸਬੰਧੀ ਸ਼ਬਦਾਂ ਦੁਆਰਾ ਗੁਰੂ ਜੀ ਨੇ ਪ੍ਰਕ੍ਰਿਤਕ ਦ੍ਰਿਸ਼ ਚਿਤ੍ਰਿਆ ਹੈ।

---

1. ਮਾਰੂ ਸੋਲਹੇ ਮਹੱਲਾ - 5

ਨਾਨਕ ਬਿਜੁਲੀਆਂ ਚਮਕੰਨਿ ਘੁਰਨਿ ਘਟਾ ਅਤਿ ਕਾਲੀਆਂ।
ਬਰਸਨ ਮੇਘ ਅਪਾਰ ਨਾਨਕ ਸੰਗਮ ਪਿਰੀ ਸੁਹੰਦੀਆਂ।[1]

(ਮਾਰੂ ਡਖਣੇ ਮਹੱਲਾ - 5)

ਗੁਰੂ ਜੀ ਦੀ ਕਲਪਨਾ ਵਿਚ ਕੁਦਰਤ ਦਾ ਅਤਿ ਡਰਾਵਣਾ ਦ੍ਰਿਸ਼ ਹੈ ਜਿਸ ਨੂੰ ਬਿਜਲੀਆਂ, ਚਮਕੰਨਿ, ਘੁਰਨ, ਘਟਾ ਅਤਿ ਕਾਲੀਆਂ, ਆਦਿ ਸ਼ਬਦਾਂ ਦੁਆਰਾ ਸਾਕਾਰ ਕੀਤਾ ਹੈ। ਅਜਿਹੇ ਹਾਲਾਤ ਵਿਚ 'ਸੰਗਮ, ਪਿਰੀ, ਸੁਹੰਦੀਆਂ' ਸ਼ਬਦ ਪਤੀ-ਮਿਲਾਪ (ਪ੍ਰਭੂ-ਮਿਲਾਪ) ਦੇ ਸੁਖਾਵੇਂ ਵਾਤਾਵਰਣ ਨੂੰ ਸਾਕਾਰ ਕਰਦੇ ਹਨ। ਇਥੇ ਗੁਰੂ ਅਰਜਨ ਦੇਵ ਜੀ ਦੇ ਸ਼ਬਦ, ਭਾਵਾਂ ਦਾ ਕੇਵਲ ਬਾਹਰਮੁਖੀ ਕੁਦਰਤ ਦਾ ਚੁਲਾਰਾ ਨਹੀਂ ਸਗੋਂ ਇਹਨਾਂ ਦੇ ਵਿਅੰਗਾਰਥ ਸਦਕਾ ਉਹਨਾਂ ਨੇ ਕੁਦਰਤ ਦੇ ਸੀਨੇ ਵਿਚ ਕਾਦਰ ਦੇ ਦਿਲ ਦੀ ਧੜਕਣ ਭਰ ਦਿਤੀ ਹੈ।

ਬਿਜਲੀਆਂ ਦਾ ਚਮਕਣਾ, ਕਾਲੀਆਂ ਘਟਾਵਾਂ ਦਾ ਘੇਰਨਾ ਤੇ ਬਦਲਾਂ ਦਾ ਵਰਸਣਾ ਆਦਿ ਸ਼ਬਦ ਮਨੁੱਖ ਨੂੰ ਭੌਤਿਕਤਾ ਦਾ ਅਨੁਭਵ ਕਰਾਉਂਦੇ ਹੋਏ, 'ਸੰਗਮ ਪਿਰੀ ਸੁਹੰਦੀਆਂ' ਸ਼ਬਦਾਂ ਦੁਆਰਾ ਪਰਾਭੌਤਿਕਤਾ ਨਾਲ ਜੋੜਦੇ ਹਨ। ਗੁਰੂ ਜੀ ਨੇ ਆਤਮਾ ਨੂੰ ਪਰਮਾਤਮਾ ਨਾਲ ਜੋੜਨ ਦੀ ਚੇਸ਼ਟਾ ਕੀਤੀ ਹੈ।

ਗੁਰੂ ਜੀ ਨੇ ਕਲਪਨਾ ਨੂੰ ਢੁਕਵੀਂ ਸ਼ਬਦਾਵਲੀ ਦੁਆਰਾ ਸਾਕਾਰ ਕੀਤਾ ਹੈ। ਸ਼ਬਦ-ਚੋਣ ਦੀ ਇਹ ਵਿਉਂਤ ਸ਼ਾਬਦਿਕ-ਸੰਗੀਤ, ਸ਼ਬਦ-ਧੁਨਿ, ਸ਼ਬਦ-ਰਸ, ਸ਼ਬਦ-ਅਰਥ ਤੇ ਸ਼ਬਦ-ਭਾਵ ਦੁਆਰਾ ਪ੍ਰਬਲ ਰੂਪ ਵਿਚ ਕਵਿਤਾ ਨੂੰ ਸਜੀਵੀ ਬਣਾਉਣ ਵਲ ਰੁਚਿਤ ਹੈ।

ਗੁਰੂ ਅਰਜਨ ਦੇਵ ਜੀ ਨੇ ਪ੍ਰਕਿਰਤੀ ਨੂੰ ਅਧਿਆਤਮਕ ਅਰਥਾਂ ਵਿਚ ਪੇਸ਼ ਕੀਤਾ ਹੈ। ਹੇਠ ਲਿਖੀ ਤੁਕ ਵਿਚ ਜਲਿ ਨਿਧਿ, ਮਛਲੀ, ਬੂੰਦ, ਚਾਤ੍ਰਿਕ ਆਦਿਕ ਸ਼ਬਦਾਂ ਦੀ ਆਤਮਾ ਵੀ ਅਧਿਆਤਮਕ-ਅਰਥਾਂ ਨੂੰ ਖੋਲ੍ਹਦੀ ਪ੍ਰਤੀਤ ਹੁੰਦੀ ਹੈ।

ਤੂੰ ਜਲਿ ਨਿਧਿ ਹਮ ਮੀਨ ਤੁਮਾਰੇ, ਤੇਰਾ ਨਾਮ ਬੂੰਦ ਹਮ ਚਾਤ੍ਰਿਕ ਤਿਖਹਾਰੇ।[2]

(ਮਾਝ ਮਹੱਲਾ - 5)

---

1. ਗੁਰੂ ਗ੍ਰੰਥ ਸਾਹਿਬ, ਪੰਨਾ 1102
2. ਉਹੀ, ਪੰਨਾ 100

ਉਪਰੋਕਤ ਕਾਵਿ-ਪੰਗਤੀ ਵਿਚ ਜਲਿਨਿਧਿ ਤੇ ਨਾਮ-ਬੂੰਦ ਸ਼ਬਦ ਬਹੁਅਰਥਕ ਅਰਥਾਤ ਪਰਮਾਤਮਾ ਦੇ ਪ੍ਰਤੀਕ ਹਨ। ਇਹ ਸ਼ਬਦ ਲੁਕਾਵੇਂ ਰਾਹੀਂ ਪ੍ਰਗਟਾਵੇ ਨੂੰ ਬਲਵਾਨ ਕਰਨ ਵਲ ਰੁਚਿਤ ਹਨ। ਜਲ, ਮੀਨ, ਚਾਤ੍ਰਿਕ, ਬੂੰਦ ਆਦਿ ਸ਼ਬਦ ਸਾਡੀ ਕਲਪਨਾ ਵਿਚ ਇਕ ਦ੍ਰਿਸ਼ ਸਾਕਾਰ ਕਰ ਦਿੰਦੇ ਹਨ। ਜਲਿ-ਨਿਧਿ, ਮੀਨ ਤੇ ਨਾਮ-ਬੂੰਦ-ਚਾਤ੍ਰਿਕ ਆਦਿ ਸਹਿ-ਸਬੰਧੀ ਸ਼ਬਦ ਮਨੁੱਖ ਨੂੰ ਅਲੌਕਿਕ-ਪ੍ਰਭੂ ਨਾਲ ਜੋੜਨ ਵਲ ਰੁਚਿਤ ਹਨ। ਇਹੀ ਸਰੋਦੀ ਕਵਿਤਾ ਦੀ ਵਿਲੱਖਣਤਾ ਹੈ ਕਿ ਇਹ ਗੂੜ੍ਹੇ ਇਸ਼ਾਰਿਆਂ ਨਾਲ ਗੁਝੀ ਵਸਤੂਆਂ ਦਾ ਗਿਆਨ ਕਰਾਉਂਦੀ ਹੈ।

ਪੰਛੀਆਂ ਵਿਚੋਂ ਸਭ ਤੋਂ ਸ਼੍ਰੇਸ਼ਟ 'ਹੰਸ' ਹੈ। ਹੰਸ ਦੇ ਉਲਟ ਬਗਲਾ ਹੈ ਜੋ ਮਲੀਨਤਾ ਦਾ ਪ੍ਰਤੀਕ ਹੈ। ਗੁਰੂ ਅਰਜਨ ਦੇਵ ਜੀ ਦੀ ਕਲਪਨਾ ਵਿਚ ਜਦੋਂ ਇਹ ਪਰਸਪਰ ਵਿਰੋਧੀ ਰੁਚੀਆਤਮਕ ਪੰਛੀ ਆਉਂਦੇ ਹਨ ਤਾਂ ਇਹਨਾਂ ਦੇ ਮਾਧਿਅਮ ਦੁਆਰਾ ਮਨੁੱਖ ਨੂੰ ਮਲੀਨ-ਰੁਚੀਆਂ ਤੋਂ ਬਚਣ ਲਈ ਤਾਕੀਦ ਕਰਦੇ ਹਨ।

ਹੰਸਾ ਵਿਚ ਬੈਠਾ ਬਗੁ ਨ ਬਣਈ ਨਿਤ ਬੈਠਾ ਮਛੀ ਨੋ ਤਾਰ ਲਾਵੈ।[1]

(ਰਾਮਕਲੀ ਕੀ ਵਾਰ ਮਹੱਲਾ - 5)

ਉਪਰੋਕਤ ਤੁਕ ਵਿਚ ਕਵੀ ਨੇ ਹੰਸ ਤੇ ਬਗੁ ਦੇ ਸਵੈ-ਵਿਰੋਧੀ ਰੁਚੀਆਤਮਕ ਸ਼ਬਦਾਂ ਦੀ ਸੰਰਚਨਾ ਦੁਆਰਾ ਕਾਲਪਨਿਕ ਪਰੰਤੂ ਇਕਾਗਰਕਾਰੀ ਭਾਵਾਤਮਕ ਚਿਤ੍ਰ ਉਕਰਿਆ ਹੈ। ਬਗੁ ਤੇ ਮੱਛੀ ਸਹਿ-ਸਬੰਧੀ ਸ਼ਬਦ ਹਨ ਪਰੰਤੂ ਇਹਨਾਂ ਨੂੰ ਹੰਸ ਸ਼ਬਦ ਨਾਲ ਮੇਲ ਕੇ ਮਨੁਖ ਨੂੰ ਚੰਗੇ ਕਰਮ ਕਰਨ ਵਲ ਰੁਚਿਤ ਕੀਤਾ ਹੈ।

'ਬਗੁ ਮੱਛੀ ਨੋ ਤਾਰ ਲਾਵੈ' ਤੁਕ ਵਿਚ ਸੰਗੀਤਕ ਲੈਅ ਹੈ। ਹੰਸ ਤੇ ਬਗੁ ਦੇ ਸੰਖੇਪ ਸ਼ਬਦ ਹਨ ਪਰੰਤੂ ਇਸ ਤੁਕ ਵਿਚ ਇਸ ਤਰ੍ਹਾਂ ਜੜੇ ਹਨ ਕਿ ਇਹ ਅਰਥ-ਵਿਸਤਾਰ ਵਲ ਸੰਕੇਤ ਕਰਦੇ ਹਨ। ਇਸ ਤਰ੍ਹਾਂ ਇਹ ਤੁਕ ਸ਼ਬਦਾਂ ਦੀ ਕਲਾਤਮਕ ਜੜਤ ਸਦਕਾ, ਕਲਪਨਾ, ਲੈਅ, ਸੰਖੇਪਤਾ ਤੇ ਭਾਵਨਾਤਮਕ ਪ੍ਰਵਾਹ ਨੂੰ ਕਾਵਿਕ-ਸਮੂਹ ਵਿਚ ਸੁਮੇਲ ਕੇ ਸਰੋਦੀ ਅੰਸ਼ ਪੈਦਾ ਕਰਦੀ ਹੈ। ਕਿਉਂਕਿ ਗੁਰੂ ਜੀ ਦੇ ਸ਼ਬਦ ਅਵਸਰ ਤੇ ਪ੍ਰਭੂ ਵਿਚੋਂ ਉਪਜਣ ਕਰਕੇ, ਅਦੇਸ਼ ਭਰੇ ਤੇ ਵਧੇਰੇ ਆਕਰਸ਼ਕ ਹਨ। ਸ਼੍ਰੇਸ਼ਟ ਸ਼ਬਦਾਂ ਦੀ ਚੋਣ ਸ੍ਰੋਤਿਆਂ ਨੂੰ ਆਪਣੇ

1. ਗੁਰੂ ਗ੍ਰੰਥ ਸਾਹਿਬ, ਪੰਨਾ 854

ਵਲ ਖਿਚਣ ਅਤੇ ਮੋਹਿਤ ਕਰਨ ਦੀ ਸ਼ਕਤੀ ਰੱਖਦੀ ਹੈ। ਇਹ ਸਾਰੇ ਗੁਣ ਕਵਿਤਾ ਨੂੰ ਸਰੋਦਕ ਬਣਾਉਂਦੇ ਹਨ।

ਗੁਰੂ ਅਰਜਨ ਬਾਣੀ ਵਿਚ ਅਜਿਹੇ ਚਿਤ੍ਰਾਂ ਦਾ ਅਭਾਵ ਨਹੀਂ। ਰਚਨਾਤਮਕ ਕਲਪਨਾ ਦਾ ਆਧਾਰ ਗੁਰੂ ਜੀ ਦੀ ਬਾਣੀ ਵਿਚ ਅਧਿਕ ਹੈ:

ਬੈਲ ਕਉ ਨੇਤ੍ਰਾ ਪਾਇ ਦੁਹਾਵੈ।
ਗਊ ਚਰਿ ਸਿੰਘ ਪਾਛੈ ਪਾਵੈ।[1]

(ਗਉੜੀ ਮਹੱਲਾ - 5)

ਇਸ ਤੁਕ ਦਾ ਸਮੁੱਚ ਕਲਪਨਾ ਅਨੁਭੂਤੀ ਨੂੰ ਸਾਕਾਰ ਕਰਦਾ ਹੋਇਆ ਤੇ ਭਾਵ-ਪ੍ਰਕਾਸ਼ ਨੂੰ ਇਕ ਸ਼ਬਦ ਤੋਂ ਦੂਜੇ ਸ਼ਬਦ ਤਕ ਫੈਲਾਉਂਦਾ ਹੋਇਆ ਅਰਥ-ਵਿਸਤਾਰ ਦਾ ਦਾਇਰਾ ਇਉਂ ਕਾਇਮ ਕਰਦਾ ਹੈ:

ਬੈਲ → ਨੇਤ੍ਰਾ → ਦੁਹਾਵੈ
ਗਊ → ਸਿੰਘ → ਪਾਛੈ ਪਾਵੈ

ਸਹਿਚਾਰੀ ਦੀ ਸਹਿਚਾਰੀ ਨਾਲ ਹੀ ਨਿਭ ਸਕਦੀ ਹੈ। ਉਪਰੋਕਤ ਸਹਿ-ਵਿਰੋਧੀ ਸ਼ਬਦ ਇਸ ਕਾਵਿ-ਸੌਂਦਰ ਨੂੰ ਪ੍ਰਗਟਾਉਂਦੇ ਹਨ। ਇਹਨਾਂ ਕਾਵਿ-ਤੁਕਾਂ ਰਾਹੀਂ ਗੁਰੂ ਜੀ ਨੇ ਆਤਮ-ਅਨੁਭੂਤੀ ਨੂੰ ਸਰਬ-ਸੰਬੋਧਨ ਦੀ ਆਵਾਜ਼ ਵਿਚ ਪ੍ਰਗਟਾਇਆ ਹੈ। ਦੁਹਾਵੈ ਤੇ ਪਾਵੈ ਤੁਕਾਂਤਕ ਸ਼ਬਦ ਕਾਵਿ-ਅਰਥ ਦੇ ਨਾਲ ਨਾਲ ਸੰਗੀਤਕ ਪ੍ਰਬੰਧ ਨੂੰ ਵੀ ਪ੍ਰਸਤੁਤ ਕਰਦੇ ਹਨ।

ਇਸ ਤਰ੍ਹਾਂ ਭਾਵ ਤੇ ਸੰਗੀਤ, ਬਿੰਬ ਤੇ ਵਰਨਣ-ਵਿਧਾਨ ਦੀ ਇਕਮਿਕਤਾ ਤੇ ਕਵਿਤਾ ਦੀ ਕਲਾਤਮਕਤਾ ਰਾਹੀਂ ਸਰੋਦੀ ਅੰਸ਼ ਦਾ ਵਿਕਾਸ ਹੋਇਆ ਹੈ।

(ਅ) <u>ਮਨੁੱਖ ਸਬੰਧੀ ਤੇ ਮਨੁੱਖੀ ਕਿਰਿਆਵਾਂ ਵਿਚੋਂ ਚੁਣੀ ਸ਼ਬਦਾਵਲੀ</u>: ਗੁਰੂ ਅਰਜਨ ਦੇਵ ਜੀ ਨੇ ਆਪਣੀ ਬਾਣੀ ਵਿਚ ਸਰੋਦੀ ਅੰਸ਼ ਪੈਦਾ ਕਰਨ ਲਈ ਮਨੁੱਖ ਸਬੰਧੀ ਤੇ ਮਨੁੱਖੀ ਕਿਰਿਆਵਾਂ

1. <u>ਗੁਰੂ ਗ੍ਰੰਥ ਸਾਹਿਬ</u>, ਪੰਨਾ 198

ਵਿਚੋਂ ਵੀ ਸ਼ਬਦਾਵਲੀ ਚੁਣੀ ਹੈ। ਉਹਨਾਂ ਦੀ ਸ਼ਬਦਾਵਲੀ ਮਨੁੱਖ ਦੀ ਸਮਾਜਕ ਜਾਂ ਧਾਰਮਿਕ ਅਵਸਥਾ ਦੀ ਤਸਵੀਰ ਹੀ ਪੇਸ਼ ਨਹੀਂ ਕਰਦੀ ਬਲਕਿ ਮਾਇਆ ਗ੍ਰਸੇ ਮਨੁਖ ਦੀ ਮਾਨਸਿਕ ਲਾਲਸਾਵਾਂ, ਭਟਕਨਾਵਾਂ ਤੇ ਉਸਦੀ ਸਦਾਚਾਰਕ ਊਣਤਾਈਆਂ ਬਾਰੇ ਉਸਾਰੂ ਅਲੋਚਨਾ ਕਰਕੇ ਮਨੁਖ ਨੂੰ ਆਦਰਸ਼ ਮਨੁੱਖ ਦਾ ਜੀਵਨ ਜਿਊਣ ਦੀ ਜਾਚ ਸਿਖਾਉਂਦੀ ਹੈ।

ਗੁਰੂ ਅਰਜਨ ਦੇਵ ਨੇ ਥੋੜ੍ਹੇ ਜਿਹੇ ਸ਼ਬਦਾਂ ਦੁਆਰਾ ਮਨੁੱਖੀ ਸਰੀਰ ਦਾ ਚਿਤ੍ਰਣ ਕੀਤਾ ਹੈ:

ਸੰਜੋਗ ਵਿਜੋਗ ਧੁਰਹੁ ਹੀ ਹੂਆ।
ਪੰਚ ਧਾਤੁ ਕਰਿ ਪੁਤਲਾ ਕੀਆ।
ਸਾਹੈ ਕੈ ਫੁਰਮਾਇਅੜੈ ਜੀ,
ਦੇਹੀ ਵਿਚ ਜੀਉ ਆਇ ਪਾਇਆ।[1]

(ਮਾਰੂ ਅੰਜੁਲੀ ਮਹੱਲਾ - 5)

ਉਪਰੋਕਤ ਕਾਵਿ-ਤੁਕਾਂ ਵਿਚ ਗੁਰੂ ਜੀ ਨੇ ਮਨੁਖੀ ਸਰੀਰ ਨੂੰ ਪੰਜ ਧਾਤਾਂ ਦਾ ਪੁਤਲਾ ਕਿਹਾ ਹੈ ਜਿਸ ਵਿਚ ਪ੍ਰਭੂ ਨੇ ਆਪਣੇ ਹੁਕਮ ਨਾਲ ਆਤਮਾ ਦਾ ਵਾਸਾ ਕੀਤਾ। ਇਹਨਾਂ ਕਾਵਿ-ਤੁਕਾਂ ਵਿਚਲੇ ਥੀਮ ਦੀ ਸੰਰਚਨਾ, ਸੰਜੋਗ, ਵਿਜੋਗ, ਪੰਚ ਧਾਤੁ, ਪੁਤਲਾ, ਦੇਹੀ ਵਿਚ ਜੀਉ ਆਦਿ ਸ਼ਬਦਾਂ ਦੇ ਆਧਾਰ ਤੇ ਉਸਰਦੀ ਹੈ। ਇਹਨਾਂ ਸ਼ਬਦਾਂ ਦਾ ਉਚਾਰਣ ਵੀ ਗੌਰਵਮਈ ਹੈ। ਗੁਰੂ ਜੀ ਸ਼ਬਦਾਂ ਨੂੰ ਭਾਵਾਂ ਦੇ ਅਨੁਕੂਲ ਕਰਨ ਲਈ ਉਹਨਾਂ ਨੂੰ ਸ਼ਿੰਗਾਰ ਵੀ ਲੈਂਦੇ ਹਨ। 'ਫਰਮਾਇ' ਸ਼ਬਦ ਨੂੰ 'ੜ' ਵਰਣ ਨਾਲ ਸ਼ਿੰਗਾਰ ਕੇ ਤੇ ਸੰਗੀਤਾਤਮਕਤਾ ਬਖਸ਼ ਕੇ ਪੇਸ਼ ਕੀਤਾ ਹੈ।

ਗੁਰੂ ਅਰਜਨ ਦੇਵ ਨੇ ਮਨੁੱਖੀ ਰਿਸ਼ਤਿਆਂ ਸਬੰਧੀ ਸ਼ਬਦਾਂ ਨੂੰ ਆਪਣੀ ਕਲਾਤਮਕ ਰੁਚੀ ਰਾਹੀਂ ਅਧਿਆਤਮਕ ਅਨੁਭਵ ਨੂੰ ਪ੍ਰਗਟਾਉਣ ਲਈ ਵਰਤਿਆ ਹੈ। ਮਨੁਖੀ ਰਿਸ਼ਤਿਆਂ ਸਬੰਧੀ ਉਹਨਾਂ ਦੇ ਸ਼ਬਦ ਭੰਡਾਰ ਵਿਚ ਹੇਠ ਲਿਖੇ ਅਨੇਕ ਸ਼ਬਦ ਮਿਲਦੇ ਹਨ:

1. <u>ਗੁਰੂ ਗ੍ਰੰਥ ਸਾਹਿਬ</u>, ਪੰਨਾ 1007

ਮਾਤਾ-ਪਿਤਾ, ਪੁਤ੍ਰ-ਕਲਤ੍ਰ, ਭੈਣ-ਭਾਈ, ਕੰਤ, ਕੰਤ-ਪਿਆਰੀ, ਪਿਉ-ਦਾਦੇ, ਬਾਰਕ ਬੰਧਪ, ਭਰਤਾ, ਸਖੀਏ, ਸੁਘੜ, ਸਸੁ, ਸਹੇਲੀਆਂ, ਸੈਣ, ਗੁਣਵੰਤ, ਜਿਠਾਣੀ, ਮਾਈ, ਮਾਇ, ਕੁਲਵੰਤੀ ਵਡਭਾਗਣ, ਸਖਾ, ਸਾਥੀਅੜਾ, ਸੁਤ, ਪਹੁਨੜੇ, ਮੀਤ, ਮਾਣਸ, ਬਾਲ, ਪ੍ਰੀਤਮ, ਪ੍ਰਿਆ, ਸਾਹੁਰੈ, ਪੇਈਅੜੈ, ਆਦਿ।

ਗੁਰੂ ਜੀ ਨੇ ਉਪਰੋਕਤ ਸ਼ਬਦਾਂ ਦੁਆਰਾ ਆਪਣੀ ਕਾਵਿ-ਰਚਨਾ ਵਿਚ ਰਹੱਸਵਾਦੀ ਅਨੁਭਵ ਨੂੰ ਪ੍ਰਗਟਾਇਆ ਹੈ। ਇਹ ਸ਼ਬਦ ਉਹਨਾਂ ਦੀ ਬਾਣੀ ਵਿਚ ਬਹੁ-ਅਰਥਕਤਾ ਵਲ ਰੁਚਿਤ ਹਨ। ਗੁਰੂ ਅਰਜਨ ਬਾਣੀ ਵਿਚ ਮਨੁਖੀ ਰਿਸ਼ਤਿਆਂ ਸਬੰਧੀ ਵਰਤੇ ਸ਼ਬਦਾਂ ਦਾ ਸੰਕੀਰਣ-ਅਰਥ ਵਿਹਾਰਕ ਨਾਲੋਂ ਪ੍ਰਮਾਰਥਕ ਵਲ ਰੁਚਿਤ ਹੈ।

ਮਨੁਖੀ ਰਿਸ਼ਤਿਆਂ ਦਾ ਅਧਾਰ ਇਸਤ੍ਰੀ-ਪੁਰਸ਼ ਦੀ ਹੋਂਦ ਤੇ ਨਿਰਧਾਰਿਤ ਹੈ। ਗੁਰੂ ਅਰਜਨ ਦੇਵ ਨੇ ਆਪਣੀ ਬਾਣੀ ਵਿਚ ਆਤਮਾ ਨੂੰ ਪਤਨੀ ਤੇ ਪਰਮਾਤਮਾ ਨੂੰ ਪਤੀ ਦੇ ਰੂਪ ਵਿਚ ਚਿਤਵਿਆ ਹੈ:

ਸੁਣਿ ਸਖੀਏ ਮਿਲ ਉਦਮੁ ਕਰੇਹਾ ਮਨਾਇ ਲੈਹਿ ਹਰਿ ਕੰਤੈ।
ਮਾਨੁ ਤਿਆਗਿ ਕਰਿ ਭਗਤਿ ਠਗਉਰੀ ਮੋਹਹ ਸਾਧੂ ਮੰਤੈ।[1]

(ਗਉੜੀ ਮਹੱਲਾ - 5 ਛੰਤ)

ਉਪਰੋਕਤ ਕਾਵਿ-ਤੁਕਾਂ ਵਿਚ ਇਕ ਸਖੀ ਦੂਜੀ ਨੂੰ ਸੰਬੋਧਨ ਕਰ ਰਹੀ ਪ੍ਰਤੀਤ ਹੁੰਦੀ ਹੈ। ਇਥੇ ਸ਼ਬਦ 'ਸਖੀਏ' ਜੀਵ-ਆਤਮਾ ਲਈ ਹੈ ਤੇ ਸ਼ਬਦ 'ਹਰਿ ਕੰਤੈ' ਪਰਮਾਤਮਾ ਲਈ। ਇਹ ਸੰਬੋਧਨ ਪਰੋਖ ਰੂਪ ਵਿਚ ਸੁਣਾਈ ਦੇਂਦਾ ਹੈ। ਗੁਰੂ ਜੀ ਨੇ ਹੋਰਾਂ ਸ਼ਬਦਾਂ ਦੇ ਮਾਧਿਅਮ ਦੁਆਰਾ ਅਧਿਆਤਮਕ ਥੀਮ ਦਾ ਪ੍ਰਗਟਾ ਕੀਤਾ ਹੈ।

ਗੁਰੂ ਅਰਜਨ ਦੇਵ ਨੇ ਮਨੁਖੀ ਰਿਸ਼ਤਿਆਂ ਸਬੰਧੀ ਸ਼ਬਦਾਂ ਨੂੰ ਆਪਣੇ ਰਹੱਸਵਾਦੀ ਅਨੁਭਵ ਦੇ ਭੇਤ ਨੂੰ ਖੋਹਲਣ ਲਈ ਸਹਾਇਕ ਸ਼ਬਦਾਂ ਦੇ ਤੌਰ ਤੇ ਵਰਤਿਆ ਹੈ। ਗੁਰੂ ਜੀ ਨੇ ਹੇਠ ਲਿਖੀਆਂ ਕਾਵਿ ਤੁਕਾਂ ਵਿਚ ਮਾਤ-ਪਿਤਾ ਤੇ ਬਾਲਕ ਸ਼ਬਦਾਂ ਨੂੰ ਇਸੇ ਸੰਦਰਭ ਵਿਚ ਵਰਤਿਆ ਹੈ।

1. ਗੁਰੂ ਗ੍ਰੰਥ ਸਾਹਿਬ, ਪੰਨਾ 249

ਹਰਿ ਜੀ ਮਾਤਾ ਹਰਿ ਜੀ ਪਿਤਾ ਹਰਿ ਜੀਉ ਪ੍ਰਤਿਪਾਲਕ।
ਹਰਿ ਜੀ ਮੇਰੀ ਸਾਰ ਕਰੇ ਹਮ ਹਰਿ ਕੇ ਬਾਲਕ।
ਸਹਿਜੇ ਸਹਿਜ ਖਿਲਾਵਦਾ ਨਹੀਂ ਕਰਦਾ ਆਲਕ।
ਅਉਗਣੁ ਕੋ ਨ ਚਿਤਾਰਦਾ ਗਲ ਸੇਤੀ ਲਾਇਕ।[1]

(ਮਾਰੂ ਡਖਣੇ ਮਹੱਲਾ - 5)

ਉਪਰੋਕਤ ਕਾਵਿ ਤੁਕਾਂ ਦੀ ਸਾਰੀ ਸੰਰਚਨਾ ਦਾ ਆਧਾਰ ਦੋ ਹੀ ਸ਼ਬਦ 'ਮਾਤਾ' ਤੇ 'ਪਿਤਾ' ਹਨ। ਸਾਰਾ ਤਾਣਾ ਇਹਨਾਂ ਸ਼ਬਦਾਂ ਦੁਆਲੇ ਤਣਿਆ ਹੋਇਆ ਹੈ। ਅਜਿਹੇ ਸਾਧਾਰਣ ਸ਼ਬਦ ਜਨ-ਸਾਧਾਰਣ ਦੀ ਪਕੜ ਵਿਚ ਜਲਦੀਆਂ ਜਾਂਦੇ ਹਨ। ਸੰਬੋਧਨ ਦ੍ਰਿਸ਼ਟੀ ਤੋਂ ਵੀ ਇਹ ਕਾਵਿ-ਪੰਗਤੀਆਂ ਪਰੋਖ ਰੂਪ ਵਿਚ ਇਹਨਾਂ ਦੋ ਸ਼ਬਦਾਂ ਨੂੰ ਹੀ ਮੁਖਾਤਬ ਹਨ।

ਘਰੇਲੀ ਸਥਿਤੀਆਂ ਤੋਂ ਛੁਟ ਮਨੁਖ ਸਮਾਜ ਵਿਚ ਰਹਿੰਦਾ ਹੋਇਆ ਅਮੀਰੀ ਗਰੀਬੀ ਦਾ ਜੀਵਨ ਵੀ ਜਿਉਂਦਾ ਹੈ। ਸਮਾਜ ਵਿਚ ਹਮੇਸ਼ਾਂ ਅਮੀਰੀ ਤੇ ਗਰੀਬੀ ਵਿਚਕਾਰ ਇਕ ਵੱਡਾ ਪੱਧਾ ਰਹਿਆ ਹੈ ਜੋ ਇਕ ਅਸੰਤੁਲਨ ਪੈਦਾ ਕਰਦਾ ਹੈ। ਅਮੀਰ ਲੋਕ ਮਾਇਆ 'ਚ ਰੱਤੇ ਪਰਮਾਤਮਾ ਨੂੰ ਭੁਲ ਜਾਂਦੇ ਹਨ ਪਰੰਤੂ ਗਰੀਬੀ ਵਿਚ ਮਨੁਖ ਰਹੇ ਵੀ ਪਰਮਾਤਮਾ ਨੂੰ ਨਹੀਂ ਭੁਲਦਾ ਤੇ ਅੰਤ ਵੇਲੇ ਉਹਨੂੰ ਪ੍ਰਭੂ ਚਰਨਾਂ ਵਿਚ ਵਾਸਾ ਪ੍ਰਾਪਤ ਹੁੰਦਾ ਹੈ। ਗੁਰੂ ਜੀ ਨੇ ਗਰੀਬੀ ਤੇ ਅਮੀਰੀ (ਬਡਪਨਾ) ਸ਼ਬਦਾਂ ਦੁਆਰਾ ਇਕ ਪਾਸੇ ਸਮਕਾਲੀ ਸਮਾਜ ਦੀ ਤਰਸਯੋਗ ਹਾਲਤ ਦਾ ਚਿਤ੍ਰਣ ਕਰਦੇ ਹਨ ਦੂਜੇ ਪਾਸੇ ਇਹਨਾਂ ਸ਼ਬਦਾਂ ਦੇ ਮਾਧਿਅਮ ਦੁਆਰਾ ਉਹ ਆਪਣੇ ਅਧਿਆਤਮਕ ਵਿਚਾਰਾਂ ਨੂੰ ਅਭਿਵਿਅਕਤ ਕਰਨ ਵਿਚ ਸਫਲ ਹੁੰਦੇ ਹਨ:

ਅਨਦੁ ਗਰੀਬੀ ਸਾਧੁ ਸੰਗਿ ਜਿਤੁ ਪ੍ਰਭ ਚਿਤਿ ਆਏ।
ਜਲਿ ਜਾਉ ਇਹੁ ਬਡਪਨਾ ਮਾਇਆ ਲਪਟਾਏ।
ਪੀਸਨੁ ਪੀਸ ਓਢਿ ਕਾਮਰੀ ਸੁਖੁ ਮਨੁ ਸੰਤੋਖਾਏ।
ਐਸੋ ਰਾਜੁ ਨ ਕਿਤੈ ਕਾਜਿ ਜਿਤੁ ਨਹ ਤ੍ਰਿਪਤਾਏ।[2]

(ਰਾਗ ਸੂਹੀ ਮਹੱਲਾ - 5)

---

1. ਗੁਰੂ ਗ੍ਰੰਥ ਸਾਹਿਬ, ਪੰਨਾ 1097
2. ਉਹੀ, ਪੰਨਾ 745

ਉਪਰੋਕਤ ਕਾਵਿ ਤੁਕਾਂ ਵਿਚ ਗੁਰੂ ਜੀ ਗਰੀਬੀ ਤੇ ਬਡਪਨਾ (ਅਮੀਰੀ) ਸ਼ਬਦਾਂ ਦੁਆਰਾ ਆਪਣੇ ਭਾਵਾਂ ਦੀ ਅਭਿਵਿਅਕਤੀ ਕਰਕੇ ਸਮਕਾਲੀ ਸਮਾਜ ਨੂੰ ਚੇਤਾਵਨੀ ਕਰਾਉਂਦੇ ਹਨ ਕਿ ਅਮੀਰੀ ਕੂੜ ਹੈ ਇਸ ਨਾਲ ਮਨ ਨੂੰ ਸੰਤੋਸ਼ ਨਹੀਂ ਮਿਲਦਾ ਇਸਦੇ ਉਲਟ 'ਗਰੀਬੀ' ਸ਼ਬਦ ਦੁਆਰਾ ਉਹਨਾਂ ਨੇ ਦੁਨਿਆਵੀ ਕਾਰ ਵਿਹਾਰ ਲਈ ਲੋੜੀਂਦੀ ਰਾਸ ਵੱਲ ਇਸ਼ਾਰਾ ਕਰਕੇ ਮਨੁੱਖ ਨੂੰ ਪਰਮਾਰਥ ਲਈ ਵੀ ਰਾਸ ਪਲੇ ਬੰਨ੍ਹਣ ਦਾ ਉਪਦੇਸ਼ ਕਰਦੇ ਹਨ। ਸਰੋਦੀ ਕਾਵਿ ਦੀ ਇਹੀ ਵਿਲੱਖਣਤਾ ਹੈ ਕਿ ਇਹ ਸਾਰਾ ਕਾਰਜ ਕੁਝ ਕੁ ਸ਼ਬਦਾਂ ਦੁਆਰਾ ਸਿਰੇ ਚੜ੍ਹਦਾ ਹੈ।

(ੲ) ਬ੍ਰਹਮਵਾਚਕ ਸ਼ਬਦਾਵਲੀ। ਗੁਰੂ ਅਰਜਨ ਦੇਵ ਜੀ ਨੇ ਦੂਜੇ ਗੁਰੂ ਕਵੀਆਂ ਵਾਂਗ ਅਨੇਕ ਬ੍ਰਹਮਵਾਚਕ ਸ਼ਬਦਾਂ ਦਾ ਪ੍ਰਯੋਗ ਆਪਣੀ ਬਾਣੀ ਵਿਚ ਕੀਤਾ ਹੈ। ਜਿਵੇਂ ਗੁਰੂ ਅਰਜਨ ਦੇਵ ਪਰਮਾਤਮਾ ਨੂੰ ਪ੍ਰਕਿਰਤੀ ਦੇ ਕਣ ਕਣ ਵਿਚ ਰਮਿਆ ਵੇਖਦੇ ਹਨ।[1] ਉਸੇ ਤਰ੍ਹਾਂ ਬ੍ਰਹਮਵਾਚਕ ਸ਼ਬਦਾਵਲੀ ਉਹਨਾਂ ਦੀ ਬਾਣੀ-ਕਾਇਆ ਵਿਚ ਸਮਾਈ ਪਈ ਹੈ। ਇਹਨਾਂ ਸ਼ਬਦਾਂ ਦੇ ਭਰਪੂਰ ਪ੍ਰਯੋਗ ਦੁਆਰਾ ਗੁਰੂ ਜੀ ਨੇ ਬਾਣੀ ਵਿਚ ਅਧਿਆਤਮਕ ਸਰੋਦ ਪੈਦਾ ਕੀਤਾ ਹੈ। ਗੁਰੂ ਜੀ ਅਧਿਆਤਮ ਅਤੇ ਕਾਵਿ-ਸਿਰਜਣ ਨੂੰ ਇਕ-ਇਕਹਿਰੀ ਬ੍ਰਹਮਵਾਚਕ ਸ਼ਬਦ-ਜੁਗਤੀ ਵਿਚ ਬੰਨ੍ਹ ਕੇ ਪੇਸ਼ ਕਰਦੇ ਹਨ।

ਪਾਰਬ੍ਰਹਮ ਅਪਰੰਪਰ ਦੇਵਾ। ਅਗਮ ਅਗੋਚਰ ਅਲਖ ਅਭੇਵਾ।
ਦੀਨ ਦਇਆਲ ਗੋਪਾਲ ਗੋਬਿੰਦਾ ਹਰਿ ਧਿਆਵਹੁ ਗੁਰਮੁਖਿ ਗਾਤੀ ਜੀਉ।
ਗੁਰਮੁਖਿ ਮਧੁਸੂਦਨੁ ਨਿਸਤਾਰੇ। ਗੁਰਮੁਖਿ ਸੰਗੀ ਕ੍ਰਿਸਨ ਮੁਰਾਰੇ।
ਦਇਆਲ ਦਮੋਦਰੁ ਗੁਰਮੁਖਿ ਪਾਈਐ ਹੋਰਤੁ ਕਿਤੈ ਨ ਭਾਤੀ ਜੀਉ।[2]

(ਮਾਝ ਮਹੱਲਾ - 5)

ਉਪਰੋਕਤ ਕਾਵਿ-ਤੁਕਾਂ ਵਿਚ ਅਗਮ ਅਗੋਚਰ ਦੀ ਪਵਿੱਤਰਤਾ, ਇੰਦਰੀਆਂ ਦੇ ਅਨੁਭਵ ਦਾ ਵਿਸ਼ਾ ਬਣ ਗਈ ਹੈ। ਇਹਨਾਂ ਪੰਕਤੀਆਂ ਦਾ ਪਰਮਾਤਮਾ ਸਬੰਧੀ ਮਹਿਮਾ ਭਰਿਆ ਸੰਬੋਧਨ ਸ੍ਰੋਤਾ-ਜਨ ਪਰੋਖ ਰੂਪ ਵਿਚ ਮਾਣਦਾ ਹੈ। ਇਹਨਾਂ ਪੰਕਤੀਆਂ ਵਿਚ ਪਾਰਬ੍ਰਹਮ, ਅਪਰੰਪਰ,

---

1. ਜਲਿ ਥਲਿ ਪੂਰਿ ਰਹਿਆ ਬਨਵਾਰੀ। ਘਟਿ ਘਟਿ ਨਦਰਿ ਨਿਹਾਲ।
(ਸਿਰੀ ਰਾਗ ਮਹੱਲਾ - 5)

2. ਗੁਰੂ ਗ੍ਰੰਥ ਸਾਹਿਬ, ਪੰਨਾ 98

ਦੇਵਾ, ਅਗਮ-ਅਗੋਚਰ , ਅਲਖ ਅਭੇਵਾ, ਦੀਨ ਦਇਆਲ, ਗੋਪਾਲ, ਗੋਬਿੰਦਾ, ਮਧੁਸੂਦਨ, ਆਦਿ ਸਹਿ-ਸਬੰਧੀ ਬ੍ਰਹਮਵਾਚਕ ਸ਼ਬਦ ਹਨ। ਇਹ ਸ਼ਬਦ-ਚੁਣਤੀ ਪਰਮਾਤਮਾ ਦੀ ਚਿੰਤਨ-ਪ੍ਰਕਿਰਤੀ ਦੀ ਸੂਚਕ ਹੈ। ਇਹਨਾਂ ਦੀ ਜੁਗਤ ਦੁਆਰਾ ਗੁਰੂ ਜੀ ਨੇ ਕਵਿਤਾ ਵਿਚ ਰਵਾਨਗੀ, ਤਰਲਤਾ, ਭਾਵ-ਸਪਸ਼ਟਤਾ ਤੇ ਸੰਖੇਪਤਾ ਵਰਗੇ ਗੁਣ ਪੈਦਾ ਕੀਤੇ ਹਨ। ਇਹ ਬ੍ਰਹਮ-ਵਾਚਕ ਸ਼ਬਦ ਭਾਵ-ਇਕਾਗਰਤਾ ਨੂੰ ਵੀ ਬਰਕਰਾਰ ਰਖਦੇ ਹੋਏ ਸਰੋਦੀ ਕਵਿਤਾ ਵਾਲਾ ਵਾਤਾਵਰਣ ਬਣਾਈ ਰਖਦੇ ਹਨ।

ਇਹਨਾਂ ਪੰਕਤੀਆਂ ਦਾ ਲੈਅਾਤਮਕ ਪ੍ਰਬੰਧ ਪਹਿਲੀ ਤੇ ਤੀਜੀ ਤੁਕ ਵਿਚ ਦੇਵਾ-ਅਭੇਵਾ, ਦੂਜੀ ਤੇ ਚੌਥੀ ਤੁਕ ਦਾ ਤੁਕਾਂਤ 'ਜੀਉ' ਨਾਲ ਮੇਲ ਕੇ ਪ੍ਰਸਤੁਤ ਕੀਤਾ ਹੈ। ਪਰੰਤੂ ਇਸ ਦੀ ਵਿਲੱਖਣਤਾ ਇਸ ਗੱਲ ਵਿਚ ਹੈ ਕਿ ਇਸ ਵਿਚ ਹਰ ਇਕ ਸ਼ਬਦ ਦੀ ਜੁਗਤ ਤੇ ਉਸ ਦਾ ਉਚਾਰਣ ਖੁਦ ਹੀ ਸੰਗੀਤਮਈ ਹੈ।

ਉਪਰੋਕਤ ਕਾਵਿ-ਤੁਕਾਂ ਵਿਚ ਭਾਵੇਂ ਪਰਮਾਤਮਾ ਨੂੰ ਪਾਉਣ ਦਾ ਮਾਧਿਅਮ 'ਗੁਰਮੁਖਿ' ਸ਼ਬਦ ਦੁਆਰਾ ਅਭਿਵਿਅਕਤ ਕੀਤਾ ਹੈ ਪਰੰਤੂ 'ਗੁਰਮੁਖਿ' ਸ਼ਬਦ ਬ੍ਰਹਮਵਾਚਕ ਸ਼ਬਦਾਂ ਵਿਚ ਹੀ ਗੁਆਚ ਜਾਂਦਾ ਹੈ। ਉਭਰਵੇਂ ਸ਼ਬਦ ਬ੍ਰਹਮਵਾਚਕ ਹੀ ਹਨ ਜਿਹਨਾਂ ਦਾ ਅਸਰ ਸ੍ਰੋਤਾ/ਪਾਠਕ ਉਭਰਵੇਂ ਰੂਪ ਵਿਚ ਗ੍ਰਹਿਣ ਕਰਦਾ ਹੈ।

ਹੇਠ ਲਿਖੀਆਂ ਕਾਵਿ-ਤੁਕਾਂ ਵਿਚ ਗੁਰੂ ਅਰਜਨ ਦੇਵ ਜੀ ਨੇ ਬਹੁਤ ਹੀ ਕਲਾਮਈ ਢੰਗ ਅਤੇ ਬਹੁਰੰਗੀ ਸ਼ਬਦਾਵਲੀ ਦੁਆਰਾ ਪਰਮਾਤਮਾ ਦੀ ਮਹਿਮਾ ਦਾ ਗਾਇਨ ਕੀਤਾ ਹੈ।

ਲਾਲ ਗੋਪਾਲ ਦਇਆਲ ਰੰਗੀਲੇ। ਗਹਿਰ ਗੰਭੀਰ ਬੇਅੰਤ ਗੋਵਿੰਦੇ।  
ਊਚ ਅਥਾਹ ਬੇਅੰਤ ਸੁਆਮੀ ਸਿਮਰਿ ਸਿਮਰਿ ਹਉ ਜੀਵਾਂ ਜੀਉ।  
ਦੁਖ ਭੰਜਨ ਨਿਧਾਨ ਅਮੋਲੇ। ਨਿਰਭਉ ਨਿਰਵੈਰ ਅਥਾਹ ਅਤੋਲੇ।  
ਅਕਾਲ ਮੂਰਤਿ ਅਜੂਨੀ ਸੰਭੌ ਮਨ ਸਿਮਰਤ ਠੰਢਾ ਥੀਵਾਂ ਜੀਉ।[1]  
(ਮਾਝ ਮਹੱਲਾ - 5)

ਉਪਰੋਕਤ ਕਾਵਿ-ਕ੍ਰਿਤ ਵਿਚ ਬ੍ਰਹਮਵਾਚਕ ਸ਼ਬਦ ਪਰਮਾਤਮਾ ਦੇ ਸੰਦਰਭ ਨੂੰ ਅਭਿਵਿਅਕਤ ਕਰਨ ਵਿਚ ਗਤੀਸ਼ੀਲ ਹਨ। ਪਰਮਾਤਮਾ ਕਾਵਿ-ਕਾਰਣ ਹੈ। ਬ੍ਰਹਮਵਾਚਕ ਸ਼ਬਦ

---

1. ਗੁਰੂ ਗ੍ਰੰਥ ਸਾਹਿਬ, ਪੰਨਾ 99

ਬ੍ਰਹਮ ਪ੍ਰਤਿ ਪੂਰਨ ਸੰਚਾਰੀ ਹਨ। ਇਹ ਕਾਵਿ-ਤੁਕਾਂ ਸਰੋਤਾ-ਮੁਕਤ ਹਨ। ਪਰਮਾਤਮਾ ਸਬੰਧੀ ਵਿਚਾਰਾਂ ਨੂੰ ਸ੍ਰੋਤਾ ਪਰੋਖ ਰੂਪ ਵਿਚ ਸੁਣ ਰਿਹਾ ਹੈ।

ਇਹਨਾਂ ਕਾਵਿ-ਤੁਕਾਂ ਵਿਚ ਗੁਰੂ ਜੀ ਨੇ ਬ੍ਰਹਮਵਾਚਕ ਸਹਿ-ਸਬੰਧੀ ਸ਼ਬਦਾਵਲੀ ਦੀ ਸੰਯੁਕਤ-ਰੂਪ ਵਿਚ ਕਲਾਤਮਕ ਵਰਤੋਂ ਕੀਤੀ ਹੈ। ਕਾਵਿ-ਕ੍ਰਿਤ ਵਿਚੋਂ ਬ੍ਰਹਮ ਸਬੰਧੀ ਵਿਚਾਰਾਂ ਦੀ ਕਈ ਤੈਹਾਂ ਉਜਾਗਰ ਹੁੰਦੀਆਂ ਹਨ। ਸ਼ਬਦਾਂ ਦੇ ਸੀਮਿਤ ਘੇਰੇ ਅੰਦਰ ਬ੍ਰਹਮ ਦੀ ਮਹਿਮਾ ਸਮਾਉਣ ਤੋਂ ਅਸਮਰਥ ਜਾਪਦੀ ਹੈ। ਭਾਵ ਪਰਮਾਤਮਾ ਦੀ ਮਹਿਮਾ ਦਾ ਗਾਇਨ ਅਜਿਹੇ ਪ੍ਰਭਾਵਸ਼ਾਲੀ ਢੰਗ ਦੁਆਰਾ ਪ੍ਰਸਤੁਤ ਕੀਤਾ ਗਿਆ ਹੈ ਕਿ ਪਾਠਕ/ਸ੍ਰੋਤਾ ਇਕ ਜਾਦੂਈ ਅਸਰ ਨਾਲ ਕੀਲੇ ਜਾਂਦੇ ਹਨ। ਕਾਵਿ-ਕ੍ਰਿਤ ਆਪਣੇ ਸੰਚਾਰ ਵਿਚ ਪੂਰਨ ਭਾਂਤ ਸਫ਼ਲ ਹੋ ਕੇ ਪਾਠਕ/ਸ੍ਰੋਤੇ ਦੇ ਮਨ ਵਿਚ ਪਰਮਾਤਮਾ ਸਬੰਧੀ ਅਮਿਟ-ਛਾਪ ਛੱਡਦੀ ਹੈ। ਇਹ ਸਾਰਾ ਕਾਰਜ ਕਾਵਿ-ਕ੍ਰਿਤ ਵਿਚਲੀ ਬ੍ਰਹਮ-ਵਾਚਕ ਇਕਾਗਰ ਸ਼ਬਦਾਵਲੀ ਦਾ ਇਕਾਗਰ-ਭਾਵ ਨਿਭਾਉਂਦਾ ਹੈ।

ਉਪਰੋਕਤ ਸਵੈਯੀ ਕਵਿਤਾ ਦਾ ਸੰਗੀਤਮਈ ਪ੍ਰਬੰਧ ਪਹਿਲੀ ਤੁਕ ਵਿਚ 'ਨ' ਵਰਣ ਦੀ ਤਰਲ ਧੁਨੀ ਵਿਚੋਂ ਜਨਮ ਲੈਂਦਾ ਹੈ। ਇਹ ਧੁਨੀ ਇਕ ਮਨੋਮੋਹਕ ਸੰਗੀਤ ਪੈਦਾ ਕਰਕੇ ਪਾਠਕ/ਸ੍ਰੋਤੇ ਦੇ ਮਨ ਨੂੰ ਟੁੰਬਦੀ ਹੋਈ ਆਪਣੀ ਅਮਿਟ ਛਾਪ ਅਗਲੀਆਂ ਤੁਕਾਂ ਤੇ ਛੱਡਦੀ ਹੈ। ਅਮੋਲੇ ਤੇ ਅਤੋਲੇ ਸ਼ਬਦ ਜਿਥੇ ਪਰਮਾਤਮਾ ਦੇ ਸੰਦਰਭ ਨੂੰ ਉਘਾੜਦੇ ਹਨ ਉਥੇ ਇਕ ਸਹਿ-ਸਬੰਧੀ ਅਰਥ ਲੈਅ ਵੀ ਪੈਦਾ ਕਰਦੇ ਹਨ।

ਗੁਰੂ ਅਰਜਨ ਦੇਵ ਜੀ ਦੀ ਬ੍ਰਹਮਵਾਚਕ ਸ਼ਬਦਾਵਲੀ ਦੀ ਵੱਡੀ ਵਡਿਆਈ ਇਸ ਗੱਲ ਵਿਚ ਹੈ ਕਿ ਉਹ ਇਸ ਰਾਹੀਂ ਕਈ ਮਿਥਿਹਾਸਕ ਸ਼ਬਦਾਂ ਦਾ ਪ੍ਰਯੋਗ ਕਰਕੇ ਵੀ ਸਰਬ-ਵਿਆਪਕ ਤੇ ਸਰਬ ਸਾਂਝੇ ਬ੍ਰਹਮ ਨੂੰ ਵੀ ਮੂਰਤੀਮਾਨ ਕਰਦੇ ਹਨ।

ਧਰਣੀਧਰ ਈਸ ਨਰਸਿੰਘ ਨਾਰਾਇਣ। ਦਾੜਾ ਅਗ੍ਰੇ ਪ੍ਰਿਥਮਿ ਧਰਾਇਣ।
ਬਾਵਨ ਰੂਪੁ ਕੀਆ ਤੁਧੁ ਕਰਤੇ ਸਭ ਹੀ ਸੇਤੀ ਹੈ ਚੰਗਾ।
ਸ੍ਰੀ ਰਾਮ ਚੰਦ ਜਿਸ ਰੂਪ ਨ ਰੇਖਿਆ। ਬਨਵਾਲੀ ਚਕ੍ਰ ਪਾਣਿ ਦਰਸ ਅਨੂਪਿਆ।

... ... ... ...

ਬਨਮਾਲਾ ਬਿਭੂਖਨ ਕਮਲ ਨੈਨ। ਸੁੰਦਰ ਕੁੰਡਲ ਮੁਕਟ ਬੈਨ।
ਸੰਖ ਚਕ੍ਰ ਗਦਾ ਹੈ ਧਾਰੀ ਮਹਾਸਾਰਥੀ ਸਤਸੰਗਾ।

... ... ... ...

ਆਪੇ ਗੋਪੀ ਆਪੇ ਕਾਨਾ। ਆਪਿ ਗਊ ਚਰਾਵੈ ਬਾਨਾ।
ਆਪਿ ਉਪਾਵਹਿ ਆਪਿ ਖਪਾਵਹਿ ਤੁਧੁ ਲੇਪੁ ਨਹੀ ਇਕੁ ਤਿਲ ਰੰਗਾ।[1]

(ਮਾਰੂ ਸੋਲਹੇ ਮਹੱਲਾ - 5)

ਉਪਰੋਕਤ ਸਾਰੇ ਸ਼ਬਦ ਵਿਚਗੁਰੂ ਜੀ ਨੇ ਬ੍ਰਹਮਵਾਚਕ ਸ਼ਬਦਾਂ ਦੀ ਅਧਿਕ ਮਾਤਰਾ ਵਿਚ ਵਰਤੋਂ ਕੀਤੀ ਹੈ। ਜਿਵੇਂ: ਅਚੁਤ, ਅਲੇਖ, ਦਰਸਨ, ਸਹਸ-ਨੇਤ੍ਰ, ਸੰਭਉ, ਸ੍ਰੀਰੰਗ, ਸੁੰਦਰ-ਸਰੂਪ, ਹਰਿ ਜੀਉ, ਕਰਤਾ, ਕੇਸਵ, ਕਿਸਨ, ਗਦਾਧਾਰੀ, ਚਕ੍ਰਪਾਣਿ, ਚਤੁਰ-ਭੁਜ, ਜੋਤਿ-ਸਰੂਪ, ਦਾਮੋਦਰ, ਧਨੰਜੈ, ਧਰਣੀਧਰ, ਨਰ ਸਿੰਘ, ਪਤਿਤ-ਪਾਵਨ, ਪਰਮੇਸਰ, ਬਨਵਾਰੀ, ਬੈਕੁੰਠ-ਵਾਸੀ, ਭਗਤ-ਵਛਲ, ਭੈ-ਭੰਜਨ, ਮਾਧਵ, ਮੁਕੰਦ, ਮਨੋਹਰ, ਮਹੀਸ਼, ਰਾਮ (ਰਾਮ ਚੰਦਰ) ਵਾਸਦੇਵ, ਆਦਿਕ।

ਉਪਰੋਕਤ ਬ੍ਰਹਮਵਾਚਕ ਸ਼ਬਦਾਵਲੀ ਵਿਚ ਕ੍ਰਿਸਨ, ਗਦਾਧਾਰੀ, ਨਰਸਿੰਘ, ਬਨਵਾਰੀ, ਰਾਮ (ਰਾਮ ਚੰਦਰ) ਆਦਿ ਸ਼ਬਦ ਵੀ ਸਰਬ-ਵਿਆਪਕ ਪਰਮਾਤਮਾ ਨਾਲ ਗਲਵਕੜੀ ਪਾਉਂਦੇ ਹੋਏ ਅਗਮ-ਅਗੋਚਰ ਪਾਰਬ੍ਰਹਮ ਦਾ ਦਰ ਜਾ ਖੜਕਾਉਂਦੇ ਹਨ। ਇਹ ਸਾਰਾ ਕਮਾਲ ਗੁਰੂ ਜੀ ਦੀ ਕਲਾਤਮਕ ਸ਼ਾਬਦਿਕ ਵਰਤੋਂ ਦਾ ਹੈ ਜਿਸ ਦੁਆਰਾ ਗੁਰੂ ਜੀ ਸ੍ਰੋਤਾ/ਪਾਠਕ ਮਨ ਤੇ ਸਰਬ-ਵਿਆਪਕ ਪਰਮਾਤਮਾ ਦੀ ਪਾਰਗਾਮੀ ਸੱਤਾ ਦਾ ਡੂੰਘਾ ਪ੍ਰਭਾਵ ਪਾਉਂਦੇ ਹਨ। ਸ੍ਰੋਤਾ/ਪਾਠਕ ਇਕ ਇਕਾਗਰਕਾਰੀ ਭਾਵਾਤਮਕ ਵਾਤਾਵਰਣ ਵਿਚ ਗੜੂੰਦ ਹੋਇਆ ਪਰਮਾਤਮਾ ਦੀ ਝੋਲੀ ਵਿਚ ਡਿਗਿਆ ਮਹਿਸੂਸ ਕਰਦਾ ਹੈ।

ਇਹਨਾਂ ਕਾਵਿ-ਟੁਕਾਂ ਵਿਚ ਵਰਤੀ ਬ੍ਰਹਮਵਾਚਕ ਸ਼ਬਦਾਵਲੀ ਦੇ ਹਰ ਇਕ ਸ਼ਬਦ ਦਾ ਉਚਾਰਣ ਦਰਸ਼ਾਉਆਤਮਕ ਹੋਣ ਕਾਰਨ ਖੁਦ-ਬ-ਖੁਦ ਸੰਗੀਤਾਤਮਕ ਹੈ। ਇਸ ਕਵਿਤਾ ਦਾ ਆਧਾਰ ਕਲਪਨਾ ਹੈ ਤੇ ਭਾਵ-ਜਗਤ ਇਸ ਦਾ ਕਾਰਜ ਖੇਤਰ ਹੈ ਪਰੰਤੂ ਸੰਗੀਤ ਦਾ ਆਧਾਰ ਬ੍ਰਹਮ-ਵਾਚਕ ਸ਼ਬਦ-ਜਗਤ ਦਾ ਕਾਰਜ ਖੇਤਰ ਹੈ।

ਸਾਰ ਰੂਪ ਵਿਚ ਕਿਹਾ ਜਾ ਸਕਦਾ ਹੈ ਕਿ ਗੁਰੂ ਅਰਜਨ ਦੇਵ ਜੀ ਨੇ ਬਾਣੀ ਵਿਚ ਸਰੋਦੀ ਗੁਣ ਪੈਦਾ ਕਰਨ ਲਈ ਅਤਿ ਸੂਖਮ ਤੇ ਕਲਾਤਮਕ ਵਰਤੋਂ ਸਦਕਾ ਸ਼ਬਦ-ਚੋਣ ਕੀਤੀ

---

1. ਗੁਰੂ ਗ੍ਰੰਥ ਸਾਹਿਬ, ਪੰਨਾ 1082

ਹੈ। ਗੁਰੂ ਜੀ ਦੇ ਭਾਵੇ ਸ਼ਬਦਾਂ ਵਿਚ ਅੰਤਰੀਵ ਗੁਣਾਂ ਕਰਕੇ ਮਹਾਨਤਾ, ਸੁੰਦਰਤਾ, ਸਵਛਤਾ, ਸ਼ਕਤੀ, ਨਿਪੁੰਨਤਾ ਅਤੇ ਵਿਸ਼ੇਸ਼ ਪ੍ਰਕਾਰ ਦਾ ਉਲਾਸ ਹੈ ਜਿਸ ਕਰਕੇ ਸ਼ਬਦ ਸੁੰਦਰਮ ਮੂਰਤੀਆਂ ਉਸਾਰਦੇ ਹੋਏ ਕਾਵਿ-ਸਮੂਹ ਵਿਚੋਂ ਸਰੋਦੀ ਅੰਸ਼ ਨੂੰ ਪ੍ਰਬਲ ਰੂਪ ਵਿਚ ਪੇਸ਼ ਕਰਦੇ ਹਨ।

ਉਪਰੋਕਤ ਵਿਚਾਰਾਂ ਦੇ ਸੰਦਰਭ ਵਿਚ ਇਹ ਕਿਹਾ ਜਾ ਸਕਦਾ ਹੈ ਕਿ ਜੋ ਵਿਧੀਆਂ ਗੁਰੂ ਜੀ ਨੇ ਕਵਿਤਾ ਵਿਚ ਸਰੋਦੀ ਅੰਸ਼ ਪੈਦਾ ਕਰਨ ਲਈ ਵਰਤੀਆਂ ਹਨ ਉਹ ਵਿਧੀਆਂ ਸਾਧਾਰਣ ਜਾਂ ਲੌਕਿਕ ਸਰੋਦੀ ਕਵਿਤਾ ਵਿਚ ਭੀ ਵਰਤੀਆਂ ਜਾਂਦੀਆਂ ਹਨ ਪਰੰਤੂ ਗੁਰੂ ਜੀ ਨੇ ਸਾਧਾਰਣ ਪ੍ਰਤੀਕਾਂ, ਸ਼ਬਦਾਂ ਦੀ ਲੈਆਤਮਕ ਵਰਤੋਂ ਕਲਪਨਾ ਦੀ ਬਿਉਂਤ ਤੇ ਸ਼ਬਦ ਚੋਣ ਨੂੰ ਇਸ ਢੰਗ ਨਾਲ ਵਰਤਿਆ ਹੈ ਕਿ ਇਹਨਾਂ ਦਾ ਸੁਭਾਵ ਅਲੌਕਿਕ ਬਿਰਤੀ ਵਾਲਾ ਹੋ ਗਿਆ ਹੈ। ਇਸ ਅਲੌਕਿਕ ਸੁਭਾ ਦੀ ਮੁਖ ਸੁਰ ਵਿਚ ਇਕਸੁਰਤਾ ਹੈ। ਇਸ ਇਕਸੁਰਤਾ ਵਿਚੋਂ ਅਲੌਕਿਕ ਬਿਰਤੀ ਵਾਲਾ ਸਰੋਦੀ ਅੰਸ਼ ਪੈਦਾ ਹੁੰਦਾ ਹੈ।

## ਨਿਸ਼ਕਰਸ਼

ਸਰੋਦੀ ਕਵਿਤਾ ਵਿਚ ਪੇਸ਼ਕਾਰੀ ਦਾ ਮੂਲਾਧਾਰ ਸਵੈ-ਸੰਬੋਧਨ ਹੈ। ਜਦੋਂ ਕਵੀ ਕਿਸੇ ਇਕਹਿਰੀ ਪ੍ਰੇਰਕ ਅਨੁਭੂਤੀ ਤੋਂ ਖਲਾਸੀ ਪਾਉਣ ਲਈ ਸ਼ਾਬਦਿਕ ਸਮੱਗਰੀ ਦੁਆਰਾ ਕਵਿਤਾ ਦੀ ਸਿਰਜਣਾ 'ਕਾਵਿ-ਮੈਂ' ਦੇ ਸੰਬੋਧਨ ਦੁਆਰਾ ਕਰਦਾ ਹੈ ਤਾਂ ਸਰੋਦੀ ਕਵਿਤਾ ਦਾ ਜਨਮ ਹੁੰਦਾ ਹੈ। ਇਸ ਤਰ੍ਹਾਂ ਸਰੋਦੀ ਕਵਿਤਾ ਕਵੀ ਦੇ ਆਪਣੇ ਆਪ ਨਾਲ ਸਬੰਧਿਤ ਪ੍ਰਤਿਬਿੰਬ ਦੀ ਪੇਸ਼ਕਾਰੀ ਹੈ। ਇਸ ਪੇਸ਼ਕਾਰੀ ਦੇ ਮੂਲਾਧਾਰ ਨੂੰ 'ਮੈਂ-ਤੂੰ' ਦਾ ਸਬੰਧ ਵੀ ਕਿਹਾ ਜਾ ਸਕਦਾ ਹੈ।

ਸਰੋਦੀ ਕਵਿਤਾ ਦਾ ਕਾਵਿ-ਰੂਪ, ਪ੍ਰੇਰਕ ਅਨੁਭੂਤੀ ਤੇ ਹੀ ਨਿਰਭਰ ਕਰਦਾ ਹੈ। ਭਾਵਵੇਗ ਥੋੜ-ਚਿਰ ਹੀ ਰਹਿ ਸਕਦਾ ਹੈ। ਭਾਵ-ਵੇਗ ਦੇ ਖ਼ਤਮ ਹੁੰਦਿਆਂ ਹੀ ਸਰੋਦਕ-ਗਤੀ ਰੁਕ ਜਾਂਦੀ ਹੈ। ਫਲ ਵਜੋਂ ਸਰੋਦੀ ਕਵਿਤਾ ਸੰਖੇਪਤਾ ਦਾ ਰੂਪ ਧਾਰਨ ਕਰਦੀ ਹੈ। ਸੰਖੇਪ ਸ਼ਾਬਦਿਕ ਸਮੱਗਰੀ ਹੀ ਸ਼ਬਦਕ ਲੈਅ ਤੇ ਅਰਥਾਂ ਦੀ ਏਕਤਾ ਜਾਂ ਭਾਵ-ਇਕਾਗਰਤਾ ਨੂੰ ਕਾਇਮ ਰੱਖਦੀ ਹੈ। ਸ਼ਾਬਦਿਕ ਲੈਅ ਜਾਂ ਧੁਨੀ ਤੇ ਸ਼ਾਬਦਿਕ ਅਰਥਾਂ ਦਾ ਇਕਾਗਰਕਾਰੀ ਸਮੂਹ ਕਵਿਤਾ ਨੂੰ ਸਰੋਦੀ ਦਾਇਰੇ ਦੇ ਅੰਤਰਗਤ ਬੰਨ੍ਹੀ ਰਖਦਾ ਹੈ।

ਸਰੋਦੀ ਕਵਿਤਾ ਵਿਚ ਆਤਮ-ਅਨੁਭੂਤੀ, ਸੰਗੀਤਕਤਾ, ਕਲਪਨਾ ਅਤੇ ਸੰਖੇਪਤਾ ਵਰਗੇ ਤੱਤਾਂ ਤੇ ਵਧੇਰੇ ਬਲ ਰਹਿੰਦਾ ਹੈ। ਭਾਵ ਇਕਾਗਰਤਾ, ਸੰਗੀਤਕਤਾ ਤੇ ਕਲਪਨਾ ਆਦਿ ਤੱਤਾਂ ਦੇ ਡੂੰਘੇ ਰੂਪਕ-ਅਧਿਐਨ ਦੇ ਆਧਾਰ ਤੇ ਹੀ ਸਰੋਦੀ ਕਵਿਤਾ ਦੇ ਸੁਭਾ ਦਾ ਵਿਸ਼ਲੇਸ਼ਣ ਕੀਤਾ ਜਾ ਸਕਦਾ ਹੈ। ਇੰਦਰਿਆਵੀ ਪ੍ਰਭਾਵਾਂ ਦੀ ਗ੍ਰਹਿਣ-ਪ੍ਰਕਿਰਿਆ ਵੱਖ ਵੱਖ ਹੁੰਦੀ ਹੈ। ਜਦੋਂ ਸਰੋਦੀ ਕਾਵਿ ਨੂੰ ਪਾਠਕ/ਸ੍ਰੋਤਾ ਪੜ੍ਹਦੇ/ਸੁਣਦੇ ਹਨ ਤਾਂ ਉਸ ਦਾ ਅਸਰ ਤੇ ਅਕਸ ਉਹਨਾਂ ਦੀ ਆਪਣੀ ਵਿਚਾਰਕ ਧਾਰਨਾ ਅਰਥਾਤ ਭਾਵਾਤਮਕ ਸਥਿਤੀ ਅਨੁਸਾਰ ਹੁੰਦਾ ਹੈ।

ਭਾਵ ਤੇ ਅਰਥ ਭਰਪੂਰ ਸ਼ਬਦ ਹੀ ਸਰੋਦੀ ਕਵਿਤਾ ਵਿਚ ਸਰੋਦੀ ਅੰਸ਼ ਪੈਦਾ ਕਰਦੇ ਹਨ। ਸਰੋਦੀ ਅੰਸ਼ ਨੂੰ ਕਵਿਤਾ ਵਿਚੋਂ ਨਿਖੇੜਿਆ ਨਹੀਂ ਜਾ ਸਕਦਾ। ਕਿਉਂਕਿ ਇੰਜ ਕਰਨ ਨਾਲ ਸਰੋਦੀ ਕਵਿਤਾ ਅਰਥਹੀਣ ਹੋ ਜਾਵੇਗੀ। ਸਰੋਦੀ ਅੰਸ਼ ਸਰੋਦੀ ਕਵਿਤਾ ਵਿਚ ਕਾਵਿਕ-ਸੋਚ ਨੂੰ ਪੇਸ਼ ਕਰਦਾ ਹੈ।

ਸਰੋਦੀ ਕਵਿਤਾ ਦੂਜੀਆਂ ਕਵਿਤਾਵਾਂ (ਬਿਆਨੀਆਂ ਜਾਂ ਨਾਟਕੀ) ਨਾਲੋਂ ਸਬਲ ਕਵਿਤਾ ਹੈ। ਸਰੋਦੀ ਅੰਸ਼ ਕਵਿਤਾ ਵਿਚ ਸਹਿਜ-ਸੁਭਾਵਕ ਫੁਟੇ ਸੋਮੇ ਵਾਂਗ ਹੁੰਦਾ ਹੈ। ਸਰੋਦੀ ਅੰਸ਼ ਹੀ ਕਵਿਤਾ ਨੂੰ ਗਤੀਸ਼ੀਲਤਾ ਪ੍ਰਦਾਨ ਕਰਾਉਂਦਾ ਹੈ। ਸਰੋਦੀ ਅੰਸ਼ ਕਵਿਤਾ ਵਿਚ ਅਮਰਤਾ ਦਾ ਧਾਰਨੀ ਹੁੰਦਾ ਹੈ। ਉਸ ਦਾ ਪ੍ਰਭਾਵ ਚਿਰੰਜੀਵੀ ਹੁੰਦਾ ਹੈ। ਕਵਿਤਾ ਵਿਚ ਦੂਜਾ ਕੋਈ ਅੰਸ਼ ਇਤਨਾ ਪ੍ਰਭਾਵ ਤੇ ਚਿਰੰਜੀਵੀ ਨਹੀਂ ਹੁੰਦਾ।

ਸਰੋਦੀ ਕਾਵਿ-ਰੂਪ, ਕਵੀ ਦੀਆਂ ਨਿੱਜੀ ਅਨੁਭੂਤੀਆਂ ਪ੍ਰਕਾਸ਼ਨ ਦਾ ਸਰਬੋਤਮ ਮਾਧਿਅਮ ਹੈ। ਇਸ ਲਈ ਦੂਜੇ ਕਾਵਿ-ਰੂਪਾਂ ਦੀ ਨਿਸਬਤ ਇਸ ਵਿਚ ਇਤਿਹਾਸਕਤਾ ਜਾਂ ਸਮਾਜਿਕਤਾ ਦਾ ਅਭਾਵ ਹੁੰਦਾ ਹੈ।

ਆਕਾਰ ਦੇ ਪੱਖ ਤੋਂ ਗੁਰੂ ਅਰਜਨ ਦੇਵ ਜੀ ਦੀ ਬਾਣੀ ਬਾਕੀ ਦੇ ਸਾਰੇ ਗੁਰੂਆਂ ਤੇ ਭਗਤਾਂ ਦੇ ਟਾਕਰੇ ਸਭ ਤੋਂ ਅਧਿਕ ਹੈ। ਉਹਨਾਂ ਨੇ ਵੰਨ-ਸੁਵੰਨੇ ਕਾਵਿ-ਰੂਪਾਂ ਦੀ ਵਰਤੋਂ ਕਰਕੇ ਆਪਣੇ ਅਧਿਆਤਮਕ ਵਿਚਾਰਾਂ ਦੀ ਅਭਿਵਿਅੰਜਨਾ ਕੀਤੀ ਹੈ। ਗੁਰੂ ਜੀ ਦੁਆਰਾ ਵਰਤੇ ਸਾਰੇ ਕਾਵਿ-ਰੂਪਾਂ ਦੀ ਅੰਤਰੀਵ ਭਾਵਨਾ ਅਧਿਆਤਮਕਤਾ ਵਲ ਰੁਚਿਤ ਹੈ। ਉਹਨਾਂ ਦੁਆਰਾ ਰਚਿਤ ਪਦਿਆਂ, ਅਸ਼ਟਪਦੀਆਂ ਅਤੇ ਛੰਤਾਂ ਵਿਚ ਸਰੋਦੀ ਹੂਕ ਉਭਰੀ ਹੈ। ਗੁਰੂ ਜੀ ਦੁਆਰਾ ਰਚੇ ਸਾਰੇ ਕਾਵਿ-ਰੂਪ ਆਤਮ-ਉਸਾਰੀ ਨਾਲ ਸਬੰਧਿਤ ਹਨ। ਗੁਰੂ ਜੀ ਦੁਆਰਾ ਕੁਝ ਕਾਵਿ-ਰੂਪ ਰਸਮੋ-ਰਿਵਾਜ ਦਾ ਬੋਧ ਕਰਾਉਂਦੇ ਹਨ ਪਰੰਤੂ ਇਹਨਾਂ ਦਾ ਸਬੰਧ ਭਾਵ-ਪ੍ਰਗਟਾਓ ਨਾਲ ਹੈ। ਗੁਰੂ ਜੀ ਨੇ ਭਿੰਨ ਭਿੰਨ ਕਾਵਿ-ਸਿਰਲੇਖਾਂ ਹੇਠ ਸ਼ਬਦ ਰਚੇ ਹਨ ਜੋ ਪ੍ਰਭੂ-ਪ੍ਰੇਮ ਦੇ ਬਹੁਤ ਸੁੰਦਰ ਗੀਤ ਹਨ।

ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਗੁਰੂ ਜੀ ਦੀ ਮਹਾਨ ਪ੍ਰਤਿਭਾ ਦੀ ਸੂਚਕ ਹੈ। ਗੁਰੂ ਜੀ ਨੇ ਭਾਵੇਂ ਰਾਗ-ਕ੍ਰਮ ਵਿਚ ਰਾਗ ਦੇ ਗਾਉਣ ਦਾ ਸਮਾਂ ਤੇ ਰੁਤ ਦਾ ਵੇਰਵਾ ਨਹੀਂ ਦਿੱਤਾ ਪਰੰਤੂ ਬਾਣੀ ਵਿਚਲੇ ਰਸ ਤੇ ਭਾਵ ਨੂੰ ਰਾਗ ਤੇ ਸਮੇਂ ਮੁਤਾਬਕ ਬੰਨ੍ਹਿਆ ਹੈ। ਕੋਈ ਵੀ

ਵਰਤਮਾਨ ਸੰਪਾਦਕੀ ਪ੍ਰਬੰਧ ਜਾਂ ਵਰਗੀਕਰਣ ਪ੍ਰਬੰਧ ਗੁਰੂ-ਗ੍ਰੰਥ ਸਾਹਿਬ ਦੀ ਬਾਣੀ ਦੀ ਸੰਪਾਦਨਾ ਲਈ ਉਪਸਥਿਤ ਪ੍ਰਬੰਧ ਤੋਂ ਵੱਧ ਮੇਲ ਨਹੀਂ ਸੀ ਹੋ ਸਕਦਾ।

ਗੁਰੂ ਅਰਜਨ ਦੇਵ ਰਚਨਾ ਵਿਚ ਅਧਿਆਤਮਕ ਚਿੰਤਨ ਦਾ ਵਹਿਣ ਅਤਿ ਡੂੰਘਾ ਹੈ। ਅਧਿਆਤਮਕਤਾ ਦੀ ਡੂੰਘੀ ਤੋਂ ਡੂੰਘੀ ਧਾਰਾ ਕਾਵਿਕ-ਅਭਿਵਿਅੰਜਨਾ ਦੀਆਂ ਵਿਭਿੰਨ ਜੁਗਤਾਂ ਦੀ ਵਰਤੋਂ ਸਦਕਾ ਉਹਨਾਂ ਦੀ ਰਚਨਾ ਦੀ ਸਰੋਦਕ-ਬੋਧ ਨੂੰ ਨਿਖਾਰਦੀ ਹੈ। ਰੱਬੀ-ਪਿਆਰ ਦਾ ਭਾਵ-ਮੰਡਲ ਗੁਰੂ ਜੀ ਦੀ ਕਾਵਿ ਰਚਨਾ ਨੂੰ ਇਕ ਵਿਸ਼ੇਸ਼ ਪ੍ਰਕਾਰ ਦੇ ਅੰਦਰਲੇ ਸੰਗੀਤ ਨਾਲ ਜੋੜਦਾ ਹੈ ਜਿਸ ਨੂੰ ਅੰਤਮ-ਅਰਥਾਂ ਦਾ ਸਰੋਦਕ-ਸੰਗੀਤ ਆਖ ਸਕਦੇ ਹਾਂ। ਗੁਰੂ-ਬਾਣੀ ਸਰੋਦੀ ਵਿਕਾਸ-ਧਾਰਾ ਦਾ ਉਹ ਪੜਾਓ ਹੈ ਜਿਥੇ ਆ ਕੇ ਇਸ ਦੀ ਅੰਦਰਲੀ ਕਣੀ ਅਧਿਆਤਮਕ ਸਰੋਦ ਨੂੰ ਜਨਮ ਦਿੰਦੀ ਹੈ।

ਗੁਰੂ ਅਰਜਨ ਦੇਵ ਜੀ ਨੇ ਆਪਣੀ ਬਾਣੀ ਵਿਚ ਸਰੋਦੀ ਅੰਸ਼ ਦੀ ਉਸਾਰੀ ਲਈ ਰਾਗਾਂ ਮੁਤਾਬਕ ਢੁਕਵੀਂ ਸ਼ਬਦਾਵਲੀ ਨਾਲ ਸੰਗੀਤਕਤਾ, ਰਸ ਤੇ ਭਾਵ ਆਦਿ ਨੂੰ ਬੰਨ੍ਹਿਆ ਹੈ। ਗੁਰੂ ਅਰਜਨ ਦੇਵ ਜੀ ਵਿਭਿੰਨ ਭਾਸ਼ਕ ਜੁਗਤਾਂ, ਬਾਣੀ ਦੀ ਨਾਟਾਤਮਿਕਤਾ, ਭਾਵ ਸੰਚਾਰ ਲਈ ਵਰਤੀ ਸਮੱਗਰੀ, ਵਿਅੰਜਨਾਤਮਕ ਸ਼ਬਦਾਵਲੀ, ਸ਼ਬਦ-ਚਿਤ੍ਰ ਅਤੇ ਤੁਲਨਾਤਮਕ ਪੈਟਰਨ ਵਿਚ ਵਰਤੇ ਉਪਮਾਂ ਤੇ ਰੂਪਕ ਅਲੰਕਾਰਾਂ ਦੀ ਵਰਤੋਂ ਦੁਆਰਾ ਤੇ ਬਾਣੀ ਵਿਚਲੇ ਭਾਵਾਂ ਦੁਆਰਾ ਵਧੇਰੇ ਕਾਰਜਸ਼ੀਲ ਤੇ ਸਰੋਦਾਤਮਕ ਅੰਸ਼ ਪੈਦਾ ਕਰਦੇ ਹੋਏ, ਇਸ ਨੂੰ ਸਰੋਦੀ ਕਵਿਤਾ ਦਾ ਰੂਪ ਬਖਸ਼ਦੇ ਹਨ।

ਗੁਰੂ ਅਰਜਨ ਦੇਵ ਜੀ ਦੀ ਰਚਨਾ ਦੀ ਕਾਵਿਕ-ਸੰਰਚਨਾ ਵਲ ਰਤਾ ਕੁ ਨਾਲ ਵੇਖਣ ਤੋਂ ਹੀ ਇਸ ਵਿਚਲੇ ਸਰੋਦ ਦੀ ਮੁਖ ਸੀਮਾਂ ਤਕ ਅਪੜਿਆ ਜਾ ਸਕਦਾ ਹੈ। ਗੁਰੂ ਜੀ ਨੇ ਆਪਣੀ ਸਰੋਦੀ ਰਚਨਾ ਵਿਚ, ਮਨੁੱਖ ਨੂੰ ਆਦਰਸ਼ ਜੀਵਨ ਜੀਉਣ ਲਈ, ਭੌਤਿਕ ਵਸਤੂਆਂ ਦੀ ਸੀਮਾਂ ਤੋਂ ਉਪਰ ਉਠ ਕੇ ਪਰਾਭੌਤਿਕ ਸੀਮਾਂ ਤਕ ਅਪੜਨ ਲਈ ਪ੍ਰੇਰਿਆ ਹੈ। ਉਹ [illegible] ਮਨੁੱਖ ਨੂੰ ਪਰਮ-ਮਨੁਖ ਅਰਥਾਤ ਪਰਮਾਤਮਾਂ ਵਿਚ ਅਭੇਦ ਕਰਨ ਲਈ ਉਸ ਨੂੰ ਤਥਾਤਮਕ ਲੋੜਾਂ ਰਾਹੀਂ ਉਕਸਾਉਂਦੇ ਹਨ। ਇਸ ਉਦੇਸ਼ ਲਈ ਉਹ ਪ੍ਰਕਿਰਤੀ ਦਾ ਚਿਤ੍ਰਣ ਕਰਕੇ ਮਨੁੱਖ ਨੂੰ ਉਪਦੇਸ਼ਦੇ ਹਨ। ਪ੍ਰਭੂ-ਪਿਆਰ ਤੇ ਪ੍ਰਭੂ-ਭਗਤੀ ਅਜਿਹੇ ਸਾਧਨ ਹਨ ਜਿਹਨਾਂ ਦੁਆਰਾ ਮਨੁੱਖ ਪਰਮਪਦ ਦੀ ਹਸਤੀ ਨੂੰ ਪਹੁੰਚਦਾ ਹੈ।

ਗੁਰੂ ਜੀ ਨੇ ਆਪਣੀ ਰਚਨਾ ਵਿਚ ਮਨੁੱਖੀ ਜੀਵਨ ਦੇ ਹਰ ਪਹਿਲੂ ਨੂੰ ਸਪਰਸ਼ ਕੀਤਾ ਹੈ। ਉਹਨਾਂ ਦੀ ਕਾਵਿ-ਕਲਾ ਦੀ ਚਮਤਕਾਰੀ ਜਿਥੇ ਰਚਨਾ ਵਿਚ ਵਿਭਿੰਨ ਵਿਸ਼ਿਆਂ ਦਾ ਨਿਭਾ ਹੈ ਉਥੇ ਉਸ ਦੀ ਸ਼ਾਬਦਿਕ ਸਮੱਗਰੀ ਵਿਸ਼ੇ-ਵਸਤੂ ਨਾਲ ਪੂਰਨ ਤੌਰ ਤੇ ਸੁਮੇਲ ਖਾਂਦੀ ਹੈ। ਫਲਸਰੂਪ, ਉਹਨਾਂ ਦੀ ਰਚਨਾ ਵਿਚ ਸੰਵੇਦਨਾਤਮਕ ਪ੍ਰਭਾਵ ਬੱਝਦਾ ਹੈ। ਗੁਰੂ ਜੀ ਨੇ ਮਨੁੱਖ ਦੀਆਂ ਮਾਨਸਿਕ ਪਰਿਸਥਿਤੀਆਂ ਨੂੰ ਲੌਕਿਕਤਾ ਵਲੋਂ ਮੋੜ ਕੇ ਪਰਾਲੌਕਿਕਤਾ ਵਲ ਪਲਟਾਉਣ ਲਈ ਅੰਤਰੀਵੀ ਸੰਵੇਦਕ ਕਤੀਕਾਰ ਰਚਨਾ ਪੈਦਾ ਕੀਤੀ।

ਗੁਰੂ ਅਰਜਨ ਦੇਵ ਜੀ ਨੇ ਜਿਥੇ ਨਿੱਜ ਜੀਵਨ ਸਬੰਧਿਤ ਘਟਨਾਵਾਂ ਨੂੰ ਆਪਣੀ ਕਲਮ-ਛੋਹ ਬਖਸ਼ੀ ਹੈ ਉਥੇ ਕਰਮ-ਫਿਲਾਸਫੀ, ਪਰਮਾਤਮਾ, ਮਾਇਆ, ਬੇਨਤੀ, ਉਪਦੇਸ਼, ਗੁਰੂ, ਸਾਧੂ-ਸੰਗ ਤੇ ਬ੍ਰਹਮ-ਗਿਆਨੀ, ਆਸੁਰੀਗੁਣ, ਹੁਕਮ-ਵਿਧਾਨ ਅਤੇ ਸ੍ਰਿਸ਼ਟੀ-ਰਚਨਾ ਸਬੰਧੀ ਵਿਸ਼ਿਆਂ ਦੀ ਵੀ ਉਹਨਾਂ ਦੀ ਕਲਪਨਾ ਵਿਚ ਕਸਵੀਂ ਪਕੜ ਹੈ। ਉਹਨਾਂ ਨੇ ਕਲਪਨਾ, ਭਾਵ-ਇਕਾਗਰਤਾ, ਸੰਖੇਪਤਾ, ਸੰਗੀਤਾਤਮਕਤਾ ਤੇ ਸੰਵੇਦਨਾਤਮਕਤਾ ਆਦਿ ਕਾਵਿ-ਤੱਤਾਂ ਦੀ ਵਰਤੋਂ ਸਦਕਾ ਕਵਿਤਾ ਵਿਚਲੇ ਵਿਸ਼ੇ ਨੂੰ ਸ਼ਾਬਦਿਕ ਕਲਾਤਮਕਤਾ ਰਾਹੀਂ ਉਘਾੜ ਕੇ ਸੰਵੇਦੀ ਬਿੰਬ ਪੈਦਾ ਕੀਤਾ ਹੈ। ਉਪਰੋਕਤ ਸਾਰੇ ਕਾਵਿ-ਤੱਤ ਗੁਰੂ ਅਰਜਨ ਦੇਵ ਜੀ ਦੀ ਰਚਨਾ ਦੇ ਕਾਵਿ-ਸਮੂਹ ਵਿਚੋਂ ਸੰਵੇਦੀ-ਬਿੰਬ ਦੀ ਉਸਾਰੀ ਕਰਦੇ ਹੋਏ ਸੰਵੇਦਕਤਾ-ਭਰਪੂਰ ਵਾਤਾਵਰਣ ਪੈਦਾ ਕਰਦੇ ਹਨ।

ਗੁਰੂ ਅਰਜਨ ਦੇਵ ਜੀ ਆਪਣੀ ਰਚਨਾ ਵਿਚ ਭਾਵ-ਸੰਚਾਰ ਦੁਆਰਾ ਪਾਠਕ/ਸ੍ਰੋਤਾ ਮਨ ਵਿਚ ਵਿਭਿੰਨ ਰਸਾਂ ਦਾ ਸੰਵੇਦਕਤਾ-ਭਰਪੂਰ ਆਨੰਦ ਪੈਦਾ ਕਰਦੇ ਹਨ। ਪਰੰਤੂ ਇਹਨਾਂ ਰਸਾਂ ਦਾ ਮੁਢਾ ਅਲੌਕਿਕ ਬਿਰਤੀ ਵਾਲਾ ਸ਼ੁਧ ਤੇ ਸ੍ਰੋਤ ਹੈ। ਗੁਰੂ-ਬਾਣੀ ਵਿਚ ਸੰਜੋਗ ਸ਼ਿੰਗਾਰ ਤੇ ਵਿਯੋਗ ਸ਼ਿੰਗਾਰ ਦੇ ਅੰਤਰਗਤ ਪ੍ਰਭੂ-ਮਿਲਾਪ, ਖੁਸ਼ੀ, ਆਨੰਦ, ਤਿਆਗ, ਬਿਰਹਾ, ਤੜਪਨਾ, ਪ੍ਰਭੂ-ਮਿਲਾਪ ਲਈ ਤਾਂਘਾਤਮਕ ਲੋੜਾਂ ਆਦਿ ਮਹਾਨਤਾ ਪੂਰਵਕ ਭਾਵ ਹਨ।

ਗੁਰੂ-ਬਾਣੀ ਵਿਚ ਨਾਇਕ-ਨਾਇਕਾ ਦਾ ਰਿਸ਼ਤਾ ਦੁਨਿਆਵੀ ਪੱਧਰ ਦਾ ਰਿਸ਼ਤਾ ਨਹੀਂ ਸਗੋਂ ਗੁਰੂ ਜੀ ਦਾ ਪ੍ਰੀਤਮ-ਪਿਆਰਾ ਆਲੰਬਨ ਨਾਇਕ ਪਰਮਾਤਮਾ ਹੈ। ਆਤਮਾ ਤੇ ਪਰਮਾਤਮਾ ਦਾ ਪਿਆਰ ਦੁਨਿਆਵੀ ਪ੍ਰੀਤ ਵਾਂਗੂ ਵਾਸ਼ਨਾ-ਭਰਪੂਰ ਨਹੀਂ ਸਗੋਂ ਇਹ ਰਿਸ਼ਤਾ ਅਲੌਕਿਕ ਪੱਧਰ

ਦਾ ਰਿਸ਼ਤਾ ਹੈ ਜਿਸ ਵਿਚੋਂ ਸ਼ੁੱਧ, ਉਜ੍ਵਲ, ਮਧੁਰ, ਰੂਹਾਨੀ ਤੇ ਸ਼ਾਂਤ ਰਸ ਦਾ ਆਤਮਕ-ਆਨੰਦ ਆਉਂਦਾ ਹੈ। ਇਸ ਲਈ ਇਸ ਸੁਭਾਅ ਵਾਲੇ ਰਸ ਨੂੰ ਸੰਜੋਗ, ਸ਼ਿੰਗਾਰ ਤੇ ਵਿਯੋਗ ਸ਼ਿੰਗਾਰ ਕਹਿਣਾ ਠੀਕ ਨਹੀਂ। ਇਸਨੂੰ ਸੰਜੋਗ ਸ਼ਾਂਤ ਰਸ ਤੇ ਵਿਯੋਗ ਸ਼ਾਂਤ ਰਸ ਹੀ ਕਹਿਣਾ ਠੀਕ ਹੈ। ਹਾਸ ਰਸ ਵੀ ਦੁਨਿਆਵੀ ਸਾਹਿਤ ਵਾਲਾ ਹਾਸ ਰਸ ਨਹੀਂ। ਗੁਰੂ-ਬਾਣੀ ਵਿਚਲੇ ਹਾਸ ਰਸ ਤੋਂ ਵੀ ਸ਼ਾਂਤ ਰਸ ਦੀ ਉਤਪਤੀ ਹੁੰਦੀ ਹੈ। ਇਸੇ ਤਰ੍ਹਾਂ ਦੂਜੇ ਰਸਾਂ ਜਿਵੇਂ ਕਰੁਣਾ, ਰੌਦ੍ਰ, ਅਦਭੁਤ, ਬੀਭਤਸ, ਵੀਰ ਅਤੇ ਭਿਆਨਕ ਆਦਿ ਵੀ ਪਰੋਖ-ਰੂਪ ਵਿਚ ਸ਼ਾਂਤ ਰਸ ਦੀ ਉਤਪਤੀ ਕਰਦੇ ਹਨ। ਵਾਤਸਲ ਭਾਵ ਗੁਰੂ-ਬਾਣੀ ਵਿਚ ਨਹੀਂ ਕਿਉਂਕਿ ਇਸ ਵਿਚਲਾ ਨਾਇਕ ਪਰਮਾਤਮਾ ਆਪ ਮੋਕ-ਰੂਪ ਹੈ।

ਭਗਤੀ ਭਾਵ ਗੁਰੂ ਅਰਜਨ ਬਾਣੀ ਦਾ ਮੁਖ ਆਧਾਰ ਹੈ ਜਿਸ ਵਿਚੋਂ ਸ਼ਾਂਤ ਰਸ ਦੀ ਸੀਤਲਤਾ ਮਨੁਖ ਨੂੰ ਆਨੰਦਤ ਕਰਨ ਵਲ ਰੁਚਿਤ ਹੈ।

ਗੁਰੂ ਅਰਜਨ ਦੇਵ ਰਚਨਾ ਵਿਚ ਪ੍ਰਤੀਕਾਂ, ਸੰਗੀਤਕ ਤੱਤਾਂ, ਕਲਪਨਾ ਤੇ ਸ਼ਬਦ-ਚੋਣ ਦੀ ਵਿਉਂਤ ਉਹਨਾਂ ਦੀ ਰਚਨਾ ਵਿਚ ਅਧਿਆਤਮਕ ਬਿਰਤੀ ਵਾਲਾ ਸਰੋਦੀ ਅੰਸ਼ ਪੈਦਾ ਕਰਦੀ ਹੈ। ਪ੍ਰਤੀਕਾਂ ਦੀ ਵਰਤੋਂ ਉਹਨਾਂ ਦੀ ਬਾਣੀ ਵਿਚ ਸੋਹਜਾਤਮਕਤਾ ਤੇ ਸੰਖਿਪਤਾ ਕਰਕੇ ਸਰੋਦੀ ਕਵਿਤਾ ਦੇ ਗੁਣ ਪੈਦਾ ਕਰਦੀ ਹੈ। ਗੁਰੂ ਜੀ ਨੇ ਸ਼ਾਬਦਿਕ ਤਕਨੀਕ ਦੀ ਜੁਗਤ ਦੁਆਰਾ ਬਾਣੀ ਵਿਚ ਸੰਗੀਤਕਤਾ ਪੈਦਾ ਕੀਤੀ ਹੈ। ਉਹਨਾਂ ਦੇ ਭਾਵੇ ਸ਼ਬਦਾਂ ਵਿਚ ਮਹਾਨਤਾ, ਸੁੰਦਰਤਾ, ਸਵਛਤਾ, ਸ਼ਕਤੀ, ਨਿਪੁੰਨਤਾ ਅਤੇ ਵਿਸ਼ੇਸ਼ ਪ੍ਰਕਾਰ ਦਾ ਉਲਾਸ ਹੈ ਜਿਸ ਕਰਕੇ ਸ਼ਬਦ ਸੁੰਦਰਮ ਮੂਰਤੀਆਂ ਉਸਾਰਦੇ ਹੋਏ ਕਾਵਿ-ਸਮੂਹ ਵਿਚੋਂ ਸਰੋਦੀ ਅੰਸ਼ ਨੂੰ ਪ੍ਰਬਲ ਰੂਪ ਵਿਚ ਪੇਸ਼ ਕਰਦੇ ਹਨ।

ਗੁਰੂ ਜੀ ਨੇ ਬਾਣੀ ਵਿਚ ਸਰੋਦੀ ਅੰਸ਼ ਪੈਦਾ ਕਰਨ ਲਈ ਜੋ ਵਿਧੀਆਂ ਵਰਤੀਆਂ ਹਨ ਉਹ ਸਾਧਾਰਣ ਜਾਂ ਲੌਕਿਕ ਸਰੋਦੀ ਕਵਿਤਾ ਵਿਚ ਵੀ ਵਰਤੀਆਂ ਜਾਂਦੀਆਂ ਹਨ ਪਰੰਤੂ ਗੁਰੂ ਜੀ ਨੇ ਸਾਧਾਰਣ ਪ੍ਰਤੀਕਾਂ, ਸ਼ਬਦਾਂ ਦੀ ਲੈਆਤਮਕ ਜੁਗਤ, ਕਲਪਨਾ ਦੀ ਵਿਉਂਤ ਤੇ ਸ਼ਬਦ-ਚੋਣ ਦੀ ਵਰਤੋਂ ਅਜਿਹੇ ਕਲਾਤਮਕ ਢੰਗ ਨਾਲ ਕੀਤੀ ਹੈ ਕਿ ਉਹਨਾਂ ਦੀ ਰਚਨਾ ਦਾ ਸੁਭਾਵ ਅਲੌਕਿਕ ਬਿਰਤੀ ਵਾਲਾ ਹੋ ਨਿਬੜਿਆ ਹੈ। ਇਸ ਅਧਿਆਤਮਕ ਸੁਭਾਅ ਦੀ ਮੁਖ ਬਿਰਤੀ ਵਿਚ ਇਕ-ਸੁਰਤਾ ਹੈ ਜਿਸ ਵਿਚੋਂ ਅਧਿਆਤਮਕ ਬਿਰਤੀ ਵਾਲਾ ਸਰੋਦੀ ਅੰਸ਼ ਪੈਦਾ ਹੁੰਦਾ ਹੈ।

## ਪੁਸਤਕ-ਸੂਚੀ


### ਪੰਜਾਬੀ

| | |
|---|---|
| ਅਤਰ ਸਿੰਘ (ਡਾ.), | ਕਾਵਿ ਅਧਿਐਨ, ਲਾਹੌਰ ਬੁਕ ਸ਼ਾਪ, ਲੁਧਿਆਣਾ |
| | ਦ੍ਰਿਸ਼ਟੀਕੋਣ, ਲਾਹੌਰ ਬੁਕ ਸ਼ਾਪ, ਲੁਧਿਆਣਾ |
| ਸਤਿੰਦਰ ਸਿੰਘ, | ਆਧੁਨਿਕ ਪੰਜਾਬੀ ਕਾਵਿ ਰੂਪ-ਅਧਿਐਨ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1980 |
| ਸਾਹਿਬ ਸਿੰਘ (ਪ੍ਰੋ.), | ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਪਹਿਲੀ ਤੋਂ ਦਸ ਤਕ) ਰਾਜ ਪਬਲਿਸ਼ਰਜ਼, ਜਲੰਧਰ |
| ਸੰਤੋਖ ਸਿੰਘ (ਭਾਈ), | ਗੁਰ ਪ੍ਰਤਾਪ ਸੂਰਜ ਗ੍ਰੰਥ, ਭਾਗ ਪਹਿਲਾ, ਦੂਜਾ ਤੇ ਤੀਜਾ, ਖਾਲਸਾ ਸਮਾਚਾਰ, ਅੰਮ੍ਰਿਤਸਰ |
| ਸਿੰਗਲ, ਧਰਮਪਾਲ, | ਪੰਜਾਬੀ ਕਵਿਤਾ ਦਾ ਵਿਕਾਸ |
| ਸੇਖੋਂ, ਸੰਤ ਸਿੰਘ, | ਸਾਹਿਤਾਰਥ, ਲਾਹੌਰ ਬੁਕ ਸ਼ਾਪ, ਲੁਧਿਆਣਾ, 1957 |
| | ਪੰਜਾਬੀ ਬੋਲੀ ਦਾ ਇਤਿਹਾਸ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ |
| | ਪੰਜਾਬੀ ਕਾਵਿ ਸ਼੍ਰੋਮਣੀ, ਲਾਹੌਰ ਬੁਕ ਸ਼ਾਪ, ਲੁਧਿਆਣਾ |
| ਸੂਰੀ, ਕਰਤਾਰ ਸਿੰਘ, | ਗੁਰੂ ਅਰਜਨ ਦੇਵ ਤੇ ਸੰਤ ਦਾਦੂ ਦਿਆਲ, ਪੰਜਾਬੀ ਲੇਖਕ ਸਦਨ, ਚੰਡੀਗੜ੍ਹ, 1969 |
| ਹਰਭਜਨ ਸਿੰਘ (ਡਾ.), | ਲੌਂਜਾਈਨਸ, ਉਦਾਤ-ਬਾਰੇ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1970 |

ਹਰਭਜਨ ਸਿੰਘ (ਡਾ.), ਅਧਿਐਨ ਤੇ ਅਧਿਆਪਨ, ਨਵਚੇਤਨ ਪ੍ਰੈਸ, ਅੰਮ੍ਰਿਤਸਰ, 1970

ਮੂਲ ਤੇ ਮੁਲਾਂਕਣ, ਨਵਚੇਤਨ ਪ੍ਰੈਸ, ਅੰਮ੍ਰਿਤਸਰ, 1972

ਸਾਹਿਤ-ਵਿਗਿਆਨ, ਨਵਚੇਤਨ ਪ੍ਰੈਸ, ਅੰਮ੍ਰਿਤਸਰ, 1979

ਕੋਹਲੀ, ਸੁਰਿੰਦਰ ਸਿੰਘ, ਪੰਜਾਬੀ ਸਾਹਿਤ ਦਾ ਇਤਿਹਾਸ, ਲਾਹੌਰ ਬੁਕ ਸ਼ਾਪ, ਲੁਧਿਆਣਾ, 1955

ਕਾਹਨ ਸਿੰਘ (ਨਾਭਾ), ਗੁਰਛੰਦ ਦਿਵਾਕਰ, ਸੁਦਰਸ਼ਨ ਪ੍ਰੈਸ, ਅੰਮ੍ਰਿਤਸਰ

ਗੁਰਮਤ ਮਾਰਤੰਡ (ਪਹਿਲਾ ਤੇ ਦੂਜਾ ਭਾਗ)

ਮਹਾਨ ਕੋਸ਼ (ਗੁਰਸ਼ਬਦ ਰਤਨਾਕਰ) ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1926

ਗੋਪਾਲ ਸਿੰਘ (ਡਾ.), ਸਾਹਿਤ ਦੀ ਪਰਖ, ਸਿਖ ਪਬਲਿਸ਼ਿੰਗ ਹਾਊਸ ਲਿਮਟਿਡ, ਨਵੀਂ ਦਿੱਲੀ, 1953

ਗੁਰੂ ਗ੍ਰੰਥ ਸਾਹਿਬ ਦੀ ਸਾਹਿਤਕ ਵਿਸ਼ੇਸ਼ਤਾ, ਪੰਜਾਬੀ ਅਕਾਡਮੀ, ਦਿੱਲੀ, 1958

ਪੰਜਾਬੀ ਸਾਹਿਤ ਦਾ ਇਤਿਹਾਸ, ਜਸਵੰਤ ਸਿੰਘ ਪਬਲੀਕੇਸ਼ਨ, ਪਹਾੜ ਗੰਜ, ਨਵੀਂ ਦਿੱਲੀ, 1952

ਗੁਲਾਬ ਰਾਏ, ਸਿਧਾਂਤ ਤੇ ਅਧਿਐਨ, ਭਾਸ਼ਾ ਵਿਭਾਗ, ਪਟਿਆਲਾ, ਪੰਜਾਬ

ਗੰਡਾ ਸਿੰਘ (ਡਾ.), ਸਿੱਖ ਇਤਿਹਾਸ ਬਾਰੇ, ਲਾਹੌਰ ਬੁਕ ਸ਼ਾਪ, ਲੁਧਿਆਣਾ

ਗਿੱਲ, ਮਹਿੰਦਰ ਕੌਰ (ਡਾ.), ਗੁਰੂ ਅਰਜਨ ਦੇਵ ਜੀਵਨ ਤੇ ਬਾਣੀ, ਨੈਸ਼ਨਲ ਬੁਕ ਸ਼ਾਪ, ਚਾਂਦਨੀ ਚੌਕ, ਦਿੱਲੀ, 1975

ਬਾਣੀ ਚਿੰਤਨ, ਨੈਸ਼ਨਲ ਪ੍ਰੈਸ ਆਫ਼ ਇੰਡੀਆ, ਚਾਂਦਨੀ ਚੌਕ, ਦਿੱਲੀ, 1977

ਗਿੱਲ, ਮਹਿੰਦਰ ਕੌਰ (ਡਾ.), ਆਦਿ ਗ੍ਰੰਥ ਛੰਦ ਵਿਵੇਚਨ, ਪੰਜਾਬੀ ਰਾਈਟਰਜ਼ ਕੋਆਪ੍ਰੇਟਿਵ ਇੰਡਸਟਰੀਅਲ ਸੋਸਾਇਟੀ ਲਿ., ਜੇ-11/26, ਰਜੌਰੀ ਗਾਰਡਨ, ਨਵੀਂ ਦਿੱਲੀ, 1978

ਆਦਿ ਗ੍ਰੰਥ ਲੋਕ ਰੂਪ, ਪੰਜਾਬੀ ਰਾਈਟਰਜ਼ ਕੋਆਪਰੇਟਿਵ ਸੋਸਾਇਟੀ ਲਿ., ਜੇ-11/26, ਰਜੌਰੀ ਗਾਰਡਨ, ਨਵੀਂ ਦਿੱਲੀ, 1980

ਚਰਨ ਸਿੰਘ (ਡਾ.), ਸ੍ਰੀ ਗੁਰੂ ਗ੍ਰੰਥ ਕੋਸ਼, ਖਾਲਸਾ ਟ੍ਰੈਕਟ ਸੁਸਾਇਟੀ, ਅੰਮ੍ਰਿਤਸਰ

ਛਿਬਰ, ਕੇਸਰ ਸਿੰਘ, ਬੰਸਾਵਲੀ ਨਾਮਾ, ਸਿਖ ਹਿਸਟਰੀ ਸੋਸਾਇਟੀ, ਅੰਮ੍ਰਿਤਸਰ

ਜੱਗੀ, ਰਤਨ ਸਿੰਘ (ਡਾ.), ਗੁਰੂ ਨਾਨਕ ਵਿਚਾਰਧਾਰਾ, ਨਵਯੁਗ ਪਬਲਿਸ਼ਰਜ਼, ਦਿੱਲੀ, 1969

ਵਿਚਾਰਧਾਰਾ, ਮਦਨ ਪਬਲਿਸ਼ਰਜ਼, ਪਟਿਆਲਾ, 1966

ਜੋਧ ਸਿੰਘ (ਡਾ.), ਗੁਰਮਤਿ ਨਿਰਣਯ, ਲਾਹੌਰ ਬੁਕ ਸ਼ਾਪ, ਲੁਧਿਆਣਾ

ਤਾਰਨ ਸਿੰਘ (ਡਾ.), ਗੁਰੂ ਗ੍ਰੰਥ ਸਾਹਿਬ ਦਾ ਸਾਹਿਤਕ ਇਤਿਹਾਸ, ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 1968

ਗੁਰੂ ਨਾਨਕ ਚਿੰਤਨ ਤੇ ਕਲਾ, ਕਸਤੂਰੀ ਲਾਲ ਐਂਡ ਸੰਨਜ਼, ਅੰਮ੍ਰਿਤਸਰ

ਤੇਜਾ ਸਿੰਘ ਆਦਿ, ਸ਼ਬਦਾਰਥ (ਚਾਰ ਜਿਲਦਾਂ), ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ

ਦਰਸ਼ਨ ਸਿੰਘ, ਗੁਰੂ ਗ੍ਰੰਥ ਬਾਣੀ ਵਿਚ ਗੁਰੂ ਦਾ ਸੰਕਲਪ, ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ

ਦੀਵਾਨਾ, ਮੋਹਨ ਸਿੰਘ, ਆਧੁਨਿਕ ਪੰਜਾਬੀ ਕਵਿਤਾ

ਨਰੂਲਾ, ਡੀ.ਐਸ. (ਡਾ.), ਸੰਗੀਤ ਵਿਚਾਰਧਾਰਾ, ਲਿਟਰੇਚਰ ਹਾਊਸ, ਪੁਤਲੀ ਘਰ, ਅੰਮ੍ਰਿਤਸਰ, 1968

ਨਰੂਲਾ, ਡੀ.ਐਸ. (ਡਾ.), ਉਚੇਰੇ ਸੰਗੀਤ ਨਿਬੰਧ (ਭਾਗ ਪਹਿਲਾ), ਲਿਟਰੇਚਰ ਹਾਊਸ, ਪੁਤਲੀ ਘਰ, ਅੰਮ੍ਰਿਤਸਰ

ਪਰਮਿੰਦਰ ਸਿੰਘ
ਕਿਰਪਾਲ ਸਿੰਘ ਕਸੇਲ, ਪੰਜਾਬੀ ਸਾਹਿਤ ਦੀ ਉਤਪਤੀ ਤੇ ਵਿਕਾਸ, ਲਾਹੌਰ ਬੁਕ ਸ਼ਾਪ, ਲੁਧਿਆਣਾ

ਪ੍ਰੇਮ ਪ੍ਰਕਾਸ਼ ਸਿੰਘ, ਮੋਹਨ ਸਿੰਘ ਦਾ ਕਾਵਿ-ਲੋਕ, ਨਿਊ ਬੁਕ ਕੰਪਨੀ, ਜਲੰਧਰ, 1969

ਕਾਵਿ ਦੇ ਤੱਤ, ਲਾਹੌਰ ਬੁਕ ਸ਼ਾਪ, ਲੁਧਿਆਣਾ, 1970

ਪੰਜਾਬੀ ਬੋਲੀ ਦਾ ਨਿਕਾਸ ਤੇ ਵਿਕਾਸ (ਭਾਗ ਪਹਿਲਾ), ਲਾਹੌਰ ਬੁਕ ਸ਼ਾਪ, ਲੁਧਿਆਣਾ, 1971

ਭਾਰਤੀ ਕਾਵਿ ਸ਼ਾਸਤਰ, ਲਾਹੌਰ ਬੁਕ ਸ਼ਾਪ, ਲੁਧਿਆਣਾ, 1976

ਪਿਆਰਾ ਸਿੰਘ, ਪੰਜਾਬੀ ਕਵਿਤਾ ਦੀ ਪਰੰਪਰਾ ਤੇ ਵਿਕਾਸ, ਲਾਹੌਰ ਬੁਕ ਸ਼ਾਪ, ਲੁਧਿਆਣਾ

ਪੂਰਨ ਸਿੰਘ, ਖੁੱਲ੍ਹੇ ਲੇਖ

ਬਲਬੀਰ ਸਿੰਘ (ਡਾ.), ਅਰਠਕਥੀ ਗੁਰੂ ਅਰਦਾਸ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1975

ਬੂੜਾ ਸਿੰਘ, ਸ੍ਰੀ ਗੁਰੂ ਗ੍ਰੰਥ ਸਾਹਿਬ ਸਟੀਕ (ਇਕ,ਦੋ,ਤਿੰਨ,ਚਾਰ ਤੇ ਛੇ ਜਿਲਦਾਂ), ਭਾਈ ਬੂੜਾ ਸਿੰਘ ਪ੍ਰਤਾਪ ਸਿੰਘ ਪੁਸਤਕਾਂ ਵਾਲੇ, ਅੰਮ੍ਰਿਤਸਰ, 1959

ਬੇਦੀ, ਕਾਲਾ ਸਿੰਘ, (ਡਾ.), ਗੁਰੂ ਨਾਨਕ ਭਾਸ਼ਾ, ਪੰਜਾਬੀ ਬੁਕ ਸਟੋਰ, ਨਵੀਂ ਦਿੱਲੀ

ਗੁਰੂ ਨਾਨਕ ਕਾਵਿ-ਕਲਾ, ਪੰਜਾਬੀ ਬੁਕ ਸਟੋਰ, ਨਵੀਂ ਦਿੱਲੀ

ਭੱਲਾ, ਸਰੂਪ ਦਾਸ, ਮਹਿਮਾ ਪ੍ਰਕਾਸ਼, ਭਾਸ਼ਾ ਵਿਭਾਗ ਲਾਇਬ੍ਰੇਰੀ, ਪਟਿਆਲਾ

| | |
|---|---|
| ਸੈਣੀ, ਧਰਮਪਾਲ, | ਸ੍ਰੀ ਗੁਰੂ ਗ੍ਰੰਥ ਸਾਹਿਬ - ਇਕ ਪਰਿਚਯ, ਲਾਹੌਰ ਬੁਕ ਸ਼ਾਪ, ਲੁਧਿਆਣਾ |
| ਮੈਕਾਲਫ਼, ਐਮ.ਏ., | ਸਿੱਖ ਇਤਿਹਾਸ (ਭਾਗ ਦੂਜਾ) ਪ੍ਰਕਾਸ਼ਕ ਗੁਲਬਾਗੀ ਏਜੰਸੀ, ਅੰਮ੍ਰਿਤਸਰ, 1919 |
| ਮੰਮਟ, | ਕਾਵਿ ਪ੍ਰਕਾਸ਼, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1981 |
| ਰਾਹੀ, ਗੁਰਬਚਨ ਸਿੰਘ (ਪ੍ਰੋ.), | ਗੁਰੂ ਨਾਨਕ ਬਾਣੀ ਵਿਵੇਚਨ, ਨਿਊ ਏਜ ਬੁਕ ਸਟੋਰ, ਅੰਮ੍ਰਿਤਸਰ, 1977 |
| ਰਵੇਲ ਸਿੰਘ, | ਸੰਗੀਤ ਪ੍ਰਭਾਕਰ, ਸੰਗੀਤ ਪਬਲੀਕੇਸ਼ਨ, ਪਟਿਆਲਾ, 1954 |
| ਰਵੀ, ਰਵਿੰਦਰ ਸਿੰਘ, | ਅਮਰੀਕਾ ਦੀ ਨਵੀਨ ਆਲੋਚਨਾ ਪ੍ਰਣਾਲੀ, ਸੇਧ ਪ੍ਰਕਾਸ਼ਨ, ਪਟਿਆਲਾ, 1982 |
| ਲਾਲ ਸਿੰਘ (ਪ੍ਰਕਾਸ਼ਕ), | ਗੁਰੂ ਅਰਜਨ ਜੀਵਨ ਤੇ ਰਚਨਾ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, |
| | ਗੁਰਮਤ ਸਾਹਿਤ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1970 |
| | ਪੰਜਾਬੀ ਸਾਹਿਤ ਦਾ ਇਤਿਹਾਸ (ਦੋਵੇਂ ਭਾਗ), ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1971-72 |
| ਵੋਹਰਾ ਆਸ਼ਾ ਨੰਦ (ਪ੍ਰੋ.), | ਕਾਵਿ ਸਿਰਜਨ ਪ੍ਰਕ੍ਰਿਆ, ਗਿਆਨ ਜਯੰਤੀ ਪ੍ਰਕਾਸ਼ਨ, ਅੰਬਾਲਾ ਕੈਂਟ |
| ਵੀਰ ਸਿੰਘ, | ਸ੍ਰੀ ਅਸ਼ਟਗੁਰ ਚਮਤਕਾਰ (ਭਾਗ - 2), ਖਾਲਸਾ ਸਮਾਚਾਰ, ਪਟਿਆਲਾ |
| | ਸੰਥਿਆ ਸ੍ਰੀ ਗੁਰੂ ਗ੍ਰੰਥ ਸਾਹਿਬ (ਪੋਥੀ ਇਕ ਤੋਂ ਸੱਤ), ਖਾਲਸਾ ਸਮਾਚਾਰ, ਅੰਮ੍ਰਿਤਸਰ |
| | ਗੁਰਮਤ ਸੰਗੀਤ, ਚੀਫ਼ ਖਾਲਸਾ ਦੀਵਾਨ, ਅੰਮ੍ਰਿਤਸਰ |

## ਪੱਤਰਕਾਵਾਂ

### ਪੰਜਾਬੀ

ਸਾਹਿਤ ਸਮਾਚਾਰ, ਕਵਿਤਾ ਅੰਕ, 1953

ਸਾਹਿਤ ਸਮਾਚਾਰ, ਮੋਹਨ ਸਿੰਘ ਅੰਕ, ਲਾਹੌਰ ਬੁਕ ਸ਼ਾਪ, ਲੁਧਿਆਣਾ

ਸਮਾਲੋਚਨਾ, ਵਿਸ਼ੇਸ਼ ਅੰਕ, ਪੰਜਾਬੀ ਯੂਨੀਵਰਸਿਟੀ, ਪਟਿਆਲਾ

ਪੰਜਾਬੀ ਦੁਨੀਆਂ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ

ਗੁਰੂ ਅਰਜਨ ਅੰਕ, 1953

ਗੁਰਮਤ ਸਾਹਿਤ ਅੰਕ

ਭਗਤੀ ਅੰਕ, 1969

ਪਰਖ, ਪੰਜਾਬੀ ਅਧਿਐਨ, ਸਕੂਲ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ

ਦੂਜਾ ਪਰਚਾ - 1969 , 1984

## ਹਿੰਦੀ


ਅਵਤਰੇ ਸ਼ੰਕਰਦੇਵ, *ਹਿੰਦੀ ਸਾਹਿਤਯ ਮੇਂ ਕਾਵਯ ਰੂਪੋਂ ਕਾ ਪ੍ਰਯੋਗ*, ਰਾਜਪਾਲ ਐਂਡ ਸਨਜ਼, ਦਿੱਲੀ

ਸਤਯਵ੍ਰਤ ਸਿੰਘ (ਡਾ.), *ਸਾਹਿਤ ਦਰਪਣ*, ਚੌਖੰਬਾ ਵਿਦਿਆ ਭਵਨ, ਵਾਰਾਣਸੀ

ਸਾਧੂ ਸਿੰਘ (ਪੰਡਿਤ), *ਗੁਰੂ ਗ੍ਰੰਥ ਪ੍ਰਦੀਪ*, ਮੁਨਸ਼ੀ ਨਵਲ ਕਿਸ਼ੋਰ, ਲਖਨਊ, 1966

ਸਹਿਗਲ, ਮਨਮੋਹਨ ਸਿੰਘ (ਡਾ.), *ਸੰਤ ਕਾਵਯ ਕਾ ਦਾਰਸ਼ਨਿਕ ਵਿਸ਼ਲੇਸ਼ਣ*
*ਗੁਰੂ ਗ੍ਰੰਥ ਸਾਹਿਬ - ਏਕ ਸਾਂਸਕ੍ਰਿਤਕ ਸਰਵੇਖਣ*

ਸਿੰਹਲ ਸਸੀਭੂਸ਼ਣ (ਡਾ.), *ਹਿੰਦੀ ਸਾਹਿਤਯ ਵਿਧਾਏਂ ਅਤੇ ਦਿਸ਼ਾਏਂ*, ਪ੍ਰਵੀਣ ਪ੍ਰਕਾਸ਼ਨ, ਮਹਰੌਲੀ, ਨਵੀਂ ਦਿੱਲੀ

ਕੇਦਾਰਨਾਥ ਸਿੰਘ, *ਕਲਪਨਾ ਔਰ ਛਾਇਆਵਾਦ*, ਹੰਸ ਪ੍ਰਕਾਸ਼ਨ, ਇਲਾਹਾਬਾਦ, 1957

ਖੰਡੇਲਵਾਲ ਕਮੇਸ਼ਵਰ ਦਿਆਲ (ਡਾ.), *ਆਧੁਨਿਕ ਹਿੰਦੀ ਕਵਿਤਾ ਕੀ ਮੁਖ ਪ੍ਰਵਿਰਤੀਆਂ*, ਨੈਸ਼ਨਲ ਪਬਲਿਸ਼ਿੰਗ ਹਾਊਸ, ਦਿੱਲੀ, ਸੰਮਤ 2015

ਗਣੇਸ਼ ਖਰੇ (ਡਾ.), *ਆਧੁਨਿਕ ਪ੍ਰਗੀਤ-ਕਾਵਯ*, ਅਨੁਸੰਧਾਨ ਪ੍ਰਕਾਸ਼ਨ, ਆਚਾਰਯ ਨਗਰ, ਕਾਨ੍ਹਪੁਰ

ਗੁਲਾਬ ਰਾਏ (ਡਾ.), *ਕਾਵਯ ਕੇ ਰੂਪ*, ਆਤਮਾ ਰਾਮ ਐਂਡ ਸੰਨਜ਼, ਦਿੱਲੀ, 1970

ਜੈਨ ਨਿਰਮਲਾ, *ਰਸ ਸਿਧਾਂਤ ਅਤੇ ਸੌਂਦਰਯ ਸ਼ਾਸਤ੍ਰ*, ਨੈਸ਼ਨਲ ਪਬਲਿਸ਼ਿੰਗ ਹਾਊਸ, ਦਿੱਲੀ, 1967

ਜੈ ਸ਼ੰਕਰ ਪ੍ਰਸਾਦ, *ਕਾਵਿ ਕਲਾ ਤਥਾ ਅਨਯ ਨਿਬੰਧ*, ਭਾਰਤੀ ਭੰਡਾਰ, ਇਲਾਹਾਬਾਦ, ਸੰਮਤ 2010

ਤ੍ਰਿਪਾਠੀ ਜਗਦੀਸ਼ ਨਰਾਇਣ (ਡਾ.), *ਆਧੁਨਿਕ ਹਿੰਦੀ ਕਵਿਤਾ ਮੇਂ ਅਲੰਕਾਰ ਵਿਧਾਨ*, ਅਨੁਸੰਧਾਨ ਪ੍ਰਕਾਸ਼ਕ, 1962

ਤਿਰਪਾਠੀ ਰਾਮਸਾਗਰ (ਡਾ.), ਭਾਰਤੀਯ ਮੁਕਤਕ ਪਰੰਪਰਾ, ਅਸ਼ੋਕ ਪ੍ਰਕਾਸ਼ਨ, ਨਈ ਸੜਕ, ਦਿੱਲੀ

ਤਿਵਾਰੀ, ਸਚਿਦਾਨੰਦ, ਆਧੁਨਿਕ ਹਿੰਦੀ ਕਵਿਤਾ ਮੇਂ ਗੀਤ ਤੱਤਵ

ਦੰਡੀ, ਕਾਵਿ ਆਦਰਸ਼, (ਅਨੁ.) ਸ਼ਾਸਤ੍ਰੀ ਸ੍ਰੀ ਸ਼ੰਕਰਾ ਰਾਮ, (ਸੰਪਾ.) ਵਿਸ਼ਵਾਨਾਥ, ਦੀ ਸ੍ਰੀ ਬਾਲ ਮਨੋਰਮਾ ਪ੍ਰੈਸ, ਮਦਰਾਸ, 1963

ਦੀਕਸ਼ਤ, ਆਨੰਦ ਪ੍ਰਕਾਸ਼, ਰਸ ਸਿਧਾਂਤ ਔਰ ਵਿਸ਼ਲੇਸ਼ਣ

ਨਗੇਂਦਰ (ਡਾ.), ਭਾਰਤੀ ਕਾਵਿ ਸ਼ਾਸਤਰ ਦੀ ਪਰੰਪਰਾ, ਨੈਸ਼ਨਲ ਪਬਲਿਸ਼ਿੰਗ ਹਾਊਸ, ਦਿੱਲੀ
ਹਿੰਦੀ ਕਵਿਤਾ ਕੀ ਮੁਖ ਪ੍ਰਵਿਰਤੀਆਂ, ਨੈਸ਼ਨਲ ਪਬਲਿਸ਼ਿੰਗ ਹਾਊਸ, ਦਿੱਲੀ
ਵਿਚਾਰ ਔਰ ਅਨੁਭੂਤੀ, ਗੌਤਮ ਬੁਕ ਡਿਪੂ, ਦਿੱਲੀ (ਪਹਿਲੀ ਛਾਪ)

ਪ੍ਰਭੂ ਲਾਲ (ਡਾ.), ਆਧੁਨਿਕ ਹਿੰਦੀ ਕਾਵਿ ਮੇਂ ਛੰਦ ਯੋਜਨਾ, ਲਖਨਊ ਵਿਸ਼ਵ ਵਿਦਿਆਲਯ

ਪ੍ਰੇਮ ਸ਼ੰਕਰ (ਡਾ.), ਹਿੰਦੀ ਸਵਛੰਦਤਾਵਾਦੀ ਕਾਵਯ, ਮਧਯ ਪ੍ਰਦੇਸ਼ ਹਿੰਦੀ ਗ੍ਰੰਥ ਅਕਾਦਮੀ, ਭੁਪਾਲ, 1974

ਪਿਆਰਾ ਸਿੰਘ (ਪ੍ਰਕਾਸ਼ਕ), ਗੁਰੂ ਅਰਜਨ ਦੇਵ ਕੀ ਬਾਣੀ, ਪ੍ਰਕਾਸ਼ਕ ਡਾਇਰੈਕਟਰ ਜਨਰਲ ਭਾਸ਼ਾ ਵਿਭਾਗ, ਪਟਿਆਲਾ

ਮਿਸ਼ਰ ਰਾਮ ਦਹਿਨ, ਕਾਵਿ ਦਰਪਣ, ਗ੍ਰੰਥ ਮਾਲਾ ਕਾਰਯਾਲਯ, ਪਟਨਾ - 4

ਮਿਸ਼ਰ, ਕ੍ਰਿਸ਼ਣ ਮੁਰਾਰੀ (ਡਾ.), ਰੋਮਾਂਟਿਕ ਪ੍ਰਗੀਤ ਅੰਗਰੇਜ਼ੀ ਕਵਿਤਾ ਅਤੇ ਛਾਇਆਵਾਦ, ਪ੍ਰਗੀਤ ਪ੍ਰਕਾਸ਼ਕ, ਆਗਰਾ - 3, 1979

ਮਹੇਂਦਰ ਕੁਮਾਰ (ਡਾ.), *ਰੀਤੀ ਕਾਲੀਨ ਕਵਿਓਂ ਕਾ ਕਾਵਿ ਸ਼ਿਲਪ*, ਆਰੀਆ ਬੁਕ ਡਿਪੋ, ਨਵੀਂ ਦਿੱਲੀ

ਵਾਮਨ, *ਕਾਵਿ ਅਲੰਕਾਰ ਸੂਤ੍ਰ ਵ੍ਰਿਤੀ*, ਸੰਪਾ: ਡਾ. ਨਗੇਂਦਰ, ਆਤਮਾ ਰਾਮ ਐਂਡ ਸਨਜ਼, 1954

ਵਰਮਾ ਪਰਮੋਦ, *ਅੰਗਰੇਜ਼ੀ ਕੀ ਸਵਛੰਦ ਕਵਿਤਾ*, ਮਧਯ ਪ੍ਰਦੇਸ਼ ਹਿੰਦੀ ਗ੍ਰੰਥ ਅਕਾਦਮੀ, ਭੁਪਾਲ, 1961

ਵਰਮਾ ਧਿਰੇਂਦਰ, *ਹਿੰਦੀ ਸਾਹਿਤਯ* (ਭਾਗ ਦੂਜਾ), ਪ੍ਰਧਾਨ ਧਰਮੇਸ਼ਵਰ ਵਰਮਾ ਸਹਿਕਾਰੀ, ਭਾਰਤੀ ਹਿੰਦੀ ਪਰੀਸ਼ਦ, ਪ੍ਰਯਾਗ

*ਹਿੰਦੀ ਸਾਹਿਤਯ ਕੋਸ਼*, ਗਿਆਨ ਮੰਡਲ, ਵਾਰਾਣਸੀ, ਸੰਮਤ 2020

ਵਿਸ਼ਵਾਨਾਥ ਪ੍ਰਸ਼ਾਦ, *ਕਲਾ ਏਵੰ ਸਾਹਿਤਯ ਪ੍ਰਵ੍ਰਿਤੀ ਔਰ ਪਰੰਪਰਾ*, ਬਿਹਾਰ ਹਿੰਦੀ ਗ੍ਰੰਥ ਅਕਾਦਮੀ, ਪਟਨਾ - 3

English

Abercrombie, Lascells, *Poetry, its Music and Meaning*, 1932

Alfred, H. Upham, *Typical Forms of English Literature*

Alex Preminger, *Princeptoh Encyclopaedia of Poetry and Poetics*, The Macmillan Press Ltd., 1974

Bagchi, B.P. *Ragas from the History of English Literature*, Har Prasad Bhargava, Edu. Publishers, Agra, 1948

Beers, H.A., *A History of English Romanticism in Ninteenth Century*, Chatto and Windus, 1948

Bertrand, Russel, *History of Western Philosophy*, London, 1935

Bowra, C.M., *Greek Lyric Poetry from Alcman to Simonides*, New York, 1936

Boyd, E.F., *Don Juan: A Critical Study*, Roatledge and Kegan Paul, London, 1958

Carbos, Baker, *Shelley's Major Poetry*, Princeton University Press, 1948

Coleridge, *Biographia Literaria*

Compton Rickett, *A History of English Literature*, Thomas Nelson, New York, 1963

Crece, Benedetto, *Philosophy of Art and Literary Critic*, Southern Illionois University Press, 1961

Camus, Albert, *Lyrical & Critical*, 1967

*Lyrical & Critical Essays*, 1968

Darshan Singh, *Indian Bhakti Tradition & Sikh Guru*, Lyall Book Depot, Chandigarh, 1968

Diwanna, Mohan Singh, *A History of Punjabi Literature*, Kasturi Lal & Sons, Amritsar.

Drinkwater, J., *The Outlines of Literature*, George Newness, London, 1957.

*The Lyric (The Art & Craft of Letters)*, Martin Sacker, London

Duncan, Greenless, *The Gospal of the Guru Granth Sahib*, The Theosophical Publishing House, Madras, 1960

Eliot, T.S., *Selected Prose*, Penguin Books Ltd., Britain, 1963

Emile Legoins, *A Short History of English Literature*, Oxford, 1947

*Encyclopaedia of Americanna* (Vol. 17), American Corporation, New York, Chicago, 1944

*Encyclopaedia, Britannia*, Renised Edition, 9th Ed. Edinburgh and 1949 Edv. U.S.A. (Vol. 8, Vol. 18 & 21)

Ernest Rhys, *Lyric Poetry*, Macmillan, 1970

Fogle, R.H., *The Imagery of Keats & Shelley*, Chapal Hill, 1949

Griemson, H.J.C., *Lyrical Poetry from Blake to Hardy*, 1950

Hepple Norman, *Lyrical Forms in English*, The University Press, Cambridge, 1939.

Kapoor, A.N., *Early 19th Century English Poetry*, Kitab Ghar, Gwalior, 1966

Khushwant Singh, *A History of the Sikhs*, Oxford University Press, 1966

Kohli, Surinder Singh, *A Critical Study of Adi Granth*, Punjabi Writers Cooperative Industries Society Ltd., New Delhi, 1966.

Kreuzer, J.R., *Elements of Poetry*, Routledge & Kegan Paul, London, 1970

Langer, S.K., *Feeling & Form*, Routledge & Kegan Paul, London, 1970.

Legouis & Gazamian, *History of English Literature*, London, 1954.

Lee's *The French Renuisance in England*, London, 1910.

Leohlin, C.H., *The Sikhs & Their Scriptures*, The Lucknow, Publishing House, Lucknow, 1964.

Lewis, C.D., *Poetry for You*, Basil Blackwell, Oxford, 1959

Lukas, F.L., *Literature & Psychology*, London, 1951

Marcham, F.G., *A History of England*, Macmillan, 1960

Macauliff Max Arthur, *The Sikh Religion* (Vol. III), Clasenden Press, Oxford, 1909.

Manmohan Singh, *Guru Granth Sahib* (Vol. I to Vol. VI) English & Punjabi Translation, Shromani Gurudwara Parbandhak Committee, Amritsar.

Narain Singh, *The Holy Guru Arjan*, S. Kapoor Singh, Amritsar, 1967.

Palgrave's, *Palegrave's Golden Treasury of Songs & Lyrics*, Oxford, 1960

Paul, Harvey, *The Oxford Companion to English Literature*, Oxford, 1939.

Petor, West Land, *The Teach Yourself, History of English Literature* (Vol. I), The English Universities Press Ltd., London, 1950.

Puran Singh (Prof.), *The Ten Masters*, Chief Khalsa Diwan, Amritsar.

Read Herbert, *Forms in Modern-Poetry*, London, 1912

*Phases of English Poetry*, Faber and Faber, 24, Russels Square, London.

| | |
|---|---|
| Reeds' | English Lyrical Poetry, New Haven, 1912 |
| Rhys' | Lyric Poetry, London, 1913 |
| Schellings' | The English Lyric, Boston, 1913 |
| Scott, A.F., | Current Literary Terms, Macmillan, St. Marting Press, New York, 1965. |
| Scott, James, | Making of Literature, Seckar & Warburg, London, 1956. |
| Shipley, J.T., | The Dictionary of World Literature, New York, 1943. |
| Sidney Colving, | John Keats, Macmillan, 1961 |
| Spurgeon, E.F., | Mysticism in English Literature, London, 1927. |
| T.Adward & J. Adwards, | The New Dictionary of Thoughts, |
| Thomson, J.A.K., | Classical Influences in English Poetry, London, George Allen & Unwin Ltd., 1951 |
| Welsh, Andrew, | Lyric Poetry- History & Criticism, Princepton University Press, 1978. |
| William K Wimsatt, Jr. & Cleenth Brooks, | Literary Criticism, A Short History, Oxford & IBH Publishing Co. 1964 |
| Wordsworth William & Caleridge S.T., | Lyrical Ballads, 1963 |
| Worthsworth & Caleridge, | Lyrical Ballads, 1798 |
| Yeats, W.B., | Essays & Introductions, London, 1961 |


Library • Punjabi University •